Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Golden State Realty
Pl Contact For Commercial or Residential Needs
ਅਸੀਂ ਲੋਨ ਲੈਣ 'ਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California
Sam Chahal
CA Lic. 01504071



Nineteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 19, Issue 35, September 1, 2018 20451 N. Plum Grove Rd., Palatine, IL 60074 Ph:847-359-0746, Fax:847-705-9388


# ਬਾਦਲਾਂ ਖਿਲਾਫ ਕਾਰਵਾਈ ਤੋਂ ਭੱਜੀ ਕੈਪਟਨ ਸਰਕਾਰ

## ਬੇਅਦਬੀ ਕਾਂਡ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਦੀ ਜਾਂਚ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਕਾਰਵਾਈ ਕਰਨ ਤੋਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਫਿਰ ਭੱਜ ਗਈ ਹੈ। ਇਸ ਰਿਪੋਰਟ ਵਿਚ ਬਾਦਲ ਪਰਿਵਾਰ 'ਤੇ ਉਂਗਲ ਉਠੀ ਹੈ ਤੇ ਉਮੀਦ ਕੀਤੀ ਜਾ ਰਹੀ ਸੀ ਕਿ ਕੈਪਟਨ ਕੁਝ ਸਖਤ ਫੈਸਲੇ ਲੈਣਗੇ ਪਰ ਕਾਰਵਾਈ ਦੀ ਥਾਂ 'ਟਾਈਮ ਪਾਸ' ਵਾਲੀ ਰਣਨੀਤੀ ਅਪਣਾਈ ਗਈ।

ਵਿਧਾਨ ਸਭਾ ਵਿਚ ਬੇਅਦਬੀ ਦੀਆਂ ਘਟਨਾਵਾਂ ਸਮੇਤ ਬਹਿਬਲ ਕਲਾਂ ਤੇ ਕੋਟਕਪੂਰਾ ਵਿਚ ਪੁਲਿਸ ਗੋਲੀ ਕਾਂਡ ਦੀ ਤਫਤੀਸ਼ ਸੂਬਾਈ ਪੁਲਿਸ ਅਧਿਕਾਰੀਆਂ ਹਵਾਲੇ ਕਰਨ ਦਾ ਮਤਾ ਪਾਸ ਕਰ ਦਿੱਤਾ ਗਿਆ। ਦੱਸ ਦਈਏ ਕਿ ਜਸਟਿਸ ਰਣਜੀਤ ਸਿੰਘ ਦੀ ਜਾਂਚ ਨੂੰ ਕਾਫੀ ਭਰੋਸੇਯੋਗ ਦੱਸਿਆ ਜਾ ਰਿਹਾ ਸੀ। ਇਸ ਰਿਪੋਰਟ ਉਤੇ ਸਦਨ ਵਿਚ ਅੱਠ ਘੰਟੇ ਬਹਿਸ ਹੋਈ। ਵਿਧਾਨ ਸਭਾ ਸੈਸ਼ਨ ਦਾ ਸਿੱਧਾ ਪ੍ਰਸਾਰਨ ਚਲਾਇਆ ਗਿਆ। ਅਕਾਲੀ ਦਲ ਬਾਦਲ ਧੜਾ ਤਾਂ ਬਹਿਸ ਤੋਂ ਪਹਿਲਾਂ ਹੀ ਮੈਦਾਨ ਛੱਡ ਕੇ ਭੱਜ ਗਿਆ, ਪਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਵਿਧਾਇਕਾਂ/ਮੰਤਰੀਆਂ ਨੇ ਅੱਠ ਘੰਟੇ ਦੀ ਬਹਿਸ ਦੌਰਾਨ ਸਿਰਫ ਬਾਦਲ ਪਰਿਵਾਰ ਨੂੰ ਹੀ ਨਿਸ਼ਾਨੇ ਉਤੇ ਰੱਖਿਆ ਤੇ ਇਨ੍ਹਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਬਹਿਸ ਤੋਂ ਬਾਅਦ ਜਿਸ ਅੰਦਾਜ਼ ਵਿਚ ਕੈਪਟਨ ਅਮਰਿੰਦਰ ਸਿੰਘ ਖੜ੍ਹੇ ਹੋਏ ਤੇ ਪ੍ਰਕਾਸ਼ ਸਿੰਘ ਬਾਦਲ ਨੂੰ 'ਬਦਮਾਸ਼, ਮੌਕਾਪ੍ਰਸਤ' ਆਖ ਕੇ ਸੰਬੋਧਨ ਕੀਤਾ, ਲੱਗ ਰਿਹਾ ਸੀ ਕਿ ਮੁੱਖ ਮੰਤਰੀ ਸਖਤ ਕਾਰਵਾਈ ਦੇ ਰੌਂਅ ਵਿਚ ਹਨ ਪਰ 5-7 ਮਿੰਟ ਬਾਦਲ ਪਰਿਵਾਰ ਨੂੰ ਕੋਸ ਕੇ ਉਹ (ਕੈਪਟਨ) ਆਪਣੀ



ਸੀਟ ਉਤੇ ਬੈਠ ਗਏ।

ਇਸ ਤੋਂ ਬਾਅਦ ਜਾਂਚ ਸੀ.ਬੀ.ਆਈ. ਦੀ ਥਾਂ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਹਵਾਲੇ ਕਰਨ ਦਾ ਮਤਾ ਪਾਸ ਕਰ ਦਿੱਤਾ ਗਿਆ। ਹਾਲਾਂਕਿ ਕੈਪਟਨ ਨੇ ਜਾਂਚ ਸੀ.ਬੀ.ਆਈ. ਨੂੰ ਸੌਂਪਣ ਦਾ ਐਲਾਨ ਕਰਨ ਮੌਕੇ ਕਿਹਾ ਸੀ ਕਿ ਰਿਪੋਰਟ ਵਿਚ ਉਚ ਅਧਿਕਾਰੀਆਂ ਨੇ ਨਾਮ ਆਏ ਹਨ ਤੇ ਇਨ੍ਹਾਂ ਨੂੰ ਹੱਥ ਪਾਉਣ ਲਈ ਸੀ.ਬੀ.ਆਈ. ਜਾਂਚ ਜ਼ਰੂਰੀ ਹੈ। ਹੁਣ ਸਵਾਲ ਉਠ ਰਹੇ ਹਨ ਕਿ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਉਚ ਅਧਿਕਾਰੀਆਂ ਨੂੰ ਕਾਨੂੰਨੀ ਸ਼ਿਕੰਜੇ ਵਿਚ ਲਿਆਉਣ ਦੀ ਸਿਫਾਰਸ਼ ਕਰੇਗੀ? ਸਰਕਾਰ ਦੇ ਇਸ ਫੈਸਲੇ ਪਿੱਛੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਸਾਫ ਕਹਿ ਦਿੱਤਾ ਕਿ ਅੱਠ ਘੰਟੇ ਦੀ ਸਦਨ ਦੀ ਬਹਿਸ ਸਿਰਫ 'ਫਾਰਮੈਲਿਟੀ' (ਰਸਮ) ਹੀ ਸੀ ਜਿਸ ਵਿਚ ਕੈਪਟਨ ਸਰਕਾਰ ਨੇ ਲੋਕਾਂ ਦੀਆਂ ਭਾਵਨਾਵਾਂ ਨਾਲ ਦੁਬਾਰਾ ਖੇਡ ਖੇਡੀ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਅਕਾਲੀ ਲੀਡਰ ਅਤੇ ਵੱਡੇ ਅਫਸਰਾਂ ਦਾ ਨਾਮ ਹਨ ਪਰ ਐਕਸ਼ਨ ਟੇਕਨ (ਕਾਰਵਾਈ) ਰਿਪੋਰਟ ਵਿਚ ਸਿਰਫ ਪੰਜਾਬ ਦੇ ਛੋਟੇ ਪੁਲਿਸ ਕਰਮੀਆਂ ਦਾ ਹੀ ਨਾਂ ਹੈ।

ਦੱਸ ਦਈਏ ਕਿ ਕੋਟਕਪੂਰਾ ਗੋਲੀ ਕਾਂਡ ਲਈ ਕਮਿਸ਼ਨ ਨੇ ਬਾਦਲ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਸੀ। ਰਿਪੋਰਟ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਸਾਬਕਾ ਮੁੱਖ ਮੰਤਰੀ ਤੇ ਉਨ੍ਹਾਂ ਦਾ ਦਫਤਰ ਜ਼ਾਹਿਰਾ ਤੌਰ 'ਤੇ ਕੋਟਕਪੂਰਾ ਵਿਚ ਪੁਲਿਸ ਗੋਲੀਬਾਰੀ ਦੀ ਘਟਨਾ ਵਿਚ ਸ਼ਾਮਲ ਸੀ। ਐਕਸ਼ਨ ਟੇਕਨ ਰਿਪੋਰਟ ਵਿਚ 32 ਸਿਵਲ ਤੇ ਪੁਲਿਸ ਅਫਸਰਾਂ ਖਿਲਾਫ ਵਿਭਾਗੀ ਕਾਰਵਾਈ ਕਰਨ ਦਾ ਐਲਾਨ ਕੀਤਾ ਗਿਆ। ਸਰਕਾਰ ਵੱਲੋਂ 4 ਪੁਲਿਸ ਅਫਸਰਾਂ ਵਿਰੁਧ ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਪ੍ਰਕਾਸ਼ ਸਿੰਘ ਬਾਦਲ ਦੇ ਸਾਬਕਾ ਵਿਸ਼ੇਸ਼ ਪ੍ਰਮੁੱਖ ਸਕੱਤਰ ਗਗਨਦੀਪ ਸਿੰਘ ਬਰਾੜ ਤੇ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਦਾ ਵੀ ਅਜਿਹੇ ਅਫਸਰਾਂ ਵਾਲੀ ਸੂਚੀ ਵਿਚ ਨਾਮ ਆਉਂਦਾ ਹੈ ਜਿਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਣੀ ਹੈ।

ਜਸਟਿਸ ਰਣਜੀਤ ਸਿੰਘ ਦੀ ਪਹਿਲੀ


*(ਬਾਕੀ ਸਫਾ 6 ਉਤੇ)*


## ਰਾਮ ਰਹੀਮ ਤੇ ਬਾਦਲਾਂ ਦੇ ਨਾਰਕੋ ਟੈਸਟ ਦੀ ਮੰਗ ਉਠੀ

ਬੇਅਦਬੀ ਕਾਂਡਾਂ ਤੋਂ ਬਾਅਦ ਬਾਦਲਾਂ ਤੇ ਡੇਰਾ ਸਿਰਸਾ ਦੀ ਮਿਲੀਭੁਗਤ ਦੀ ਪੁਸ਼ਟੀ ਕਰਨ ਲਈ ਵੱਖਰੀ ਮੰਗ ਉਠੀ ਹੈ। ਯੂਨਾਈਟਿਡ ਅਕਾਲੀ ਦਲ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਬਾਦਲਾਂ ਦੇ ਸਾਹਮਣੇ ਬਿਠਾ ਕੇ ਉਸ ਦਾ ਨਾਰਕੋ ਟੈਸਟ ਕੀਤਾ ਜਾਵੇ। ਯੂਨਾਈਟਿਡ ਅਕਾਲੀ ਦਲ ਦੇ ਆਗੂ ਮੋਹਕਮ ਸਿੰਘ ਨੇ ਹੋਰ ਆਗੂਆਂ ਦੇ ਨਾਲ ਇਹ ਮੰਗ ਉਠਾਈ ਹੈ। ਇਸ ਦੌਰਾਨ ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ, ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਤੇ ਰਾਮ ਰਹੀਮ ਦਾ ਨਾਰਕੋ ਟੈਸਟ ਕੀਤੇ ਜਾਣ ਦੀ ਮੰਗ ਕੀਤੀ ਹੈ।

## ਕੈਪਟਨ ਸਰਕਾਰ ਦੀ ਨੀਅਤ 'ਤੇ ਸਵਾਲ

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤਕਰੀਬਨ ਡੇਢ ਹਫਤਾ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪੀ ਗਈ ਸੀ ਤੇ ਇਸ ਨੂੰ ਕਾਫੀ ਭਰੋਸੇਯੋਗ ਮੰਨਿਆ ਜਾ ਰਿਹਾ ਸੀ, ਪਰ ਇਹ ਰਿਪੋਰਟ ਅਗਲੇ ਹੀ ਦਿਨ ਲੀਕ ਹੋ ਗਈ। ਜਸਟਿਸ ਰਣਜੀਤ ਸਿੰਘ ਦਾ ਦਾਅਵਾ ਸੀ ਕਿ ਰਿਪੋਰਟ ਬਾਰੇ ਸਿਰਫ ਉਨ੍ਹਾਂ ਕੈਪਟਨ ਨਾਲ ਹੀ ਜਾਣਕਾਰੀ ਸਾਂਝੀ ਕੀਤੀ ਸੀ।

ਰਿਪੋਰਟ ਲੀਕ ਹੋਣ ਪਿੱਛੋਂ ਜਦੋਂ ਬੇਅਦਬੀ ਕਾਂਡ ਵਿਚ ਬਾਦਲਾਂ ਦੀ ਭੂਮਿਕਾ ਸਾਹਮਣੇ ਆਈ ਤਾਂ ਮੁੱਖ ਗਵਾਹ ਹਿੰਮਤ ਸਿੰਘ ਮੁੱਕਰ ਗਿਆ। ਦਾਅਵਾ ਕੀਤਾ ਜਾ ਰਿਹਾ ਹੈ ਕਿ ਰਿਪੋਰਟ ਜਾਣਬੁਝ ਕੇ ਲੀਕ ਕੀਤੀ ਗਈ ਸੀ ਜਿਸ ਨਾਲ ਗਵਾਹਾਂ ਨੂੰ ਲਾਲਚ ਤੇ ਧਮਕਾਉਣ ਦਾ ਮੌਕਾ ਮਿਲ ਗਿਆ। ਇੰਨਾ ਹੀ ਨਹੀਂ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਨੇ ਵਿਧਾਨ ਸਭਾ ਵਿਚ ਪੇਸ਼ ਕਰਨ ਤੋਂ ਪਹਿਲਾਂ ਹੀ ਇਸ ਰਿਪੋਰਟ ਦੀ ਸੇਲ ਲਾ ਦਿੱਤੀ ਤੇ ਦਾਅਵਾ ਕੀਤਾ ਕਿ ਉਹ ਰਿਪੋਰਟ ਦੀਆਂ ਕਾਪੀਆਂ ਕਬਾੜੀਏ ਕੋਲੋਂ ਲੈ ਕੇ ਆਏ ਹਨ।

ਉਨ੍ਹਾਂ ਨੇ 20-20 ਰੁਪਏ ਵਿਚ ਇਹ ਕਾਪੀਆਂ ਵੇਚੀਆਂ। ਵਿਧਾਨ ਸਭਾ ਦੇ ਬਾਹਰ ਸਟਾਲ ਲਗਾਏ ਗਏ। ਮਜੀਠੀਆ ਨੇ ਇਹ ਕਾਪੀਆਂ ਵੇਚ ਕੇ 1000 ਰੁਪਏ ਕਮਾਉਣ ਦਾ ਦਾਅਵਾ ਵੀ ਕੀਤਾ। ਹੱਦ ਤਾਂ ਸ਼੍ਰੋਮਣੀ ਕਮੇਟੀ ਨੇ ਕਰ ਦਿੱਤੀ ਜਿਸ ਨੇ ਮੀਟਿੰਗ ਬੁਲਾ ਕੇ ਵਿਧਾਨ ਸਭਾ ਵਿਚ ਪੇਸ਼ ਕਰਨ ਤੋਂ ਪਹਿਲਾਂ ਹੀ ਰਿਪੋਰਟ ਰੱਦ ਕਰ ਦਿੱਤੀ।

ਚਰਚਾ ਹੈ ਕਿ ਇਹ ਮੀਟਿੰਗ ਬਾਦਲਾਂ ਦੇ ਕਹਿ ਉਤੇ ਹੀ ਬੁਲਾਈ ਗਈ ਸੀ। ਹਾਲਾਂਕਿ ਇਸ ਪਿੱਛੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਮਜ਼ਾਕ ਉਡਿਆ ਅਤੇ ਉਨ੍ਹਾਂ ਖਿਲਾਫ ਵਿਧਾਨ ਸਭਾ ਵਿਚ ਵਿਸ਼ੇਸ਼ ਅਧਿਕਾਰ ਉਲੰਘਣਾ ਦਾ ਮਤਾ ਪਾਸ ਕੀਤਾ ਗਿਆ।


We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਸਿੱਖ ਗੁਰਦੁਆਰਾ ਸੈਨ ਹੋਜੇ, ਕੈਲੀਫੋਰਨੀਆ

ਲੰਘੇ ਐਤਵਾਰ ਗੁਰਦੁਆਰਾ ਸੈਨ ਹੋਜੇ ਦੀ ਪ੍ਰਬੰਧਕ ਕਮੇਟੀ ਨੂੰ ਜਦੋਂ ਇਹ ਜਾਣਕਾਰੀ ਮਿਲੀ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਮਨਜੀਤ ਸਿੰਘ ਜੀ. ਕੇ. ਸੈਨ ਹੋਜੇ ਗੁਰੂ ਘਰ ਦੇ ਦਰਸ਼ਨ ਕਰਨ ਅਤੇ ਮੱਥਾ ਟੇਕਣ ਆ ਰਹੇ ਹਨ, ਤਾਂ ਉਨ੍ਹਾਂ ਨੂੰ ਕੁਝ ਸਵਾਲਾਂ ਦੇ ਜਵਾਬ ਦੇਣ ਲਈ ਹੇਠਾਂ ਲਿਖਿਆ ਪੱਤਰ ਦਿੱਤਾ ਗਿਆ। ਗੁਰੂ ਘਰ ਦੇ ਜਨਰਲ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ ਨੇ ਗੁਰੂ ਘਰ ਦਾ ਮਾਹੌਲ ਸ਼ਾਂਤਮਈ ਰੱਖਣ ਲਈ ਆਪਣੀ ਜੇਬ 'ਚੋਂ ਸਿਕਿਉਰਿਟੀ ਦਾ ਇੰਤਜ਼ਾਮ ਕੀਤਾ, ਪ੍ਰੰਤੂ ਮਨਜੀਤ ਸਿੰਘ ਜੀ. ਕੇ. ਨੇ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਸੈਨ ਹੋਜੇ ਗੁਰੂ ਘਰ ਆਉਣ ਤੋਂ ਸੰਕੋਚ ਕਰਨਾ ਹੀ ਮੁਨਾਸਿਬ ਸਮਝਿਆ। ਗੁਰਦੁਆਰਾ ਸੈਨ ਹੋਜੇ ਹਰ ਇੱਕ ਇਨਸਾਨ ਲਈ ਖੁੱਲ੍ਹਾ ਹੈ, ਪਰ ਗੁਰੂ ਘਰ ਦੀ ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕਰਨ ਲਈ ਗੁਰੂ ਘਰ ਦੀ ਮਰਿਆਦਾ ਅਨੁਸਾਰ ਤੇ ਪ੍ਰਬੰਧਕ ਕਮੇਟੀ ਦੇ ਅਸੂਲਾਂ ਤਹਿਤ ਹੀ ਸੰਗਤ ਨੂੰ ਸੰਬੋਧਨ ਕੀਤਾ ਜਾ ਸਕਦਾ ਹੈ।




*ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ*

ਦੇਗ ਤੇਗ ਫਤਹਿ ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥ ਪੰਥ ਕੀ ਜੀਤ

**SIKH GURDWARA – SAN JOSE**

3636 Murillo Ave., San Jose, CA 95148 Tax ID: 770090048
Phone: (408) 274 - 9373, (408) 223 -1509, Fax: (408) 274 - 3712
Web: www.sanjosegurdwara.org Email: sjgurdwara@sbcglobal.net

Hon. S. Manjit Singh GK

President, Delhi Gurdwara Parbandhak Committee

New Delhi. India

Dear Sir,

Waheguru Ji ka Khalsa, Waheguru Ji ki Fateh

The Parbandhak committee of the Sikh Gurdwara San Jose, California wishes to share with you some concerns of the local Sangat with you.

1. Sikhs have been praying for access to the Sikh Gurdwaras in Pakistan for over 70 years. Recently Navjot Singh Sidhu has created a possibility of the way to Guru Nanak Dev Ji's Gurdwaras in Kartarpur, Pakistan being made open to Sikhs in India. This is a great development and will be a great way to celebrate the 550th birthday of Guru Nanak Dev Ji in 2019.

We request Shromani Akali Dal, SGPC and DGPC to rise above the partisan politics and support this project. They should use their influence in the central government of India to make it happen and earn blessings of the Sikh Sangats all over the world.

2. You recently made some statements about the Sikh asylum seekers in the USA, which have created controversy among the Sikhs. We request that you refrain from interfering in the immigration issues here in in the USA. This is a matter between the Sikhs in diaspora and the USA government.

The leadership in India should work diligently to create economic opportunity for the youth there so that people don't want to immigrate to other countries using false pretext of political asylum. The political environment should be created that allows peaceful freedom of speech and celebration of anniversaries of political events of importance to people. These include events of the years 1980-2000 where thousands of Sikhs lost their lives.

3. Recent report from the Justice Ranjit Singh has revealed the culprits behind be-adbi of Sri Guru Granth Sahib. Guru Granth Sahib is the eternal Guru of Sikhs. SGPC and DGPC as custodians of the Sikh religious places should work diligently to make sure that these culprits are not only punished by the law of the land, but are also expelled from the Sikh Panth for these heinous crimes.

We thank you for your visit and hope that you will pay attention to these requests from our Sangat.With best regards.

B Dhillon 8/26/2018

Bhupindar(Bob) Singh Dhillon,

## ਸ. ਮਨਜੀਤ ਸਿੰਘ ਜੀ. ਕੇ. ਨੂੰ ਲਿਖਿਆ ਗਿਆ ਪੱਤਰ

ਮਾਣਯੋਗ ਸ. ਮਨਜੀਤ ਸਿੰਘ ਜੀ. ਕੇ.
ਪ੍ਰਧਾਨ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ
ਨਵੀਂ ਦਿੱਲੀ, ਇੰਡੀਆ।

ਸ੍ਰੀਮਾਨ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਿੱਖ ਗੁਰਦੁਆਰਾ ਸੈਨ ਹੋਜੇ, ਕੈਲੀਫੋਰਨੀਆ ਦੀ ਪ੍ਰਬੰਧਕ ਕਮੇਟੀ ਸਥਾਨਕ ਸੰਗਤ ਦੇ ਕੁਝ ਸਰੋਕਾਰ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦੀ ਹੈ:

1. ਸਿੱਖ ਸੰਗਤ ਪਿਛਲੇ ਸੱਤਰ ਸਾਲ ਤੋਂ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਲਾਂਘੇ ਵਾਸਤੇ ਵਾਹਿਗੁਰੂ ਅੱਗੇ ਅਰਦਾਸ ਕਰਦੀ ਆ ਰਹੀ ਹੈ। ਹਾਲ ਹੀ ਵਿਚ ਨਵਜੋਤ ਸਿੰਘ ਸਿੱਧੂ ਨੇ ਭਾਰਤ ਵਿਚ ਰਹਿੰਦੇ ਸਿੱਖਾਂ ਵਾਸਤੇ ਕਰਤਾਰਪੁਰ, ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਦਰਸ਼ਨਾਂ ਦਾ ਰਾਹ ਖੋਲ੍ਹਣ ਦੀ ਸੰਭਾਵਨਾ ਬਣਾਈ ਹੈ। ਇਹ ਇਕ ਬਹੁਤ ਵੱਡੀ ਗੱਲ ਹੈ ਅਤੇ 2019 ਵਿਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾਉਣ ਲਈ ਬਹੁਤ ਸ਼ਾਨਦਾਰ ਮੌਕਾ ਹੋਵੇਗਾ।

ਸਾਡੀ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਧੜੇਬੰਦਕ ਸਿਆਸਤ ਤੋਂ ਉਪਰ ਉਠ ਕੇ ਇਸ ਪ੍ਰਾਜੈਕਟ ਦੀ ਡਟ ਕੇ ਹਮਾਇਤ ਕੀਤੀ ਜਾਵੇ। ਉਹ ਭਾਰਤ ਦੀ ਕੇਂਦਰ ਸਰਕਾਰ ਵਿਚ ਆਪਣਾ ਅਸਰ ਰਸੂਖ ਵਰਤ ਕੇ ਇਸ ਸੰਭਾਵਨਾ ਨੂੰ ਅਮਲੀ ਰੂਪ ਦਿਵਾਉਣ ਅਤੇ ਦੁਨੀਆਂ ਭਰ ਵਿਚ ਵਸਦੀ ਸਿੱਖ ਸੰਗਤ ਦੀਆਂ ਮਿਹਰਾਂ ਪ੍ਰਾਪਤ ਕਰਨ।

2. ਤੁਸੀਂ ਹਾਲ ਹੀ ਵਿਚ ਅਮਰੀਕਾ ਵਿਚ ਸਿਆਸੀ ਸ਼ਰਣ (ਪੋਲੀਟੀਕਲ ਅਸਾਈਲਮ) ਹਾਸਲ ਕਰਨ ਵਾਲੇ ਸਿੱਖਾਂ ਬਾਰੇ ਕੁਝ ਬਿਆਨ ਦਿੱਤੇ ਹਨ ਜਿਸ ਨਾਲ ਸਿੱਖਾਂ ਵਿਚ ਵਾਦ-ਵਿਵਾਦ ਖੜ੍ਹਾ ਹੋ ਗਿਆ ਹੈ। ਸਾਡੀ ਬੇਨਤੀ ਹੈ ਕਿ ਤੁਸੀਂ ਅਮਰੀਕਾ ਵਿਚ ਇਮੀਗ੍ਰੇਸ਼ਨ ਮਾਮਲਿਆਂ ਵਿਚ ਦਖਲ ਦੇਣ ਤੋਂ ਪਰਹੇਜ ਰੱਖੋ।

ਭਾਰਤ ਦੀ ਲੀਡਰਸ਼ਿਪ ਨੂੰ ਨੌਜਵਾਨਾਂ ਵਾਸਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਇਮਾਨਦਾਰੀ ਨਾਲ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਹੋਰਨਾਂ ਦੇਸ਼ਾਂ ਵਿਚ ਪੋਲੀਟੀਕਲ ਅਸਾਈਲਮ ਲੈਣ ਲਈ ਝੂਠੇ ਬਹਾਨੇ ਨਾ ਬਣਾਉਣੇ ਪੈਣ। ਅਜਿਹਾ ਸਿਆਸੀ ਮਾਹੌਲ ਸਿਰਜਿਆ ਜਾਵੇ ਕਿ ਲੋਕਾਂ ਨੂੰ ਆਪਣੀ ਗੱਲ ਕਹਿਣ ਦੀ ਆਜ਼ਾਦੀ ਮਿਲੇ ਅਤੇ ਲੋਕਾਂ ਲਈ ਅਹਿਮ ਮੌਕਿਆਂ ਦੀਆਂ ਵਰੇਗੰਢਾਂ ਮਨਾਉਣ ਦੀ ਆਜ਼ਾਦੀ ਹੋਵੇ। ਇਨ੍ਹਾਂ ਵਿਚ 1980 ਤੋਂ 2000 ਦਰਮਿਆਨ ਵਾਪਰੀਆਂ ਘਟਨਾਵਾਂ ਸ਼ਾਮਲ ਹਨ ਜਿਨ੍ਹਾਂ ਵਿਚ ਹਜ਼ਾਰਾਂ ਸਿੱਖਾਂ ਨੂੰ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪਈਆਂ।

3. ਹਾਲ ਹੀ ਵਿਚ ਆਈ ਜਸਟਿਸ ਰਣਜੀਤ ਸਿੰਘ ਦੀ ਜਾਂਚ ਰਿਪੋਰਟ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਜੱਗ ਜਾਹਰ ਕਰ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਸ਼ਬਦ ਗੁਰੂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਾਰਮਿਕ ਸਥਾਨਾਂ ਦੇ ਸਰਬਰਾਹ ਹਨ। ਉਨ੍ਹਾਂ ਨੂੰ ਪੂਰੀ ਮੁਸਤੈਦੀ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਦੋਸ਼ੀਆਂ ਨੂੰ ਦੇਸ਼ ਦੇ ਕਾਨੂੰਨ ਮੁਤਾਬਕ ਸਖਤ ਤੋਂ ਸਖਤ ਸਜ਼ਾ ਮਿਲੇ। ਇੰਨਾ ਹੀ ਨਹੀਂ, ਦੋਸ਼ੀਆਂ ਨੂੰ ਇਸ ਘਿਨਾਉਣੇ ਜੁਰਮ ਬਦਲੇ ਸਿੱਖ ਪੰਥ ਵਿਚੋਂ ਛੇਕਿਆ ਜਾਵੇ।

ਤੁਹਾਡੇ ਆਉਣ ਲਈ ਬਹੁਤ ਬਹੁਤ ਧੰਨਵਾਦ। ਉਮੀਦ ਹੈ, ਸੰਗਤ ਦੀਆਂ ਇਨ੍ਹਾਂ ਬੇਨਤੀਆਂ ਵੱਲ ਤੁਸੀਂ ਪੂਰਾ ਧਿਆਨ ਦਿਓਗੇ।

ਸਤਿਕਾਰ ਸਹਿਤ,
ਭੁਪਿੰਦਰ (ਬਾਬ) ਸਿੰਘ ਢਿੱਲੋਂ
26 ਅਗਸਤ 2018

## ਵਲੋਂ: ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜੇ

**Sikh Gurdwara-San Jose, California**

**3636 Gurdwara Ave, San Jose, CA 95148 Gurdwara website: www.sanjosegurdwara.org**

# ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸੈਨ ਹੋਜੇ ਵਿਖੇ ਨਗਰ ਕੀਰਤਨ 2 ਨੂੰ

**ਸੈਨ ਹੋਜੇ (ਬਿਊਰੋ):** ਗੁਰਦੁਆਰਾ ਸੈਨ ਹੋਜੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਮੌਕੇ ਤੀਜਾ ਸਾਲਾਨਾ ਨਗਰ ਕੀਰਤਨ 2 ਸਤੰਬਰ, ਐਤਵਾਰ (ਲੇਬਰ ਡੇਅ ਵੀਕਐਂਡ) ਨੂੰ ਸਵੇਰੇ 10:30 ਵਜੇ ਤੋਂ ਹੋਵੇਗਾ। ਵਿਸ਼ੇਸ਼ ਗੱਲ ਇਹ ਹੋਵੇਗੀ ਕਿ ਅਮਰੀਕਾ 'ਚ ਪਹਿਲੀ ਵਾਰ ਗੁਰਬਾਣੀ ਦੇ 31 ਰਾਗਾਂ ਦਾ ਵਿਸ਼ੇਸ਼ ਕੀਰਤਨ ਦਰਬਾਰ 31 ਅਗਸਤ ਤੋਂ 2 ਸਤੰਬਰ ਤੱਕ ਹੋਵੇਗਾ।

ਕੀਰਤਨ ਦਰਬਾਰ ਵਿਚ ਪਦਮਸ੍ਰੀ ਭਾਈ ਨਿਰਮਲ ਸਿੰਘ, ਸ੍ਰੀ ਦਰਬਾਰ ਸਾਹਿਬ; ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ; ਭਾਈ ਸਰਬਜੀਤ ਸਿੰਘ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ; ਪ੍ਰੋ. ਦਲਬੀਰ ਸਿੰਘ, ਸੈਨ ਫਰਾਂਸਿਸਕੋ, ਬੇਏਰੀਆ; ਭਾਈ ਇੰਦਰਜੀਤ ਸਿੰਘ ਖਾਲਸਾ, ਸ੍ਰੀ ਦਰਬਾਰ ਸਾਹਿਬ; ਭਾਈ ਹਰਚਰਨ ਸਿੰਘ ਖਾਲਸਾ, ਸ੍ਰੀ ਦਰਬਾਰ ਸਾਹਿਬ; ਭਾਈ ਤਾਜਵਿੰਦਰ ਸਿੰਘ, ਸ੍ਰੀ ਦਰਬਾਰ ਸਾਹਿਬ; ਭਾਈ ਹਰਬਲਜੀਤ ਸਿੰਘ, ਪਿੱਪਲੀ ਸਾਹਿਬ, ਅੰਮ੍ਰਿਤਸਰ; ਬੀਬੀ ਗੁਰਨੀਤ ਕੌਰ, ਟੋਰਾਂਟੋ ਅਤੇ ਭਾਈ ਹਰਲਵ ਸਿੰਘ, ਸੈਕਰਾਮੈਂਟੋ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਮੌਕੇ ਨਗਰ ਕੀਰਤਨ ਵੀ ਹੋਵੇਗਾ ਜੋ ਗੁਰਦੁਆਰਾ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਐਵੇਨਿਊ ਤੋਂ ਖੱਬੇ, ਅਬੌਰਨ ਰੋਡ ਤੋਂ ਸੱਜੇ, ਰੂਬੀ ਐਵੇਨਿਊ ਤੋਂ ਸੱਜੇ, ਕੁਇੰਬੀ ਰੋਡ ਤੋਂ ਸੱਜੇ ਅਤੇ ਗੁਰਦੁਆਰਾ ਐਵੇਨਿਊ ਤੋਂ ਸੱਜੇ ਹੋ ਕੇ ਵਾਪਸ ਗੁਰੂ ਘਰ ਪੁੱਜੇਗਾ।

ਗੁਰੂ ਘਰ ਦੀ ਪਾਰਕਿੰਗ ਤੋਂ ਇਲਾਵਾ ਐਵਰਗਰੀਨ ਵੈਲੀ ਹਾਈ ਸਕੂਲ, ਛਬੋਇਆ ਮਿਡਲ ਸਕੂਲ, ਕੈਰੋਲਿਨ ਕਲਾਰਕ ਐਲੀਮੈਂਟਰੀ ਸਕੂਲ ਵਿਚ ਹੋਵੇਗੀ ਅਤੇ ਉਥੋਂ ਫਰੀ ਸ਼ਟਲ ਸਰਵਿਸ ਦਾ ਪ੍ਰਬੰਧ ਹੋਵੇਗਾ। ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਸਮਾਗਮ ਦੇ ਤਿੰਨੇ ਦਿਨ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




# ਦਿੱਲੀ 'ਚ ਖੁੱਲ੍ਹੇਗਾ ਇੰਟਰਨੈਸ਼ਨਲ ਸਿੱਖ ਸਟੱਡੀ ਸੈਂਟਰ

**ਨਿਊ ਯਾਰਕ:** ਵਿਸ਼ਵ ਭਰ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਫੈਲਾਉਣ ਦੇ ਉਦੇਸ਼ ਨਾਲ ਭਾਰਤ ਵਿਚ ਸਿੱਖ ਸਟੱਡੀਜ਼ ਸਬੰਧੀ ਅੰਤਰਰਾਸ਼ਟਰੀ ਸੈਂਟਰ ਖੋਲ੍ਹਿਆ ਜਾ ਰਿਹਾ ਹੈ। ਇਹ ਸੈਂਟਰ ਹੋਰਨਾਂ ਫਿਰਕਿਆਂ ਦੇ ਵਿਦਿਆਰਥੀਆਂ ਅਤੇ ਲੋਕਾਂ ਨੂੰ ਸਿੱਖ ਧਰਮ ਬਾਰੇ ਵਿਸ਼ੇਸ਼ ਤੌਰ ਉਤੇ ਜਾਣੂ ਕਰਵਾਏਗਾ। ਇਸ ਦਾ ਉਦੇਸ਼ ਵਿਸ਼ਵ ਪੱਧਰ ਉਤੇ ਖਾਸ ਤੌਰ 'ਤੇ ਅਮਰੀਕਾ ਵਿਚ ਸਿੱਖਾਂ ਵਿਰੁੱਧ ਹੋ ਰਹੇ ਨਫਰਤੀ ਅਪਰਾਧਾਂ ਨੂੰ ਘੱਟ ਕਰਨਾ ਹੈ।

ਇਸ ਸੈਂਟਰ ਦਾ ਉਦਘਾਟਨ ਵਿਸਾਖੀ ਵਾਲੇ ਦਿਨ 2019 ਨੂੰ ਦਿੱਲੀ ਦੇ ਗੁਰਦੁਆਰਾ ਰਕਾਬਗੰਜ ਵਿਚ ਕੀਤਾ ਜਾਵੇਗਾ ਅਤੇ ਅਮਰੀਕੀ ਸਿੱਖ ਕਾਰੋਬਾਰੀ ਸੰਤ ਸਿੰਘ ਛੱਤਵਾਲ ਇਸ ਲਈ ਆਰਥਿਕ ਮਦਦ ਦੇ ਰਹੇ ਹਨ। ਇਸ ਸੈਂਟਰ ਦੀ ਸਥਾਪਨਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਮਨਜੀਤ ਸਿੰਘ ਜੀਕੇ ਦੀ ਅਗਵਾਈ ਵਿਚ ਕੀਤੀ ਜਾ ਰਹੀ ਹੈ। ਸੈਂਟਰ ਸਿੱਖ ਫਲਸਫੇ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਤੇ ਪ੍ਰਸਾਰਨ ਵਿਚ ਵੱਡੀ ਭੂਮਿਕਾ ਨਿਭਾਏਗਾ।

LOOKING FOR THE LOWEST FARES ?
BOOK INTERNATIONAL FLIGHTS, HOTELS, CARS
Price From Los Angeles To Delhi
Starts from - $ 735
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

Gas Station, Truck Stop and Convenience Stores For Sale or Lease
In Indianapolis, Indiana
Ph: (317) 308-1050
adhoyee@gmail.com
ਇੰਡੀਆਨਾ ਵਿਚ ਗੈਸ ਸਟੇਸ਼ਨ, ਟਰੱਕ ਸਟਾਪ ਤੇ ਕਨਵੀਨੀਐਂਸ ਸਟੋਰ ਲੈਣ ਲਈ ਸੰਪਰਕ ਕਰੋ
ਫੋਨ: 317-308-1050
28-31

# ਕੇਜਰੀਵਾਲ ਤੇ ਖਹਿਰਾ ਧੜੇ ਵੱਲੋਂ 'ਤਾਕਤ' ਵਿਖਾਉਣ ਲਈ ਸਰਗਰਮੀ

**ਬਠਿੰਡਾ:** ਆਮ ਆਦਮੀ ਪਾਰਟੀ (ਆਪ) ਹੁਣ ਨਵੇਂ ਸਿਰਿਉਂ ਪੰਜਾਬ ਵਿਚ ਆਪਣਾ ਸਿਆਸੀ ਕੱਦ ਨਾਪੇਗੀ। 'ਆਪ' ਨੇ ਨਵੀਂ ਰਣਨੀਤੀ ਘੜੀ ਹੈ ਕਿ ਖਹਿਰਾ ਧੜੇ ਦੀ ਬਠਿੰਡਾ ਕਨਵੈਂਨਸ਼ਨ ਦਾ ਨਾ ਸਿਰਫ ਵੱਡਾ ਇਕੱਠ ਕਰਕੇ ਜਵਾਬ ਦਿੱਤਾ ਜਾਵੇ, ਸਗੋਂ ਪੰਜਾਬ ਦੇ ਮੈਦਾਨ ਵਿਚ ਸਤੰਬਰ ਮਹੀਨੇ ਵੱਡੇ ਇਕੱਠ ਕੀਤੇ ਜਾਣ। ਮੈਂਬਰ ਪਾਰਲੀਮੈਂਟ ਭਗਵੰਤ ਮਾਨ ਨੂੰ ਇਸ ਦੀ ਕਮਾਨ ਸੌਂਪੀ ਗਈ ਹੈ, ਜਿਸ ਤਹਿਤ 'ਆਪ' ਪੰਜਾਬ ਵਿਚ 2 ਸਤੰਬਰ ਤੋਂ ਵੱਡੀਆਂ ਰੈਲੀਆਂ ਦੀ ਸ਼ੁਰੂਆਤ ਕਰੇਗੀ।

ਹਲਕਾ ਮੌੜ ਵਿਚ ਪਹਿਲੀ ਰੈਲੀ ਹੋਵੇਗੀ। ਸਤੰਬਰ ਮਹੀਨੇ 'ਚ ਕਿਸਾਨਾਂ ਦੇ ਰੁਝੇਵੇਂ ਵੀ ਘੱਟ ਹਨ, ਜਿਸ ਕਰਕੇ 'ਆਪ' ਨੇ ਇਸ ਮੌਕੇ ਨੂੰ ਚੁਣਿਆ ਹੈ। ਸਿਆਸੀ ਪਾਟੋਧਾੜ ਮਗਰੋਂ ਬਣੇ ਭੰਬਲਭੂਸੇ ਦੇ ਬੱਦਲਾਂ ਤੋਂ 'ਆਪ' ਆਗੂ ਫਿਕਰਮੰਦ ਹਨ। ਭਗਵੰਤ ਮਾਨ ਬਾਗੀ ਵਿਧਾਇਕਾਂ ਦੇ ਹਲਕਿਆਂ ਵਿਚ ਵੱਡੀਆਂ ਰੈਲੀਆਂ ਕਰਨਗੇ, ਜਿਸ ਸਬੰਧੀ 'ਆਪ' ਵਿਧਾਇਕਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਬਾਗੀ ਧੜੇ ਦੇ ਟਾਕਰੇ ਵਿਚ ਭਗਵੰਤ ਮਾਨ ਨੂੰ ਉਤਾਰਿਆ ਗਿਆ ਹੈ। ਵੱਡੀਆਂ ਰੈਲੀਆਂ ਦਾ ਮੁੱਖ ਮਕਸਦ ਹੋਵੇਗਾ ਕਿ ਅਸਲੀ 'ਆਪ' ਕਿਹੜੀ ਹੈ ਤੇ ਨਕਲੀ ਕਿਹੜੀ। ਹਰ ਰੈਲੀ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਵੀ ਜਾਣਗੇ ਅਤੇ ਹਰ ਸਿਆਸੀ ਸਟੇਜ ਤੋਂ ਵੱਧ ਤੋਂ ਵੱਧ 'ਆਪ' ਵਿਧਾਇਕ ਪੁੱਜਣਗੇ।

ਅਹਿਮ ਸੂਤਰਾਂ ਨੇ ਦੱਸਿਆ ਕਿ ਅਕਤੂਬਰ ਮਹੀਨੇ ਦੇ ਅਖੀਰ ਜਾਂ ਫਿਰ ਨਵੰਬਰ ਦੇ ਪਹਿਲੇ ਹਫਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਸੱਦਿਆ ਜਾਣਾ ਹੈ। ਉਸ ਤੋਂ ਪਹਿਲਾਂ 'ਆਪ' ਰੈਲੀਆਂ ਨਾਲ ਮਾਹੌਲ ਸਿਰਜੇਗੀ। ਬਾਗੀ ਧੜੇ ਵੱਲੋਂ ਕੀਤੀ ਬਠਿੰਡਾ ਕਨਵੈਨਸ਼ਨ ਦਾ ਇਕੱਠ ਅੱਖੋਂ ਉਹਲੇ ਕਰਨ ਵਾਲਾ ਨਹੀਂ ਹੈ ਅਤੇ ਖਹਿਰਾ ਧੜੇ ਦੇ 'ਪੰਜਾਬੀ ਪੱਤੇ' ਨੇ ਵੀ ਰੰਗ ਦਿਖਾਇਆ ਹੈ। ਖਹਿਰਾ ਧੜਾ ਹਰ ਹਫਤੇ ਪ੍ਰੋਗਰਾਮ ਕਰਨ ਵਿਚ ਜੁੱਟ ਗਿਆ ਹੈ। 'ਆਪ' ਦੇ ਵਿਧਾਇਕ ਹੁਣ ਪਿੰਡਾਂ ਵਿਚ ਨਿਕਲਣੇ ਸ਼ੁਰੂ ਹੋ ਗਏ ਹਨ। ਵੇਰਵਿਆਂ ਅਨੁਸਾਰ 'ਆਪ' ਵੱਲੋਂ ਹਲਕਾ ਜੈਤੋ ਦੇ ਪਿੰਡ ਢਿਲਵਾਂ ਵਿਚ 5 ਸਤੰਬਰ ਨੂੰ, ਖਰੜ ਹਲਕੇ ਦੇ ਕੁਰਾਲੀ ਵਿਚ 8 ਨੂੰ, ਦਿੜ੍ਹਬਾ ਵਿਚ 9 ਨੂੰ, ਜਗਰਾਉਂ ਹਲਕੇ ਵਿਚ 12 ਨੂੰ, ਭੁੱਚੋ ਹਲਕੇ ਵਿਚ 15 ਨੂੰ, ਫਿਰੋਜ਼ਪੁਰ ਹਲਕੇ ਵਿਚ 19 ਨੂੰ, ਹੁਸ਼ਿਆਰਪੁਰ ਹਲਕੇ ਵਿਚ 23 ਅਤੇ ਭਦੌੜ ਹਲਕੇ ਵਿਚ 29 ਸਤੰਬਰ ਨੂੰ ਵੱਡੀ ਰੈਲੀ ਕਰਨ ਦਾ ਪ੍ਰੋਗਰਾਮ ਹੈ। 'ਆਪ' ਵੱਲੋਂ ਸਤੰਬਰ ਦਾ ਆਖਰੀ ਵੱਡਾ ਇਕੱਠ ਖੜ੍ਹਰ ਸਾਹਿਬ ਵਿਚ 30 ਸਤੰਬਰ ਨੂੰ ਕਰਨ ਦਾ ਪ੍ਰੋਗਰਾਮ ਹੈ।

'ਆਪ' ਦੇ ਮਹਿਲਾ ਵਿੰਗ ਦੀ ਪ੍ਰਧਾਨ ਅਤੇ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਨੇ ਦੱਸਿਆ ਕਿ ਮੌੜ ਹਲਕੇ ਵਿਚ 2 ਸਤੰਬਰ ਨੂੰ ਵੱਡੀ ਰੈਲੀ ਹੋਵੇਗੀ ਅਤੇ ਇਕ ਦੋ ਦਿਨਾਂ ਵਿਚ ਸਥਾਨ ਤੇ ਸਮਾਂ ਫਾਈਨਲ ਹੋ ਜਾਵੇਗਾ। ਇਸ ਸਬੰਧੀ ਜਲਦੀ ਮੀਟਿੰਗ ਵੀ ਕੀਤੀ ਜਾਵੇਗੀ। ਪਤਾ ਲੱਗਾ ਹੈ ਕਿ ਦਿੱਲੀ ਦੀ 'ਆਪ' ਸਰਕਾਰ ਵੱਲੋਂ ਰਾਜਧਾਨੀ ਵਿਚ ਕੀਤੇ ਸਿਹਤ ਤੇ ਸਿੱਖਿਆ ਦੇ ਖੇਤਰ ਵਾਲੇ ਕੰਮਾਂ ਦੀ ਤਸਵੀਰ ਇਨ੍ਹਾਂ ਰੈਲੀਆਂ ਵਿਚ ਦਿਖਾਈ ਜਾਵੇਗੀ ਅਤੇ ਨਾਲ ਹੀ ਪੰਜਾਬ ਵਿਚ ਸਿਹਤ ਤੇ ਸਿੱਖਿਆ ਸਹੂਲਤਾਂ ਤੋਂ ਵੀ ਜਾਣੂ ਕਰਾਇਆ ਜਾਵੇਗਾ। ਵਾਲੰਟੀਅਰਾਂ ਦਾ ਹੌਸਲਾ ਵਧਾਉਣਾ ਵੀ ਇਨ੍ਹਾਂ ਰੈਲੀਆਂ ਦਾ ਏਜੰਡਾ ਹੋਵੇਗਾ। 'ਆਪ' ਲਈ ਇਹ ਰੈਲੀਆਂ ਸਿਆਸੀ ਪ੍ਰੀਖਿਆ ਵਾਂਗ ਹਨ ਕਿਉਂਕਿ ਇਨ੍ਹਾਂ ਰੈਲੀਆਂ ਦੇ ਇਕੱਠ ਨੇ ਹੀ 'ਆਪ' ਅਤੇ ਖਹਿਰਾ ਧੜੇ ਦੇ ਭਵਿੱਖ ਨੂੰ ਤੈਅ ਕਰਨਾ ਹੈ। ਨੇੜ ਭਵਿੱਖ ਵਿਚ 'ਆਪ' ਵਿਚ ਕੋਈ ਏਕਤਾ ਬਣਦੀ ਨਜ਼ਰ ਨਹੀਂ ਆ ਰਹੀ ਹੈ।

ਖਹਿਰਾ ਧੜੇ ਨੇ ਬਠਿੰਡਾ ਕਨਵੈਂਨਸ਼ਨ ਦੇ ਮਤਿਆਂ ਤੋਂ ਹੇਠਾਂ ਕੋਈ ਵੀ ਗੱਲ ਕਰਨ ਤੋਂ ਇਨਕਾਰ ਕੀਤਾ ਹੈ ਅਤੇ ਇਧਰ 'ਆਪ' ਵੀ ਇਨ੍ਹਾਂ ਸ਼ਰਤਾਂ ਉਤੇ ਸੁਰ ਮਿਲਾਉਣ ਨੂੰ ਤਿਆਰ ਨਹੀਂ ਹੈ। ਇਸੇ ਦੌਰਾਨ 'ਆਪ' ਦੇ ਪਰਵਾਸੀ ਵਿੰਗ ਕੈਨੇਡਾ ਦੀ ਕਨਵੀਨਰ ਜਸਕੀਰਤ ਮਾਨ ਬੁਲਾਰੇ ਹਰਪ੍ਰੀਤ ਖੋਸਾ ਅਤੇ ਕੰਵਲਜੀਤ ਸਿੱਧੂ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਤੰਬਰ ਰੈਲੀਆਂ 'ਚ ਪੁੱਜ ਕੇ ਫੁੱਟ ਪਾਊ ਤਾਕਤਾਂ ਨੂੰ ਮਾਤ ਦੇਣ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਇਹ ਰੈਲੀਆਂ ਪੰਜਾਬੀਆਂ ਦੀ ਤਾਕਤ ਦਾ ਪ੍ਰਤੀਕ ਹੋਣਗੀਆਂ।

## ਖਹਿਰਾ ਨੂੰ ਪਾਰਟੀ 'ਚੋਂ ਕੱਢਣ ਦਾ ਫੈਸਲਾ ਛੇਤੀ: ਭਗਵੰਤ ਮਾਨ

**ਜਲੰਧਰ:** ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਨੇ ਕਿਹਾ ਹੈ ਕਿ ਪਾਰਟੀ ਵਿਰੋਧੀ ਕਾਰਵਾਈਆਂ ਕਰਨ 'ਤੇ ਖਹਿਰਾ ਧੜੇ ਨੂੰ ਪਾਰਟੀ ਵਿਚੋਂ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ 'ਚ ਮੀਟਿੰਗ ਕਰ ਕੇ ਇਸ ਬਾਰੇ ਫੈਸਲਾ ਕੀਤਾ ਜਾਵੇਗਾ।



ਭੁਲੱਥ ਹਲਕੇ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਧੜੇ ਦੇ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ 'ਤੇ ਆਮ ਆਦਮੀ ਪਾਰਟੀ ਵੱਲੋਂ ਅਜੇ ਤੱਕ ਕੋਈ ਵੀ ਅਨੁਸ਼ਾਸਨੀ ਕਾਰਵਾਈ ਨਾ ਕਰਨ ਬਾਰੇ ਪੁੱਛੇ ਗਏ ਸਵਾਲਾਂ 'ਚ ਘਿਰੇ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨਾਲ ਗੱਲਬਾਤ ਕਰਨ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ। ਅਮਨ ਅਰੋੜਾ ਤੇ ਸਰਬਜੀਤ ਕੌਰ ਸਮੇਤ ਹੋਰ ਵਿਧਾਇਕਾਂ ਨੇ ਵੀ ਸ੍ਰੀ ਖਹਿਰਾ ਨਾਲ ਗੱਲਬਾਤ ਕਰਨ ਦਾ ਸਮਾਂ ਮੰਗਿਆ ਸੀ ਪਰ ਉਹ ਸਮਾਂ ਦੇ ਕੇ ਵੀ ਨਹੀਂ ਆਏ। ਉਹ ਗੱਲਬਾਤ ਕਰਨ ਦੀ ਥਾਂ ਵਿਧਾਨ ਸਭਾ ਦੇ ਬਾਹਰ ਧਰਨੇ 'ਤੇ ਬੈਠ ਗਏ।



## ਭਗਵੰਤ ਮਾਨ ਕਰਨਗੇ ਵਾਲੰਟੀਅਰਾਂ ਦੇ ਹੌਸਲੇ ਬੁਲੰਦ

ਸੰਸਦ ਮੈਂਬਰ ਭਗਵੰਤ ਮਾਨ ਦਾ ਕਹਿਣਾ ਹੈ ਕਿ ਉਹ ਸਤੰਬਰ ਮਹੀਨੇ 10 ਵੱਡੀਆਂ ਰੈਲੀਆਂ ਕਰਨਗੇ, ਜਿਨ੍ਹਾਂ ਵਿਚ ਵੱਡੇ ਇਕੱਠ ਕੀਤੇ ਜਾਣੇ ਹਨ ਤਾਂ ਜੋ ਵਾਲੰਟੀਅਰਾਂ ਦੇ ਹੌਸਲੇ ਬੁਲੰਦ ਕੀਤੇ ਜਾ ਸਕਣ। ਕੈਪਟਨ ਸਰਕਾਰ ਦੀਆਂ ਨਕਾਮੀਆਂ ਤੋਂ ਰੈਲੀਆਂ 'ਚ ਲੋਕਾਂ ਨੂੰ ਜਾਣੂ ਕਰਾਇਆ ਜਾਵੇਗਾ ਅਤੇ ਕੇਜਰੀਵਾਲ ਸਰਕਾਰ ਦੇ ਦਿੱਲੀ ਦੇ ਕੰਮਾਂ ਦੀ ਤਸਵੀਰ ਵਿਖਾਈ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਤਾਂ ਸਤੰਬਰ ਰੈਲੀਆਂ ਵਿਚ ਸ਼ਾਮਲ ਹੋਣ ਲਈ ਸੁਖਪਾਲ ਖਹਿਰਾ ਤੇ ਸਾਥੀਆਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਨ ਅਤੇ ਉਨ੍ਹਾਂ ਨੇ ਹਮੇਸ਼ਾ ਸਾਰੇ ਰਸਤੇ ਖੁੱਲ੍ਹੇ ਰੱਖੇ ਹਨ।

# ਰੱਖੜ ਪੁੰਨਿਆ ਕਾਨਫਰੰਸ 'ਚ ਸਿਆਸੀ ਧਿਰਾਂ ਭੁੱਲੀਆਂ ਮਰਿਆਦਾ

**ਬਾਬਾ ਬਕਾਲਾ (ਅੰਮ੍ਰਿਤਸਰ):** ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕੀਤੀਆਂ ਗਈਆਂ ਕਾਨਫਰੰਸਾਂ ਵਿਚ ਇਕ-ਦੂਜੇ ਖਿਲਾਫ਼ ਤੋਹਮਤਾਂ ਭਾਰੂ ਰਹੀਆਂ। ਸਾਰੀਆਂ ਹੀ ਕਾਨਫਰੰਸਾਂ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਚਰਚਾ ਦਾ ਕੇਂਦਰ ਬਿੰਦੂ ਬਣੀ ਰਹੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਗਈ ਸਿਆਸੀ ਕਾਨਫਰੰਸ ਵਿਚ ਪਾਰਟੀ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਜਸਟਿਸ ਰਣਜੀਤ ਸਿੰਘ ਹਮਪਿਆਲਾ ਹਨ।



ਇਸ ਲਈ ਉਸ ਨੇ ਕਾਂਗਰਸ ਦੇ ਇਸ਼ਾਰੇ ਉਤੇ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨਾ ਬਣਾਉਣ ਲਈ ਅਜਿਹੀ ਰਿਪੋਰਟ ਤਿਆਰ ਕੀਤੀ ਹੈ, ਜਿਸ ਵਿਚ ਅਕਾਲੀਆਂ ਨੂੰ ਬੇਅਦਬੀ ਘਟਨਾਵਾਂ ਲਈ ਦੋਸ਼ੀ ਦੱਸਿਆ ਗਿਆ ਹੈ।

ਉਨ੍ਹਾਂ ਆਖਿਆ ਕਿ ਅੱਜ ਕੁਝ ਤਾਕਤਾਂ ਅਕਾਲੀ ਦਲ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕਰ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਿੱਖ ਕੌਮ ਨੂੰ ਵੰਡਣਾ ਚਾਹੁੰਦੀ ਹੈ, ਤਾਂ ਜੋ ਉਹ ਸੱਤਾ ਵਿਚ ਬਣੀ ਰਹਿ ਸਕੇ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਜਾਣਬੁੱਝ ਕੇ ਬੇਅਦਬੀ ਘਟਨਾਵਾਂ ਅਤੇ ਬਰਗਾੜੀ ਕਾਂਡ ਵਾਸਤੇ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਅਮਰੀਕਾ ਦੌਰੇ ਦੌਰਾਨ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ 'ਤੇ ਹੋਏ ਹਮਲੇ ਲਈ ਉਨ੍ਹਾਂ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਦੋਸ਼ ਲਾਇਆ ਕਿ ਹਮਲੇ ਪਿੱਛੇ ਮੁਤਵਾਜ਼ੀ ਜਥੇਦਾਰਾਂ ਦਾ ਵੀ ਹੱਥ ਹੈ।

ਉਨ੍ਹਾਂ ਆਖਿਆ ਕਿ ਜੀਕੇ 'ਤੇ ਹਮਲਾ ਕਰਨ ਵਾਲੇ ਦੀ ਸ਼ਨਾਖਤ ਹੋ ਗਈ ਹੈ। ਇਹ ਵਿਅਕਤੀ 1984 ਸਿੱਖ ਕਤਲੇਆਮ ਦੇ ਇਕ ਗਵਾਹ ਜਸਬੀਰ ਸਿੰਘ ਦਾ ਬੇਟਾ ਹੈ, ਜਿਸ ਨੇ ਜਗਦੀਸ਼ ਟਾਈਟਲਰ ਕੋਲੋਂ ਕਥਿਤ ਰਿਸ਼ਵਤ ਲੈ ਕੇ ਬਿਆਨ ਬਦਲ ਦਿੱਤੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸੀ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਦੀ ਮੁਤਵਾਜ਼ੀ ਜਥੇਦਾਰਾਂ ਨਾਲ ਮਿਲੀਭੁਗਤ ਹੈ।

## ਵਿਦੇਸ਼ੋਂ ਪਰਤੇ ਪੁੱਤ ਦੀ ਹਾਲਤ ਦੇਖ ਕੇ ਸਦਮੇ 'ਚ ਮਾਂ ਦੀ ਮੌਤ

**ਭੁਲੱਥ:** ਪਿੰਡ ਨੰਗਲ ਲੁਬਾਣਾ ਵਿਚ ਆਪਣੇ ਨੌਜਵਾਨ ਪੁੱਤਰ ਨੂੰ ਦਸ ਮਹੀਨੇ ਅਮਰੀਕਾ ਦੇ ਜਾਰਜੀਆ ਕੈਂਪ ਵਿਚ ਰਹਿਣ ਮਗਰੋਂ ਵਾਪਸ ਆਇਆ ਦੇਖ ਕੇ ਸਦਮੇ ਵਿਚ ਇਕ ਔਰਤ ਦੀ ਮੌਤ ਹੋ ਗਈ।

ਨਰਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਕਰੀਬ 10 ਮਹੀਨੇ ਪਹਿਲਾਂ ਅਮਰੀਕਾ ਗਿਆ ਸੀ। ਉਥੇ ਉਹ ਮਾਫੀਆ ਦੇ ਧੱਕੇ ਚੜ੍ਹਨ ਮਗਰੋਂ ਮਸਾਂ ਅਮਰੀਕਾ ਪੁੱਜਿਆ ਸੀ। ਨੌਜਵਾਨ ਨੂੰ ਵਿਦੇਸ਼ ਭੇਜਣ 'ਤੇ ਕਾਫੀ ਖਰਚ ਆਇਆ ਸੀ। ਜਦੋਂ ਨੌਜਵਾਨ ਵਾਪਸ ਘਰ ਪੁੱਜਾ ਤਾਂ ਉਸ ਨੂੰ ਦੇਖ ਕੇ ਸੁਰਿੰਦਰ ਕੌਰ ਨੂੰ ਸਦਮਾ ਲੱਗਾ ਤੇ ਉਸ ਦੀ ਮੌਤ ਹੋ ਗਈ।

## ਲੋਕ ਅਕਾਲੀਆਂ ਨੂੰ ਪਿੰਡਾਂ 'ਚ ਨਹੀਂ ਵੜਨ ਦੇਣਗੇ: ਕਾਂਗਰਸ

**ਰਈਆ:** ਬਾਬਾ ਬਕਾਲਾ ਵਿਚ ਰੱਖੜ ਪੁੰਨਿਆਂ ਕਾਨਫਰੰਸ ਦੌਰਾਨ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਆਖਿਆ ਕਿ ਅਕਾਲੀਆਂ ਨੇ ਹੁਣ ਤੱਕ ਸੂਬਾ ਵਾਸੀਆਂ ਨੂੰ ਪੰਥ ਦੇ ਨਾਂ 'ਤੇ ਉਲਝਾਈ ਰੱਖਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਰਗਾੜੀ ਅਤੇ ਬਹਿਬਲ ਕਾਂਡ ਦੀ ਸਬੰਧੀ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਅਕਾਲੀਆਂ ਦੇ ਝੂਠ ਦੀ ਪੋਲ ਖੋਲ੍ਹੇਗੀ। ਉਨ੍ਹਾਂ ਕਿਹਾ ਕੇ ਪੰਜਾਬ ਸਰਕਾਰ ਨੇ 17 ਮਹੀਨਿਆਂ ਵਿਚ ਰਿਪੋਰਟ ਪ੍ਰਾਪਤ ਕਰਕੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਉਪਰ ਅਮਰੀਕਾ ਵਿਚ ਹੋਇਆ ਹਮਲਾ ਲੋਕਾਂ ਦੇ ਵਿਰੋਧ ਦਾ ਹੀ ਨਤੀਜਾ ਹੈ। ਉਨ੍ਹਾਂ ਕਿਹਾ ਕਿ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਲੋਕ ਅਕਾਲੀਆਂ ਨੂੰ ਪਿੰਡਾਂ ਵਿਚ ਨਹੀਂ ਵੜਨ ਦੇਣਗੇ। ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਪਾਏ ਗਏ ਮੁਲਜ਼ਮਾਂ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ। ਉਨ੍ਹਾਂ ਬਾਦਲਾਂ 'ਤੇ ਸਿੱਖ ਪੰਥ ਨੂੰ ਢਾਹ ਲਾਉਣ ਦੇ ਦੋਸ਼ ਲਾਏ।

## 'ਆਪ' ਨੇ ਬੇਅਦਬੀ ਕਾਂਡ 'ਤੇ ਸਰਕਾਰ ਨੂੰ ਘੇਰਿਆ

**ਰਈਆ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਰੱਖੜ ਪੁੰਨਿਆਂ ਕਾਨਫਰੰਸ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਬੇਅਦਬੀ ਕਾਂਡ ਸਬੰਧੀ ਕਾਂਗਰਸ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਜਾਣ-ਬੁੱਝ ਕੇ ਲੀਕ ਕੀਤੀ ਹੈ, ਤਾਂ ਜੋ ਬਾਦਲਾਂ ਨੂੰ ਬਚਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਰਿਪੋਰਟ ਲੀਕ ਹੋਣ ਕਾਰਨ ਅਕਾਲੀਆਂ ਨੂੰ ਗਵਾਹਾਂ ਨੂੰ ਧਮਕਾਉਣ ਅਤੇ ਆਪਣਾ ਬਚਾਅ ਕਰਨ ਦਾ ਮੌਕਾ ਦਿੱਤਾ ਗਿਆ ਗਿਆ ਹੈ। ਪੰਜਾਬ ਵਿਚ ਚਾਚੇ ਭਤੀਜੇ ਦੀ ਸਰਕਾਰ ਚੱਲ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕੇ ਉਕਤ ਲੋਕ ਪੰਜਾਬ ਵਿਰੋਧੀ ਹਨ ਅਤੇ ਹਮੇਸ਼ਾ ਧਾਰਮਿਕ ਮੁੱਦੇ ਭੜਕਾ ਕੇ ਵੋਟਾਂ ਪ੍ਰਾਪਤ ਕਰਦੇ ਹਨ ਪਰ ਹੁਣ ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਪਾਰਟੀ ਅੰਦਰਲੀ ਬਗਾਵਤ ਸਬੰਧੀ ਬੋਲਦਿਆਂ ਸੁਖਪਾਲ ਸਿੰਘ ਖਹਿਰਾ ਨੂੰ ਰਗੜੇ ਲਾਏ ਅਤੇ ਕਿਹਾ ਕਿ ਜਿਹੜੇ ਲੋਕ ਹੁਣ 'ਆਪ' ਨੂੰ ਦਿੱਲੀ ਦੀ ਪਾਰਟੀ ਦੱਸਦੇ ਹਨ, ਉਹ ਕਦੇ ਪਹਿਲੀ ਕਤਾਰ ਵਿਚ ਬੈਠਦੇ ਸਨ।

# ਬਹਿਬਲ ਕਲਾਂ ਦੇ ਪੀੜਤਾਂ ਨੂੰ 2.90 ਕਰੋੜ ਦਾ ਮੁਆਵਜ਼ਾ

**ਚੰਡੀਗੜ੍ਹ:** ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਬਹਿਬਲ ਕਲਾਂ ਕਾਂਡ ਵਿਚ ਜ਼ਖਮੀਆਂ ਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2.90 ਕਰੋੜ ਰੁਪਏ ਦੇ ਹੋਰ ਮੁਆਵਜ਼ੇ ਦੇ ਚੈੱਕ ਤਕਸੀਮ ਕੀਤੇ। ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਸਿਫਾਰਿਸ਼ ਕੀਤੇ ਪਰਿਵਾਰਾਂ ਨੂੰ ਇਕ-ਇਕ ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ। ਇਸ ਦੇ ਨਾਲ ਹੀ ਪਰਿਵਾਰ ਦੇ ਮੈਂਬਰ ਨੂੰ ਨੌਕਰੀ ਵੀ ਦਿੱਤੀ ਜਾਏਗੀ। ਕਮਿਸ਼ਨ ਨੇ ਮੁਆਵਜ਼ੇ ਦੀ ਰਕਮ ਲਈ 75 ਲੱਖ ਰੁਪਏ ਦੀ ਸਿਫਾਰਸ਼ ਕੀਤੀ ਸੀ ਪਰ ਮੁੱਖ ਮੰਤਰੀ ਨੇ ਮੁਆਵਜ਼ੇ ਦੀ ਰਕਮ ਵਧਾ ਕੇ ਇਕ ਕਰੋੜ ਰੁਪਏ ਕਰ ਦਿੱਤੀ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਪੀੜਤਾਂ ਨੂੰ ਸੂਬਾ ਸਰਕਾਰ ਵੱਲੋਂ ਹਰ ਸੰਭਵ ਮਦਦ ਮੁਹੱਈਆ ਕਰਾਉਣ ਲਈ ਕਿਹਾ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਇਸ ਕਾਂਡ ਵਿਚ ਮਾਰੇ ਗਏ ਪਿੰਡ ਸਰਾਵਾਂ ਦੇ ਗੁਰਜੀਤ ਸਿੰਘ ਤੇ ਪਿੰਡ ਬਹਿਬਲ ਖੁਰਦ ਦੇ ਕ੍ਰਿਸ਼ਨ ਭਗਵਾਨ ਸਿੰਘ ਦੇ ਪਰਿਵਾਰਾਂ ਨੂੰ ਵੀ ਹੋਰ 90-90 ਲੱਖ ਰੁਪਏ ਦਾ ਮੁਆਵਜ਼ਾ ਜਾਰੀ ਕੀਤਾ ਹੈ। ਇਸੇ ਘਟਨਾ ਵਿਚ ਗੰਭੀਰ ਜ਼ਖਮੀ ਹੋਏ ਬਠਿੰਡਾ ਦੇ ਪਿੰਡ ਨਾਥਪੁਰ ਤੋਂ ਅਜੀਤ ਸਿੰਘ ਨੂੰ ਵੀ 60 ਲੱਖ ਰੁਪਏ ਮੁਆਵਜ਼ੇ ਵਜੋਂ ਦਿੱਤੇ ਗਏ ਹਨ। ਕੈਪਟਨ ਨੇ ਜ਼ਖ਼ਮੀਆਂ ਦਾ ਸਾਰਾ ਖਰਚਾ ਚੁੱਕਣ ਤੋਂ ਇਲਾਵਾ ਹਰ ਮਹੀਨੇ 15 ਹਜ਼ਾਰ ਰੁਪਏ ਦੇਣ ਦਾ ਵੀ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਬਹਿਬਲ ਕਲਾਂ ਕਾਂਡ ਵੇਲੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰ ਸੀ ਪਰ ਉਸ ਸਮੇਂ ਉਨ੍ਹਾਂ ਪੀੜਤ ਪਰਿਵਾਰਾਂ ਨੂੰ 10-10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਸੀ।



# ਟਰੰਪ ਨੂੰ ਕਰਨਾ ਪੈ ਸਕਦਾ ਹੈ ਮਹਾਂਦੋਸ਼ ਦਾ ਸਾਹਮਣਾ

**ਵਾਸ਼ਿੰਗਟਨ:** ਆਉਣ ਵਾਲੇ ਸਮੇਂ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਅਮਰੀਕੀ ਸੰਸਦ ਵਿਚ ਮਹਾਂਦੋਸ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਉਨ੍ਹਾਂ ਦੀ



ਰਾਸ਼ਟਰਪਤੀ ਵਜੋਂ ਚੋਣ ਦੌਰਾਨ ਮੁਹਿੰਮ ਵਿਚ ਸ਼ਾਮਲ ਉਨ੍ਹਾਂ ਦੇ ਸਾਬਕਾ ਵਕੀਲ ਮਾਈਕਲ ਕੋਹੇਨ ਨੂੰ ਧੋਖਾਧੜੀ ਵਰਗੇ ਸੰਗੀਨ ਜੁਰਮਾਂ ਦਾ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ।

ਕੋਹੇਨ ਨੂੰ ਟੈਕਸ ਧੋਖਾਧੜੀ, ਇਕ ਬੈਂਕ ਨੂੰ ਝੂਠੀਆਂ ਸਟੇਟਮੈਂਟਾਂ ਦੇਣ ਅਤੇ ਟਰੰਪ ਦੀ ਚੋਣ ਦੌਰਾਨ ਚਲਾਈ ਪ੍ਰਚਾਰ ਮੁਹਿੰਮ ਦੌਰਾਨ ਵਿੱਤੀ ਗੜਬੜੀਆਂ ਦੇ ਦੋਸ਼ਾਂ ਕਾਰਨ ਅੱਠ ਦਰਜੇ ਦੇ ਸਿਖਰਲੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ। ਉਸ ਉਤੇ ਅਸ਼ਲੀਲ ਫਿਲਮਾਂ ਦੀ ਅਭਿਨੇਤਰੀ ਸਟੌਰਮੀ ਡੇਨੀਅਲਜ਼ ਅਤੇ ਇਕ ਹੋਰ ਔਰਤ ਨੂੰ ਮੂੰਹ ਬੰਦ ਰੱਖਣ ਲਈ ਪੈਸੇ ਦੇਣ ਦਾ ਵੀ ਦੋਸ਼ ਲੱਗਾ ਹੈ। ਡੇਨੀਅਲਜ਼ ਨੂੰ ਰਾਸ਼ਟਰਪਤੀ ਦੀ ਚੋਣ ਦੇ ਉਮੀਦਵਾਰ ਨਾਲ ਕਥਿਤ ਸਬੰਧਾਂ ਦਾ ਜ਼ਿਕਰ ਨਾ ਕਰਨ ਲਈ ਪੈਸੇ ਦੇਣ ਦਾ ਦੋਸ਼ ਹੈ।

ਟਰੰਪ ਦੀ ਰਾਸ਼ਟਰਪਤੀ ਦੇ ਅਹੁਦੇ ਲਈ 2016 ਦੀ ਚੋਣ ਦੌਰਾਨ ਸੰਚਾਰ ਸਲਾਹਕਾਰ ਰਹੇ ਮਾਈਕਲ ਕੈਪੁਟੋ ਦੇ ਹਵਾਲੇ ਨਾਲ ਸੀ.ਐਨ.ਐਨ ਨੇ ਕਿਹਾ ਹੈ ਕਿ ਇਨ੍ਹਾਂ ਦੋਸ਼ਾਂ ਕਾਰਨਾਂ ਡੈਮੋਕਰੈਟਾਂ ਨੂੰ ਮਹਾਂਦੋਸ਼ ਚਲਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਵੰਬਰ ਵਿਚ ਮੱਧਕਾਲੀ ਚੋਣਾਂ ਮਹਾਂਦੋਸ਼ ਚਲਾਉਣ ਲਈ ਅਹਿਮ ਸਾਬਤ ਹੋ ਸਕਦੀਆਂ ਹਨ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਜੇ ਉਸ ਵਿਰੁੱਧ ਮਹਾਂਦੋਸ਼ ਚਲਾਇਆ ਗਿਆ ਤਾਂ ਅਮਰੀਕੀ ਆਰਥਿਕਤਾ ਤਬਾਹ ਹੋ ਜਾਵੇਗੀ। ਹਰ ਕੋਈ ਬੇਹੱਦ ਗਰੀਬ ਹੋ ਜਾਵੇਗਾ। ਇਕ ਟੈਲੀਵਿਜ਼ਨ ਪ੍ਰੋਗਰਾਮ ਵਿਚ ਟਰੰਪ ਨੇ ਕਿਹਾ ਕਿ ਉਸ ਨੂੰ ਸਮਝ ਨਹੀਂ ਆਉਂਦੀ ਕਿ ਤੁਸੀਂ ਉਸ ਬੰਦੇ ਵਿਰੁੱਧ ਕਿਵੇਂ ਮਹਾਂਦੋਸ਼ ਚਲਾਉਗੇ ਜਿਸ ਨੇ ਮਹਾਨ ਕੰਮ ਕੀਤੇ ਹੋਣ।


## ਜਾਇਦਾਦ ਖਾਤਰ ਪੁੱਤ ਵੱਲੋਂ ਪਿਉ ਦਾ ਕਤਲ

**ਫਾਜ਼ਿਲਕਾ:** ਪਿੰਡ ਰਾਣਾ 'ਚ ਜਾਇਦਾਦ ਖਾਤਰ ਪੁੱਤ ਨੇ ਆਪਣੇ ਬਾਪ ਦਾ ਕਤਲ ਕਰ ਦਿੱਤਾ। ਮ੍ਰਿਤਕ ਹਰਭਜਨ ਸਿੰਘ ਜੋ ਪਿੰਡ 'ਚ ਡਾਕਟਰੀ ਦਾ ਕੰਮ ਕਰਦਾ ਸੀ ਤੇ ਉਸ ਦਾ ਮੁਲਜ਼ਮ ਪੁੱਤਰ ਵੀਰੇਂਦਰ ਪਾਲ ਸਿੰਘ ਵੀ ਇਸੇ ਕੰਮ 'ਚ ਸੀ। ਮ੍ਰਿਤਕ ਰਾਤ ਵਿਆਹ ਸਮਾਗਮ ਤੋਂ ਪਰਤਿਆ ਸੀ ਜਿਸ ਵੇਲੇ ਉਸ ਦੇ ਸ਼ਰਾਬੀ ਹੋਏ ਪੁੱਤ ਨੇ ਲੱਕੜ ਦੀ ਬੱਲੀ ਨਾਲ ਵਾਰ ਕਰ ਦਿੱਤਾ।

ਮ੍ਰਿਤਕ ਦੇ ਭਰਾ ਤੇ ਪਿੰਡ ਵਾਸੀਆਂ ਮੁਤਾਬਕ ਦੋਵਾਂ ਪਿਉ-ਪੁੱਤਾਂ 'ਚ ਜਾਇਦਾਦ ਨੂੰ ਲੈ ਕੇ ਝਗੜਾ ਰਹਿੰਦਾ ਸੀ। ਇਸ ਵਾਰ ਇਹ ਲੜਾਈ ਇੰਨੀ ਵਧ ਗਈ ਕਿ ਬੇਟੇ ਨੇ ਹੀ ਬਾਪ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

# ਉਘੇ ਪੱਤਰਕਾਰ ਤੇ ਕਾਲਮਨਵੀਸ ਕੁਲਦੀਪ ਨਈਅਰ ਨਹੀਂ ਰਹੇ

**ਨਵੀਂ ਦਿੱਲੀ:** ਉਘੇ ਪੱਤਰਕਾਰ ਅਤੇ ਲੇਖਕ, ਕਾਲਮਨਵੀਸ ਕੁਲਦੀਪ ਨਈਅਰ ਦਾ ਦਿਹਾਂਤ ਹੋ ਗਿਆ। ਉਹ 95 ਸਾਲਾਂ ਦੇ ਸਨ। ਉਨ੍ਹਾਂ ਨੇ ਪ੍ਰੈਸ ਦੀ ਆਜ਼ਾਦੀ ਅਤੇ ਨਾਗਰਿਕ ਸੁਤੰਤਰਤਾ ਲਈ ਮਜ਼ਬੂਤੀ ਨਾਲ ਲੜਾਈ ਲੜੀ। ਕੁਲਦੀਪ ਨਈਅਰ ਨੂੰ ਐਮਰਜੈਂਸੀ ਦੌਰਾਨ ਸਰਕਾਰ ਖਿਲਾਫ਼ ਲੇਖ ਲਿਖਣ ਕਾਰਨ ਜੇਲ੍ਹ ਵੀ ਜਾਣਾ ਪਿਆ ਸੀ।



ਸ੍ਰੀ ਨਈਅਰ 1996 ਵਿਚ ਸੰਯੁਕਤ ਰਾਸ਼ਟਰ ਲਈ ਭਾਰਤ ਦੇ ਪ੍ਰਤੀਨਿਧੀ ਮੰਡਲ ਦੇ ਮੈਂਬਰ ਵੀ ਰਹੇ ਅਤੇ 1990 ਵਿਚ ਉਨ੍ਹਾਂ ਨੂੰ ਗ੍ਰੇਟ ਬ੍ਰਿਟੇਨ ਵਿਚ ਨਿਯੁਕਤ ਕੀਤਾ ਗਿਆ ਸੀ। ਇਨ੍ਹਾਂ ਨੂੰ ਪੱਤਰਕਾਰਤਾ ਅਤੇ ਲਿਖਤਾਂ ਵਿਚ ਆਪਣੇ ਯੋਗਦਾਨ ਪ੍ਰਤੀ 1997 ਵਿਚ ਰਾਜ ਸਭਾ ਲਈ ਮਨੋਨੀਤ ਕੀਤਾ ਗਿਆ। ਉਨ੍ਹਾਂ ਅਖਬਾਰਾਂ ਲਈ ਸੰਪਾਦਕੀ ਅਤੇ ਅਨੇਕਾਂ ਲੇਖ ਵੀ ਲਿਖ ਕੇ ਨਾਮਣਾ ਖੱਟਿਆ। ਕੁਲਦੀਪ ਨਈਅਰ ਨੇ ਆਪਣੇ ਜੀਵਨ ਵਿਚ ਕਈ ਕਿਤਾਬਾਂ ਵੀ ਲਿਖੀਆਂ, ਜਿਨ੍ਹਾਂ ਵਿਚ ਉਨ੍ਹਾਂ ਦੀ ਆਤਮਕਥਾ ਦੀ ਕਾਫੀ ਚਰਚਾ ਹੋਈ ਜੋ ਕਿ ਅੰਗਰੇਜ਼ੀ ਵਿਚ ਛਪੀ ਸੀ ਅਤੇ ਬਾਅਦ ਵਿਚ ਇਸ ਦਾ ਹਿੰਦੀ ਵਿਚ ਅਨੁਵਾਦ ਕੀਤਾ ਗਿਆ ਸੀ। ਇਸੇ ਦੌਰਾਨ ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀਆਂ ਅਰਵਿੰਦ ਕੇਜਰੀਵਾਲ ਅਤੇ ਜੈ ਰਾਮਠਾਕੁਰ ਨੇ ਵੀ ਕੁਲਦੀਪ ਨਈਅਰ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।

## ਮਲਿਕ ਨੇ ਜੰਮੂ ਕਸ਼ਮੀਰ ਦੇ ਰਾਜਪਾਲ ਵਜੋਂ ਹਲਫ ਲਿਆ

**ਸ੍ਰੀਨਗਰ:** ਸਤਿਆ ਪਾਲ ਮਲਿਕ ਨੇ ਜੰਮੂ ਕਸ਼ਮੀਰ ਦੇ 13ਵੇਂ ਰਾਜਪਾਲ ਵਜੋਂ ਹਲਫ ਲੈ ਲਿਆ ਹੈ। ਸ੍ਰੀ ਮਲਿਕ ਨੂੰ ਇਥੇ ਰਾਜ ਭਵਨ ਵਿਚ ਜੰਮੂ ਕਸ਼ਮੀਰ ਹਾਈ ਕੋਰਟ ਦੀ ਚੀਫ ਜਸਟਿਸ ਗੀਤਾ ਮਿੱਤਲ ਨੇ ਸਹੁੰ ਚੁਕਾਈ।

72 ਸਾਲਾ ਸ੍ਰੀ ਮਲਿਕ ਦੇਸ਼ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਵਿਚ ਵਿਚਰਦੇ ਰਹੇ ਹਨ। 1965 ਤੋਂ 1967 ਤੱਕ ਰਾਜਪਾਲ ਰਹੇ ਕਰਨ ਸਿੰਘ ਤੋਂ ਬਾਅਦ ਉਹ ਇਸ ਅਹੁਦੇ 'ਤੇ ਬੈਠਣ ਵਾਲੇ ਪਹਿਲੇ ਸਿਆਸਤਦਾਨ ਹਨ।


ਵੇਟਰ, ਡਿਸ਼ ਵਾਸ਼ਰ ਤੇ ਹੈਲਪਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 262-391-7666
31/3



ਤੰਦੂਰੀਏ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
ਪਤੀ-ਪਤਨੀ ਨੂੰ ਪਹਿਲ
ਸੰਪਰਕ ਕਰੋ: ਮਿ. ਸਿੰਘ
ਫੋਨ: 515-291-1961
34-35



Elite Real Estate



Berkshire Hathaway
Home Services
ਘਰ ਖਰੀਦਣ ਤੇ ਵੇਚਣ ਲਈ ਅਤੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
ਫੋਨ: 916-695-0035
Gurdip Kaur
Realtor (M.A., B.Ed.)
CA DRE.# 02032641
E-mail: realtorgurdip@gmail.com
www.gurdipkaur.bhhser.com



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email:
Homeomedicine@yahoo.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਾਹੁਲ ਗਾਂਧੀ ਦੇ ਬਿਆਨ ਤੋਂ ਅਕਾਲੀ ਤੇ ਕਾਂਗਰਸੀ ਆਹਮੋ-ਸਾਹਮਣੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਵਿਧਾਨ ਸਭਾ ਵਿਚ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਵੱਲੋਂ 1984 ਦੇ ਸਿੱਖ ਕਤਲੇਆਮ ਵਿਚ ਕਾਂਗਰਸ ਦਾ ਕੋਈ ਹੱਥ ਨਾ ਹੋਣ ਦੇ ਦਿੱਤੇ ਬਿਆਨ ਉਪਰ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ, ਜਿਸ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਿੱਖਾ ਜਵਾਬ ਦਿੱਤਾ।

ਇਸ ਮੌਕੇ ਬਿਕਰਮ ਮਜੀਠੀਆ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਅਜਿਹਾ ਬਿਆਨ ਦੇ ਕੇ ਸਿੱਖਾਂ ਦੇ ਜ਼ਖਮਾਂ ਉਪਰ ਨਮਕ ਛਿੜਕਿਆ ਹੈ ਅਤੇ ਸਿੱਖਾਂ ਦਾ ਕਤਲੇਆਮ ਕਰਵਾਉਣ ਵਾਲੇ ਕਾਂਗਰਸੀਆਂ ਨੂੰ ਉਚ ਅਹੁਦੇ ਬਖਸ਼ੇ ਹਨ। ਅਕਾਲੀ ਵਿਧਾਇਕਾਂ ਨੇ ਸਿੱਖ ਕਤਲੇਆਮ ਦੀਆਂ ਤਸਵੀਰਾਂ ਵੀ ਹਾਊਸ ਵਿਚ ਲਹਿਰਾਈਆਂ।

ਇਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 1984 ਦੇ ਦੰਗਿਆਂ ਨਾਲ ਕਾਂਗਰਸ ਦਾ ਕੋਈ ਸਬੰਧ ਨਹੀਂ ਹੈ ਅਤੇ ਕੁਝ ਕਾਂਗਰਸੀ ਨੇਤਾਵਾਂ ਦੀ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਸਿਰਫ ਵਿਅਕਤੀਗਤ ਪੱਧਰ ਤੇ ਹੋ ਸਕਦੀ ਹੈ।

ਉਨ੍ਹਾਂ ਬਿਕਰਮ ਮਜੀਠੀਆ ਦੇ ਬਿਆਨ 'ਤੇ ਸਖਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਦੰਗੇ ਵਾਪਰਨ ਮੌਕੇ ਤਾਂ ਮਜੀਠੀਆ ਮਸਾਂ ਅੱਠ ਸਾਲਾਂ ਦਾ ਸੀ ਅਤੇ ਸੁਭਾਵਿਕ ਹੈ ਕਿ ਉਹ ਉਦੋਂ ਬੱਚਾ ਬੱਘੀ 'ਚ ਹੁੰਦਾ ਹੋਵੇਗਾ। ਉਸ ਨੂੰ ਇਸ ਮਸਲੇ ਬਾਰੇ ਕੀ ਪਤਾ। ਉਨ੍ਹਾਂ ਨੇ ਇਸ ਸੰਜੀਦਾ ਮਸਲੇ 'ਤੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਖੇਡਣ ਉਤੇ ਅਕਾਲੀਆਂ ਨੂੰ ਤਾੜਨਾ ਕੀਤੀ।

# ਕੇਂਦਰੀ ਸਿੱਖ ਅਜਾਇਬ ਘਰ 'ਚ ਲੱਗੀ ਡਾ. ਰਘਬੀਰ ਸਿੰਘ ਬੈਂਸ ਦੀ ਤਸਵੀਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਵਾਨ ਡਾ. ਰਘਬੀਰ ਸਿੰਘ ਬੈਂਸ ਦੀ ਇੱਛਾ ਨੂੰ ਪੂਰੀ ਕਰਨ ਲਈ ਇਥੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਮਲਟੀਮੀਡੀਆ ਸਿੱਖ ਮਿਊਜ਼ੀਅਮ ਸਥਾਪਤ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਡਾ. ਬੈਂਸ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਥਾਪਤ ਕੀਤੀ ਗਈ।

ਇਸ ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਾਂਝੇ ਤੌਰ ਉਤੇ ਕੀਤੀ।

ਇਸ ਮੌਕੇ ਸ੍ਰੀ ਲੌਂਗੋਵਾਲ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਦੇ ਨਵੀਨੀਕਰਨ ਤਹਿਤ ਇਥੇ ਮਲਟੀਮੀਡੀਆ ਸਿੱਖ ਮਿਊਜ਼ੀਅਮ ਦਾ ਵੀ ਪ੍ਰਬੰਧ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਡਾ. ਰਘਬੀਰ ਸਿੰਘ ਬੈਂਸ ਨੇ ਸਿੱਖ ਐਨਸਾਈਕਲੋਪੀਡੀਆ ਤਿਆਰ ਕਰਨ ਦੇ ਨਾਲ-ਨਾਲ ਪੰਜ ਮਲਟੀਮੀਡੀਆ ਸਿੱਖ ਮਿਊਜ਼ੀਅਮ ਵੀ ਬਣਾਏ ਸਨ, ਇਨ੍ਹਾਂ ਵਿਚੋਂ ਇਕ ਖਡੂਰ ਸਾਹਿਬ ਵਿਚ ਹੈ। ਉਨ੍ਹਾਂ ਦੱਸਿਆ ਕਿ ਡਾ. ਬੈਂਸ ਦੀ ਇੱਛਾ ਸੀ ਕਿ ਅਜਿਹਾ ਹੀ ਮਲਟੀਮੀਡੀਆ ਸਿੱਖ ਮਿਊਜ਼ੀਅਮ ਅੰਮ੍ਰਿਤਸਰ ਵਿਚ ਵੀ ਸਥਾਪਤ ਕੀਤਾ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਡਾ. ਬੈਂਸ ਦੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਸਥਿਤ ਪਿੰਡ ਮਾਣਕ ਢੇਰੀ ਵਿਚ ਧਾਰਮਿਕ ਲਾਇਬ੍ਰੇਰੀ ਵੀ ਸਥਾਪਤ ਕੀਤੀ ਜਾਵੇਗੀ।

# ਬਾਦਲਾਂ ਖਿਲਾਫ ਕਾਰਵਾਈ ਤੋਂ ਭੱਜੀ ਕੈਪਟਨ ਸਰਕਾਰ

*(ਸਫਾ ਇਕ ਦੀ ਬਾਕੀ)*

ਰਿਪੋਰਟ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨਾਲ ਮੁੰਬਈ ਵਿਚ ਫਿਲਮ ਅਦਾਕਾਰ ਅਕਸ਼ੇ ਕੁਮਾਰ ਨਾਲ ਮੀਟਿੰਗ ਦਾ ਹਵਾਲਾ ਦਿੱਤਾ ਗਿਆ ਹੈ। ਮੀਟਿੰਗ ਵਿਚ ਡੇਰਾ ਮੁਖੀ ਦੀ ਫਿਲਮ ਚਲਾਉਣ ਬਾਰੇ ਸਮਝੌਤਾ ਹੋਣ ਦੀ ਗੱਲ ਕਹੀ ਗਈ ਹੈ। ਸਰਕਾਰ ਤੇ ਅਕਾਲੀ ਦਲ ਦੀ ਡੇਰਾ ਸਿਰਸਾ ਨਾਲ ਪੂਰੀ ਤਰ੍ਹਾਂ ਗੰਢ-ਤੁਪ ਹੋਣ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਸੀ ਕਿ ਡੇਰਾ ਮੁਖੀ ਤੋਂ ਕੇਸ ਵੀ ਵਾਪਸ ਲਏ ਜਾਣੇ ਸਨ ਤੇ ਸ੍ਰੀ ਅਕਾਲ ਤਖਤ ਤੋਂ ਮੁਆਫੀ ਵੀ ਦਿਵਾ ਦਿੱਤੀ ਗਈ ਸੀ। ਸਰਕਾਰ ਵੱਲੋਂ ਡੇਰਾ ਪ੍ਰੇਮੀਆਂ ਖਿਲਾਫ ਸਬੂਤ ਹੋਣ ਦੇ ਬਾਵਜੂਦ ਨਰਮੀ ਵਰਤੀ ਜਾਂਦੀ ਸੀ ਅਤੇ ਸਿੱਖਾਂ ਖਿਲਾਫ ਪਰਚੇ ਦਰਜ ਕਰ ਦਿੱਤੇ ਜਾਂਦੇ ਸਨ। ਪੜਤਾਲੀਆ ਕਮਿਸ਼ਨ ਨੇ ਬਾਦਲਾਂ ਦੇ ਰਾਜ ਵਿਚ ਸਰਕਾਰੀ ਤੰਤਰ ਇਕ ਤਰ੍ਹਾਂ ਨਾਲ ਫੇਲ੍ਹ ਹੋਣ ਦਾ ਹੀ ਜ਼ਿਕਰ ਕੀਤਾ ਹੈ। ਕੁੱਲ ਮਿਲਾ ਕੇ ਜਾਂਚ ਕਮਿਸ਼ਨ ਨੇ ਬਾਦਲਾਂ ਨੂੰ ਦੋਸ਼ੀ ਠਹਿਰਾਇਆ ਸੀ ਤੇ ਸਖਤ ਕਾਰਵਾਈ ਦੀ ਮੰਗ ਕੀਤੀ ਸੀ ਪਰ ਕੈਪਟਨ ਸਰਕਾਰ ਵੱਲੋਂ ਅਪਣਾਈ ਰਣਨੀਤੀ ਕੁਝ ਹੋਰ ਹੀ ਇਸ਼ਾਰਾ ਕਰ ਰਹੀ ਹੈ।

# ਕਿਸਾਨਾਂ ਨੂੰ ਝੋਨੇ ਦੇ ਖਰਾਬੇ ਲਈ 11.47 ਕਰੋੜ ਰੁਪਏ ਜਾਰੀ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਅਗਸਤ ਦੇ ਪਹਿਲੇ ਹਫਤੇ ਤਰਨ ਤਾਰਨ ਜ਼ਿਲ੍ਹੇ ਵਿਚ ਭਾਰੀ ਮੀਂਹ ਨਾਲ ਝੋਨੇ ਦੀ ਫਸਲ ਨੂੰ ਪਹੁੰਚੇ ਨੁਕਸਾਨ ਦੀ ਭਰਪਾਈ ਲਈ 8633 ਕਿਸਾਨਾਂ ਨੂੰ 11.47 ਕਰੋੜ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਹੈ। ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ ਮਾਲ ਵਿਭਾਗ ਨੇ ਮੁਆਵਜ਼ਾ ਰਾਸ਼ੀ ਜਾਰੀ ਕਰ ਦਿੱਤੀ ਹੈ।

ਮੁੱਖ ਮੰਤਰੀ ਨੇ ਤਰਨ ਤਾਰਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਮੁਆਵਜ਼ਾ ਰਾਸ਼ੀ ਸਬੰਧਤ ਕਿਸਾਨਾਂ ਨੂੰ ਤੁਰਤ ਵੰਡਣ ਦੀ ਹਦਾਇਤ ਦਿੱਤੀ ਹੈ। ਕੁੱਲ 9558 ਰਕਬੇ ਵਿਚੋਂ ਖਡੂਰ ਸਾਹਿਬ ਤਹਿਸੀਲ ਦੇ ਪਿੰਡ ਜੌਹਲ ਢਾਏ ਵਾਲਾ, ਮੁੰਡਾ ਪਿੰਡ, ਗੁੱਜਰਪੁਰਾ ਅਤੇ ਧੁੰਦਾ ਵਿਚ 4616 ਏਕੜ ਅਤੇ ਤਰਨ ਤਾਰਨ ਤਹਿਸੀਲ ਦੇ ਪਿੰਡ ਕੰਬੋ ਢਾਏ ਵਾਲਾ, ਧੁੰਨ ਢਾਏ ਵਾਲਾ, ਘੜਕਾ ਅਤੇ ਚੰਬਾ ਕਲਾਂ ਵਿਚ 4942 ਏਕੜ ਝੋਨੇ ਦੀ ਫਸਲ ਮੀਂਹ ਨਾਲ ਖਰਾਬ ਹੋਈ ਹੈ।

# ਜਹਾਜ਼ ਅਗਵਾ ਮਾਮਲੇ 'ਚੋਂ ਸਤਨਾਮ ਪਾਉਂਟਾ ਤੇ ਤਜਿੰਦਰ ਪਾਲ ਸਿੰਘ ਬਰੀ

**ਨਵੀਂ ਦਿੱਲੀ:** ਦਿੱਲੀ ਹਵਾਈ ਅੱਡੇ ਤੋਂ ਸ੍ਰੀਨਗਰ ਜਾ ਰਹੇ ਹਵਾਈ ਜਹਾਜ਼ ਨੂੰ 29 ਸਤੰਬਰ 1981 ਨੂੰ ਅਗਵਾ ਕਰਕੇ ਲਾਹੌਰ ਲੈ ਜਾਣ ਦੇ ਦੋਸ਼ੀ ਭਾਈ ਸਤਨਾਮ ਸਿੰਘ ਪਾਉਂਟਾ ਅਤੇ ਭਾਈ ਤਜਿੰਦਰ ਪਾਲ ਸਿੰਘ ਨੂੰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ ਦੇਸ਼ ਧ੍ਰੋਹ ਦੇ ਮੁਕਦਮੇ ਤੋਂ ਬਰੀ ਕਰ ਦਿੱਤਾ।

ਜੱਜ ਅਜੈ ਪਾਂਡੇ ਨੇ ਦੋਵੇਂ ਮੁਲਜ਼ਮਾਂ ਨੂੰ ਸੰਵਿਧਾਨ ਦੀ ਧਾਰਾ 20(2) ਅਤੇ ਸੀ.ਆਰ.ਪੀ.ਸੀ. 300 ਤਹਿਤ ਦੋਹਰੀ ਸਜ਼ਾ ਨਾ ਦੇਣ ਦਾ ਐਲਾਨ ਕੀਤਾ। ਜ਼ਿਕਰਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋਹਾਂ ਨੂੰ ਪਿਛਲੇ ਇਕ ਸਾਲ ਤੋਂ ਕਾਨੂੰਨੀ ਮਦਦ ਦਿੱਤੀ ਜਾ ਰਹੀ ਸੀ। ਬਰੀ ਹੋਣ ਉਪਰੰਤ ਦੋਵੇਂ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਸ਼ੁਕਰਾਨਾ ਕਰਨ ਪੁੱਜੇ ਜਿਥੇ ਉਨ੍ਹਾਂ ਨੂੰ ਹੈੱਡ ਗ੍ਰੰਥੀ ਨੇ ਸਿਰੋਪੇ ਦਿੱਤੇ। ਸਤਨਾਮ ਸਿੰਘ ਨੇ ਦੱਸਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਜੇਲ੍ਹ ਤੋਂ ਰਿਹਾਈ ਕਰਾਉਣ ਵਾਸਤੇ ਦਲ ਖਾਲਸਾ ਦੇ ਪੰਜ ਨੌਜਵਾਨ 29 ਸਤੰਬਰ 1981 ਨੂੰ ਦਿੱਲੀ ਤੋਂ ਸ੍ਰੀਨਗਰ ਜਾ ਰਹੇ ਹਵਾਈ ਜਹਾਜ਼ ਨੂੰ ਅਗਵਾ ਕਰਕੇ ਪਾਕਿਸਤਾਨ ਸਥਿਤ ਲਾਹੌਰ ਲੈ ਗਏ ਸਨ। ਇਸ ਕਰਕੇ ਪਾਕਿਸਤਾਨ 'ਚ 1986 ਵਿਚ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ। ਉਨ੍ਹਾਂ ਦੱਸਿਆ ਕਿ ਲਾਹੌਰ ਜੇਲ੍ਹ ਤੋਂ ਸਜ਼ਾ ਪੂਰੀ ਕਰਨ ਮਗਰੋਂ ਉਹ ਸਿਆਸੀ ਸ਼ਰਨ ਲੈਣ ਲਈ ਅਮਰੀਕਾ ਅਤੇ ਭਾਈ ਤਜਿੰਦਰ ਪਾਲ ਸਿੰਘ ਕੈਨੇਡਾ ਚਲੇ ਗਏ ਸਨ ਪਰ ਦੋਹਾਂ ਨੂੰ ਸਿਆਸੀ ਪਨਾਹ ਨਹੀਂ ਮਿਲੀ। ਸਗੋਂ ਅਮਰੀਕੀ ਪ੍ਰਸ਼ਾਸਨ ਨੇ ਗੈਰਕਾਨੂੰਨੀ ਆਵਾਜਾਈ ਦੇ ਦੋਸ਼ ਹੇਠ ਸਤਨਾਮ ਸਿੰਘ ਨੂੰ ਚਾਰ ਸਾਲ ਤੱਕ ਜੇਲ੍ਹ 'ਚ ਰੱਖਿਆ। ਉਨ੍ਹਾਂ ਕਿਹਾ ਕਿ 37 ਸਾਲ ਬਾਅਦ ਅੱਜ ਉਹ ਨਿਆਂਪਾਲਿਕਾ ਦਾ ਧੰਨਵਾਦ ਕਰਦੇ ਹਨ ਕਿਉਂਕਿ ਇਹ ਸਮੁੱਚੀ ਕੌਮ ਦਾ ਕੇਸ ਸੀ।

# ਈਡਨਬਰਗ 'ਚ ਗੁਰਦੁਆਰੇ 'ਤੇ ਪੈਟਰੋਲ ਬੰਬ ਨਾਲ ਹਮਲਾ

**ਈਡਨਬਰਗ, ਇੰਗਲੈਂਡ:** ਇਥੇ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ 'ਤੇ ਪੈਟਰੋਲ ਬੰਬ ਨਾਲ ਹਮਲੇ ਵਿਚ ਗੁਰਦੁਆਰੇ ਦਾ ਮੁੱਖ ਦੁਆਰ ਸੜ ਗਿਆ ਤੇ ਦੀਵਾਨ ਹਾਲ ਤੱਕ ਅੱਗ ਦੀਆਂ ਲਪਟਾਂ ਫੈਲ ਗਈਆਂ। ਇਸ ਘਟਨਾ ਕਾਰਨ ਸਿੱਖ ਭਾਈਚਾਰੇ ਦੇ ਹਿਰਦੇ ਵਲੂੰਧਰੇ ਗਏ ਹਨ।



ਜਾਣਕਾਰੀ ਅਨੁਸਾਰ ਸੋਮਵਾਰ ਸਵੇਰੇ ਪੰਜ ਵਜੇ ਦੇ ਕਰੀਬ ਵਾਪਰੀ ਘਟਨਾ ਤੋਂ ਬਾਅਦ ਗੁਰਦੁਆਰੇ ਵਿਚ ਹੰਗਾਮੀ ਸਥਿਤੀ ਨਾਲ ਨਜਿੱਠਣ ਵਾਲੀ ਟੀਮ ਅੱਗ ਉਤੇ ਕਾਬੂ ਪਾਉਣ ਲਈ ਪੁੱਜ ਗਈ। ਘਟਨਾ ਵਿਚ ਗੁਰਦੁਆਰੇ ਦੇ ਮੁੱਖ ਗੇਟ ਨੂੰ ਅੱਗ ਲੱਗ ਗਈ ਸੀ। ਅੱਗ ਦੀਆਂ ਲਪਟਾਂ ਉਤੇ ਕਾਬੂ ਪਾਉਣ ਲਈ ਅੱਗ ਬੁਝਾਊ ਦਸਤੇ ਦੇ ਵੀਹ ਮੈਂਬਰ ਲੱਗੇ ਰਹੇ।

ਅੱਗ ਲੱਗਣ ਤੋਂ ਬਾਅਦ ਗੁਰਦੁਆਰੇ ਦੇ ਅੰਦਰ ਧੂੰਆਂ ਫੈਲਣ ਨਾਲ ਹਾਲਤ ਖਰਾਬ ਹੋ ਗਈ ਹੈ ਤੇ ਪੁਲਿਸ ਨੇ ਗੁਰਦੁਆਰੇ ਨੂੰ ਸਫਾਈ ਤੋਂ ਪਹਿਲਾਂ ਖੋਲ੍ਹਣ ਤੋਂ ਮਨ੍ਹਾਂ ਕਰ ਦਿੱਤਾ ਹੈ। ਇਸ ਘਟਨਾ ਬਾਅਦ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਸਿਰੋਪੇ ਸੁਰੱਖਿਅਤ ਹਨ ਪਰ ਦੀਵਾਨ ਹਾਲ ਵਿਚ ਕਾਲਖ ਫੈਲ ਗਈ ਹੈ।

# ਮਿਰਚਪੁਰ ਕਾਂਡ: ਹਾਈ ਕੋਰਟ ਨੇ 33 ਦੋਸ਼ੀਆਂ ਨੂੰ ਸੁਣਾਈ ਸਜ਼ਾ

**ਨਵੀਂ ਦਿੱਲੀ:** ਮਿਰਚਪੁਰ ਵਿਚ ਦਲਿਤ ਹੱਤਿਆ ਕਾਂਡ ਵਿਚ ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ 20 ਦੋਸ਼ੀਆਂ ਨੂੰ ਬਰੀ ਕਰਨ ਦਾ ਫੈਸਲਾ ਉਲਟਾ ਦਿੱਤਾ ਅਤੇ 33 ਦੋਸ਼ੀਆਂ ਨੂੰ ਸਜ਼ਾ ਸੁਣਾਈ।

ਇਨ੍ਹਾਂ ਵਿਚੋਂ 12 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ ਹਾਈ ਕੋਰਟ ਨੇ ਆਪਣੇ 209 ਸਫਿਆਂ ਦੇ ਫੈਸਲੇ ਵਿਚ ਇਹ ਵੀ ਟਿੱਪਣੀ ਕੀਤੀ ਕਿ ਦੇਸ਼ ਨੂੰ ਆਜ਼ਾਦ ਹੋਇਆਂ 71 ਸਾਲ ਹੋ ਗਏ ਹਨ ਪਰ ਦਲਿਤਾਂ ਵਿਰੁੱਧ ਜੁਲਮਾਂ ਦੀਆਂ ਘਟਨਾਵਾਂ ਅਜੇ ਵੀ ਜਾਰੀ ਹਨ। ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ 13 ਵਿਅਕਤੀਆਂ ਨੂੰ ਸੁਣਾਈ ਸਜ਼ਾ ਨੂੰ ਬਰਕਰਾਰ ਰੱਖਿਆ ਅਤੇ ਕੁਝ ਦੋਸ਼ੀਆਂ ਦੀ ਸਜ਼ਾ ਵਧਾ ਵੀ ਦਿੱਤੀ ਹੈ।

ਹੇਠਲੀ ਅਦਾਲਤ ਨੇ 24 ਸਤੰਬਰ 2011 ਨੂੰ 97 ਵਿਚੋਂ 15 ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਸੀ। ਅਕਤੂਬਰ 2012 ਵਿਚ ਅਪੀਲਾਂ ਦਾ ਨਿਬੇੜਾ ਹੋਣ ਤੱਕ ਦੋ ਦੋਸ਼ੀਆਂ ਦਾ ਦੇਹਾਂਤ ਹੋ ਗਿਆ ਸੀ। 31 ਅਕਤੂਬਰ 2011 ਨੂੰ ਅਦਾਲਤ ਨੇ ਕੁਲਵਿੰਦਰ, ਧਰਮਵੀਰ ਅਤੇ ਰਾਮਫਲ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਹੁਣ ਹਾਈ ਕੋਰਟ ਨੇ ਇਨ੍ਹਾਂ ਦੇ ਜੁਰਮ ਵਿਚ ਵਾਧਾ ਕਰਕੇ ਕਤਲ ਦੇ ਦੋਸ਼ ਹੇਠ ਸਜ਼ਾ ਸੁਣਾਈ ਹੈ। ਬਾਕੀ 9 ਦੋਸ਼ੀਆਂ ਜਿਨ੍ਹਾਂ ਨੂੰ ਹੁਣ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ , ਉਨ੍ਹਾਂ ਵਿਚ ਪਰਦੀਪ ਪੁੱਤਰ ਜੈਬੀਰ, ਰਾਜਪਾਲ ਤੇ ਪਰਦੀਪ ਪੁੱਤਰ ਸੁਰੇਸ਼, ਜੋਗਲ, ਸਤਿਆਵਾਨ, ਪਵਨ, ਸੰਜੇ, ਬਲਜੀਤ, ਕਰਮਵੀਰ, ਕਰਮਪਾਲ, ਧਰਮਵੀਰ ਅਤੇ ਬੋਬਲ ਸ਼ਾਮਲ ਹਨ। ਪਵਨ ਨੂੰ ਅਦਾਲਤ ਨੇ ਕਤਲ ਦੇ ਦੋਸ਼ ਵਿਚ ਸਜ਼ਾ ਸੁਣਾਈ ਹੈ ਤੇ ਬਾਕੀਆਂ ਨੂੰ ਐਸ.ਸੀ.ਐਸ.ਟੀ. ਵਿਰੁੱਧ ਅਤਿਆਚਾਰ ਕਾਨੂੰਨ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਮਨਜੀਤ ਸਿੰਘ ਜੀ. ਕੇ. ਦੀ ਫਿਰ ਕੁੱਟਮਾਰ

**ਯੂਬਾ ਸਿਟੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਉਤੇ ਕੈਲੀਫੋਰਨੀਆ ਵਿਚ ਗਰਮਖਿਆਲੀ ਹਮਾਇਤੀਆਂ ਨੇ ਹਮਲਾ ਕਰ ਦਿੱਤਾ, ਜਿਸ 'ਚ ਉਨ੍ਹਾਂ ਦਾ ਇਕ ਸਾਥੀ ਜ਼ਖ਼ਮੀ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਆਗੂ 'ਤੇ ਇਹ ਦੂਜਾ ਹਮਲਾ ਹੈ। ਇਸ ਤੋਂ ਪਹਿਲਾਂ ਉਨ੍ਹਾਂ 'ਤੇ ਨਿਊ ਯਾਰਕ 'ਚ ਹਮਲਾ ਕੀਤਾ ਗਿਆ ਸੀ।

ਮਨਜੀਤ ਸਿੰਘ ਯੂਬਾ ਸਿਟੀ ਦੇ ਗੁਰਦੁਆਰਾ



ਟਾਇਰਾ ਬਿਊਨਾ ਗਏ ਸਨ ਕਿ 'ਰਾਏਸ਼ੁਮਾਰੀ-2020' ਦੀ ਹਮਾਇਤ ਕਰਨ ਵਾਲੇ 30-35 ਲੋਕਾਂ ਦੇ ਗਰੁੱਪ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਮਨਜੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਧੱਕਾ ਦਿੱਤਾ ਤੇ ਠੁੱਡੇ ਮਾਰੇ। ਇਹ ਇਕ ਜਾਨਲੇਵਾ ਹਮਲਾ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਇਕ ਸਾਥੀ ਹਸਪਤਾਲ ਦਾਖਲ ਹੈ ਅਤੇ ਪੁਲਿਸ ਨੇ ਹਮਲੇ 'ਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਮਨਜੀਤ ਸਿੰਘ ਨੇ ਕਿਹਾ ਕਿ ਇਨ੍ਹਾਂ ਹਮਲਿਆਂ ਤੋਂ ਉਹ ਡਰਨ ਜਾਂ ਰੁਕਣ ਵਾਲੇ ਨਹੀਂ ਹਨ। ਉਨ੍ਹਾਂ ਕਿਹਾ ਕਿ ਖਾਲਿਸਤਾਨ ਦੀ ਮੰਗ ਕਰਨ ਵਾਲੇ ਆਪਣੀ ਲੜਾਈ ਜਾਰੀ ਰੱਖ ਸਕਦੇ ਹਨ, ਪਰ ਹਿੰਸਾ ਇਸ ਦਾ ਤਰੀਕਾ ਨਹੀਂ ਹੈ। ਉਹ ਖਾਲਿਸਤਾਨ ਲਈ ਲੜਾਈ ਦਾ ਹਿੱਸਾ ਨਹੀਂ ਬਣਨਗੇ। ਹਮਲੇ ਤੋਂ ਬਾਅਦ ਮਨਜੀਤ ਸਿੰਘ ਜੀਕੇ ਨੇ ਆਖਿਆ ਕਿ ਉਹ ਗੁਰੂ ਘਰ ਮੱਥਾ ਟੇਕਣ ਜਾ ਰਹੇ ਸਨ ਜਦੋਂ ਉਨ੍ਹਾਂ 'ਤੇ 25-30 ਲੋਕਾਂ ਨੇ ਹਮਲਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਘਰ ਦੀ ਮਰਿਆਦਾ ਕਰ ਕੇ ਉਨ੍ਹਾਂ ਆਪਣੇ ਸਾਥੀਆਂ ਨੂੰ ਜਵਾਬੀ ਹਮਲਾ ਕਰਨ ਤੋਂ ਰੋਕ ਦਿੱਤਾ ਸੀ।

ਸ. ਜੀਕੇ ਗੁਰਦੁਆਰਾ ਸੈਨ ਹੋਜੇ ਦੀਆਂ ਸੰਗਤਾਂ ਦੇ ਵਿਰੋਧ ਨੂੰ ਭਾਂਪਦਿਆਂ ਪਹਿਲਾਂ ਆਖ ਕੇ ਵੀ ਗੁਰੂ ਘਰ ਦੇ ਦਰਸ਼ਨਾਂ ਨੂੰ ਨਹੀਂ ਗਏ। ਫਰਿਜ਼ਨੋ ਦੇ ਗੁਰਦੁਆਰਾ ਨਾਨਕ ਪ੍ਰਕਾਸ਼ ਵਿਖੇ ਵੀ ਗਰਮਖਿਆਲੀਆਂ ਦੇ ਵਿਰੋਧ ਨੂੰ ਭਾਂਪਦਿਆਂ ਸ. ਜੀਕੇ ਨਹੀਂ ਗਏ। ਉਥੇ ਗਰਮਖਿਆਲੀਆਂ ਨੇ ਜੀਕੇ ਵਿਰੁਧ ਭਾਸ਼ਣ ਵੀ ਦਿੱਤੇ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਨਿਹੱਥੇ ਮਨਜੀਤ ਸਿੰਘ ਜੀਕੇ 'ਤੇ ਆਈ.ਐਸ.ਆਈ. ਦੇ ਹੱਥ ਠੋਕੇ ਤੇ ਗੁੰਡਿਆਂ ਨੇ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮਨਜੀਤ ਸਿੰਘ ਉਥੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ ਦੇ ਸਮਾਗਮਾਂ ਬਾਰੇ ਗੱਲਬਾਤ ਕਰਨ ਲਈ ਗਏ ਸਨ।

## ਹਰਸਿਮਰਤ ਵੱਲੋਂ ਅਮਰੀਕੀ ਦੂਤਾਵਾਸ ਤੱਕ ਪਹੁੰਚ

**ਚੰਡੀਗੜ੍ਹ:** ਮਨਜੀਤ ਸਿੰਘ ਜੀਕੇ 'ਤੇ ਹੋਏ ਹਮਲੇ ਦੇ ਵਿਰੋਧ 'ਚ ਅਕਾਲੀ ਦਲ ਦੇ ਵਫਦ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਹੇਠ ਦਿੱਲੀ 'ਚ ਅਮਰੀਕੀ ਅੰਬੈਸਡਰ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਮੰਗ ਕੀਤੀ ਕਿ ਸਿੱਖਸ ਫਾਰ ਜਸਟਿਸ ਖਿਲਾਫ ਕਾਰਵਾਈ ਕੀਤੀ ਜਾਵੇ ਤੇ ਜਿਨ੍ਹਾਂ ਨੇ ਜੀਕੇ 'ਤੇ ਹਮਲਾ ਕੀਤਾ ਹੈ, ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਅਕਾਲੀ ਵਫਦ ਨੇ ਮਨਜੀਤ ਸਿੰਘ ਜੀਕੇ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵੀ ਕਿਹਾ।

## ਜੀ.ਕੇ. ਨੇ ਹਮਲੇ ਲਈ ਉਕਸਾਇਆ: ਐਸ. ਐਫ. ਜੇ.

ਐਸ.ਐਫ.ਜੇ. ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਮਨਜੀਤ ਸਿੰਘ ਜੀਕੇ ਤੇ ਉਨ੍ਹਾਂ ਦੇ ਹਮਾਇਤੀਆਂ ਨੇ ਗੁਰਦੁਆਰੇ ਦੇ ਬਾਹਰ ਸ਼੍ਰੋਮਣੀ ਅਕਾਲੀ ਦੇ ਆਗੂਆਂ ਖਿਲਾਫ਼ ਸ਼ਾਂਤੀਪੂਰਨ ਮੁਜ਼ਾਹਰਾ ਕਰ ਰਹੇ ਕਾਰਕੁਨਾਂ ਨੂੰ ਹਮਲੇ ਲਈ ਉਕਸਾਇਆ ਸੀ ਤੇ ਐਸ.ਐਫ.ਜੇ. ਨੇ ਅਮਰੀਕਾ ਦੇ ਕਾਨੂੰਨ ਵਿਭਾਗ 'ਚ ਜੀਕੇ ਖਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਅਮਰੀਕੀ ਇਮੀਗਰੇਸ਼ਨ ਵਿਭਾਗ ਤੋਂ ਮੰਗ ਕੀਤੀ ਕਿ ਅਮਰੀਕਾ ਵਿਚ ਜੀਕੇ ਦੀਆਂ ਗ਼ੈਰਕਾਨੂੰਨੀ ਕਾਰਵਾਈਆਂ ਦਾ ਨੋਟਿਸ ਲਿਆ ਜਾਵੇ।

## ਚੀਨ ਦੇ ਹੋਟਲ 'ਚ ਅੱਗ ਲੱਗਣ ਕਾਰਨ 19 ਮੌਤਾਂ

**ਬੀਜ਼ਿੰਗ:** ਉਤਰ ਪੂਰਬੀ ਚੀਨ ਦੇ ਸੂਬੇ ਹਿਲਾਗ ਜ਼ਿਆਂਗ ਦੀ ਰਾਜਧਾਨੀ ਹਾਰਬਿਨ ਦੇ ਇਕ ਹੋਟਲ 'ਚ ਅੱਗ ਲੱਗਣ ਕਾਰਨ 19 ਮੌਤਾਂ ਹੋ ਗਈਆਂ ਹਨ ਤੇ 23 ਹੋਰ ਜਖ਼ਮੀ ਹੋ ਗਏ ਹਨ। ਗਲੋਬਲ ਟਾਈਮਜ਼ ਦੇ ਦੱਸਣ ਅਨੁਸਾਰ ਸਾਗਬੀ ਜ਼ਿਲ੍ਹੇ ਦੇ ਬਿਲਾਗ ਹਾਟ ਸਪਰਿੰਗ ਲਈਅਰ ਹੋਟਲ 'ਚ ਤੜਕੇ 4.30 ਵਜੇ ਅੱਗ ਲੱਗ ਗਈ ਜਿਸ 'ਤੇ 7.50 ਵਜੇ ਤੱਕ ਕਾਬੂ ਪਾਇਆ ਜਾ ਸਕਿਆ ਹੈ।


# Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading *Custom Text
*Men's Facials *Hair Coler
*Custom Designing *Shave & Mundan
*Line-ups *Head Massage

**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**

*www.princebarbershop.com*



# Matrimonials

## ਵਰ ਦੀ ਲੋੜ ਹੈ

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA)

Seeking professionally qualified, well educated, clean shaven match for 29, 5'7'' beautiful, slim, Jatt Sikh doctor (MBBS, MD) Indian citizen girl, current pursuing Fellowship (Endocrinology) in USA. Caste no bar. Equal educated match preferred. Send picture and bio-data to atwal@ymail.com or contact, Ph: 914-434-4208 32-35

Jatt Sikh parents seek suitable match in USA for their dentist doctor daughter. 24yrs 5'-6" attractive, family oriented contact: dayalramnit@gmail.com or Ph: 91-90563-10788 (India/WhatsApp) 34-35

## ਲੜਕੀ ਦੀ ਲੋੜ ਹੈ

27 ਸਾਲਾ, 5'-9", ਗਰੇਵਾਲ, ਅਮਰੀਕਨ ਸਿਟੀਜ਼ਨ, ਮਾਸਟਰ ਡਿਗਰੀ ਪ੍ਰਾਪਤ ਇੰਜੀਨੀਅਰ ਚੰਗੀ ਨੌਕਰੀ ਕਰ ਰਹੇ ਅੰਮ੍ਰਿਤਧਾਰੀ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਲੜਕਾ ਪਰਿਵਾਰ ਸਮੇਤ ਬੇਅ ਏਰੀਆ, ਕੈਲੀਫੋਰਨੀਆ ਰਹਿੰਦਾ ਹੈ। ਸੰਪਰਕ ਕਰੋ, ਫੋਨ: 408-505-0456 grewalsj408@gmail.com 34-37

## ਲੜਕੀ ਦੀ ਲੋੜ ਹੈ

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-328-5102 (USA) or email: Er.pawandeep23@gmail.com 35-38

Saini Sikh clean shave boy, 28, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 34-41

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 33-36

Educated, well settled in California, Jat Sikh parents seek match for their USA born son age 27, 6'-4", university graduate, handsome, athletic & employed in state government. Seeking Jat Sikh girl, university grad, USA raised, strong family values/ morals, age 22-26 & min ht 5'-6". Please respond with pictures and bio data at AP1522538@gmail.com 32-35

*wwwpunjabtimesusa.com*


## ਸਿੱਖ ਸਟੋਰ ਮਾਲਕ ਦਾ ਕਾਤਲ ਗ੍ਰਿਫਤਾਰ

**ਨਿਊ ਜਰਸੀ:** ਪਿਛਲੇ ਹਫਤੇ ਇਕ ਸਿੱਖ ਸਟੋਰ ਮਾਲਕ ਨੂੰ ਚਾਕੂ ਮਾਰ ਕੇ ਕਤਲ ਕਰਨ ਦੇ ਦੋਸ਼ ਹੇਠ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। 55 ਸਾਲਾ ਤਰਲੋਕ ਸਿੰਘ ਦੀ ਲਾਸ਼ ਲੰਘੀ 16 ਅਗਸਤ ਨੂੰ ਉਸ ਦੇ ਚਚੇਰੇ ਭਰਾ ਨੇ ਸਟੋਰ ਵਿਚ ਪਈ ਦੇਖੀ ਸੀ ਤੇ ਉਸ ਦੀ ਛਾਤੀ 'ਤੇ ਚਾਕੂ ਦੇ ਵਾਰ ਦਾ ਨਿਸ਼ਾਨ ਸੀ। ਤਿੰਨ ਕੁ ਹਫਤਿਆਂ ਵਿਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣ ਦੀ ਇਹ ਤੀਜੀ ਘਟਨਾ ਸੀ।

ਅਸੈਕਸ ਕਾਊਂਟੀ ਦੇ ਕਾਇਮ ਮੁਕਾਮ ਇਸਤਗਾਸਾਕਾਰ ਰਾਬਰਟ ਲੌਰੀਨੋ ਨੇ ਦੱਸਿਆ ਕਿ ਤਰਲੋਕ ਸਿੰਘ ਦੇ ਕਤਲ ਦੇ ਦੋਸ਼ ਹੇਠ ਨੇਵਾਰਕ ਵਾਸੀ 55 ਸਾਲਾ ਰਾਬਰਟੋ ਉਬੀਰਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਬੀਰਾ ਸਟੋਰ ਵਿਚ ਛੋਟੇ ਮੋਟੇ ਕੰਮ ਕਰਦਾ ਸੀ ਪਰ ਕਤਲ ਦੇ ਮੰਤਵ ਬਾਰੇ ਫੌਰੀ ਕੋਈ ਜਾਣਕਾਰੀ ਨਹੀਂ ਮਿਲ ਸਕੀ। ਤਰਲੋਕ ਸਿੰਘ ਦੇ ਪਿੱਛੇ ਪਰਿਵਾਰ ਵਿਚ ਭਾਰਤ ਰਹਿੰਦੀ ਉਨ੍ਹਾਂ ਦੀ ਪਤਨੀ ਤੇ ਬੱਚੇ ਹਨ।


# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

**ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ**

**SAME DAY** ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

***Grand Opening***
***Special Price for Truck Wash***

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨਾਂ ਲਈ ਸਿਆਸੀ ਧਿਰਾਂ ਸਰਗਰਮ

**ਡੇਰਾ ਬਾਬਾ ਨਾਨਕ:** ਪਿਛਲੇ ਕੁਝ ਦਿਨਾਂ ਤੋਂ ਪਾਕਿਸਤਾਨ ਸਥਿਤ ਭਾਰਤ-ਪਾਕਿ ਸਰਹੱਦ ਨੇੜੇ ਪੈਂਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਕਰਨ ਲਈ ਲਾਂਘਾ ਖੋਲ੍ਹਣ ਦੀ ਛਿੜੀ ਚਰਚਾ ਨਾਲ ਸ਼ਰਧਾਲੂਆਂ ਵਿਚ ਨਵੀਂ ਆਸ ਜਾਗੀ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇ ਸਰਕਾਰਾਂ ਇਸ ਨੂੰ ਪੱਕੇ ਤੌਰ ਉਤੇ ਨਹੀਂ ਵੀ ਖੋਲ੍ਹਣਾ ਚਾਹੁੰਦੀਆਂ ਤਾਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਉਤੇ ਦਰਸ਼ਨਾਂ ਲਈ ਲਾਂਘਾ ਬਣਾ ਸਕਦੀਆਂ ਹਨ।

ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਵੀ ਪ੍ਰਗਟਾਈ ਆਸ ਕਾਰਨ ਲੋਕਾਂ ਵਿਚ ਉਮੀਦ ਦੀ ਕਿਰਨ ਜਾਗੀ ਹੈ। ਜ਼ਿਕਰਯੋਗ ਹੈ ਕਿ ਕਰਤਾਰਪੁਰ ਸਾਹਿਬ ਗੁਰਦੁਆਰਾ ਡੇਰਾ ਬਾਬਾ ਨਾਨਕ ਤੋਂ 5 ਕਿਲੋਮੀਟਰ ਦੀ ਦੂਰੀ ਉਤੇ ਹੈ ਅਤੇ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਤੋਂ ਸਿਰਫ 3 ਕਿਲੋਮੀਟਰ ਦੀ ਦੂਰੀ ‘ਤੇ ਹੈ। ਜਦੋਂ ਕਿ ਸ਼ਰਧਾਲੂ ਵੀਜ਼ਾ ਲੈ ਕੇ ਲਾਹੌਰ ਰਾਹੀਂ ਇਸ ਦੇ ਦਰਸ਼ਨ ਕਰਨ ਜਾਂਦੇ ਹਨ ਅਤੇ ਲਾਹੌਰ ਤੋਂ ਉਹ 4 ਘੰਟੇ ਦਾ ਸਫਰ ਵੀ ਤੈਅ ਕਰਦੇ ਹਨ। ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਅਤੇ ਪੰਜਾਬ ਸਰਕਾਰ ਦੇ ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਇਹ ਮਾਮਲਾ ਕਈ ਚਿਰਾਂ ਤੋਂ ਲਟਕਿਆ ਹੋਇਆ ਹੈ।

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਵੀ ਇਸ ਲਾਂਘੇ ਨੂੰ ਲੈ ਕੇ ਪਾਕਿਸਤਾਨ ਦੇ ਅਧਿਕਾਰੀਆਂ ਨਾਲ ਕਈ ਵਾਰ ਗੱਲ ਕੀਤੀ ਗਈ ਹੈ ਅਤੇ ਹੁਣ ਆਸ ਦੀ ਕਿਰਨ ਜਾਗੀ ਹੈ ਕਿ ਇਹ ਮਾਮਲਾ ਆਉਣ ਵਾਲੇ ਸਮੇਂ ‘ਚ ਹੱਲ ਹੋ ਸਕਦਾ ਹੈ। ਕਰਤਾਰਪੁਰ ਸਾਹਿਬ ਸੰਸਾਰ ‘ਚ ਉਹ ਮੁਕੱਦਸ ਅਸਥਾਨ ਹੈ, ਜਿਥੇ ਜਾਤ-ਪਾਤ ਅਤੇ ਊਚ-ਨੀਚ ਦੇ ਹਨੇਰੇ ‘ਚ ਡੁੱਬੇ ਸੰਸਾਰ ਨੂੰ ਚਾਨਣ ਦਾ ਰਾਹ ਵਿਖਾ ਕੇ ਸਤਿਨਾਮ ਦੀ ਪ੍ਰਚਾਰ ਫੇਰੀ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ 18 ਸਾਲ ਬਿਤਾਏ। ਇਹ ਅਸਥਾਨ ਇਸ ਵੇਲੇ ਪਾਕਿਸਤਾਨ ‘ਚ ਹੋਣ ਕਾਰਨ ਭਾਵੇਂ ਵੀਜ਼ਾ ਅਤੇ ਪਾਸਪੋਰਟ ਦੀ ਕਾਰਵਾਈ ਕਰ ਕੇ ਸੰਗਤਾਂ ਦਰਸ਼ਨ ਕਰ ਸਕਦੀਆਂ ਹਨ, ਜਦਕਿ ਜ਼ਿਲ੍ਹਾ ਗੁਰਦਾਸਪੁਰ ਦੇ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ‘ਚ ਸਥਿਤ ਕੌਮਾਂਤਰੀ ਸਰਹੱਦ ਤੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੀ ਇਮਾਰਤ ਦੇ ਸਿਰਫ ਦੂਰਬੀਨ ਰਾਹੀਂ ਹੀ ਦਰਸ਼ਨ-ਦੀਦਾਰੇ ਕਰ ਸਕਦੀ ਹਨ। ਲਾਂਘਾ ਖੁੱਲ੍ਹਣ ਨਾਲ ਗੁਰਦੁਆਰਾ ਸਾਹਿਬ ਤੱਕ ਸ਼ਰਧਾਲੂ ਸਿਰਫ 20 ਮਿੰਟ ‘ਚ ਪਹੁੰਚ ਸਕਦੇ ਹਨ।

ਭਾਰਤ ਅਤੇ ਹੋਰਨਾਂ ਦੇਸ਼ਾਂ ‘ਚ ਜਗਤ ਜਲੰਧੇ ਨੂੰ ਤਾਰਨ ਅਤੇ ਰੂਹਾਨੀਅਤ ਦਾ ਪ੍ਰਚਾਰ ਕਰਦੇ ਹੋਏ ਲੰਮੀਆਂ ਉਦਾਸੀਆਂ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਤਹਿਸੀ ਲਸ਼ਕਰਗੜ੍ਹ ‘ਚ ਵਸਾਇਆ ਗਿਆ ਸ਼ਹਿਰ ਸ੍ਰੀ ਕਰਤਾਰਪੁਰ ਸਾਹਿਬ, ਜਿਸ ਨੂੰ ਕਰਤਾਰਪੁਰ ਰਾਵੀ ਵੀ ਕਿਹਾ ਜਾਂਦਾ ਹੈ, (ਕਿਉਂਕਿ ਭਾਰਤ ‘ਚ ਜ਼ਿਲ੍ਹਾ ਜਲੰਧਰ ਦੇ ਨੇੜੇ ਵੀ ਕਰਤਾਰਪੁਰ ਸ਼ਹਿਰ ਹੈ) ‘ਚ ਪਹਿਲੀ ਪਾਤਸ਼ਾਹੀ ਨੇ ਆਪਣੀ ਸੰਘਰਸ਼ਮਈ ਜ਼ਿੰਦਗੀ ਦੇ ਅਖੀਰਲੇ 18 ਸਾਲ ਆਪਣੀ ਪਤਨੀ ਅਤੇ ਬੱਚਿਆਂ ਨਾਲ ਬਿਤਾਏ। ਕਰੀਬ ਦੋ ਦਹਾਕੇ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਜ਼ਿੰਦਗੀ ਦਾ ਸਮਾਂ ਬਿਤਾਉਣ ਕਾਰਨ ਇਹ ਅਸਥਾਨ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਬਣ ਗਿਆ ਸੀ। ਇਥੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਨ, ਨਾਮ ਜੱਪਣ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ ਸੀ ਅਤੇ ਲੰਗਰ ਪ੍ਰਥਾ ਚਲਾਈ ਸੀ। ਇਥੇ ਹੀ ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ 1539 ਨੂੰ ਜੋਤੀ ਜੋਤ ਸਮਾ ਗਏ ਸਨ।

ਦਰਸ਼ਨ ਸਥੱਲ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਾ ਨਿਰਮਾਣ ਬਾਬਾ ਗੁਰਚਰਨ ਸਿੰਘ ਬੇਦੀ, ਬਾਬਾ ਜਗਦੀਪ ਸਿੰਘ ਬੇਦੀ ਮੈਮੋਰੀਅਲ ਚੈਰੀਟੇਬਲ ਹਸਪਤਾਲ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ 17ਵੀਂ ਅੰਸ਼-ਵੰਸ਼ ਬਾਬਾ ਸੁਖਦੀਪ ਸਿੰਘ ਬੇਦੀ ਦੇ ਯਤਨਾਂ ਸਦਕਾ ਸਾਲ 2008 ‘ਚ ਤਿਆਰ ਕਰ ਕੇ ਸੰਗਤਾਂ ਲਈ ਖੋਲ੍ਹਿਆ ਗਿਆ। ਪਾਕਿ ‘ਚ ਸਥਿਤ ਲਾਹੌਰ ਤੋਂ ਇਹ ਅਸਥਾਨ ਤਕਰੀਬਨ 120 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ, ਜਦਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਭਾਰਤ-ਪਾਕਿ ਸਰਹੱਦ ਤੋਂ ਭਾਰਤ ਵਾਲੇ ਪਾਸਿਉਂ ਡੇਰਾ ਬਾਬਾ ਨਾਨਕ ਤੋਂ ਕਰੀਬ 5 ਕਿਲੋਮੀਟਰ ਦੀ ਦੂਰੀ ‘ਤੇ ਹੀ ਸਥਿਤ ਹੈ, ਜਿਸ ਦੇ ਸੰਗਤਾਂ ਦੂਰਬੀਨ ਰਾਹੀਂ ਦਰਸ਼ਨ ਕਰ ਕੇ ਸ਼ਰਧਾ ਦਾ ਪ੍ਰਗਟਾਵਾ ਕਰਦੀਆਂ ਹਨ। ਸੰਗਤਾਂ ਦੀ ਲੰਬੇ ਸਮੇਂ ਤੋਂ ਮੰਗ ਹੈ ਕਿ ਡੇਰਾ ਬਾਬਾ ਨਾਨਕ ਤੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਤੱਕ ਗਲਿਆਰਾ ਬਣਾਇਆ ਜਾਵੇ, ਤਾਂ ਜੋ ਸੰਗਤਾਂ ਇਸ ਅਸਥਾਨ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰ ਸਕਣ।



## ਕੈਪਟਨ ਵੱਲੋਂ ਸੁਸ਼ਮਾ ਨੂੰ ਪੱਤਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਸ਼ਰਧਾਲੂਆਂ ਨੂੰ ਸਮਰੱਥ ਬਣਾਉਣ ਵਾਸਤੇ ਪਾਕਿਸਤਾਨ ਸਰਕਾਰ ਕੋਲੋਂ ਲਾਂਘੇ ਦੀ ਮੰਗ ਕਰਨ ਵਾਸਤੇ ਵਿਦੇਸ਼ ਮਾਮਲਿਆਂ ਦੀ ਮੰਤਰੀ ਸੁਸ਼ਮਾ ਸਵਰਾਜ ਦੇ ਨਿੱਜੀ ਦਖਲ ਦੀ ਮੰਗ ਕੀਤੀ ਹੈ। ਕੇਂਦਰੀ ਮੰਤਰੀ ਨੂੰ ਲਿਖੇ ਪੱਤਰ ‘ਚ ਮੁੱਖ ਮੰਤਰੀ ਨੇ ਸੁਸ਼ਮਾ ਸਵਰਾਜ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਮਾਮਲਾ ਆਪਣੇ ਪਾਕਿਸਤਾਨ ਦੇ ਹਮਰੁਤਬਾ ਕੋਲ ਉਠਾਉਣ ਅਤੇ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਅੰਤਰਰਾਸ਼ਟਰੀ ਸਰਹੱਦ ਤੋਂ ਕਰਤਾਰਪੁਰ ਤੱਕ ਲਾਂਘੇ ਨੂੰ ਖੁਲ੍ਹਵਾਉਣ, ਤਾਂ ਜੋ ਸ਼ਰਧਾਲੂ ਕਰਤਾਰਪੁਰ ਵਿਖੇ ਗੁਰਦੁਆਰਾ ਸਾਹਿਬ ‘ਚ ਨਤਮਸਤਕ ਹੋ ਸਕਣ।

## ਸਿੱਧੂ ਵੱਲੋਂ ਕੌਮਾਂਤਰੀ ਸਰਹੱਦ ‘ਤੇ ਅਰਦਾਸ

**ਡੇਰਾ ਬਾਬਾ ਨਾਨਕ:** ਕਰਤਾਰਪੁਰ ਸਾਹਿਬ ਦਾ ਖੁੱਲ੍ਹਾ ਲਾਂਘਾ ਮਿਲ ਜਾਣ ਦੀ ਆਸ ਨੂੰ ਲੈ ਕੇ ਪੰਜਾਬ ਕੈਬਨਿਟ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਡੇਰਾ ਬਾਬਾ ਨਾਨਕ ਨਾਲ ਲੱਗਦੀ ਭਾਰਤ-ਪਾਕਿ ਕੌਮਾਂਤਰੀ ਸਰਹੱਦ ਉਤੇ ਪਹੁੰਚੇ, ਜਿਥੇ ਉਨ੍ਹਾਂ ਸਰਹੱਦ ਤੋਂ ਸਪਸ਼ਟ ਰੂਪ ‘ਚ ਵਿਖਾਈ ਦਿੰਦੇ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬ ਦੇ ਸਨਮੁੱਖ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਉਹ ਇਥੇ ਕੋਈ ਸਿਆਸਤਦਾਨ ਨਹੀਂ, ਬਲਕਿ ਇਕ ਨਿਮਾਣੇ ਸ਼ਰਧਾਲੂ ਦੇ ਰੂਪ ‘ਚ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਹਨ।

# ਬਾਦਲ ਸਰਕਾਰ ਵੇਲੇ ਦਰਜ ਝੂਠੇ ਕੇਸਾਂ ਦੀ ਸੂਚੀ ਹੋਈ ਹੋਰ ਲੰਮੀ

**ਚੰਡੀਗੜ੍ਹ:** ਸੇਵਾ ਮੁਕਤ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਪਿਛਲੀ ਸਰਕਾਰ ਦੌਰਾਨ ਦਰਜ ਹੋਏ ਝੂਠੇ ਕੇਸਾਂ ਦੀ ਜਾਂਚ ‘ਚ ਹੁਣ ਤੱਕ ਪ੍ਰਵਾਨ ਕੀਤੀਆਂ 344 ਸ਼ਿਕਾਇਤਾਂ ਵਿਚੋਂ ਸਰਕਾਰ ਨੇ 258 ਮਾਮਲਿਆਂ ਵਿਚ ਕਾਰਵਾਈ ਕੀਤੀ ਹੈ, ਜਿਸ ਨਾਲ ਇਨ੍ਹਾਂ ਮਾਮਲਿਆਂ ਵਿਚ ਫਸੇ ਬੇਕਸੂਰ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਇਹ ਖੁਲਾਸਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 9ਵੀਂ ਅੰਤਰਿਮ ਰਿਪੋਰਟ ਸੌਂਪਣ ਦੌਰਾਨ ਜਸਟਿਸ ਗਿੱਲ ਨੇ ਕੀਤਾ।


ਉਨ੍ਹਾਂ ਕਿਹਾ ਕਿ 148 ਮਾਮਲਿਆਂ ਵਿਚ ਅਦਾਲਤਾਂ ‘ਚ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ, ਜਦ ਕਿ 38 ਵਿਚ ਹੁਕਮਾਂ ਦੀ ਪਾਲਣਾ ਕੀਤੀ ਜਾ ਚੁੱਕੀ ਹੈ। 33 ਹੋਰ ਮਾਮਲਿਆਂ ਵਿਚ ਆਈ.ਪੀ.ਸੀ. ਦੀ ਧਾਰਾ 182 ਤਹਿਤ ਕਾਰਵਾਈ ਅਰੰਭੀ ਜਾ ਚੁੱਕੀ ਹੈ ਅਤੇ 10 ਕੇਸਾਂ ’ਚ ਕਸੂਰਵਾਰ ਪੁਲਿਸ ਮੁਲਾਜ਼ਮਾਂ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਨੋਡਲ ਅਫਸਰਾਂ ਪਾਸੋਂ ਹਾਸਲ ਹੋਈ ਸੂਚਨਾ ਮੁਤਾਬਕ ਹੁਣ ਤੱਕ 29 ਕੇਸਾਂ ਵਿਚ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ। ਝੂਠੇ ਮਾਮਲਿਆਂ ਦੇ ਪੀੜਤਾਂ ਨੂੰ ਇਨਸਾਫ ਦਿੱਤਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਨੇ ਪੁਲਿਸ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਵੀ ਕਮਿਸ਼ਨ ਦੇ ਸੁਝਾਵਾਂ ‘ਤੇ ਕਾਰਵਾਈ ਦੀ ਪ੍ਰਕਿਰਿਆ ਤੇਜ਼ ਕਰਨ ਦੇ ਸਖਤ ਹੁਕਮ ਦਿੱਤੇ ਹਨ।

ਇਸ ਕਮਿਸ਼ਨ ਨੂੰ ਕੁੱਲ 4351 ਸ਼ਿਕਾਇਤਾਂ ਹਾਸਲ ਹੋਈਆਂ ਹਨ, ਜਿਨ੍ਹਾਂ ਵਿਚੋਂ 1539 ਸ਼ਿਕਾਇਤਾਂ ਦਾ ਨਿਪਟਾਰਾ ਕਰਨ ਤੋਂ ਇਲਾਵਾ ਬਾਕੀ 1195 ਸ਼ਿਕਾਇਤਾਂ ਨੂੰ ਖਾਰਜ ਕਰ ਦਿੱਤਾ ਗਿਆ। ਐਫ.ਆਈ.ਆਰ. ਰੱਦ ਕਰਨ ਦੇ ਮਾਮਲਿਆਂ ਵਿਚ ਬਠਿੰਡਾ ਜ਼ਿਲ੍ਹੇ ‘ਚ ਪੁਲਿਸ ਵੱਲੋਂ 67 ਕੇਸਾਂ ‘ਤੇ ਕਾਰਵਾਈ ਕੀਤੀ ਗਈ ਹੈ, ਜਿਸ ਤੋਂ ਬਾਅਦ ਮੋਗਾ ਜ਼ਿਲ੍ਹੇ ਵਿਚ 17, ਲੁਧਿਆਣਾ 1, ਤਰਨ ਤਾਰਨ 12 ਅਤੇ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ 11-11 ਕੇਸਾਂ ‘ਤੇ ਕਾਰਵਾਈ ਕੀਤੇ ਜਾਣ ਦੀਆਂ ਰਿਪੋਰਟਾਂ ਹਾਸਲ ਹੋਈਆਂ ਹਨ। ਕਸੂਰਵਾਰ ਪੁਲਿਸ ਮੁਲਾਜ਼ਮਾਂ ਖਿਲਾਫ ਕੀਤੀ ਗਈ ਕਾਰਵਾਈ ਦੇ ਸਭ ਤੋਂ ਵੱਧ ਮਾਮਲੇ ਲੁਧਿਆਣਾ ਵਿਚ ਦਰਜ ਕੀਤੇ ਗਏ ਹਨ ਜਿਥੇ ਚਾਰ ਮਾਮਲਿਆਂ ‘ਚ ਇਹ ਕਦਮ ਚੁੱਕਿਆ ਗਿਆ ਹੈ।

ਅੰਤ੍ਰਿਮ ਰਿਪੋਰਟ ’ਚ 240 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ ਸੱਤ ਨੂੰ ਕਮਿਸ਼ਨ ਵੱਲੋਂ ਪ੍ਰਵਾਨ ਕੀਤਾ ਗਿਆ ਹੈ। ਪਹਿਲੀ ਅੰਤਰਿਮ ਰਿਪੋਰਟ ਵਿਚ ਕਮਿਸ਼ਨ ਪਾਸ ਆਈਆਂ 178 ਸ਼ਿਕਾਇਤਾਂ ਵਿਚੋਂ 122 ਨੂੰ ਪ੍ਰਵਾਨ ਕੀਤਾ ਗਿਆ ਹੈ। ਇਸੇ ਤਰ੍ਹਾਂ 19 ਸਤੰਬਰ, 2017 ਨੂੰ ਦੂਜੀ ਰਿਪੋਰਟ ਵਿਚੋਂ 106 ਵਿਚੋਂ 47, 23 ਅਕਤੂਬਰ, 2017 ਨੂੰ ਤੀਜੀ ਰਿਪੋਰਟ ਵਿਚੋਂ 101 ‘ਚੋਂ 20, 30 ਨਵੰਬਰ, 2017 ਨੂੰ ਚੌਥੀ ਅੰਤਰਿਮ ਰਿਪੋਰਟ ਵਿਚ 111 ਵਿਚੋਂ 30, 29 ਜਨਵਰੀ 2018 ਨੂੰ ਪੰਜਵੀਂ ਰਿਪੋਰਟ ਵਿਚ 140 ਵਿਚੋਂ 35 ਅਤੇ ਪੰਜਵੀਂ ਰਿਪੋਰਟ ਦੇ ਹੀ ਦੂਜੇ ਹਿੱਸੇ ਵਿਚ 19 ਵਿਚੋਂ ਛੇ, 2 ਅਪਰੈਲ 2018 ਨੂੰ ਛੇਵੀਂ ਰਿਪੋਰਟ ਵਿਚ 240 ਵਿਚੋਂ 47, 15 ਮਈ 2018 ਨੂੰ ਸਤਵੀਂ ਰਿਪੋਰਟ ਵਿਚ 179 ਵਿਚੋਂ 21 ਅਤੇ 10 ਜੁਲਾਈ 2018 ਨੂੰ ਅੱਠਵੀਂ ਰਿਪੋਰਟ ਵਿਚ 225 ਵਿਚੋਂ 9 ਨੂੰ ਕਮਿਸ਼ਨ ਵੱਲੋਂ ਪ੍ਰਵਾਨ ਕੀਤਾ ਗਿਆ।

# ਦਿਲ ਦੀ ਧੜਕਣ ‘ਚ ਪਏ ਵਿਗਾੜ ਨੂੰ ਨਾਪੇਗਾ ਸਮਾਰਟਫੋਨ ਐਪ

**ਲੰਡਨ:** ਦਿਲ ਦੀ ਧੜਕਣ ਵਿਚ ਪਏ ਵਿਗਾੜ ਦੀ ਸ਼ਨਾਖਤ ਕਰਨ ਵਿਚ ਹੁਣ ਇਕ ਸਮਾਰਟਫੋਨ ਐਪ ਮਦਦ ਕਰੇਗਾ। ਇਕ ਅਧਿਐਨ ਮੁਤਾਬਕ ਇਸ ਐਪ ਨਾਲ ਧੜਕਣ ਦੇ ਇਕਦਮ



ਵਧਣ ਜਾਂ ਇਕਸਾਰ ਨਾ ਰਹਿਣ ਨੂੰ ਫੜਿਆ ਜਾ ਸਕੇਗਾ। ਧੜਕਣ ‘ਚ ਇਕਸਾਰਤਾ ਨਾ ਰਹਿਣਾ ‘ਆਰਟ੍ਰੀਅਲ ਫਾਈਬਰੀਲੇਸ਼ਨ’ ਵਜੋਂ ਜਾਣਿਆ ਜਾਂਦਾ ਹੈ ਤੇ ਦਿਲ ਦਾ ਦੌਰਾ ਪੈਣ ਦੀਆਂ 20 ਤੋਂ 30 ਫੀਸਦੀ ਘਟਨਾਵਾਂ ਲਈ ਇਹ ਅਲਾਮਤ ਜ਼ਿੰਮੇਵਾਰ ਹੈ। ਬਹੁਤੇ ਕੇਸਾਂ ਵਿਚ ਇਸ ਦੀ ਸ਼ਨਾਖਤ ਹੀ ਨਹੀਂ ਹੁੰਦੀ ਤੇ ਮਰੀਜ਼ ਲੋੜੀਂਦੇ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ।

ਬੈਲਜੀਅਮ ‘ਚ ਸਥਿਤ ਹੈਜ਼ਲਟ ਯੂਨੀਵਰਸਿਟੀ ਨਾਲ ਸਬੰਧਤ ਪੀਟਰ ਵੇਂਡਰਵੂਰਟ ਨੇ ਦੱਸਿਆ ਕਿ ਅੱਜਕਲ੍ਹ ਕੈਮਰੇ ਨਾਲ ਲੈਸ ਸਮਾਰਟਫੋਨ ਹਰ ਕਿਸੇ ਕੋਲ ਹੈ ਤੇ ‘ਆਰਟ੍ਰੀਅਲ ਫਾਈਬਰੀਲੇਸ਼ਨ’ ਦੀ ਸ਼ਨਾਖਤ ਕਰਨ ਲਈ ਇਹ ਕਾਫੀ ਹੈ। ਇਸ ਐਪ ਸਬੰਧੀ ਕੀਤੇ ਅਧਿਐਨ ’ਚ 12,328 ਲੋਕਾਂ ਨੇ ਹਿੱਸਾ ਲਿਆ। ਹਿੱਸਾ ਲੈਣ ਵਾਲਿਆਂ ਨੂੰ ਸਮਾਰਟਫੋਨ ਵਰਤ ਕੇ ਇਕ ਹਫਤੇ ਲਈ ਦਿਨ ਵਿਚ ਦੋ ਵਾਰ ਦਿਲ ਦੀ ਧੜਕਣ ਨਾਪਣ ਲਈ ਕਿਹਾ ਗਿਆ। ਇਸ ਦੌਰਾਨ ਵੱਖ-ਵੱਖ ਲੱਛਣਾਂ ਜਿਵੇਂ ਧੜਕਣ ਦੇ ਘਟਣ-ਵਧਣ, ਸਾਹ ਲੈਣ ਵਿਚ ਔਖ ਤੇ ਥਕਾਵਟ ਆਦਿ ਸਬੰਧੀ ਅੰਕੜੇ ਐਪ ਵਿਚ ਦਰਜ ਕਰਨ ਲਈ ਕਿਹਾ ਗਿਆ। ਇਸ ਐਪ ਨੂੰ ਵਰਤਣ ਲਈ ਫੋਨ ਕੈਮਰੇ ਦੇ ਸਾਹਮਣੇ ਖੱਬੇ ਹੱਥ ਦੀ ਅੰਗੂਠੇ ਨਾਲ ਦੀ ਉਂਗਲੀ ਇਕ ਮਿੰਟ ਲਈ ਰੱਖਣ ਲਈ ਕਿਹਾ ਗਿਆ। ਇਸ ਦੌਰਾਨ ਐਪ ਵੱਲੋਂ ਮਾਪੀ ਗਈ ਧੜਕਣ ਨੂੰ ਸਾਧਾਰਨ ਜਾਂ ਇਕਸਾਰ ਨਾ ਹੋਣ ਵੱਜੋਂ ਮਾਪਿਆ ਗਿਆ। ਵੱਖ-ਵੱਖ ਵਰਗਾਂ ‘ਚ ਰੱਖੇ ਗਏ ਧੜਕਣ ਦੇ ਅੰਕੜਿਆਂ ਨੂੰ ਮਗਰੋਂ ਵਿਸ਼ੇਸ਼ ਤਕਨੀਸ਼ੀਅਨਾਂ ਨੇ ‘ਆਰਟ੍ਰੀਅਲ ਫਾਈਬਰੀਲੇਸ਼ਨ’ ਵਜੋਂ ਨਿਖੇੜਿਆ।

# ਬੇਅਦਬੀ ਮਾਮਲੇ: ਡੀ. ਆਈ. ਜੀ. ਖੱਟੜਾ ਦੇ ਖੁਲਾਸੇ ਤੇ ਅਕਸ਼ੇ ਕੁਮਾਰ ਦੇ ਬਿਆਨ ਨੇ ਬਦਲਿਆ ਰੁਖ

**ਚੰਡੀਗੜ੍ਹ:** ਬੇਅਦਬੀ ਮਾਮਲੇ ਵਿਚ ਬਣੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸਾਰੀਆਂ ਸਿਆਸੀ ਪਾਰਟੀਆਂ, ਸਿੱਖ ਜਥੇਬੰਦੀਆਂ, ਪੰਥ ਹਿਤੈਸ਼ੀਆਂ ਸਮੇਤ ਆਮ ਲੋਕਾਂ ‘ਚ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਸਬੰਧੀ ਬਣਾਈ ਐਸ.ਆਈ.ਟੀ. ਦੇ ਮੁਖੀ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਵੱਲੋਂ ਕੀਤੇ ਅਹਿਮ ਖੁਲਾਸਿਆਂ ਅਤੇ ਬਾਲੀਵੁੱਡ ਅਦਾਕਾਰ ਅਕਸ਼ੇ ਕੁਮਾਰ ਵੱਲੋਂ ਦਿੱਤੇ ਤਾਜ਼ਾ ਬਿਆਨ ਨੇ ਚਰਚਾ ਦਾ ਰੁਖ ਹੀ ਬਦਲ ਕੇ ਰੱਖ ਦਿੱਤਾ।

ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਨੇ ਇਕ ਨਿੱਜੀ ਟੀ.ਵੀ. ਚੈਨਲ ਨੂੰ ਦਿੱਤੀ ਵਿਸ਼ੇਸ਼ ਇੰਟਰਵਿਊ ‘ਚ ਖੁਲਾਸਾ ਕਰਦਿਆਂ ਕਿਹਾ ਕਿ ਬੇਅਦਬੀ ਮਾਮਲਿਆਂ ਦੇ ਕੇਸ ਸਬੰਧੀ ਪਿਛਲੀ ਅਕਾਲੀ-ਭਾਜਪਾ ਸਰਕਾਰ ਦਾ ਕਿਸੇ ਕਿਸਮ ਦਾ ਕੋਈ ਦਬਾਅ ਨਹੀਂ ਸੀ ਸਗੋਂ ਸਰਕਾਰ ਨੇ ਖੁੱਲ੍ਹੇ ਸ਼ਬਦਾਂ ‘ਚ ਕਿਹਾ ਸੀ ਕਿ ‘ਬੇਅਦਬੀ ਦੇ ਦੋਸ਼ੀਆਂ ਨੂੰ ਫੜੋ ਫਿਰ ਦੋਸ਼ੀ ਚਾਹੇ ਕੋਈ ਵੀ ਹੋਵੇ।’ ਉਨ੍ਹਾਂ ਕਿਹਾ ਕਿ ਸਰਕਾਰ ਨੇ ਨਾ ਕਿਸੇ ਨਾਲ ਨਰਮੀ ਵਰਤਣ ਨੂੰ ਕਿਹਾ ਨਾ ਕਿਸੇ ਦਾ ਪੱਖ ਪੂਰਨ ਨੂੰ ਕਿਹਾ ਸੀ।





ਉਨ੍ਹਾਂ ਕਿਹਾ ਕਿ ਇਸ ਸਬੰਧੀ ਨਵੰਬਰ 2015 ਨੂੰ ਐਸ.ਆਈ.ਟੀ. ਬਣੀ ਅਤੇ ਮਾਰਚ 2017 ਤੱਕ ਉਨ੍ਹਾਂ ਦੀ ਟੀਮ ਨੇ ਪੂਰੀ ਆਸਥਾ ਅਤੇ ਸ਼ਿੱਦਤ ਨਾਲ ਇਸ ਕੇਸ ਨੂੰ ਹੱਲ ਕਰਨ ਲਈ ਮਿਹਨਤ ਕੀਤੀ। ਉਨ੍ਹਾਂ ਇਕ ਹੋਰ ਅਹਿਮ ਖੁਲਾਸਾ ਕਰਦੇ ਹੋਏ ਕਿਹਾ ਕਿ ਇਹ ਗੱਲ ਜ਼ਿਆਦਾ ਸੁਣਨ ਨੂੰ ਮਿਲੀ ਸੀ ਕਿ ਬਹਿਬਲ ਕਲਾਂ ਵਿਚ ਸ਼ਾਂਤੀਪੂਰਨ ਪਾਠ ਕਰ ਰਹੇ ਲੋਕਾਂ ‘ਤੇ ਪੁਲਿਸ ਨੇ ਗੋਲੀ ਚਲਾ ਦਿੱਤੀ ਪਰ ਅਸਲ ਵਿਚ ਜਦੋਂ ਉਹ ਸ਼ਾਂਤੀਪੂਰਨ ਬੈਠ ਕੇ ਪਾਠ ਕਰ ਰਹੇ ਸਨ ਅਤੇ ਜਦੋਂ ਪਾਠ ਦੀਆਂ ਆਖਰੀ ਤੁਕਾਂ ਦੀ ਸਮਾਪਤੀ ਹੋ ਗਈ ਤਾਂ ਮੈਂ ਕੋਲ ਜਾ ਕੇ ਨਿਮਰਤਾ ਸਹਿਤ ਹੱਥ ਜੋੜ ਕੇ ਕਿਹਾ ਕਿ ਧਰਨਾ ਗੈਰ-ਕਾਨੂੰਨੀ ਐਲਾਨਿਆ ਗਿਆ ਹੈ, ਇਸ ਲਈ ਜਗ੍ਹਾ ਖਾਲੀ ਕਰ ਦਿੱਤੀ ਜਾਵੇ ਪਰ ਇਸ ਦੌਰਾਨ ਬਹਿਸ ਵੱਧ ਗਈ ਅਤੇ ਅਚਾਨਕ ਮਾਹੌਲ ਅਜਿਹਾ ਬਣ ਗਿਆ ਪੁਲਿਸ ਕਰਮੀਆਂ ਨੂੰ ਵੀ ਸੱਟਾਂ ਲੱਗੀਆਂ ਅਤੇ ਧਰਨਾਕਾਰੀਆਂ ਨੂੰ ਵੀ।

ਦੂਜੇ ਪਾਸੇ ਬਾਲੀਵੁੱਡ ਅਦਾਕਾਰ ਅਕਸ਼ੇ ਕੁਮਾਰ ਨੇ ਇਕ ਇੰਟਰਵਿਊ ‘ਚ ਇਸ ਸਬੰਧੀ ਚੁੱਪੀ ਤੋੜ ਦੇ ਹੋਏ ਕਿਹਾ ਕਿ ‘ਮੇਰੀ ਰਾਮ ਰਹੀਮ ਨਾਲ ਕਦੇ ਮੁਲਾਕਾਤ ਨਹੀਂ ਹੋਈ ਅਤੇ ਨਾ ਕਿਸੇ ਵਲੋਂ ਕੋਈ ਮੀਟਿੰਗ ਕਰਵਾਈ ਗਈ।‘ ਉਨ੍ਹਾਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਕਾਰ ਡੀਲ ਕਰਵਾਉਣ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਇਹ ਸਿਰਫ ਅਫਵਾਹ ਹੈ। ਅਕਸ਼ੇ ਕੁਮਾਰ ਨੇ ਡੀਲ ਕਰਵਾਉਣ ਦੇ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਇਹ ਕਿਸੇ ਦੀ ਕੋਰੀ ਕਲਪਨਾ ਹੈ। ਅਕਸ਼ੇ ਕੁਮਾਰ ਨੇ ਹਰਬੰਸ ਜਲਾਲ ਵੱਲੋਂ ਇਸ ਸਬੰਧੀ ਕਹੇ ਸ਼ਬਦਾਂ ਦਾ ਖੰਡਨ ਕਰਦਿਆਂ ਕਿਹਾ ਕਿ ਮੇਰੀ ਗੁਰਮੀਤ ਰਾਮ ਰਹੀਮ ਨਾਲ ਕਦੇ ਕੋਈ ਮੁਲਾਕਾਤ ਨਹੀਂ ਹੋਈ ਅਤੇ ਨਾ ਹੀ ਕਦੇ ਮਿਲਿਆ ਹਾਂ।

# ਸਿੰਥੈਟਿਕ ਡਰੱਗ ਕੇਸ ‘ਚੋਂ ਰਾਜਾ ਕੰਦੋਲਾ ਬਰੀ

**ਜਲੰਧਰ:** ਆਈਸ ਡਰੱਗ ਕੇਸ ਦੇ ਕਥਿਤ ਸਰਗਨੇ ਐਨ.ਆਰ.ਆਈ. ਰਣਜੀਤ ਸਿੰਘ ਉਰਫ ਰਾਜਾ ਕੰਦੋਲਾ ਨੂੰ ਸਪੈਸ਼ਲ ਅਦਾਲਤ ਨੇ ਬਰੀ ਕਰ ਦਿੱਤਾ ਹੈ। ਇਸ ਕੇਸ ਵਿਚ ਇਕ ਦਰਜਨ ਦੇ ਕਰੀਬ ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਦੋ ਜਣਿਆਂ ਨੂੰ ਤਿੰਨ ਤੋਂ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਹੈ ਜਦਕਿ ਬਾਕੀਆਂ ਨੂੰ ਰਾਜਾ ਕੰਦੋਲਾ ਸਮੇਤ ਸਬੂਤਾਂ ਦੀ ਘਾਟ ਕਾਰਨ ਰਿਹਾਅ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਰਾਜਾ ਕੰਦੋਲਾ ਵਿਰੁੱਧ 200 ਕਰੋੜ ਦੀ ਆਈਸ ਡਰੱਗ ਦਾ ਇਕ ਹੋਰ ਮਾਮਲਾ ਦਰਜ ਕੀਤਾ ਗਿਆ ਸੀ, ਜਿਸ ਦਾ ਫੈਸਲਾ ਆਉਣਾ ਅਜੇ ਬਾਕੀ ਹੈ। ਰਾਜਾ ਕੰਦੋਲਾ ਨੂੰ ਜਿਸ ਕੇਸ ਵਿਚੋਂ ਬਰੀ ਕੀਤਾ ਗਿਆ ਹੈ, ਉਸ ਕੇਸ ਵਿਚ ਵੱਡੇ ਪੱਧਰ ‘ਤੇ ਸਿੰਥੈਟਿਕ ਡਰੱਗ ਬਰਾਮਦ ਹੋਈ ਸੀ।

# ਕਾਨੂੰਨ ਵਿਵਸਥਾ ਨੂੰ ਲੀਹੇ ਪਾਉਣ ਤੋਂ ਕੈਪਟਨ ਸਰਕਾਰ ਦੇ ਵੀ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਵਿਚ ਇਕ ਦਹਾਕੇ ਦੀ ਸੱਤਾ ਤਬਦੀਲੀ ਤੋਂ ਬਾਅਦ ਪੁਲਿਸ ਦੇ ਕਾਰ ਵਿਹਾਰ ਤੇ ਕੰਮਕਾਰ ਵਿਚ ਕੋਈ ਵੱਡੀ ਤਬਦੀਲੀ ਨਹੀਂ ਆਈ। ਅਕਾਲੀ-ਭਾਜਪਾ ਸ਼ਾਸਨ ਦੌਰਾਨ ਕਾਂਗਰਸ ਵੱਲੋਂ ਕਾਨੂੰਨ ਵਿਵਸਥਾ ਦੇ ਲੀਹ ਤੋਂ ਲਹਿਣ ਦੇ ਦੋਸ਼ ਲਾਏ ਜਾਂਦੇ ਸਨ ਪਰ ਸੱਤਾ ਖੁਦ ਹੱਥ ਆਉਣ ਤੋਂ ਬਾਅਦ ਕੈਪਟਨ ਹਕੂਮਤ ਵੀ ਕਾਨੂੰਨ ਵਿਵਸਥਾ ਨੂੰ ਲੀਹ ਉਤੇ ਲਿਆ ਕੇ ਲੋਕਾਂ ਦਾ ਕਾਨੂੰਨ ਦੇ ਰਾਜ 'ਚ ਭਰੋਸਾ ਲਿਆਉਣ ਅਤੇ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਿਚ ਕਾਮਯਾਬ ਨਹੀਂ ਹੋਈ। ਪੰਜਾਬ ਵਿਚ ਲੁੱਟਾਂ ਖੋਹਾਂ, ਕਤਲ, ਅਗਵਾ ਅਤੇ ਹੋਰ ਸੰਗੀਨ ਅਪਰਾਧ ਆਮ ਵਰਤਾਰਾ ਬਣ ਗਏ ਹਨ। ਸੀਨੀਅਰ ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਿਆਸੀ ਦਖਲਅੰਦਾਜ਼ੀ ਕਾਰਨ ਪੁਲਿਸ ਕਰਮਚਾਰੀਆਂ ਤੇ ਅਫਸਰਾਂ 'ਚ ਜ਼ਿੰਮੇਵਾਰੀ ਅਤੇ ਜਵਾਬਦੇਹੀ ਦੀ ਘਾਟ ਰੜਕਣ ਲੱਗੀ ਹੈ। ਪੁਲਿਸ ਨੇ ਚੋਣਵੇਂ ਸਿਆਸੀ ਕਤਲਾਂ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ ਗੈਂਗਸਟਰਾਂ ਦੇ ਹੌਸਲੇ ਪਸਤ ਕਰਨ 'ਚ ਮੱਲ ਤਾਂ ਮਾਰ ਲਈ ਪਰ ਪੰਜਾਬ



ਵਿਚ ਕਾਨੂੰਨ ਦਾ ਰਾਜ ਸਥਾਪਤ ਕਰਨ ਵਿਚ ਸਫਲਤਾ ਹਾਸਲ ਨਹੀਂ ਕੀਤੀ ਜਾ ਸਕੀ। ਪੰਜਾਬ ਵਿਚ ਜੇਕਰ ਇਸ ਸਾਲ ਦੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਲੁੱਟ-ਖੋਹ ਦੀਆਂ ਵਾਰਦਾਤਾਂ ਨੇ ਲੋਕਾਂ ਵਿਚ ਸਹਿਮ ਦਾ ਮਹੌਲ ਪੈਦਾ ਕੀਤਾ ਹੋਇਆ ਹੈ। ਪੁਲਿਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪਹਿਲੀ ਜਨਵਰੀ ਤੋਂ ਲੈ ਕੇ ਹੁਣ ਤੱਕ 60 ਦੇ ਕਰੀਬ ਵਾਹਨ ਖੋਹੇ ਜਾ ਚੁੱਕੇ ਹਨ। ਇਸੇ ਤਰ੍ਹਾਂ ਸਵਾ ਸੌ ਦੇ ਕਰੀਬ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਿਥੇ ਸੋਨਾ ਜਾਂ ਪੈਸੇ ਦੀ ਖੋਹ ਹੋਈ ਹੈ। ਕਤਲ ਅਤੇ ਫਿਰੌਤੀ ਦੀਆਂ ਘਟਨਾਵਾਂ ਵੀ ਆਮ ਹਨ।

ਸੂਤਰਾਂ ਮੁਤਾਬਕ ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਭ ਤੋਂ ਪਹਿਲਾਂ ਪੁਲਿਸ, ਸਿਆਸਤਦਾਨਾਂ ਤੇ ਤਸਕਰਾਂ ਦਰਮਿਆਨ ਬਣੇ ਗੱਠਜੋੜ ਨੂੰ ਤੋੜਨ ਲਈ ਮੁੱਖ ਮੰਤਰੀ ਸਾਹਮਣੇ ਕੁਝ ਠੋਸ ਸੁਝਾਅ ਵੀ ਰੱਖੇ ਸਨ। ਸਿਵਲ ਤੇ ਪੁਲਿਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਕੈਪਟਨ ਸਰਕਾਰ ਨੇ ਹਾਲ ਦੀ ਘੜੀ ਕੋਈ ਇੱਛਾ ਸ਼ਕਤੀ ਨਹੀਂ ਦਿਖਾਈ। ਇਸ ਤਜਵੀਜ਼ ਵਿਚ ਸਭ ਤੋਂ ਵੱਡਾ ਨੁਕਤਾ ਥਾਣਾ ਮੁਖੀਆਂ (ਐਸ.ਐਚ.ਓਜ਼.), ਡੀ.ਐਸ.ਪੀ. ਤੇ ਐਸ.ਪੀ. ਰੈਂਕ ਦੇ ਅਫਸਰਾਂ ਦੀਆਂ ਤਾਇਨਾਤੀਆਂ ਦਾ ਪਿਛਲੇ ਦੋ ਦਹਾਕਿਆਂ ਦਾ ਰਿਕਾਰਡ ਘੋਖ ਕੇ ਇਸ ਪੱਧਰ ਦੇ ਪੁਲਿਸ ਅਫਸਰਾਂ ਵੱਲੋਂ ਕਾਇਮ ਕੀਤੇ ਕਬਜ਼ਿਆਂ ਨੂੰ ਤੋੜਨ ਦੀ ਹੈ। ਪੰਜਾਬ ਸਰਕਾਰ ਵੱਲੋਂ ਇਸ ਦਿਸ਼ਾ ਵਿਚ ਹੁਕਮ ਵੀ ਜਾਰੀ ਕੀਤੇ ਗਏ ਹਨ ਪਰ ਇਨ੍ਹਾਂ ਉਪਰ ਹਾਲ ਦੀ ਘੜੀ ਅਮਲ ਨਹੀਂ ਹੋਇਆ।

ਕਪਤਾਨੀ ਹਕੂਮਤ ਦੇ ਪਹਿਲੇ ਸਾਲ ਦੌਰਾਨ ਪੁਲਿਸ ਵਿਭਾਗ ਵਿਚ ਸਭ ਤੋਂ ਵੱਡੀ ਘਟਨਾ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕਰਨ ਅਤੇ ਉਸ ਤੋਂ ਬਾਅਦ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਮੰਨੀ ਜਾ ਰਹੀ ਹੈ। ਮੋਗਾ ਜ਼ਿਲ੍ਹੇ ਦੇ ਸਾਬਕਾ ਐਸ.ਐਸ.ਪੀ. ਰਾਜਜੀਤ ਸਿੰਘ, ਜਿਸ ਉਪਰ ਇੰਦਰਜੀਤ ਸਿੰਘ ਨੂੰ ਸਰਪ੍ਰਸਤੀ ਦੇਣ ਦੇ ਦੋਸ਼ ਲੱਗੇ ਸਨ, ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਵਧੀਕ ਡੀ.ਜੀ.ਪੀ. ਰੈਂਕ ਦੇ ਹੀ ਇਕ ਅਧਿਕਾਰੀ ਖਿਲਾਫ਼ ਪਾਈ ਪਟੀਸ਼ਨ ਨੇ ਅਨੁਸਾਸ਼ਨਬੱਧ ਫੋਰਸ ਦਾ ਇਕ ਨਵਾਂ ਕਿਰਦਾਰ ਸਾਹਮਣੇ ਲਿਆਂਦਾ ਹੈ।

## ਸਿਆਸਤਦਾਨਾਂ ਅਤੇ ਤਸਕਰਾਂ ਦਾ ਗੱਠਜੋੜ ਤੋੜਨ 'ਚ ਨਾਕਾਮੀ

ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਲਈ ਜ਼ਿੰਮੇਵਾਰ ਮੰਨੇ ਜਾਂਦੇ ਪੁਲਿਸ ਮੁਲਾਜ਼ਮਾਂ, ਸਿਆਸਤਦਾਨਾਂ ਅਤੇ ਤਸਕਰਾਂ ਦੇ ਗੱਠਜੋੜ ਨੂੰ ਤੋੜਨ ਲਈ ਕੈਪਟਨ ਸਰਕਾਰ ਵਿਚ ਇੱਛਾ ਸ਼ਕਤੀ ਦੀ ਘਾਟ ਰੜਕਣ ਲੱਗੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਰਫ 4 ਹਫਤਿਆਂ ਅੰਦਰ ਨਸ਼ਿਆਂ ਦੀ ਤਸਕਰੀ ਰੋਕਣ ਦੇ ਦਾਅਵੇ ਅਤੇ ਵਾਅਦੇ ਕੀਤੇ ਸਨ। ਇਨ੍ਹਾਂ ਸਿਆਸੀ ਐਲਾਨਾਂ ਨੂੰ ਅਮਲੀਜਾਮਾ ਪਹਿਨਾਉਣ ਲਈ ਮੁੱਖ ਮੰਤਰੀ ਨੇ ਆਪਣੀ ਸਿੱਧੀ ਨਿਗਰਾਨੀ ਹੇਠ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਦਾ ਗਠਨ ਤਾਂ ਕਰ ਦਿੱਤਾ ਪਰ ਤਕਰੀਬਨ ਦੋ ਦਹਾਕਿਆਂ ਤੋਂ ਪੰਜਾਬ ਦੀ ਜਵਾਨੀ ਨੂੰ ਨਰਕ ਵਿਚ ਸੁੱਟਣ ਵਾਲੇ ਨਾਮੀ ਤਸਕਰਾਂ ਤੱਕ ਕਾਨੂੰਨ ਦੇ ਲੰਮੇ ਹੱਥ ਨਹੀਂ ਅੱਪੜ ਰਹੇ।

# ਵਜ਼ੀਰਾਂ ਦੀ ਪ੍ਰਾਹੁਣਚਾਰੀ ਨੇ ਲਾਈ ਖਜਾਨੇ ਨੂੰ ਸੰਨ੍ਹ

**ਬਠਿੰਡਾ:** ਮੁੱਖ ਮੰਤਰੀ ਪੰਜਾਬ ਅਤੇ ਕੈਬਨਿਟ ਵਜ਼ੀਰਾਂ ਦਾ ਚਾਹ ਪਾਣੀ ਖਜਾਨੇ ਨੂੰ ਉਬਾਲੇ ਦੇਣ ਲੱਗਾ ਹੈ। ਮੁੱਢਲੇ ਪੜਾਅ 'ਤੇ ਸਰਕਾਰ ਦੀ ਕਿਫਾਇਤੀ ਮੁਹਿੰਮ ਨੇ ਰੰਗ ਦਿਖਾਇਆ ਸੀ। ਹੁਣ ਪ੍ਰਾਹੁਣਚਾਰੀ ਦੀ ਟਹਿਲ ਸੇਵਾ ਲਈ ਹੱਥ ਖੁੱਲ੍ਹਣ ਲੱਗਾ ਹੈ। ਕੈਪਟਨ ਸਰਕਾਰ ਦੇ ਪਹਿਲੇ ਵਰ੍ਹੇ ਦੌਰਾਨ ਮੁੱਖ ਮੰਤਰੀ ਅਤੇ ਵਜ਼ੀਰਾਂ ਦੇ ਚਾਹ ਪਾਣੀ ਸਰਕਾਰੀ ਖਜਾਨੇ ਨੂੰ ਕਰੀਬ 28 ਲੱਖ ਰੁਪਏ ਵਿਚ ਪਿਆ ਹੈ। ਭਾਵੇਂ ਇਹ ਰਾਸ਼ੀ ਵੱਡੀ ਨਹੀਂ ਪਰ ਜਦੋਂ ਖਜਾਨਾ ਸੰਕਟ 'ਚ ਹੋਵੇ ਤਾਂ ਪਾਈ-ਪਾਈ ਦਾ ਸਹਾਰਾ ਬਣਦਾ ਹੈ। ਕੈਪਟਨ ਸਰਕਾਰ ਦੇ ਪ੍ਰਾਹੁਣੇ ਕਰੀਬ 5.34 ਲੱਖ ਰੁਪਏ ਦਾ ਤਾਂ ਪਾਣੀ ਹੀ ਪੀ ਗਏ ਹਨ। ਦੂਸਰੀ ਤਰਫ ਚਾਰੇ ਪਾਸੇ ਸਰਕਾਰ ਖਰਚੇ 'ਤੇ ਕੱਟ ਲਾ ਰਹੀ ਹੈ। ਪੰਜਾਬ ਦੇ ਹਰ ਕੋਨੇ 'ਚ ਨਾਅਰੇ ਵੱਜ ਰਹੇ ਹਨ।

ਪ੍ਰਾਹੁਣਚਾਰੀ ਮਹਿਕਮੇ ਤੋਂ ਮਿਲੇ ਆਰ.ਟੀ.ਆਈ. ਵੇਰਵਿਆਂ ਅਨੁਸਾਰ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ 'ਤੇ ਰੋਜ਼ਾਨਾ ਹੋਣ ਵਾਲੀਆਂ ਮੀਟਿੰਗਾਂ ਵਿਚ ਚਾਹ ਪਾਣੀ ਉਤੇ ਕਰੀਬ ਇਕ ਵਰ੍ਹੇ ਦੌਰਾਨ 12.33 ਲੱਖ ਰੁਪਏ ਦਾ ਖਰਚਾ ਆਇਆ ਹੈ। ਮੁੱਖ ਮੰਤਰੀ ਪੰਜਾਬ ਵੱਲੋਂ ਦਫਤਰ ਦੀ ਥਾਂ ਰਿਹਾਇਸ਼ 'ਤੇ ਹੀ ਮੀਟਿੰਗਾਂ ਜ਼ਿਆਦਾ ਕੀਤੀਆਂ ਜਾਂਦੀਆਂ ਹਨ। ਛੇ ਵਜ਼ੀਰਾਂ ਦਾ ਚਾਹ ਪਾਣੀ ਦਾ ਵੱਖਰਾ ਖਰਚਾ 11.65 ਲੱਖ ਰੁਪਏ ਰਿਹਾ ਹੈ, ਜੋ ਕਰੀਬ ਇਕ ਵਰ੍ਹੇ ਦਾ ਹੈ। ਵਜ਼ੀਰਾਂ ਨੇ ਮੁੱਢਲੇ ਮਹੀਨਿਆਂ ਦੌਰਾਨ ਤਾਂ ਚਾਹ ਪਾਣੀ ਉਤੇ ਖਰਚੇ ਵਿਚ ਸੰਜਮ ਵਰਤੀ ਅਤੇ ਮਗਰੋਂ ਥੋੜ੍ਹਾ ਹੱਥ ਖੋਲਖ਼ਦਿੱਤਾ ਹੈ। ਵਜ਼ੀਰਾਂ 'ਚੋਂ ਸਭ ਤੋਂ ਵੱਧ ਚਾਹ ਪਾਣੀ ਦਾ ਖਰਚਾ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦਾ ਰਿਹਾ ਹੈ, ਜੋ 3.37 ਲੱਖ ਰੁਪਏ ਬਣਦਾ ਹੈ। ਤੱਥਾਂ ਅਨੁਸਾਰ ਦੂਸਰਾ ਨੰਬਰ ਵਜ਼ੀਰ ਰਜ਼ੀਆ ਸੁਲਤਾਨਾ ਦਾ ਹੈ, ਜਿਨ੍ਹਾਂ ਦੇ ਚਾਹ ਪਾਣੀ ਅਤੇ ਸਨੈਕਸ ਦਾ ਖਰਚਾ 2.71 ਲੱਖ ਰੁਪਏ ਆਇਆ ਹੈ। ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਾ ਚਾਹ ਪਾਣੀ ਦਾ ਖਰਚਾ 2.48 ਲੱਖ ਰੁਪਏ ਹੈ।

ਸੂਤਰ ਦੱਸਦੇ ਹਨ ਕਿ ਬਾਜਵਾ ਤਾਂ ਸਭ ਤੋਂ ਪਹਿਲਾਂ ਦਫਤਰ ਪੁੱਜਦੇ ਹਨ। ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਵੀ ਮਹਿਮਾਨਾਂ ਦੇ ਚਾਹ ਪਾਣੀ 'ਤੇ 2.12 ਲੱਖ ਰੁਪਏ ਖਰਚ ਕੀਤੇ ਹਨ ਜਦੋਂਕਿ ਵਜ਼ੀਰ ਅਰੁਣਾ ਚੌਧਰੀ ਦਾ ਖਰਚਾ 82,780 ਰੁਪਏ ਆਇਆ ਹੈ। ਸਭ ਤੋਂ ਘੱਟ ਚਾਹ ਪਾਣੀ ਦਾ ਖਰਚਾ ਵਜ਼ੀਰ ਨਵਜੋਤ ਸਿੱਧੂ ਦਾ ਹੈ ਜੋ ਸਿਰਫ 13,118 ਰੁਪਏ ਹੈ। ਬਾਕੀ ਵਜ਼ੀਰਾਂ ਦਾ ਵੇਰਵਾ ਦਿੱਤਾ ਨਹੀਂ ਗਿਆ ਹੈ। ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਦਫਤਰ ਵਿਚ ਕੀਤੀਆਂ ਮੀਟਿੰਗਾਂ 'ਚ ਮਹਿਮਾਨਾਂ ਨੂੰ 2.80 ਲੱਖ ਰੁਪਏ ਅਤੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਨੇ 88,282 ਰੁਪਏ ਦਾ ਖਰਚਾ ਕੀਤਾ। ਖਜਾਨਾ ਮੰਤਰੀ ਮਨਪ੍ਰੀਤ ਬਾਦਲ ਵੱਲੋਂ ਕੀਤੀਆਂ ਮੀਟਿੰਗਾਂ ਦੌਰਾਨ ਚਾਹ ਪਾਣੀ ਦਾ ਖਰਚਾ 1137 ਰੁਪਏ ਹੀ ਰਿਹਾ ਹੈ। ਪੰਜਾਬ ਭਵਨ ਨੂੰ ਸਾਲ 2017-18 ਦੌਰਾਨ ਸਰਕਾਰ ਤੋਂ ਸਵਾ ਕਰੋੜ ਰੁਪਏ ਦੇ ਫੰਡ ਪ੍ਰਾਪਤ ਹੋਏ ਸਨ, ਜਿਨ੍ਹਾਂ ਵਿਚੋਂ ਸਰਕਾਰ ਨੇ ਕਰੀਬ 80 ਲੱਖ ਰੁਪਏ ਦਾ ਖਰਚ ਕੀਤਾ ਹੈ।

ਪੰਜਾਬ ਭਵਨ ਵੱਲ ਕਰੀਬ 20 ਲੱਖ ਰੁਪਏ ਦੀਆਂ ਦੇਣਦਾਰੀਆਂ ਵੀ ਸਿਰ ਖੜ੍ਹੀਆਂ ਹਨ। ਇਹ ਤਾਂ ਸਿਰਫ ਦਿਸਦੇ ਫੰਡ ਹਨ, ਜੋ ਦੂਸਰੇ ਵਿਭਾਗਾਂ ਵੱਲੋਂ ਖਰਚੇ ਕੀਤੇ ਜਾਂਦੇ ਹਨ, ਉਹ ਵੱਖਰੇ ਹਨ।

ਵੇਰਵਿਆਂ ਅਨੁਸਾਰ ਸਿਵਲ ਸਕੱਤਰੇਤ/ਵਿਧਾਨ ਸਭਾ ਕੰਟੀਨ ਵਾਸਤੇ ਮੈਟੀਰੀਅਲ ਐਂਡ ਸਪਲਾਈ ਮੱਦ ਤਹਿਤ ਸਰਕਾਰ ਵੱਲੋਂ 1.20 ਕਰੋੜ ਦਾ ਬਜਟ ਅਲਾਟ ਕੀਤਾ ਗਿਆ ਸੀ, ਜਿਸ 'ਚੋਂ 1.17 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਪ੍ਰਾਈਵੇਟ ਹੋਟਲਾਂ ਵਿਚ ਲੰਚ/ਡਿਨਰ ਅਤੇ ਰਿਫਰੈਸ਼ਮੈਂਟ ਉਤੇ ਹੁੰਦੇ ਖਰਚੇ ਵੱਖਰੇ ਹਨ। ਖਜਾਨਾ ਮੰਤਰੀ ਤਾਂ ਆਪਣੇ ਮਹਿਮਾਨਾਂ ਨੂੰ ਸਾਫ ਆਖ ਦਿੰਦੇ ਹਨ ਕਿ ਖਜਾਨੇ ਦੀ ਹਾਲਤ ਚਾਹ ਪਾਣੀ ਪਿਲਾਉਣ ਜੋਗੀ ਨਹੀਂ ਹੈ। ਨਵੇਂ ਬਣੇ ਵਜ਼ੀਰਾਂ ਦਾ ਖਰਚਾ ਹਾਲੇ ਦਿੱਤਾ ਨਹੀਂ ਗਿਆ ਹੈ। ਸਰਕਾਰੀ ਅਧਿਕਾਰੀ ਆਖਦੇ ਹਨ ਕਿ ਗੱਠਜੋੜ ਸਰਕਾਰ ਦੇ ਮੁਕਾਬਲੇ ਇਹ ਖਰਚਾ ਕਈ ਗੁਣਾ ਘੱਟ ਹੈ ਅਤੇ ਸਰਕਾਰ ਹੱਥ ਘੁੱਟ ਕੇ ਹੀ ਖਾਤਰਦਾਰੀ ਕਰਦੀ ਹੈ।

# ਖਜਾਨਾ ਭਰਨ ਬਾਰੇ ਧਰੀਆਂ ਧਰਾਈਆਂ ਰਹਿ ਗਈਆਂ ਸਰਕਾਰੀ ਗਿਣਤੀਆਂ-ਮਿਣਤੀਆਂ

**ਚੰਡੀਗੜ੍ਹ:** ਪੰਜਾਬ ਵਿਚ ਸੱਤਾ ਪਰਿਵਰਤਨ ਹੋਇਆਂ ਤਕਰੀਬਨ ਡੇਢ ਸਾਲ ਹੋ ਚੁੱਕਾ ਹੈ ਪਰ ਅਜੇ ਤੱਕ ਸੂਬੇ ਦੀ ਆਰਥਿਕ ਸਥਿਤੀ ਵਿਚ ਕੋਈ ਖਾਸ ਫਰਕ ਨਹੀਂ ਪਿਆ। ਰਾਜ ਸਰਕਾਰ ਮਹਿਜ਼ ਰੁਕੀਆਂ ਹੋਈਆਂ ਪੈਨਸ਼ਨਾਂ ਦੇਣ ਦੇ ਹੀ ਸਮਰੱਥ ਹੋ ਸਕੀ। ਕੈਪਟਨ ਸਰਕਾਰ ਨੇ ਲੋਕਾਂ ਨਾਲ ਜਿਹੜੇ ਵੱਡ-ਵੱਡੇ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕਰ ਸਕੀ। ਵਾਅਦੇ ਪੂਰੇ ਕਰਨ ਲਈ ਰਾਜ ਸਰਕਾਰ ਹੋਰ ਕਰਜ਼ਾ ਲੈਣ ਲਈ ਕਾਫੀ ਯਤਨ ਕਰ ਚੁੱਕੀ ਹੈ ਪਰ ਇਸ ਨੂੰ ਸਫਲਤਾ ਨਹੀਂ ਮਿਲੀ।

ਕੈਪਟਨ ਸਰਕਾਰ ਨੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦਾ ਐਲਾਨ ਕੀਤੇ ਸਨ ਪਰ ਇਹ ਐਲਾਨ ਸਿਰਫ ਫਸਲੀ ਕਰਜ਼ੇ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ ਤੇ ਅਜੇ ਤੱਕ ਫਸਲੀ ਕਰਜ਼ਾ ਵੀ ਢਾਈ ਏਕੜ ਤੱਕ ਦੇ ਕਿਸਾਨਾਂ ਦਾ ਹੀ ਮੁਆਫ ਕੀਤਾ ਜਾ ਰਿਹਾ ਹੈ ਜਦੋਂਕਿ ਪੰਜ ਏਕੜ ਤੱਕ ਦੇ ਕਿਸਾਨਾਂ ਦਾ ਬਕਾਇਆ ਹੈ। ਸੂਬਾ ਸਰਕਾਰ ਨੇ ਜੀ.ਐਸ.ਟੀ. ਵੱਲੋਂ ਜੀ.ਐਸ.ਟੀ. ਲਾਗੂ ਦੇ ਫੈਸਲੇ ਜ਼ੋਰਦਾਰ ਦਾ ਸਵਾਗਤ ਕੀਤਾ ਸੀ ਪਰ ਇਸ ਤੋਂ ਜਿਹੜਾ ਪੈਸਾ ਮਿਲਣ ਦੀ ਉਮੀਦ ਸੀ, ਉਹ ਪੂਰੀ ਨਹੀਂ ਹੋ ਸਕੀ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਸਾਲ 2016 ਵਿਚ ਵੱਖ-ਵੱਖ ਟੈਕਸਾਂ ਦੀ ਥਾਂ ਇਕ ਟੈਕਸ ਜੀ.ਐਸ.ਟੀ. ਲਾਗੂ ਕਰ ਦਿੱਤਾ ਸੀ। ਜਿਨ੍ਹਾਂ ਸੂਬਿਆਂ ਨੂੰ ਜੀ.ਐਸ.ਟੀ. ਲਾਗੂ ਕਰਨ ਕਰਕੇ ਮਾਲੀਏ 'ਚ ਘਾਟੇ ਦਾ ਸਾਹਮਣਾ ਕਰਨਾ ਪੈਣਾ ਸੀ, ਉਨ੍ਹਾਂ ਸੂਬਿਆਂ ਨੂੰ ਕੇਂਦਰ ਸਰਕਾਰ ਨੇ ਪੰਜ ਸਾਲ ਤੱਕ ਹਰੇਕ ਸਾਲ 14 ਫੀਸਦੀ ਵੱਧ ਪੈਸਾ ਦੇਣਾ ਹੈ ਤੇ ਇਸ ਕਰਕੇ ਪੰਜਾਬ ਸਰਕਾਰ ਨੂੰ ਜੀ.ਐਸ.ਟੀ. ਲਾਗੂ ਕਰਨ ਕਰ ਕੇ 14 ਫੀਸਦੀ ਵਾਧਾ ਮਿਲਣ ਲੱਗਾ ਹੈ ਤੇ ਉਸ ਕਰਕੇ ਹੀ ਸਰਕਾਰ ਨੂੰ ਕੁਝ ਸੁੱਖ ਦਾ ਸਾਹ ਆ ਰਿਹਾ ਹੈ।

ਪੰਜਾਬ ਸਾਲ 2016-17 ਵਿਚ ਕੇਂਦਰ ਸਰਕਾਰ ਕੋਲੋਂ 17586 ਕਰੋੜ ਰੁਪਏ ਮਿਲੇ ਸਨ ਤੇ 14 ਫੀਸਦੀ ਵਾਧੇ ਕਰਕੇ ਸਾਲ 2017-18 ਵਿਚ ਇਹ ਰਾਸ਼ੀ ਵੱਧ ਕੇ 24118 ਕਰੋੜ ਰੁਪਏ ਹੋ ਗਈ। ਚਾਲੂ ਵਿੱਤੀ ਸਾਲ 2018-19 ਵਿਚ 27773 ਕਰੋੜ ਰੁਪਏ ਮਿਲਣੇ ਹਨ ਤੇ ਇਸ ਵਾਰ ਵਾਧਾ 3655 ਕਰੋੜ ਰੁਪਏ ਦਾ ਹੋਵੇਗਾ। ਸੂਬੇ ਦੀ ਵਿੱਤੀ ਹਾਲਤ ਬਾਰੇ ਸੂਬੇ ਦੇ ਵਿੱਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਆਰਥਿਕ ਹਾਲਤ ਵਿਚ ਕੋਈ ਖਾਸ ਫਰਕ ਨਹੀਂ ਪਿਆ। ਸੂਬਾ ਸਰਕਾਰ ਨੇ ਵਿੱਤੀ ਹਾਲਤ ਸੁਧਾਰਨ ਲਈ ਸਾਧਨ ਜੁਟਾਉਣ ਦਾ ਫੈਸਲਾ ਕੀਤਾ ਸੀ ਤੇ ਇਸ ਮਾਮਲੇ ਵਿਚ ਕੈਪਟਨ ਸਰਕਾਰ ਕੇਵਲ ਪੇਸ਼ਾਵਰਾਨਾ ਟੈਕਸ ਹੀ ਲਾਗੂ ਕਰ ਸਕੀ ਹੈ, ਜਿਸ ਤੋਂ ਸੂਬੇ ਨੂੰ ਸਾਲਾਨਾ 150 ਕਰੋੜ ਰੁਪਏ ਮਿਲਣ ਦੀ ਉਮੀਦ ਹੈ। ਇਸ ਤੋਂ ਇਲਾਵਾ ਹੋਰ ਕਿਸੇ ਪਾਸੇ ਕੋਈ ਖਾਸ ਪ੍ਰਗਤੀ ਨਹੀਂ ਹੋਈ। ਪੰਜਾਬ ਦੇ ਅਰਥ ਸ਼ਾਸਤਰੀ ਪ੍ਰੋ. ਰਣਜੀਤ ਸਿੰਘ ਘੁੰਮਣ ਨਾਲ ਸੂਬੇ ਦੀ ਵਿੱਤੀ ਹਾਲਤ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸੂਬੇ ਦੀ ਵਿੱਤੀ ਹਾਲਤ ਠੀਕ ਨਹੀਂ ਹੈ, ਕਿਉਂਕਿ ਰਾਜ ਸਰਕਾਰ ਨੂੰ ਜੀ.ਐਸ.ਟੀ. ਤੋਂ ਵੱਧ ਪੈਸਾ ਮਿਲਣ ਦੀ ਉਮੀਦ ਸੀ ਪਰ ਕੇਂਦਰ ਸਰਕਾਰ ਨੂੰ ਉਮੀਦ ਅਨੁਸਾਰ ਵਾਧਾ ਨਹੀਂ ਮਿਲਿਆ ਤੇ ਇਸ ਕਰਕੇ ਸੂਬਾ ਸਰਕਾਰ ਨੂੰ ਵਾਧਾ ਨਹੀਂ ਮਿਲਿਆ। ਜੀ.ਐਸ.ਟੀ. ਦਾ ਪੈਸਾ ਮਿਲਣ ਵਿਚ ਦੇਰੀ ਹੋ ਰਹੀ ਹੈ, ਜਿਸ ਨਾਲ ਗਿਣਤੀਆਂ-ਮਿਣਤੀਆਂ ਲੜਖੜਾ ਗਈਆਂ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਜਿੰਨੀ ਦੇਰ ਤੱਕ 2.11 ਲੱਖ ਕਰੋੜ ਕਰਜ਼ੇ ਨੂੰ ਮੋੜਨ ਲਈ ਲੰਮੀ ਦੇਰੀ ਦੀ ਵਿਉਂਤ ਨਹੀਂ ਬਣਾਉਂਦੀ, ਉਨੀ ਦੇਰ ਤੱਕ ਸੂਬੇ ਸਿਰ ਮੁਸ਼ਕਲਾਂ ਦਾ ਬੋਝ ਹੀ ਰਹੇਗਾ।

## ਕੇਂਦਰ ਸਰਕਾਰ ਨੇ ਨਾ ਫੜੀ ਬਾਂਹ

ਕੈਪਟਨ ਸਰਕਾਰ ਨੇ ਵਾਅਦੇ ਪੂਰੇ ਕਰਨ ਲਈ ਕੇਂਦਰ ਸਰਕਾਰ ਕੋਲ ਬਜਟ ਦੇ ਆਕਾਰ ਤੋਂ ਤਿੰਨ ਫੀਸਦੀ ਤੋਂ ਵੱਧ ਕਰਜ਼ਾ ਲੈਣ ਲਈ ਕਈ ਵਾਰੀ ਪਹੁੰਚ ਕੀਤੀ ਹੈ ਪਰ ਕੇਂਦਰ ਸਰਕਾਰ ਨੇ ਤਿੰਨ ਫੀਸਦੀ ਤੋਂ ਵੱਧ ਕਰਜ਼ਾ ਲੈਣ ਦੀ ਆਗਿਆ ਨਹੀਂ ਦਿੱਤੀ ਤੇ ਇਸ ਕਰਕੇ ਰਾਜ ਸਰਕਾਰ ਨੂੰ ਇਸ ਹੱਦ ਅੰਦਰ ਰਹਿ ਕੇ ਕੰਮ ਕਾਜ ਚਲਾਉਣਾ ਪੈ ਰਿਹਾ ਹੈ। ਸੂਬੇ ਸਿਰ 2.11 ਲੱਖ ਕਰੋੜ ਦਾ ਕਰਜ਼ਾ ਹੈ ਤੇ ਇਸ ਦੇ ਨਾਲ ਅਨਾਜ ਦਾ 30,00 ਕਰੋੜ ਦੇ ਕਰਜ਼ੇ ਦਾ ਕੋਈ ਨਿਪਟਾਰਾ ਨਹੀਂ ਹੋ ਸਕਿਆ। ਇਸ ਕਰਕੇ ਕਰਜ਼ੇ ਦਾ ਵਿਆਜ ਤੇ ਮੂਲ ਹਰ ਸਾਲ ਦੇਣਾ ਪੈਂਦਾ ਹੈ ਤੇ ਵਿਆਜ ਤੇ ਮੂਲ ਮੋੜਨ ਵਿਚ ਹੀ ਤੀਹ ਹਜ਼ਾਰ ਕਰੋੜ ਰੁਪਏ ਅਤੇ ਅਨਾਜ ਦੇ ਕਰਜ਼ੇ ਨੂੰ ਮੋੜਨ ਵਿਚ ਹੀ ਰਾਜ ਸਰਕਾਰ 5480 ਕਰੋੜ ਦੀ ਅਦਾਇਗੀ ਕਰਨੀ ਪੈਂਦੀ ਹੈ। ਇਸ ਕੰਮ ਵਿਚ ਹੀ ਰਾਜ ਸਰਕਾਰ ਦੀ ਆਮਦਨ ਦਾ ਬਹੁਤ ਪੈਸਾ ਨਿਕਲ ਜਾਂਦਾ ਹੈ।

# ਨਸ਼ੇੜੀਆਂ ਨੂੰ ਜੇਲ੍ਹ ਭੇਜਣ ਬਾਰੇ ਕਾਨੂੰਨੀ ਵਿਵਸਥਾ 'ਤੇ ਉਠੇ ਸਵਾਲ


**ਨਵੀਂ ਦਿੱਲੀ:** ਇਕ ਅਧਿਐਨ ਵਿਚ ਖੁਲਾਸਾ ਹੋਇਆ ਹੈ ਕਿ ਪੰਜਾਬ 'ਚ ਅਦਾਲਤਾਂ ਨਸ਼ੇੜੀਆਂ ਨੂੰ ਨਸ਼ਾ-ਛੁਡਾਊ ਕੇਂਦਰਾਂ 'ਚ ਭੇਜਣ ਦੀ ਥਾਂ ਜੇਲ੍ਹਾਂ ਵਿਚ ਹੀ ਭੇਜ ਰਹੀਆਂ ਹਨ, ਹਾਲਾਂਕਿ ਕਾਨੂੰਨ ਅਨੁਸਾਰ ਅਜਿਹੇ ਵਿਅਕਤੀਆਂ ਨੂੰ ਨਸ਼ਾ ਛਡਾਊ ਕੇਂਦਰਾਂ 'ਚ ਭੇਜਿਆ ਜਾਣਾ ਚਾਹੀਦਾ ਹੈ।

ਵਿਧੀ ਸੈਂਟਰ ਫਾਰ ਲੀਗਲ ਪਾਲਿਸੀ ਵੱਲੋਂ 'ਨਸ਼ੇ ਤੋਂ ਜੇਲ੍ਹ ਤੱਕ ਦਾ ਸਫਰ-ਐਨ.ਡੀ.ਪੀ.ਐਸ. ਐਕਟ ਉਤੇ ਅਮਲ' ਨਾਂ ਦਾ ਅਧਿਐਨ ਕੀਤਾ ਗਿਆ ਹੈ। ਸਾਬਕਾ ਕੇਂਦਰੀ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ, ਸਾਬਕਾ ਚੀਫ ਜਸਟਿਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਜਸਟਿਸ ਮੁਕੁਲ ਮੁਦਗਲ ਅਤੇ ਸਾਬਕਾ ਵਧੀਕ ਸਾਲਿਸਿਟਰ ਜਨਰਲ ਕੇ.ਵੀ. ਵਿਸ਼ਵਨਾਥਨ ਦੀ ਹਾਜ਼ਰੀ 'ਚ ਇਸ ਅਧਿਐਨ ਦੀ ਰਿਪੋਰਟ ਜਾਰੀ ਕੀਤੀ ਗਈ। ਸਾਰਿਆਂ ਕਿਹਾ ਕਿ ਇਹ ਅਧਿਐਨ ਇਸ ਗੱਲ ਦਾ ਪ੍ਰਤੀਕ ਹੈ ਕਿ ਨਸ਼ੇੜੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ 'ਚ ਭੇਜਣ ਦੀ ਥਾਂ ਉਨ੍ਹਾਂ ਨੂੰ ਜੇਲ੍ਹ 'ਚ ਸੁੱਟਣ ਨਾਲ ਉਹ ਨਸ਼ਾ ਤਸਕਰ ਬਣਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ੇੜੀਆਂ ਦੀ ਥਾਂ ਨਸ਼ੇ ਦੇ ਕਾਰੋਬਾਰੀਆਂ ਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ। ਅਧਿਐਨ 'ਚ ਕਿਹਾ ਗਿਆ ਹੈ ਕਿ ਐਨ.ਡੀ.ਪੀ.ਐਸ. ਐਕਟ ਦੇ ਸੈਕਸ਼ਨ 39 ਅਤੇ 64-ਏ ਮੁਤਾਬਕ ਜਿਨ੍ਹਾਂ ਵਿਅਕਤੀਆਂ ਕੋਲੋਂ ਛੋਟੀ ਮਾਤਰਾ 'ਚ ਨਸ਼ਾ ਫੜਿਆ ਜਾਂਦਾ ਹੈ, ਉਨ੍ਹਾਂ ਨੂੰ ਜੇਲ੍ਹ 'ਚ ਭੇਜਣ ਦੀ ਥਾਂ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਨਸ਼ਾ ਛੁਡਾਊ ਕੇਂਦਰ 'ਚ ਭੇਜਿਆ ਜਾਣਾ ਚਾਹੀਦਾ ਹੈ। 2013 ਤੋਂ 2015 ਤੱਕ ਅਦਾਲਤ 'ਚ ਪੇਸ਼ ਕੀਤੇ ਕਿਸੇ ਵੀ ਵਿਅਕਤੀ ਨੂੰ ਨਸ਼ਾ ਛੁਡਾਊ ਕੇਂਦਰਾਂ 'ਚ ਨਹੀਂ ਭੇਜਿਆ ਗਿਆ।

ਅਧਿਐਨ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਵੱਖ-ਵੱਖ ਜੱਜਾਂ ਅਤੇ ਵਕੀਲਾਂ ਦੀਆਂ ਇੰਟਰਵਿਊਜ਼ ਤੋਂ ਪਤਾ ਲਗਾ ਹੈ ਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਵੀ ਇਸ ਕਾਨੂੰਨ ਬਾਰੇ ਜਾਣਕਾਰੀ ਨਹੀਂ ਹੈ। ਇਸ ਤੋਂ ਇਲਾਵਾ ਇਸ 'ਚ ਕਿਹਾ ਗਿਆ ਕਿ ਪੰਜਾਬ 'ਚ ਸਮੱਸਿਆ ਇਹ ਹੈ ਕਿ ਪੁਲਿਸ ਅਤੇ ਅਦਾਲਤਾਂ ਵੱਲੋਂ ਨਸ਼ੇੜੀਆਂ ਨੂੰ 'ਲੋਕਾਂ ਦੀ ਸਿਹਤ ਨਾਲ ਜੁੜੀ ਸਮੱਸਿਆ' ਸਮਝਣ ਦੀ ਬਜਾਇ ਅਪਰਾਧੀਆਂ ਵਜੋਂ ਦੇਖਿਆ ਜਾਂਦਾ ਹੈ। ਜਸਟਿਸ ਮੁਗਦਲ ਕਿਹਾ ਕਿ ਨਸ਼ੇੜੀਆਂ ਨੂੰ ਨਸ਼ਾ ਤਸਕਰੀ ਲਈ ਬਲੀ ਦਾ ਬੱਕਰਾ ਬਣਾਇਆ ਜਾਂਦਾ ਹੈ। ਅਧਿਐਨ ਦੀ ਰਿਪੋਰਟ 'ਚ ਦੱਸਿਆ ਕਿ ਮੌਜੂਦਾ ਸਮੇਂ ਸੂਬੇ 'ਚ 31 ਸਰਕਾਰੀ ਨਸ਼ਾ ਛਡਾਊ ਕੇਂਦਰ ਹਨ, ਜਿਨ੍ਹਾਂ 'ਚੋਂ 26 ਕਿਰਿਆਸ਼ੀਲ ਹਨ। ਸਰਕਾਰ ਵੱਲੋਂ 21 ਨਸ਼ਾ ਛੁਡਾਊ ਕੇਂਦਰਾਂ ਨੂੰ ਮਾਨਤਾ ਦਿੱਤੀ ਗਈ ਜਿਨ੍ਹਾਂ 'ਚੋਂ 17 ਚਾਲੂ ਹਨ। ਇਸ ਤੋਂ ਇਲਾਵਾ ਪੰਜਾਬ 'ਚ ਸਿਰਫ 11 ਇੰਟਰਗ੍ਰੇਟਿਡ ਨਸ਼ਾ ਛੁਡਾਊ ਕੇਂਦਰ ਹਨ ਜਦਕਿ ਮਹਾਰਾਸ਼ਟਰ 'ਚ ਇਹ ਗਿਣਤੀ 59, ਕਰਨਾਟਕ 'ਚ 34 ਅਤੇ ਉੜੀਸਾ ਵਿਚ 33 ਹਨ।

# ਅਮਰੀਕੀ ਸੈਨੇਟਰ ਜੌਹਨ ਮੈਕੇਨ ਦਾ ਦੇਹਾਂਤ

**ਨਿਊ ਯਾਰਕ:** ਅਮਰੀਕੀ ਸੈਨੇਟਰ ਤੇ ਵੀਅਤਨਾਮ ਜੰਗ ਦੇ ਯੋਧੇ ਜੌਹਨ ਮੈਕੇਨ ਦਾ ਦੇਹਾਂਤ ਹੋ ਗਿਆ। ਉਹ 81 ਸਾਲ ਦੇ ਸਨ। ਮੈਕੇਨ ਛੇ ਵਾਰ ਐਰੀਜ਼ੋਨਾ ਤੋਂ ਸੈਨੇਟਰ ਰਹੇ। ਉਹ ਦਿਮਾਗ ਦੇ ਕੈਂਸਰ ਤੋਂ ਪੀੜਤ ਸਨ ਤੇ ਉਹ 2017 ਤੋਂ ਇਲਾਜ ਕਰਵਾ ਰਹੇ ਸਨ। ਉਨ੍ਹਾਂ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਆਪਣਾ ਕੈਂਸਰ ਦਾ ਇਲਾਜ ਕਰਾਉਣਾ ਬੰਦ ਕਰ ਦਿੱਤਾ ਸੀ। ਵੀਅਤਨਾਮ ਜੰਗ ਸਮੇਂ ਮੈਕੇਨ ਨੂੰ ਪੰਜ ਸਾਲ ਜੇਲ੍ਹ 'ਚ ਗੁਜ਼ਾਰਨੇ ਪਏ ਸਨ।



ਮੈਕੇਨ ਦੀ ਪਤਨੀ ਸਿੰਡੀ ਮੈਕੇਨ ਨੇ ਕਿਹਾ, 'ਮੈਂ ਖੁਸ਼ਕਿਸਮਤ ਹਾਂ ਕਿ ਮੈਂ ਇਕ ਜ਼ਿੰਦਾਦਿਲ ਇਨਸਾਨ ਨਾਲ ਜ਼ਿੰਦਗੀ ਦੇ 38 ਵਰ੍ਹੇ ਬਿਤਾਏ। ਉਹ ਸਾਰੀ ਜ਼ਿੰਦਗੀ ਆਪਣੀਆਂ ਸ਼ਰਤਾਂ 'ਤੇ ਜਿਉਂਦੇ ਰਹੇ।' ਆਖਰੀ ਸਮੇਂ ਮੈਕੇਨ ਕੋਲ ਉਨ੍ਹਾਂ ਦੇ ਪਰਿਵਾਰ ਮੈਂਬਰ ਤੇ ਹੋਰ ਨਜ਼ਦੀਕੀ ਹੀ ਸਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ, 'ਅਸੀਂ ਸਾਰੇ ਉਨ੍ਹਾਂ ਦੇ ਕਰਜ਼ਦਾਰ ਹਾਂ।' ਮੈਕੇਨ 2008 ਦੀਆਂ ਰਾਸ਼ਟਰਪਤੀ ਚੋਣਾਂ 'ਚ ਓਬਾਮਾ ਤੋਂ ਹਾਰ ਗਏ ਸਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਮੈਕੇਨ ਲਈ ਉਨ੍ਹਾਂ ਦੇ ਦਿਲ 'ਚ ਬਹੁਤ ਇੱਜ਼ਤ ਹੈ। ਮੈਕੇਨ ਦੇ ਦੇਹਾਂਤ 'ਤੇ ਵੱਖ-ਵੱਖ ਸਿਆਸੀ ਆਗੂਆਂ ਨੇ ਦੁੱਖ ਜ਼ਾਹਿਰ ਕੀਤਾ ਹੈ।

# '84 ਦੇ ਦੋਸ਼ੀਆਂ ਨੂੰ ਫਾਹੇ ਲਾ ਕੇ ਹੀ ਸਿੱਖਾਂ ਦਾ ਮਨ ਜਿੱਤਿਆ ਜਾ ਸਕਦੈ-ਨਈਅਰ

*ਹਿੰਦੋਸਤਾਨ ਦੇ ਪੱਤਰਕਾਰੀ ਖੇਤਰ ਵਿਚ ਇਕ ਸਤਿਕਾਰਯੋਗ ਥਾਂ ਰੱਖਣ ਵਾਲੇ ਪੱਤਰਕਾਰ ਕੁਲਦੀਪ ਨਈਅਰ ਬਾਰੇ ਪੰਜਾਬੀਆਂ ਦੇ ਮਨਾਂ 'ਚ ਵੀ ਹਮੇਸ਼ਾ ਡੂੰਘਾ ਅਦਬ ਇਸ ਕਰਕੇ ਰਿਹਾ ਹੈ ਕਿ ਉਨ੍ਹਾਂ ਨੇ ਪੰਜਾਬ ਦੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਅਤੇ ਡੂੰਘਾਈ 'ਚ ਜਾ ਕੇ ਵਧੀਆ ਢੰਗ ਨਾਲ ਪੇਸ਼ ਕਰਨ ਦਾ ਸਫਲ ਯਤਨ ਕੀਤਾ ਹੈ-ਗੱਲ ਚਾਹੇ ਭਾਰਤ-ਪਾਕਿ ਸੰਬੰਧਾਂ ਦੀ ਹੋਵੇ, ਬਲੂ ਸਟਾਰ ਅਪਰੇਸ਼ਨ ਜਾਂ '84 ਦੇ ਸਿੱਖ ਕਤਲੇਆਮ ਦੀ। ਕਰੀਬ 95 ਵਰ੍ਹਿਆਂ ਦੀ ਉਮਰ ਵਿਚ ਚਲਾਣੇ ਤੱਕ ਵੀ ਉਹ ਪੱਤਰਕਾਰੀ ਨਾਲ ਗਹਿਗੱਚ ਰਹੇ ਹਨ। ਖਬਰ ਏਜੰਸੀ ਪ੍ਰੈਸ ਟਰੱਸਟ ਆਫ ਇੰਡੀਆ (ਪੀ.ਟੀ.ਆਈ.), ਬਰਤਾਨੀਆ ਵਿਚ ਭਾਰਤੀ ਹਾਈ ਕਮਿਸ਼ਨਰ ਅਤੇ ਅਨੇਕਾਂ ਹੋਰ ਅਹਿਮ ਅਹੁਦਿਆਂ 'ਤੇ ਕੰਮ ਕਰ ਚੁਕੇ ਸਵਰਗੀ ਸ੍ਰੀ ਨਈਅਰ ਦੀ ਸ਼ਖਸੀਅਤ ਤੋਂ ਹਰ ਪੰਜਾਬੀ ਵਾਕਿਫ ਹੈ। ਕੁਲਦੀਪ ਨਈਅਰ ਦੇ ਚਲਾਣੇ 'ਤੇ ਸ਼ਰਧਾਂਜਲੀ ਵਜੋਂ ਪੇਸ਼ ਹਨ ਕਾਲਮਨਵੀਸ ਐਸ. ਅਸ਼ੋਕ ਭੌਰਾ ਵਲੋਂ 2010 ਵਿਚ ਉਨ੍ਹਾਂ ਦੀ ਅਮਰੀਕਾ ਫੇਰੀ ਦੌਰਾਨ ਕੀਤੀ ਗਈ ਗੱਲਬਾਤ ਦੇ ਅਹਿਮ ਅੰਸ਼। -ਸੰਪਾਦਕ*

**? ਨਈਅਰ ਸਾਹਿਬ ਤੁਸੀਂ ਗਦਰ ਮੈਮੋਰੀਅਲ ਫਾਊਂਡੇਸ਼ਨ ਵਲੋਂ ਕਰਵਾਈ ਗਈ ਇਸ ਅਹਿਮ ਕਾਨਫਰੰਸ ਵਿਚ ਹਿੱਸਾ ਲੈਣ ਲਈ ਉਚੇਚੇ ਤੌਰ 'ਤੇ ਪਹੁੰਚੇ ਹੋ। ਕਿਵੇਂ ਮਹਿਸੂਸ ਹੋ ਰਿਹੈ?**

-ਮੈਂ ਆਪਣੇ ਆਪ ਨੂੰ ਬਹੁਤ ਖੁਸ਼ਕਿਸਮਤ ਮਹਿਸੂਸ ਕਰਦਾਂ ਕਿ ਗਦਰੀ ਬਾਬਿਆਂ ਸਬੰਧੀ ਸਮਾਗਮ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ। ਗਦਰੀ ਬਾਬਿਆਂ ਬਾਰੇ ਸੁਣਿਆ ਵੀ ਸੀ ਤੇ ਥੋੜ੍ਹਾ ਪੜ੍ਹਿਆ ਵੀ ਸੀ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਚਲ ਰਹੇ ਸੰਗਰਾਮ ਵਿਚ ਬਾਬਾ ਸੋਹਣ ਸਿੰਘ ਭਕਨਾ ਹੋਰਾਂ ਨੇ ਅਮਰੀਕਾ ਤੋਂ ਜੋ ਲਹਿਰ ਚਲਾਈ, ਉਹਨੇ ਇਸ ਦਾ ਰੁਖ ਹੀ ਬਦਲ ਕੇ ਰੱਖ ਦਿੱਤਾ। ਸ. ਕਰਤਾਰ ਸਿੰਘ ਸਰਾਭਾ ਦਾ ਇਸੇ ਲਹਿਰ ਤੋਂ ਪ੍ਰਭਾਵਿਤ ਹੋ ਕੇ ਦੇਸ਼ ਲਈ ਕੁਰਬਾਨ ਹੋ ਜਾਣਾ ਆਜ਼ਾਦੀ ਇਤਿਹਾਸ ਦਾ ਅਹਿਮ ਅਧਿਆਇ ਸੀ। ਜਿਸ ਲਹਿਰ ਦੀ ਸ਼ਤਾਬਦੀ 2013 ਵਿਚ ਅਮਰੀਕਾ 'ਚ ਮਨਾਈ ਜਾ ਰਹੀ ਹੈ, ਉਸ ਦੇ ਅਗਾਊਂ ਯਤਨਾਂ 'ਚ ਮੇਰੀ ਹਾਜ਼ਰੀ, ਮੈਂ ਆਪਣੇ ਧੰਨਭਾਗ ਮੰਨਦਾ ਹਾਂ ਤੇ ਇਹਦੇ ਲਈ ਚਰਨ ਜੱਜ ਤੇ ਕੁਲਦੀਪ ਧਾਲੀਵਾਲ ਦੇ ਉਦਮ ਦੀ ਵੀ ਸ਼ਲਾਘਾ ਕਰਦਾ ਹਾਂ।

**? ਇਸ ਵਾਰ ਦੀ ਕਾਨਫਰੰਸ ਵਿਚ ਜਿਹੜੇ ਕੁਝ ਅਹਿਮ ਮਤੇ ਰੱਖੇ ਗਏ ਹਨ, ਮਸਲਨ ਗਦਰ ਲਹਿਰ ਦੀ ਸ਼ਤਾਬਦੀ ਮੌਕੇ ਡਾਕ ਟਿਕਟ ਜਾਰੀ ਕਰਵਾਉਣਾ, ਗਦਰੀ ਬਾਬਿਆਂ ਦੇ ਪਿੰਡਾਂ ਨੂੰ ਜਾਂਦੇ ਮਾਰਗਾਂ ਦੇ ਨਾਂ ਉਨ੍ਹਾਂ ਦੇ ਨਾਂ 'ਤੇ ਰੱਖਣੇ ਅਤੇ ਮੌਲਵੀ ਬਰਕਤ ਉਲ੍ਹਾ ਦੀ ਕਬਰ ਨੂੰ ਕੌਮੀ ਯਾਦਗਾਰ ਬਣਾਉਣਾ, ਇਹ ਮਤੇ ਕੀ ਤੁਸੀਂ ਭਾਰਤ ਸਰਕਾਰ ਦੇ ਧਿਆਨ ਵਿਚ ਲਿਆਉਗੇ?**

-ਇਹ ਤਾਂ ਮੈਂ ਕਹਿ ਨਹੀਂ ਸਕਦਾ ਕਿ ਉਥੇ ਮੇਰੀ ਗੱਲ ਕਿੰਨੀ ਸੁਣੀ ਜਾਵੇਗੀ ਜਾਂ ਮੰਨੀ ਜਾਵੇਗੀ ਪਰ ਇਹ ਜ਼ਰੂਰ ਹੈ ਕਿ ਮੈਂ ਹਰ ਮਤੇ ਦੀ ਭਾਵਨਾ ਸਰਕਾਰ ਤੀਕ ਪਹੁੰਚਦੀ ਜ਼ਰੂਰ ਕਰ ਦਿਆਂਗਾ। ਮੈਂ ਸਪੱਸ਼ਟ ਵੀ ਕਰ ਦਿਆਂ ਕਿ ਹਿੰਦੋਸਤਾਨ ਵਿਚ ਗਦਰੀ ਬਾਬਿਆਂ ਦਾ ਬੜਾ ਘੱਟ ਨਾਮ ਹੈ ਤੇ ਇਥੋਂ ਤੀਕਰ ਕਿ ਕਈਆਂ ਨੂੰ ਸ਼ਾਇਦ ਪਤਾ ਵੀ ਨਾ ਹੋਵੇ, ਹਾਲਾਂ ਕਿ ਉਨ੍ਹਾਂ ਦੀ ਕੁਰਬਾਨੀ ਏਨੀ ਜ਼ਿਆਦਾ ਹੈ ਕਿ ਸਿਰ ਝੁਕਦੈ। ਪੰਜਾਬ 'ਚ ਨ੍ਹੀਂ ਪਤਾ, ਦਿੱਲੀ 'ਚ ਨ੍ਹੀਂ ਪਤਾ, ਮੈਂ ਪਹਿਲਾਂ ਇਹਦੇ ਬਾਰੇ ਸੱਚ ਨੂੰ ਉਥੇ ਖਾਨੇ 'ਚ ਪਾਵਾਂਗਾ। ਗਦਰੀ ਬਾਬਿਆਂ ਬਾਰੇ ਸਕੂਲਾਂ, ਕਾਲਜਾਂ ਦੀਆਂ ਕਿਤਾਬਾਂ ਵਿਚ ਚੈਪਟਰ ਸ਼ਾਮਿਲ ਕਰਨ ਬਾਰੇ ਜਿਹੜੀ ਅਹਿਮ ਗੱਲ ਹੋਈ ਹੈ, ਪਹਿਲਾਂ ਉਸ ਨੂੰ ਅਮਲ ਵਿਚ ਲਿਆਉਣ ਦਾ ਯਤਨ ਕਰਾਂਗਾ। ਦੇਖੋ ਜਿਵੇਂ ਸ਼ਹੀਦ ਭਗਤ ਸਿੰਘ ਹੋਰਾਂ ਨੂੰ ਬੜੇ ਸਤਿਕਾਰ ਨਾਲ ਯਾਦ ਕੀਤਾ ਜਾ ਰਿਹਾ ਹੈ, ਇਵੇਂ ਗਦਰੀ ਬਾਬਿਆਂ ਬਾਰੇ ਵੀ ਹਰ ਕੋਈ ਜਾਣੇ। ਮੈਂ ਅਮਰੀਕਾ 'ਚ ਗਦਰੀ ਬਾਬਿਆਂ ਦੇ ਮੇਲਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਆਪ ਵੀ ਇਤਿਹਾਸ ਤੋਂ ਜਾਣੂ ਹੋਣ ਅਤੇ ਨਵੀਂ ਪੀੜ੍ਹੀ ਨੂੰ ਵੀ ਜਾਗਰੂਕ ਕਰਨ, ਫੇਰ ਹੀ ਸਹੀ ਅਰਥਾਂ ਵਿਚ ਉਨ੍ਹਾਂ ਦੀਆਂ ਯਾਦਾਂ ਸਦੀਵੀ ਤੌਰ 'ਤੇ ਚਲਦੀਆਂ ਰਹਿਣਗੀਆਂ।

**? ਜਿਸ ਕਾਨਫਰੰਸ ਵਿਚ ਤੁਸੀਂ ਭਾਗ ਲੈਣ ਆਏ ਸੀ, ਕੀ ਉਹ ਆਪਣੇ ਮਿੱਥੇ ਗਏ ਮਿਸ਼ਨ ਵਿਚ ਮੁਕੰਮਲ ਸੀ?**

-ਮੈਂ ਇਸਨੂੰ ਬਿਲਕੁਲ ਸਫਲ ਆਖਾਂਗਾ। 2013 ਵਿਚ ਮਨਾਈ ਜਾਣ ਵਾਲੀ ਗਦਰੀ ਬਾਬਿਆਂ ਦੀ ਸ਼ਤਾਬਦੀ ਪ੍ਰਤੀ ਆਮ ਲੋਕਾਂ ਨੂੰ ਜੋੜਨ ਦੀ ਜੋ ਵਿਉਂਤ ਬਣ ਰਹੀ ਹੈ, ਉਹ ਆਪਣੇ ਇਤਿਹਾਸ ਵਲ ਮੂੰਹ ਘੁਮਾਉਣ ਵਾਲੀ ਗੱਲ ਹੈ। ਇਥੇ ਆ ਕੇ ਮੇਰੀ ਵੀ ਜਾਣਕਾਰੀ ਵਿਚ ਬਹੁਤ ਸਾਰੀਆਂ ਗੱਲਾਂ ਨਵੀਆਂ ਸ਼ਾਮਲ ਹੋਈਆਂ ਹਨ। ਅਸੀਂ ਇਕ ਸਥਾਨਕ ਡਾਕਖਾਨੇ ਵਿਚ ਗਏ ਤਾਂ ਸਾਨੂੰ ਇਕ ਰਜਿਸਟਰ ਦੇਖਣ ਦਾ ਮੌਕਾ ਮਿਲਿਆ ਕਿ ਕਿਵੇਂ ਆਜ਼ਾਦੀ ਸੰਗਰਾਮ ਨੂੰ ਸਫਲ ਬਣਾਉਣ ਲਈ ਗਦਰੀ ਬਾਬਿਆਂ ਅਤੇ ਹੋਰ ਲੋਕਾਂ ਨੇ ਦਸ-ਦਸ ਡਾਲਰ ਵੀ ਇੰਡੀਆ ਭੇਜੇ। ਇਸ ਗੱਲ ਤੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਆਪਣੇ ਮੁਲਕ ਨੂੰ ਆਜ਼ਾਦ ਵੇਖਣ ਦੀ ਕਿੰਨੀ ਲਗਨ ਸੀ। ਮੰਨਣਾ ਪਵੇਗਾ ਕਿ ਗਦਰ ਮੈਮੋਰੀਅਲ ਫਾਊਂਡੇਸ਼ਨ ਦਾ ਯਤਨ ਤੇ ਕਾਨਫਰੰਸ ਦਾ ਮਿਸ਼ਨ ਸਫਲ ਸੀ। ਮੈਂ ਪੰਜਾਬ ਸਰਕਾਰ ਤੱਕ ਵੀ ਇਹ ਸੋਚ ਪਹੁੰਚਦੀ ਕਰਾਂਗਾ ਕਿ ਜੇ ਖਾਲਸਾ ਸਥਾਪਨਾ ਦੇ ਤਿੰਨ ਸੌ ਵਰ੍ਹੇ ਮਨਾਏ ਜਾ ਸਕਦੇ ਹਨ ਤਾਂ ਗਦਰ ਲਹਿਰ ਦੀ ਸ਼ਤਾਬਦੀ ਮਨਾਉਣ ਵਿਚ ਸਹਿਯੋਗ ਕਿਉਂ ਨਹੀਂ ਦਿੱਤਾ ਜਾ ਸਕਦਾ? ਮੇਰਾ ਮੰਨਣਾ ਹੈ ਕਿ 2013 ਵਿਚ ਸਰਕਾਰੀ ਨੁਮਾਇੰਦਗੀ ਵੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

**? 1984 ਵਿਚ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜੋ ਹੋਇਆ, ਉਹਨੂੰ ਅਸੀਂ ਸਿੱਖ ਕਤਲੇਆਮ ਕਹਾਂਗੇ। ਏਨੀ ਵੱਡੀ ਗਿਣਤੀ ਵਿਚ ਸਿੱਖ ਤੇ ਪੰਜਾਬੀ ਕਤਲ ਹੋਏ, ਜਿਹਦੇ ਲਈ ਤੁਸੀਂ ਵੀ ਅੱਖ ਭਰੀ ਹੈ। ਸੱਜਣ ਕੁਮਾਰ ਹੋਵੇ, ਚਾਹੇ ਜਗਦੀਸ਼ ਟਾਈਟਲਰ-ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਹੋਈ। ਹਾਲੇ ਤੱਕ ਇਕ ਵੀ ਦੋਸ਼ੀ ਫਾਹੇ ਨਹੀਂ ਲੱਗਾ। ਕੀ ਕਹੋਗੇ ਦੇਸ਼ ਦੀ ਨਿਆਂ ਪ੍ਰਣਾਲੀ ਬਾਰੇ?**

-ਤਿੰਨ ਹਜ਼ਾਰ ਦੇ ਕਰੀਬ ਸਿੱਖਾਂ ਦਾ ਸਿਰਫ ਦਿੱਲੀ ਵਿਚ ਕਤਲ ਹੋਇਆ। ਸਾਰੇ ਜਾਣਦੇ ਸਨ ਕਿ ਉਸ ਵੇਲੇ ਸਰਕਾਰ ਕਾਂਗਰਸ ਦੀ ਸੀ, ਇਹ ਕਤਲ ਕਰਨ ਵਾਲੇ ਲੋਕ ਕੌਣ ਸਨ? ਹਥਿਆਰ ਕਿਥੋਂ ਆਏ? ਪੁਲਿਸ ਤਮਾਸ਼ਬੀਨ ਕਿਉਂ ਬਣੀ? ਸਾਫ ਜ਼ਾਹਿਰ ਹੈ ਕਿ ਇਹਦੇ ਵਿਚ ਸਰਕਾਰ ਦਾ ਹੱਥ ਸੀ। ਰਾਜੀਵ ਗਾਂਧੀ ਗੱਦੀ 'ਤੇ ਬਿਰਾਜਮਾਨ ਹੁੰਦਿਆਂ ਇਹ ਆਖਦਾ ਹੈ ਕਿ 'ਜਦੋਂ ਵੱਡਾ ਦਰਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ', ਇਸ ਤੋਂ ਸਾਫ ਜ਼ਾਹਿਰ ਹੈ ਕਿ ਇਨ੍ਹਾਂ ਕਤਲਾਂ ਨੂੰ ਜਾਇਜ਼ ਠਹਿਰਾਉਣ ਦੀ ਤਸਦੀਕ ਕੀਤੀ ਜਾ ਰਹੀ ਹੈ। ਦਰਬਾਰ ਸਾਹਿਬ 'ਚ ਜੋ ਅਪਰੇਸ਼ਨ ਕੀਤਾ ਗਿਆ, ਉਹ ਸਰਾਸਰ ਗ਼ਲਤ ਸੀ। ਉਹਦੇ ਲਈ ਜਿੰਨੀ ਵੀ ਮੁਆਫੀ ਮੰਗੀ ਜਾਵੇ, ਸਿੱਖ ਹਿਰਦਿਆਂ ਨੂੰ ਸ਼ਾਂਤੀ ਨਹੀਂ ਮਿਲੇਗੀ ਕਿਉਂਕਿ ਹਰ ਸਿੱਖ ਦੀਆਂ ਭਾਵਨਾਵਾਂ ਦਰਬਾਰ ਸਾਹਿਬ ਤੇ ਅਕਾਲ ਤਖਤ ਨਾਲ ਜੁੜੀਆਂ ਹੋਈਆਂ ਹਨ। ਜੋ ਪੰਜਾਬ ਦਾ ਕਲਚਰ ਹੈ, ਉਹ ਸਿੱਖ ਕਲਚਰ ਹੈ। ਦਰਬਾਰ ਸਾਹਿਬ ਸਾਰੇ ਪੰਜਾਬੀਆਂ ਦਾ ਸਾਂਝਾ ਹੈ, ਉਹਦੇ ਨਾਲ ਮੈਂ ਤਾਂ ਕਹਾਂਗਾ ਕਿ ਹਰ ਪੰਜਾਬੀ ਦੀ ਸ਼ਰਧਾ ਜੁੜੀ ਹੋਈ ਹੈ। 1984 ਵਿਚ ਅਤਿ ਮਚਾਉਣ ਦੇ ਜਿਹੜੇ ਵੀ ਮੁਜ਼ਰਿਮ ਸਨ, ਉਨ੍ਹਾਂ ਨੂੰ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ। ਦੇਸ਼ ਦਾ ਕਾਨੂੰਨ ਹਰ ਇਕ ਲਈ ਬਰਾਬਰ ਹੈ। ਇਹ ਸਾਰਾ ਕੁਝ ਇਕੱਲੇ ਸਿੱਖਾਂ ਨਾਲ ਨਾ ਆਖੋ ਕਿ ਹੋਇਆ, ਇਹ ਸਭ ਕੁਝ ਮੇਰੇ ਵਤਨ ਦੇ ਲੋਕਾਂ ਨਾਲ ਹੋਇਆ। ਸਿੱਖ ਵੀ ਉਸ ਮੁਲਕ ਦੀਆਂ ਸੱਜੀਆਂ-ਖੱਬੀਆਂ ਬਾਹਾਂ ਦੇ ਹਿੱਸੇ ਨੇ। ਦੇਸ਼ ਦੀ ਆਜ਼ਾਦੀ 'ਚ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਪਿੱਛੇ ਨਹੀਂ ਛੱਡਿਆ ਜਾ ਸਕਦਾ। ਸਵਾਲ ਹੈ ਕਿ ਫਿਰ ਕਿਉਂ ਨਹੀਂ ਸਜ਼ਾਵਾਂ ਹੋ ਰਹੀਆਂ? ਸੱਜਣ ਕੁਮਾਰ ਤੁਰਿਆ ਫਿਰਦੈ, ਟਾਈਟਲਰ ਵੀ, ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤੇ ਉਹ ਵੀ ਸਖ਼ਤ।

**? ਡਾ. ਮਨਮੋਹਨ ਸਿੰਘ ਨੇ ਐਤਕਾਂ ਪ੍ਰਧਾਨ ਮੰਤਰੀ ਬਣਦਿਆਂ ਹੀ ਪਹਿਲਾਂ ਪਾਰਲੀਮੈਂਟ 'ਚ ਤੇ ਹੁਣ ਕੈਨੇਡਾ ਆ ਕੇ ਵੀ '84 ਦੇ ਸਿੱਖ ਘਾਣ ਲਈ ਮੁਆਫੀ ਮੰਗੀ ਹੈ। ਚਲੋ ਇਹ ਉਨ੍ਹਾਂ ਦੀ ਫਰਾਖ-ਦਿਲੀ ਹੈ ਤੇ ਨਾਲ ਹੀ ਉਨ੍ਹਾਂ ਇਹ ਵੀ ਆਖਿਆ ਕਿ ਇਸ ਨੂੰ ਭੁਲਾ ਦੇਣਾ ਚਾਹੀਦੈ। ਪਰ ਏਡੇ ਦੁਖਾਂਤਕ ਘਟਨਾਕ੍ਰਮ ਨੂੰ ਭੁਲਾਉਣਾ ਔਖਾ ਹੈ? ਜੇ ਇਕ ਵੀ ਦੋਸ਼ੀ ਫਾਹੇ ਲੱਗ ਜਾਵੇ ਤਾਂ ਸਿੱਖ ਹਿਰਦੇ ਕੁਝ ਸ਼ਾਂਤ ਜ਼ਰੂਰ ਹੋ ਸਕਦੇ ਨੇ। ਕੀ ਕਹੋਗੇ?**

-ਦੇਖੋ, ਮੈਂ ਪਹਿਲਾਂ ਕਿਹਾ ਹੈ ਕਿ ਦੋਸ਼ੀ ਜਿਹੜਾ ਵੀ ਹੋਵੇ, ਉਹਨੂੰ ਸਜ਼ਾ ਜ਼ਰੂਰ ਮਿਲੇ। ਅਸ਼ੋਕ, ਕੋਈ ਏਨਾ ਕੁਝ ਕਰੇ ਤੇ ਉਹਨੂੰ ਸਜ਼ਾ ਨਾ ਮਿਲੇ ਤਾਂ ਲੋਕ ਸ਼ਾਂਤ ਕਿਵੇਂ ਹੋਣਗੇ? ਰਿਕਾਰਡ ਗੁੰਮ ਹੈ, ਫਾਈਲਾਂ ਨਹੀਂ ਮਿਲਦੀਆਂ, ਇਹ ਕੀ ਹੈ? ਚਲੋ ਮੰਨ ਲੈਂਦੇ ਹਾਂ ਕਿ ਪ੍ਰਧਾਨ ਮੰਤਰੀ ਦੇ ਕਹਿਣ ਅਨੁਸਾਰ ਪਿੱਛਾ ਭੁੱਲ ਕੇ ਅੱਗੇ ਦੇਖਣਾ ਚਾਹੀਦੈ ਪਰ ਲੋਕਾਂ ਦੇ ਦਿਲ ਤਾਂ ਜਿੱਤੋ। ਇਹ ਵਿਸ਼ਵਾਸ ਤਾਂ ਬਹਾਲ ਕਰੋ ਕਿ ਅੱਗੋਂ ਕਦੀ ਨਹੀਂ ਹੋਵੇਗਾ। ਪਹਿਲਾਂ '84 ਵਿਚ ਦਿੱਲੀ ਤੇ ਹੋਰ ਥਾਂਵਾਂ ਉਤੇ ਪੰਜਾਬੀਆਂ ਤੇ ਸਿੱਖਾਂ ਨਾਲ ਹੋਇਆ, ਉਸ ਤੋਂ ਪਿੱਛੋਂ ਜੋ ਗੁਜਰਾਤ 'ਚ ਮੁਸਲਮਾਨਾਂ ਨਾਲ ਹੋਇਆ, ਉਹ ਕੀ ਸੀ? ਇਹ ਵਾਰ-ਵਾਰ ਸਭ ਕੁਝ ਕਿਉਂ ਹੋ ਰਿਹਾ? ਇਹ ਵੀ ਤਾਂ ਵਿਚਾਰਨ ਵਾਲੀ ਗੱਲ ਹੈ। ਜਿਹੜੇ ਉਸ ਵੇਲੇ ਬਿਊਰੋਕਰੈਟ ਸਨ, ਅਫਸਰ ਸਨ ਅਤੇ ਰਾਜਨੀਤਕ ਲੋਕ ਸਨ, ਉਹ ਹਾਲੇ ਹੈਗੇ ਨੇ, ਉਨ੍ਹਾਂ ਨੂੰ ਨੰਗੇ ਤਾਂ ਕਰੋ, ਸਜ਼ਾਵਾਂ ਤਾਂ ਦਿਓ। ਪੰਜਾਬ ਸਰਕਾਰ ਨੂੰ ਵੀ ਤੇ ਕੇਂਦਰ ਸਰਕਾਰ ਨੂੰ ਵੀ ਅਜਿਹਾ ਮਾਹੌਲ ਬਣਾ ਕੇ ਦੇਣਾ ਪਵੇਗਾ ਕਿ ਹਰ ਕੋਈ ਸੁਰੱਖਿਅਤ ਮਹਿਸੂਸ ਕਰਨ ਲੱਗੇ।



*ਐਸ. ਅਸ਼ੋਕ ਭੌਰਾ (ਖੱਬੇ) ਸ੍ਰੀ ਕੁਲਦੀਪ ਨਈਅਰ ਨਾਲ ਗੱਲ ਕਰਦੇ ਹੋਏ (ਤਸਵੀਰ: ਸ਼ਿਆਰਾ ਢੀਂਡਸਾ)*

**? ਜੋ ਪਹਿਲਾਂ ਦਿੱਲੀ 'ਚ ਹੋਇਆ, ਫਿਰ ਗੁਜਰਾਤ 'ਚ ਹੋਇਆ, ਉਹ ਬਿਲਕੁਲ ਸਮਾਨੰਤਰ ਸੀ। ਜਰਨੈਲ ਸਿੰਘ ਵਰਗੇ ਪੱਤਰਕਾਰਾਂ ਦਾ ਪੀ. ਚਿੰਦਬਰਮ 'ਤੇ ਜੁੱਤੀਆਂ ਸੁੱਟਣਾ, ਮਾੜਾ ਤਾਂ ਕਹਿ ਸਕਦੇ ਹਾਂ ਪਰ ਇਹਦੇ ਪਿਛਲੀ ਭਾਵਨਾ ਨੂੰ ਸਮਝਿਆ ਕਿਉਂ ਨਹੀਂ ਜਾਂਦਾ? ਟਾਈਟਲਰ ਨੂੰ ਕਦੇ ਕਲੀਨ ਚਿੱਟ ਦੇ ਦੇਣੀ, ਫਿਰ ਕੇਸ ਖੋਲ੍ਹ ਲੈਣਾ, ਕੀ ਹੈ ਇਹ ਤਮਾਸ਼ਾ?**

-ਕਿਸੇ ਹੱਦ ਤੱਕ ਤਾਂ ਮੀਡੀਆ ਦਾ ਰੋਲ ਬਹੁਤ ਚੰਗਾ ਹੈ, ਪਰ ਗੁਜਰਾਤ 'ਚ ਕੁਝ ਨਾ ਹੁੰਦਾ ਜੇ ਮੀਡੀਆ ਉਥੇ ਅਜਿਹੇ ਹਾਲਾਤ ਪੈਦਾ ਕਰਨ ਦੀ ਸਥਿਤੀ ਨਾ ਸਿਰਜਦਾ। ਭੁਪਾਲ ਗੈਸ ਕਾਂਡ ਬਾਰੇ ਮੀਡੀਏ ਦਾ ਰੋਲ ਬੜਾ ਸਲਾਹੁਣਯੋਗ ਹੈ ਪਰ ਕ੍ਰਿਕਟਰਾਂ ਦੇ ਮਾਮਲੇ ਵਿਚ ਮੀਡੀਆ ਉਲਾਰ ਹੋਈ ਜਾ ਰਿਹੈ। ਐਕਟਰਾਂ ਨੂੰ ਤਾਂ ਬੇਲੋੜਾ ਸਲਾਹਿਆ ਜਾਂਦੈ ਪਰ '84 ਬਾਰੇ ਕੋਈ ਫਿਲਮ ਬਾਹਰੋਂ ਜਾ ਕੇ ਤਾਂ ਕੋਈ ਬਣਾਵੇ ਪਰ ਉਥੇ ਬੈਠਾ ਕੋਈ ਇਸ ਦਰਦ ਚੀਸ 'ਤੇ ਅਜਿਹਾ ਕੰਮ ਨਾ ਕਰੇ ਤਾਂ ਅਸੀਂ ਕੀ ਸੋਚੀਏ? ਦੇਸ਼ ਲਈ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਕੋਈ ਮਨਫੀ ਕਰਕੇ ਦੇਖੇ ਤਾਂ ਇਹ ਬਹੁਤ ਵੱਡੀ ਮੂਰਖਤਾ ਮੰਨੀ ਜਾਵੇਗੀ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਸਾਰੇ ਧਰਮਾਂ ਦੇ ਸਤਿਕਾਰ ਦਾ ਸੰਕਲਪ ਸੀ। ਦੇਸ਼ ਦੀ ਆਜ਼ਾਦੀ ਵਿਚ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਸਭ ਨੇ ਯੋਗਦਾਨ ਪਾਇਆ। ਗਾਂਧੀ ਜੀ ਨੇ ਕਿਹਾ ਸੀ ਕਿ ਅਸੀਂ ਇਕ ਹਾਂ ਪਰ ਹੁਣ ਨਫਰਤ ਦਾ ਬੀਜ ਘਟੀਆ ਰਾਜਨੀਤੀ ਲਈ ਕਿਉਂ ਬੀਜਿਆ ਜਾ ਰਿਹਾ ਹੈ?

**? ਨਈਅਰ ਸਾਹਿਬ, ਲਗਦੇ ਹੱਥ ਮੀਡੀਏ ਦੀ ਗੱਲ ਥੋੜ੍ਹੀ ਹੋਰ ਤੋਰ ਲਈਏ ਕਿ ਜੇ ਧੋਨੀ ਦਾ ਵਿਆਹ ਹੋਣ ਲੱਗਾ ਤਾਂ ਇਲੈਕਟ੍ਰਾਨਿਕ ਮੀਡੀਆ ਦੱਸ ਰਿਹੈ 'ਅੱਜ ਦੀ ਸਭ ਤੋਂ ਵੱਡੀ ਖਬਰ।' ਰੋਣਾ ਆ ਰਿਹੈ ਜਿਹੜੀ ਚਟਨੀ ਬਣ ਰਹੀ ਹੈ, ਕ੍ਰਿਕਟ ਦੇ ਗੋਡੇ 'ਤੇ ਖਾਜ ਹੋਵੇ ਤਾਂ ਵੱਡੀ ਖਬਰ ਪਰ ਕਾਮਨਵੈਲਥ ਖੇਡਾਂ ਬਾਰੇ ਵਿਖਾਈ ਜਾਂਦੇ ਨੇ ਬਿਲਡਿੰਗਾਂ ਤਿਆਰ ਨਹੀਂ ਹੋ ਰਹੀਆਂ। ਮਿਲਖਾ ਸਿੰਘ ਨੂੰ ਪੁੱਛੀ ਜਾਂਦੇ ਨੇ ਚਾਰ-ਪੰਜ ਮੈਡਲ ਜਿੱਤਣ ਦੀ ਵੀ ਆਸ ਨਹੀਂ। ਮੀਡੀਆ ਸਾਰਾ ਕ੍ਰਿਕਟ ਦੇ ਚਰਨਾਂ 'ਚ ਡਿੱਗ ਪਿਐ, ਹਾਕੀ ਸਣੇ ਬਾਕੀ ਖੇਡਾਂ ਮੀਡੀਏ ਨੇ ਨਿਗਲ ਲਈਆਂ, ਕੀ ਕਹੋਗੇ?**

-ਮੈਂ ਤੁਹਾਡੀ ਇਸ ਗੱਲ ਨਾਲ ਸਹਿਮਤ ਹਾਂ ਕਿ ਮੀਡੀਏ 'ਤੇ ਕਾਰਪੋਰੇਟ ਸੈਕਟਰ ਦਾ ਅਸਰ ਹੈ। ਇਹ ਸੋਚਿਆ ਜਾਂਦਾ ਹੈ ਕਿ ਪੈਸਾ ਕਿੱਥੋਂ ਬਣਦੈ, ਕਿਵੇਂ ਬਣਦੈ। ਸਿਲੈਕਸ਼ਨ ਗ਼ਲਤ ਹੋ ਰਹੀ ਹੈ। ਆਡੀਐਂਸ ਵਧਾਉਣ ਦੇ ਚੱਕਰ ਵਿਚ ਬਹੁਤ ਕੁਝ ਗ਼ਲਤ ਹੋਈ ਜਾ ਰਿਹੈ। ਮੀਡੀਆ ਨੂੰ ਸੋਸ਼ਲ ਆਬਲੀਗੇਸ਼ਨ (ਸਮਾਜਿਕ ਜ਼ਿੰਮੇਵਾਰੀ) ਨਿਭਾਉਣੀ ਚਾਹੀਦੀ ਹੈ ਪਰ ਇੱਥੇ ਤਾਂ ਰੋਜ਼ਾਨਾ ਕਿਸੇ ਕ੍ਰਿਕਟਰ ਜਾਂ ਐਕਟਰ ਨੂੰ ਹੀਰੋ ਬਣਾਉਣ 'ਤੇ ਜ਼ੋਰ ਲੱਗਿਆ ਹੁੰਦਾ ਹੈ।

**? ਸਾਡੇ ਪੰਜਾਬੀ ਸੁਭਾਅ 'ਚ ਹਾਲੇ ਵੀ ਮੁਕਲਾਵੇ ਆਈ ਨਵੀਂ ਬਹੂ ਦਾ ਘੁੰਡ ਚੁੱਕਣ ਲਈ ਦਸ-ਵੀਹ ਰੁਪਏ ਦਿੱਤੇ ਜਾਂਦੇ ਹਨ, ਮੂੰਹ ਦਿਖਾਈ। ਮੀਡੀਆ ਵੀ ਵਿਕਾਊ ਨਹੀਂ ਬਣ ਰਿਹਾ ਕਈ ਥਾਂ?**

-ਇਹ ਗੱਲ ਬਿਲਕੁੱਲ ਦਰੁਸਤ ਹੈ, ਖਾਸ ਤੌਰ 'ਤੇ ਇਲੈਕਟ੍ਰਾਨਿਕ ਮੀਡੀਆ ਦੇ ਮਾਮਲੇ ਵਿਚ। ਚੋਣਾਂ ਵੇਲੇ ਕੀ ਹੁੰਦੈ, ਸਭ ਜਾਣਦੇ ਨੇ। ਟੀ.ਵੀ. ਦੇ ਮਾਧਿਅਮ ਦਾ ਸਿੱਧਾ ਅਤੇ ਬਹੁਤ ਛੇਤੀ ਅਸਰ ਹੁੰਦਾ ਹੈ। ਐਂਕਰ ਐਦਾਂ ਬੈਠ ਜਾਂਦੇ ਨੇ, ਜਿਵੇਂ ਉਨ੍ਹਾਂ ਹੱਥ ਸਭ ਕੁਝ ਲੱਗ ਗਿਆ ਹੋਵੇ। ਉਨ੍ਹਾਂ ਵਿਚ ਵਿਸ਼ੇ ਬਾਰੇ ਨਾ ਗੰਭੀਰਤਾ ਹੈ, ਨਾ ਉਨ੍ਹਾਂ ਨੂੰ ਜਾਨਣ ਦੀ ਲੋੜ ਮਹਿਸੂਸ ਹੁੰਦੀ ਹੈ। ਅਫਗਾਨਿਸਤਾਨ ਸਾਡੇ ਲਈ ਸਮੱਸਿਆ ਸਮਝਣ ਤੇ ਸਮਝਾਉਣ ਦਾ ਇਕ ਭਖਵਾਂ ਮੁੱਦਾ ਹੈ ਪਰ ਮੀਡੀਆ ਇਹਦੀ ਡੂੰਘਾਈ ਵਿਚ ਨਹੀਂ ਜਾਂਦਾ। ਮੀਡੀਏ ਨਾਲ ਦੂਰ ਦਾ ਵਾਸਤਾ ਵੀ ਨਾ ਰੱਖਣ ਵਾਲੇ ਵੀ ਇਸ ਵਿਚ ਆ ਗਏ ਹਨ।

**? ਅਫਗਾਨਿਸਤਾਨ 'ਚੋਂ ਅਮਰੀਕਾ ਜਾਂ ਨਾਟੋ ਦੀਆਂ ਫੌਜਾਂ ਦੇ ਪਿੱਛੇ ਹਟਣ ਨਾਲ ਕੀ ਏਸ਼ੀਆ ਖਿੱਤੇ 'ਚ ਸ਼ਾਂਤੀ ਪਰਤੇਗੀ ਜਾਂ ਫਿਕਰ ਹੋਰ ਵੀ ਵਧ ਜਾਣਗੇ?**

-ਮੇਰਾ ਜਾਤੀ ਖਿਆਲ ਹੈ ਕਿ ਅਜਿਹਾ ਹੋਣ ਨਾਲ ਤਾਲਿਬਾਨ ਫਿਰ ਹੋਰ ਅੱਗੇ ਵਧਣਗੇ। ਹਿੰਦੋਸਤਾਨ ਇਸ ਖਿੱਤੇ 'ਚ ਸਭ ਤੋਂ ਵੱਡਾ ਮੁਲਕ ਹੈ। ਇਕ ਸਾਊਥ ਏਸ਼ੀਅਨ ਫੋਰਸ ਬਣਾਏ ਜਾਣ ਦੀ ਲੋੜ ਹੈ ਜੋ ਕਿ ਲੜਨ ਦੀ ਬਜਾਇ ਅਤਿਵਾਦ ਖਤਮ ਕਰਨ ਲਈ ਖੇਤਰੀ ਰਾਇ ਸਿਰਜਣ ਲਈ ਆਧਾਰ ਬਣਾਵੇ। ਇਕ ਪਾਕਿਸਤਾਨੀ ਮਾਹਿਰ ਨੇ ਇਕ ਵਾਰ ਮੈਨੂੰ ਕਿਹਾ ਕਿ ਵੇਖ ਕੁਲਦੀਪ, ਜੇ ਤਾਲਿਬਾਨ ਇਸਲਾਮਾਬਾਦ ਤੀਕਰ ਆ ਗਏ ਤਾਂ ਅਸੀਂ ਲੱਖਾਂ ਦੀ ਤਦਾਦ ਵਿਚ ਹਿੰਦੋਸਤਾਨ ਆਵਾਂਗੇ, ਮਾਰ ਲਿਓ ਕਿੰਨੇ ਮਾਰ ਹੁੰਦੇ ਨੇ। ਇਹ ਵੀ ਠੀਕ ਹੈ ਕਿ ਪਾਕਿਸਤਾਨ ਇਹ ਸਮੱਸਿਆ ਸਹੇੜਨ ਲਈ ਆਪ ਜ਼ਿੰਮੇਵਾਰ ਹੈ। ਅਮਰੀਕਾ ਨੇ ਰੂਸ ਨਾਲ ਲੜਨਾ ਸੀ, ਉਹਨੂੰ ਤਾਲਿਬਾਨ ਜ਼ਰੀਏ ਆਪਣੇ ਹੀ ਹਥਿਆਰਾਂ ਨਾਲ ਆਪ ਲੜਨਾ ਪੈ ਗਿਆ। ਹੁਣ ਭੁਗਤਣਾ ਸਾਨੂੰ ਪੈ ਰਿਹਾ ਹੈ। ਅਮਰੀਕਾ ਅੱਜ ਨਹੀਂ ਤਾਂ ਕੱਲ੍ਹ ਚਲੇ ਜਾਊ, ਸਾਨੂੰ ਆਪਣਾ ਘਰ ਸੰਭਾਲਣ ਲਈ ਆਪ ਯਤਨ ਤੇ ਹਿੰਮਤ ਕਰਨੀ ਪਵੇਗੀ।

**? ਨਈਅਰ ਸਾਹਿਬ, ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਆਪਣੇ ਪ੍ਰਧਾਨ ਮੰਤਰੀ ਬਾਰੇ ਅਕਸਰ ਟਿੱਪਣੀ ਕਰਦੇ ਨੇ ਕਿ 'ਜਦੋਂ ਸਿੰਘ ਬੋਲਦੈ ਤਾਂ ਦੁਨੀਆਂ ਸੁਣਦੀ ਹੈ।' ਇਹ ਗੱਲ ਤੁਹਾਡੇ ਮਨ ਨੂੰ ਲੱਗਦੀ ਐ?**

-ਵਾਕਿਆ ਹੀ ਦੁਨੀਆਂ ਸੁਣਦੀ ਐ ਕਿਉਂਕਿ ਇਹ ਸਾਰੀ ਗੱਲ ਇਕਾਨਮੀ 'ਤੇ ਨਿਰਭਰ ਕਰਦੀ ਐ। ਸੰਸਾਰੀਕਰਨ ਹੋਣ ਕਰਕੇ ਫਰੀ ਮਾਰਕਿਟ ਸਾਡੇ ਵੀ ਲੱਗ ਰਹੀ ਹੈ ਤੇ ਇਕਾਨਮੀ ਵੀ ਸੁਧਰ ਰਹੀ ਹੈ, ਇਸ ਦਾ ਸਾਨੂੰ ਥੋੜਾ ਜਿਹਾ ਲਾਭ ਹੋ ਰਿਹਾ ਹੈ ਪਰ ਸਾਨੂੰ ਆਪਣਾ ਕੁਝ ਕਰਨਾ ਪਊ। ਇਸ ਕਾਰਪੋਰੇਟ ਵਰਲਡ ਵਿਚ ਅਮੀਰ ਨੂੰ ਵਧ ਲਾਭ ਹੋ ਰਿਹੈ। ਧਿਆਨ ਨਾਲ ਦੇਖੋ ਜੇ ਸੜਕ ਦੇ ਇਕ ਪਾਸੇ ਟ੍ਰੈਫਿਕ ਬੜੀ ਤੇਜ਼ੀ ਨਾਲ ਚਲ ਰਿਹੈ, ਦੂਜੇ ਪਾਸੇ ਰੁਕਿਆ ਪਿਐ ਤਾਂ ਸਾਨੂੰ ਰੁਕੇ ਟ੍ਰੈਫਿਕ ਨੂੰ ਚਲਾਉਣ ਦੀ ਲੋੜ ਹੈ। ਡਾ. ਮਨਮੋਹਨ ਸਿੰਘ ਚੰਗਾ ਕਰ ਰਹੇ ਨੇ ਪਰ ਪੈਸਾ ਹਾਲੇ ਵੀ ਅਮੀਰਾਂ ਕੋਲ ਹੈ। ਸਰਕਾਰੀ ਅੰਕੜੇ ਕਹਿੰਦੇ ਨੇ ਕਿ ਹਿੰਦੋਸਤਾਨ 'ਚ 70 ਫੀਸਦੀ ਲੋਕ ਹਾਲੇ ਵੀ ਭੁੱਖੇ ਨੇ। ਉਥੇ ਲੋਕ ਹਰ ਗੱਲ ਨੂੰ ਰੋਟੀ ਨਾਲ ਤੋਲਦੇ ਨੇ ਪਰ ਸੱਚ ਹੈ ਕਿ ਫਿਰ ਵੀ ਮਨਮੋਹਨ ਸਿੰਘ ਤੇ ਹਿੰਦੋਸਤਾਨ ਦੇ ਸੱਚ ਨੂੰ ਦੁਨੀਆਂ ਸੁਣਦੀ ਹੈ।

**? ਪੰਜਾਬ ਵਿਚ ਜ਼ਿਮੀਦਾਰ ਕਰਜ਼ੇ ਕਰਕੇ ਆਤਮ-ਹੱਤਿਆ ਕਰ ਰਿਹੈ, ਬਿਜਲੀ ਦੀ ਸਮੱਸਿਆ ਹੈ, ਪਾਣੀ ਦੀ ਘਾਟ ਨਾਲ ਦੋ-ਚਾਰ ਹੋਣਾ ਪੈ ਰਿਹੈ, ਯੂਥ ਨਸ਼ਿਆਂ ਵਲ ਜਾ ਰਿਹੈ। ਕੋਈ ਟਿੱਪਣੀ?**

-ਪੰਜਾਬ ਵਿਚ ਉਹੀ ਚੱਕਰ ਚੱਲੀ ਜਾਂਦੈ-ਅਕਾਲੀ ਆਉਂਦੇ ਨੇ, ਕਾਂਗਰਸੀ ਚਲੇ ਜਾਂਦੇ ਨੇ ਤੇ ਫਿਰ ਕਾਂਗਰਸੀ ਆ ਜਾਂਦੇ ਨੇ ਤੇ ਅਕਾਲੀ ਚਲੇ ਜਾਂਦੇ ਨੇ। ਇਹ ਲੋਕਾਂ ਦੇ ਕੰਮ ਨਹੀਂ ਆ ਰਹੇ। ਇਨ੍ਹਾਂ ਲੋਕਾਂ ਨੇ ਚਾਦਰਾਂ ਵਿਛਾਈਆਂ ਹੋਈਆਂ ਨੇ। ਪੰਜਾਬ ਵਿਚ ਪੜ੍ਹਿਆ-ਲਿਖਿਆ ਤਬਕਾ ਹੈ, ਚੰਗੀ ਸੋਚ ਵਾਲੇ ਲੋਕ ਹਨ, ਉਨ੍ਹਾਂ ਨੂੰ ਅੱਗੇ ਆ ਕੇ ਸੋਚਣਾ ਪਵੇਗਾ ਕਿ ਪੰਜਾਬ ਨੂੰ ਬਚਾਉਣਾ ਕਿਵੇਂ ਹੈ। ਸਾਡਾ ਸਿਸਟਮ ਵਿਗੜ ਚੁਕੈ। ਇਹਦੇ 'ਚ ਰਾਜਨੀਤਕ ਲੋਕ ਮਿਲੇ ਨੇ, ਬਿਊਰੋਕਰੇਟ ਮਿਲੇ ਨੇ, ਪੁਲਿਸ ਮਿਲੀ ਹੈ, ਅਫਸਰ ਮਿਲੇ ਨੇ, ਕ੍ਰਿਮੀਨਲ ਲੋਕ ਮਿਲੇ ਹਨ ਤੇ ਪੰਜਾਬੀਆਂ ਨੂੰ ਕੱਠੇ ਹੋ ਕੇ ਕੁਝ ਨਵਾਂ ਕਰਨ ਲਈ ਹੰਭਲਾ ਮਾਰਨਾ ਪਊ, ਤਦ ਬਚੇਗਾ ਪੰਜਾਬ। ਕਿਸਾਨ ਖੁਦਕੁਸ਼ੀ ਕਰ ਰਹੇ ਨੇ ਅਤੇ ਝੋਨੇ ਤੇ ਕਣਕ ਦਾ ਚੱਕਰ ਨਹੀਂ ਮੁੱਕ ਰਿਹਾ, ਇਹਦੇ 'ਚੋਂ ਕਿਸਾਨਾਂ ਨੂੰ ਕੱਢਣਾ ਪਊ। ਡੈਮੋਕਰੇਟਿਕ ਸੋਚ ਰੱਖਦੇ ਹੋ ਤਾਂ ਇਲੈਕਸ਼ਨ ਪ੍ਰਣਾਲੀ ਵਲੋਂ ਸੁਹਿਰਦ ਸਚੇਤ ਤੇ ਚੁਕੰਨੇ ਹੋਵੋਗੇ, ਤਦ ਕੁਝ ਬਣ-ਸਰ ਸਕਦਾ ਹੈ।

**? ਇਥੇ ਵਸਦੇ ਪੰਜਾਬੀਆਂ ਲਈ ਕੁਝ ਕਹੋਗੇ?**


-ਦੋ ਗੱਲਾਂ ਕਰਕੇ ਇਥੇ ਆਇਆ ਸਾਂ-ਇਕ ਤੇ ਇਸ ਕਰਕੇ ਕਿ ਗਦਰੀ ਬਾਬਿਆਂ ਨੂੰ ਨਮਸਕਾਰ ਕਰ ਆਵਾਂ, ਸਿਰ ਨੀਵਾਂ ਕਰ ਆਵਾਂ ਤੇ ਦੂਜੀ ਗੱਲ ਸਿੱਖਾਂ ਨੂੰ ਕਹਿਣ ਕਿ ਹੁਣ ਪਰਤ ਆਵੋ, ਤੁਹਾਡਾ ਆਪਣਾ ਦੇਸ਼ ਹੈ, ਤੁਸੀਂ ਆਪਣੇ ਮੁਲਕ ਲਈ ਅਥਾਹ ਕੁਰਬਾਨੀਆਂ ਕੀਤੀਆਂ ਹਨ, ਇਸ ਸੱਚ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਤੁਸੀਂ ਸਾਡੀ ਜਾਨ ਹੋ ਅਤੇ ਅਸੀਂ ਤੁਹਾਡੇ ਬਿਨਾਂ ਰਹਿ ਨਹੀਂ ਸਕਦੇ।

**? ਸਾਡਾ ਇਕ ਗੀਤ ਹੈ 'ਵਸੇ ਕਸ਼ਮੀਰ ਮੁੱਕੇ ਰੇੜ੍ਹਕਾ ਪਿਸ਼ੌਰ ਦਾ, ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ।' ਤੁਸੀਂ ਹਰ ਸਾਲ ਵਾਹਗਾ ਸਰਹੱਦ 'ਤੇ ਮੋਮਬੱਤੀਆਂ ਬਾਲ ਕੇ ਪਿਆਰ ਦੀ ਲੋਅ ਜਗਾਉਂਦੇ ਹੋ। ਇਹ ਇਕ ਦੂਜੇ ਨੂੰ ਮਿਲਣ ਦੀ ਸਿੱਕ-ਤੜਫਣ ਮੁੱਕੇਗੀ ਕਿਵੇਂ?**

-ਰੱਬ ਕਰੇ ਇਹ ਹੱਦਾਂ-ਸਰਹੱਦਾਂ ਟੁੱਟ ਜਾਣ। ਅਸੀਂ ਇਕ ਦੂਜੇ ਦੇ ਨੇੜੇ ਚਲੇ ਜਾਈਏ। ਦੋਹਾਂ ਪਾਸਿਆਂ ਤੋਂ ਲੋਕ ਗਲ ਬਾਹਾਂ ਪਾਉਣ ਲਈ ਉਤਾਵਲੇ ਹਨ, ਬਸ ਸਰਕਾਰਾਂ ਦੇ ਪੁਆੜੇ ਨਹੀਂ ਸਿਆਪਾ ਮੁੱਕਣ ਦਿੰਦੇ। ਦੇਖੋ, ਯੂਰਪ ਕੱਠਾ ਹੋ ਸਕਦੈ, ਬਰਲਿਨ ਦੀ ਦੀਵਾਰ ਤੋੜ ਕੇ ਜਰਮਨ ਇਕ ਹੋ ਸਕਦੈ ਤਾਂ ਅਸੀਂ ਕਿਉਂ ਨਹੀਂ? ਕਿਉਂ ਅਸੀਂ ਬੰਬ, ਗੋਲੀਆਂ ਚੁੱਕੀ ਫਿਰਦੇ ਆਂ? ਮੈਂ ਤਾਂ ਚਾਹਾਂਗਾ ਕਿ ਸਾਊਥ ਏਸ਼ੀਆ ਖਿੱਤੇ ਦੀ ਇਕ ਸਾਂਝੀ ਮਾਰਕਿਟ ਹੋਵੇ, ਆਪਣੀ ਪਛਾਣ ਹੋਵੇ। ਹਿੰਦੋਸਤਾਨ ਵਿਕਸਤ ਦੇਸ਼ ਹੈ, ਕੁਝ ਟੈਕਸ ਵਧਣਗੇ ਪਰ ਨਫਰਤ ਦੀ ਹੱਦ ਤੋੜ ਕੇ ਅਤੇ ਪਿਆਰ ਦੀ ਗਲਵੱਕੜੀ ਪਾ ਕੇ ਸਰਬੱਤ ਦਾ ਭਲਾ ਹੋ ਜਾਵੇਗਾ।

# ਪਾਰਲੀਮੈਂਟ ਚੋਣਾਂ: ਦੋ ਧਿਰਾਂ ਵਲੋਂ ਅਗੇਤੀ ਸਰਗਰਮੀ ਸ਼ੁਰੂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਇਸ ਵਕਤ ਪਾਰਲੀਮੈਂਟ ਚੋਣਾਂ ਦੀ ਦਹਿਲੀਜ਼ 'ਤੇ ਖੜ੍ਹਾ ਹੈ। ਬਣਦੀ ਮਿਆਦ ਮੁਤਾਬਕ ਆਮ ਚੋਣਾਂ ਲਈ ਸਮੁੱਚੀ ਵੋਟਿੰਗ ਪ੍ਰਕ੍ਰਿਆ ਅਪਰੈਲ ਤੋਂ ਸ਼ੁਰੂ ਹੋਣੀ ਬਣਦੀ ਹੈ, ਜਿਸ ਲਈ ਕਾਗਜ਼ ਦਾਖਲ ਕੀਤੇ ਜਾਣ ਤੇ ਇਸ ਤਰ੍ਹਾਂ ਦੀਆਂ ਹੋਰ ਸੰਵਿਧਾਨਕ ਰਸਮਾਂ ਦਾ ਕੰਮ ਫਰਵਰੀ ਤੋਂ ਸ਼ੁਰੂ ਹੋ ਜਾਵੇਗਾ ਅਤੇ ਚੋਣ ਜ਼ਾਬਤਾ ਕਈ ਰਾਜਾਂ



ਰਾਜਿੰਦਰ ਕੌਰ ਭੱਠਲ

ਅੰਦਰ ਜਨਵਰੀ ਤੋਂ ਲਾਗੂ ਕੀਤਾ ਜਾਣ ਲੱਗ ਪਵੇਗਾ। ਇਸ ਹਿਸਾਬ ਨਾਲ ਇਸ ਕੰਮ ਵਿਚ ਚਾਰ ਕੁ ਮਹੀਨੇ ਰਹਿੰਦੇ ਹਨ। ਪੰਜਾਬ ਦੀ ਵਾਰੀ ਜੇ ਅੱਗੇ ਵਾਂਗ ਪਹਿਲਿਆਂ ਵਿਚ ਆ ਗਈ ਤਾਂ ਇਸ ਦੀ ਸਰਕਾਰ ਕੋਲ ਵੀ ਥੋੜ੍ਹਾ ਸਮਾਂ ਬਚਿਆ ਹੈ ਤੇ ਵਿਰੋਧੀ ਧਿਰ ਵਾਲਿਆਂ ਕੋਲ ਵੀ ਸਮਾਂ ਸਰਫੇ ਜੋਗਾ ਹੈ। ਜਿੰਦਾਂ ਦੀ ਸਥਿਤੀ ਇਸ ਮੌਕੇ ਚਾਹੀਦੀ ਹੈ, ਲੱਭਦੀ ਨਹੀਂ।

ਬਚਪਨੇ ਦੀ ਦਹਿਲੀਜ਼ ਪਾਰ ਕਰ ਕੇ ਬਾਲਗ ਨਾਗਰਿਕ ਵਾਲੀ ਹੱਦ ਨੂੰ ਪਹੁੰਚਣ ਤੋਂ ਪਹਿਲਾਂ ਹੀ ਰਾਜਨੀਤੀ ਵਾਲੇ ਪਾਸੇ ਨੀਝ ਲਾ ਲਈ ਹੋਣ ਕਾਰਨ ਅਸੀਂ ਪਿਛਲੇ ਪੰਜਾਹ ਸਾਲਾਂ ਤੋਂ ਇਹ ਵੇਖਦੇ ਆਏ ਹਾਂ ਕਿ ਚੋਣਾਂ ਤੋਂ ਅੱਧਾ ਸਾਲ ਅਗੇਤਾ ਹੀ ਮੈਦਾਨ ਭਖਣ ਲੱਗ ਪਿਆ ਕਰਦਾ ਹੈ। ਇਸ ਵਾਰੀ ਵੀ ਏਦਾਂ ਹੋ ਰਿਹਾ ਹੈ, ਪਰ ਸਰਗਰਮੀ ਢਕੀ-ਛੁਪੀ ਹੈ। ਜਿਨ੍ਹਾਂ ਦੋ ਵੱਡੀਆਂ ਧਿਰਾਂ ਨੇ ਦੇਸ਼ ਦੇ ਤਖਤ 'ਤੇ ਕਬਜ਼ਾ ਕਰਨ ਜਾਂ ਕਬਜ਼ਾ ਰੱਖਣ ਦਾ ਸਿੱਧਾ ਭੇੜ ਭਿੜਨਾ ਹੈ, ਉਨ੍ਹਾਂ ਦੇ ਆਗੂਆਂ ਨੇ ਆਪੋ-ਆਪਣੇ ਪੱਧਰ 'ਤੇ ਹਲਕਿਆਂ ਵਿਚ ਮੁਢਲੀ ਪਹੁੰਚ ਦਾ ਚੱਕਾ ਬੰਨ੍ਹ ਰੱਖਿਆ ਹੈ। ਬੀਬੀ ਰਾਜਿੰਦਰ ਕੌਰ ਭੱਠਲ ਨੂੰ ਹਾਲੇ ਚੰਦ ਕੁ ਦਿਨ ਪਹਿਲਾਂ ਪੰਜਾਬ ਸਰਕਾਰ ਨੇ ਇੱਕ ਅਹੁਦਾ ਦਿੱਤਾ ਸੀ, ਜਿਸ ਦਾ ਮੰਤਰੀ ਦਾ ਦਰਜਾ ਪ੍ਰਵਾਨ ਕਰਕੇ ਉਸ ਦੀ ਸਰਕਾਰੀ ਕੋਠੀ ਕਾਇਮ ਰੱਖੀ ਗਈ ਸੀ ਅਤੇ ਜੇ ਉਸ ਨੇ ਕੋਈ ਚੋਣ ਲੜਨੀ ਹੋਈ ਤਾਂ ਉਸ ਅਹੁਦੇ ਤੋਂ ਤਿਆਗ ਪੱਤਰ ਦੇਣਾ ਪੈਣਾ ਹੈ। ਉਹ ਪਿਛਲੇ ਇੱਕ ਹਫਤੇ ਤੋਂ ਹਲਕੇ ਵਿਚ ਸਰਗਰਮ ਹੈ ਤੇ ਇਹ ਬਿਆਨ ਦੇਈ ਜਾਂਦੀ ਹੈ ਕਿ ਉਸ ਦੀ ਪਾਰਟੀ ਨੇ ਹੁਕਮ ਕੀਤਾ ਤਾਂ ਸੰਗਰੂਰ ਹਲਕੇ ਤੋਂ ਪਾਰਲੀਮੈਂਟ ਚੋਣ ਲੜਨ ਲਈ ਤਿਆਰ ਹੈ। ਏਦਾਂ ਦਾ ਰਿਸਕ ਲੈਣ ਦਾ ਬਿਆਨ ਉਹ ਆਪਣੇ ਆਪ ਬਿਨਾ ਗਿਣਤੀ-ਮਿਣਤੀ ਤੋਂ ਨਹੀਂ ਦੇ ਸਕਦੀ।

ਦਿੱਲੀ ਤੋਂ ਕੁਝ ਸੰਕੇਤ ਮਿਲਦੇ ਹਨ।

ਅਕਾਲੀ-ਭਾਜਪਾ ਗੱਠਜੋੜ ਨੇ ਏਸੇ ਗਿਣਤੀ-ਮਿਣਤੀ ਹੇਠ ਅੰਮ੍ਰਿਤਸਰ ਤੇ ਲੁਧਿਆਣਾ ਦੀਆਂ ਸੀਟਾਂ ਦੀ ਅਦਲਾ-ਬਦਲੀ ਦਾ ਫੈਸਲਾ ਲਗਭਗ ਕਰ ਲਿਆ ਹੈ ਅਤੇ ਅਗਲੇ ਸਾਲ ਅੰਮ੍ਰਿਤਸਰ ਤੋਂ ਅਕਾਲੀ ਦਲ ਤੇ ਲੁਧਿਆਣੇ ਤੋਂ ਭਾਜਪਾ ਦਾ ਕੋਈ ਤਕੜਾ ਆਗੂ ਉਮੀਦਵਾਰ ਬਣਾਉਣਾ ਤੈਅ ਹੋਇਆ ਪਿਆ ਹੈ। ਭਾਜਪਾ ਦਾ ਕੋਈ ਵੱਡਾ ਆਗੂ ਇਸ ਵਾਰ ਚੋਣ ਲੜਨ ਲਈ ਓਨਾ ਕਾਹਲਾ ਦਿਖਾਈ ਨਹੀਂ ਦੇ ਰਿਹਾ, ਜਿੰਨਾ



ਮਾਇਆਵਤੀ

ਪਹਿਲਾਂ ਹੁੰਦਾ ਸੀ, ਪਰ ਅਕਾਲੀਆਂ ਦੇ ਉਹ ਲਗਭਗ ਸਭ ਆਗੂ ਤਿਆਰ ਹੋਏ ਸੁਣੇ ਜਾਂਦੇ ਹਨ, ਜੋ ਪਿਛਲੇ ਸਾਲ ਵਿਧਾਨ ਸਭਾ ਚੋਣਾਂ ਵਿਚ ਹਾਰ ਗਏ ਸਨ ਤੇ ਰਾਜ-ਭਾਗ ਦੇ ਗਲਿਆਰਿਆਂ ਤੋਂ ਪਰੇ ਰਹਿਣ ਦੀ ਆਦਤ ਛੱਡ ਚੁਕੇ ਹੋਣ ਕਰਕੇ ਅਵਾਜ਼ਾਰੀ ਮਹਿਸੂਸ ਕਰਦੇ ਸੁਣੇ ਜਾ ਰਹੇ ਸਨ।

ਵਿਰੋਧੀ ਪਾਰਟੀਆਂ ਵਿਚੋਂ ਗਵਾਂਢ ਦੇ ਰਾਜ ਵਿਚ ਬਹੁਜਨ ਸਮਾਜ ਪਾਰਟੀ ਨੇ ਜਿਸ ਤਰ੍ਹਾਂ ਚੌਟਾਲਿਆਂ ਦੀ ਇਨੈਲੋ ਪਾਰਟੀ ਨਾਲ ਅਗੇਤਾ ਸੌਦਾ ਮਾਰਿਆ ਹੈ, ਚੌਧਰੀ ਦੇਵੀ ਲਾਲ ਦੇ ਪੋਤੇ ਨੂੰ ਬੀਬੀ ਮਾਇਆਵਤੀ ਨੇ ਰੱਖੜੀ ਵੀ ਬੰਨ੍ਹ ਦਿੱਤੀ ਹੈ, ਉਸ ਦਾ ਅਸਰ ਪੰਜਾਬ ਵਿਚ ਪੈਣ ਦੀ ਚਰਚਾ ਸੁਣੀ ਜਾਂਦੀ ਹੈ। ਰਾਜਨੀਤੀ ਦੇ ਜਾਣਕਾਰ ਆਖਦੇ ਹਨ ਕਿ ਇਸ ਵਾਰੀ ਵੀ ਬਹੁਜਨ ਸਮਾਜ ਪਾਰਟੀ ਚੌਟਾਲਿਆਂ ਰਾਹੀਂ ਅਕਾਲੀ ਦਲ ਨਾਲ ਸਿਆਸੀ ਸੌਦਾ ਮਾਰ ਕੇ ਪੰਜਾਬ ਵਿਚ ਆਪਣੇ ਸਿਰ ਜਿੱਤਣ ਲਈ ਜ਼ੋਰ ਲਾਉਣ ਦੀ ਥਾਂ ਕਿਸੇ ਹੋਰ ਨੂੰ ਹਰਾਉਣ ਲਈ ਬੰਦੇ ਖੜ੍ਹੇ ਕਰ ਸਕਦੀ ਹੈ।

ਦੂਜੇ ਪਾਸੇ ਹਰਿਆਣਾ ਵਿਚ ਚੌਟਾਲਿਆਂ ਦੀ ਮਦਦ ਲਈ ਅਸਿੱਧੇ ਪੈਂਤੜੇ ਵਜੋਂ ਉਥੋਂ ਦੀਆਂ ਸਿੱਖ ਵੋਟਾਂ ਭਾਜਪਾ ਵੱਲ ਜਾਣ ਤੋਂ ਰੋਕਣ ਲਈ ਅਕਾਲੀਆਂ ਨੇ ਉਸ ਰਾਜ ਵਿਚ ਲੋਕ ਸਭਾ ਦੀਆਂ ਸਾਰੀਆਂ ਸੀਟਾਂ ਤੋਂ ਬੰਦੇ ਖੜ੍ਹੇ ਕਰਨ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਉਥੇ ਜਾ ਕੇ ਇਸ ਹਫਤੇ ਇੱਕ ਛੋਟੀ ਜਿਹੀ ਰੈਲੀ ਕਰਕੇ ਇਸ ਦੀ ਮੋਹੜੀ ਗੱਡ ਆਇਆ ਹੈ ਤੇ ਭਾਜਪਾ ਦੀ ਹਰਿਆਣੇ ਦੀ ਲੀਡਰਸ਼ਿਪ ਨੇ ਕੇਂਦਰ ਵਿਚ ਨਰੇਂਦਰ ਮੋਦੀ ਤੇ ਅਮਿਤ ਸ਼ਾਹ ਕੋਲ ਇਸ ਬਾਰੇ ਰੋਸ ਕਰਨ ਦੀ ਰਸਮ ਨਿਭਾ ਦਿੱਤੀ ਹੈ। ਉਹ ਪਿਛਲੀ ਵਾਰ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਵਲੋਂ ਚੌਟਾਲਿਆਂ ਦੀ ਮਦਦ ਕਰਨ ਤੇ ਫਿਰ ਵਿਖਾਵੇ ਲਈ ਆਪਸ ਵਿਚ ਵਿਰੋਧੀ ਮੋਰਚੇ ਲਾਈ ਫਿਰਨ ਦੀ ਸਿਆਸੀ ਖੇਡ ਤੋਂ ਏਨੇ ਭਰੇ ਪੀਤੇ ਹਨ ਕਿ ਕੇਂਦਰੀ ਲੀਡਰਸ਼ਿਪ ਨੂੰ ਪੰਜਾਬ ਵਿਚ ਵੱਖਰੀ ਚੋਣ ਲੜਨ ਦਾ ਰਿਸਕ ਲੈਣ ਦੀ ਸਲਾਹ ਵੀ ਦੇਣ ਤੱਕ ਚਲੇ ਗਏ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਜੋ ਧਿਰ ਪੰਜ ਸਾਲ ਪਿੱਛੇ ਵੇਖਿਆਂ ਪੁਰਾਣੀਆਂ ਧੜਵੈਲ ਧਿਰਾਂ ਨੂੰ ਸਿੱਧੇ ਦਬਕੇ ਮਾਰਦੀ ਦਿੱਸ ਰਹੀ ਸੀ, ਉਹ ਇਸ ਵਕਤ ਆਪਣੇ ਕੋੜਮਾ ਕਲੇਸ਼ ਵਿਚ ਉਲਝੀ ਪਈ ਹੈ। ਉਨ੍ਹਾਂ ਲਈ ਵੱਡੀ ਗੱਲ ਭਾਜਪਾ ਤੇ ਅਕਾਲੀ ਦਲ ਦੇ ਗੱਠਜੋੜ ਜਾਂ ਕਾਂਗਰਸ ਨਾਲ ਦਸਤਪੰਜਾ ਲੈਣਾ ਨਹੀਂ, ਸਗੋਂ ਇਸੇ ਪਾਰਟੀ ਵਿਚਲੇ ਵਿਰੋਧੀ ਗਰੁਪ ਨਾਲ ਇਹ ਮੁਕਾਬਲਾ ਕਰਨਾ ਹੈ ਕਿ ਦੋਵਾਂ ਵਿਚੋਂ ਵੱਡੀ ਧਿਰ ਕਿਹੜੀ ਹੈ? ਪੰਜਾਹ ਕੁ ਸਾਲ ਪਹਿਲਾਂ ਕਮਿਊਨਿਸਟਾਂ ਦੀ ਏਦਾਂ ਦੀ ਖਹਿਬਾਜ਼ੀ ਸ਼ੁਰੂ ਹੋਈ ਸੀ ਅਤੇ ਉਸ ਦਾ ਹਸ਼ਰ ਸਭ ਨੂੰ ਪਤਾ ਹੈ।

ਅੱਜ ਜਦੋਂ ਕਮਿਊਨਿਸਟ ਤਜਰਬੇ ਤੋਂ ਸਿੱਖ ਕੇ ਅਤੇ ਪੱਛਮੀ ਬੰਗਾਲ ਤੇ ਕੇਰਲਾ ਦਾ ਹਸ਼ਰ ਵੇਖਣ ਪਿੱਛੋਂ ਇੱਕਠੇ ਹੋ ਰਹੇ ਹਨ, ਇਸ ਨਵੀਂ ਪਾਰਟੀ ਨੂੰ ਕੋਈ ਉਨ੍ਹਾਂ ਦੇ ਨਾਲ ਮਿਲ ਕੇ ਚੱਲਣ ਦੀ ਸਲਾਹ ਵੀ ਦਿੰਦਾ ਹੈ ਤਾਂ ਉਨ੍ਹਾਂ ਕੋਲ ਸੁਣਨ ਦਾ ਵਿਹਲ ਨਹੀਂ। ਨਤੀਜਾ ਇਹ ਹੈ ਕਿ ਬਰਗਾੜੀ ਕਾਂਡ ਅਤੇ ਹੋਰ ਅਜਿਹੇ ਮੁੱਦੇ ਚੁੱਕ ਕੇ ਫਿਰ ਪੰਜਾਬ ਵਿਚ ਕਾਂਗਰਸੀ-ਅਕਾਲੀ ਭੇੜ ਵਾਸਤੇ ਮੈਦਾਨ ਬਣਨ ਵਰਗੀ ਹਾਲਤ ਹੋ ਸਕਦੀ ਹੈ, ਜੋ ਉਨ੍ਹਾਂ ਦੋਹਾਂ ਧਿਰਾਂ ਲਈ ਹਮੇਸ਼ਾ ਤੋਂ ਸੁਖਾਵੀਂ ਰਹੀ ਹੈ। ਪੰਜਾਬ ਦੀਆਂ ਅਗਾਂਵਧੂ ਧਿਰਾਂ ਇਸ ਹਾਲਤ ਤੋਂ ਖੁਸ਼ ਨਹੀਂ ਹੋ ਸਕਦੀਆਂ, ਪਰ ਉਹ ਕਰਨ ਵੀ ਕੀ, ਇਹ ਫੈਸਲਾ ਕਰਨਾ ਸੌ ਸਵਾਲਾਂ ਦਾ ਸਵਾਲ ਹੈ।

# ਕੁਰਸੀ ਦੇ ਲਾਲਚ ਦੀ ਥਾਂ 'ਪੰਜਾਬ ਵਿਜ਼ਨ' ਨੂੰ ਆਪਣਾ ਏਜੰਡਾ ਬਣਾਈਏ

ਸਿੱਖਿਆ ਢਾਂਚੇ ਦਾ ਖਾਤਮਾ ਹੀ ਕੌਮਾਂ ਦੀ ਬਰਬਾਦੀ ਲਈ ਕਾਫੀ ਹੈ। ਦੱਖਣੀ ਅਫਰੀਕਾ ਦੀ ਇੱਕ ਯੂਨੀਵਰਸਟੀ ਦੇ ਗੇਟ 'ਤੇ ਕੌਮਾਂ ਨੂੰ ਸੇਧ ਦੇਣ ਵਾਲੀ ਇੱਕ ਇਬਾਰਤ ਲਿਖੀ ਹੈ, "ਕਿਸੇ ਕੌਮ ਨੂੰ ਨੇਸਤੋ-ਨਬੂਦ ਕਰਨ ਲਈ ਬੰਬ ਬਰੂਦ ਜਾਂ ਦੂਰ ਤਕ ਮਾਰ ਕਰਨ ਵਾਲੀਆਂ ਡਰੋਨ, ਮਿਜ਼ਾਇਲਾਂ ਕੁਝ ਨਹੀਂ ਕਰ ਸਕਦੀਆਂ। ਬਸ ਉਨ੍ਹਾਂ ਲਈ ਇੰਨਾ ਹੀ ਕਾਫੀ ਹੈ ਕਿ ਸਿੱਖਿਆ ਨੂੰ ਖਤਮ ਕਰ ਦਿਓ। ਨਕਲਾਂ, ਹੇਰਾਫੇਰੀਆਂ, ਸਿਫਾਰਸ਼ਾਂ ਨਾਲ ਪਾਸ ਕੀਤੀ ਸਿੱਖਿਆ ਨੂੰ ਹੀ ਗਿਆਨ ਦਾ ਮਾਧਿਅਮ ਬਣਾ ਦਿਓ।" ਫਿਰ ਡਾਕਟਰਾਂ ਹੱਥੋਂ ਮਰੀਜ ਮਰਨਗੇ, ਅਰਥਸ਼ਾਸਤਰੀਆਂ-ਮੁਨੀਮਾਂ ਹੱਥੋਂ ਅਰਥ ਦਾ ਸਤਿਆਨਾਸ, ਧਰਮੀ ਰਹਿਨੁਮਾ ਵਲੋਂ ਮਨੁਖਤਾ ਦਾ ਘਾਣ, ਜੱਜ



ਸੁਕੰਨਿਆ ਭਾਰਦਵਾਜ ਨਾਭਾ
ਫੋਨ: 815-307-3112

ਇਨਸਾਫ ਕਰਨ ਤੋਂ ਅਸਮਰਥ ਹੋਣਗੇ। ਸੋ ਸਬੰਧਤ ਕੌਮ ਦਾ ਨਾਸ਼ ਬਸ ਇਸੇ ਇੱਕੋ ਇੱਕ ਚੀਜ ਸਿੱਖਿਆ ਢਾਂਚੇ ਦੀ ਤਬਾਹੀ ਹੋ ਨਿਬੜਦੀ ਹੈ। ਕਿਸੇ ਵੀ ਦੁਸ਼ਮਣ ਦੇਸ਼ ਜਾਂ ਜਮਾਤ ਨੂੰ ਬਹੁਤਾ ਕੁਝ ਕਰਨ ਦੀ ਲੋੜ ਨਹੀਂ।

ਅੱਜ ਇਹੋ ਤਾਂ ਵਾਪਰ ਰਿਹਾ ਹੈ, ਸਾਡੇ ਦੇਸ਼ ਖਾਸ ਕਰਕੇ ਪੰਜਾਬ ਵਿਚ। ਸਭ ਤੋਂ ਵੱਧ ਨੁਕਸਾਨ ਅੰਗਰੇਜ਼ੀ ਰਾਜ ਦੇ ਲਾਰਡ ਮੈਕਾਲੇ ਵਲੋਂ ਲਾਗੂ ਕੀਤੀ ਮੌਜੂਦਾ ਸਿੱਖਿਆ ਪ੍ਰਣਾਲੀ ਨੇ ਕੀਤਾ ਹੈ, ਜਿਸ ਨੇ ਮੈਕਾਲੇ ਸਿੱਖਿਆ ਸੁਧਾਰਾਂ ਦੇ ਨਾਂ ਹੇਠ 'ਗੁਰੂਕੁਲ' ਦੀ ਪ੍ਰਚਲਿਤ ਪ੍ਰਾਚੀਨ ਸਿੱਖਿਆ ਪੱਧਤੀ ਨੂੰ ਖਤਮ ਕਰਕੇ ਸਿੱਖਿਆ ਨੂੰ ਮਹਿੰਗੀ ਸਰਕਾਰੀ ਤੇ ਗੈਰਸਰਕਾਰੀ ਨੀਤੀ ਅਧੀਨ ਲਿਆਂਦਾ। ਇਨ੍ਹਾਂ ਸਿੱਖਿਆ ਸੁਧਾਰਾਂ ਨੂੰ ਅੱਜ ਵੀ ਸਾਡੇ ਵਿਦਿਆਰਥੀਆਂ ਨੂੰ 'ਮੈਕਾਲੇ ਸਿੱਖਿਆ ਸੁਧਾਰ' ਦੇ ਨਾਂ ਹੇਠ ਹਿਸਟਰੀ ਦੇ ਸਿਲੇਬਸ ਵਿਚ ਪੜ੍ਹਾਇਆ ਜਾ ਰਿਹਾ ਹੈ। ਜਦੋਂ ਕਿ ਮੈਕਾਲੇ ਦੀ ਇਸ ਅਖੌਤੀ ਆਧੁਨਿਕ ਸਿੱਖਿਆ ਪ੍ਰਣਾਲੀ ਨੇ ਦੇਸ਼ ਵਿਚ ਸਫੈਦਪੋਸ਼ ਤੇ ਵਿਹਲੜਾਂ ਦੀ ਫੌਜ ਨੂੰ ਪੈਦਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਵਿਗਿਆਨ, ਗਣਿਤ, ਇੰਜੀਨੀਅਰਿੰਗ, ਅਰਥਸ਼ਾਸਤਰ, ਭੂਗੋਲ, ਸਮਾਜ ਸ਼ਾਸਤਰ ਜਿਹੇ ਜ਼ਿੰਦਗੀ ਜਿਉਣ ਤੇ ਦੇਸ਼ ਸਮਾਜ ਨੂੰ ਉਨਤੀ ਵੱਲ ਲੈ ਜਾਣ ਵਾਲੇ ਵਿਸ਼ਿਆਂ ਨੂੰ ਖਤਮ ਕਰਕੇ ਆਪਣਾ ਸਿਲੇਬਸ ਇੰਗਲਿਸ਼ ਨੂੰ ਸਿਰਮੌਰ ਰੱਖ ਕੇ ਪੜ੍ਹਾਇਆ ਜਾ ਰਿਹਾ ਹੈ। ਆਜ਼ਾਦੀ ਪਿਛੋਂ ਵੀ ਦੇਸ਼ ਦੇ ਹੁਕਮਰਾਨਾਂ ਨੇ ਇਸ ਸਿੱਖਿਆ ਪ੍ਰਣਾਲੀ ਦੀ ਮੁੜ ਪੜਚੋਲ ਕਰਨ ਦੀ ਖੇਚਲ ਨਹੀਂ ਕੀਤੀ।

ਪਿੰਡਾਂ ਦੇ ਨਿੱਜੀ ਮਹਿੰਗੇ ਸਕੂਲਾਂ ਵਿਚੋਂ ਤਾਂ ਇਹ ਉਕਤ ਵਿਸ਼ੇ ਗਾਇਬ ਹੀ ਹੋ ਚੁੱਕੇ ਹਨ। ਗਣਿਤ ਦਾ ਜਨਮਦਾਤਾ ਭਾਰਤ ਜਿਸ ਦੇ ਇੱਕ 'ਗੁਰੂਕੁਲ ਪਰੰਪਰਾ' ਤੋਂ ਪੜ੍ਹੇ ਪਿੰਗਲਾਚਾਰਿਆ, ਪਾਣਨੀ, ਆਰਿਆਭੱਟ, ਬ੍ਰਹਮਗੁਪਤ ਵਲੋਂ 2 ਸੌ ਈਸਾ ਪੂਰਬ ਵਿਚ ਜੀਰੋ ਦਾ ਅਵਿਸ਼ਕਾਰ ਕੀਤਾ ਸੀ। ਜਿਸ ਨੂੰ ਆਕਸਫੋਰਡ ਯੂਨੀਵਰਸਟੀ ਲੰਡਨ ਨੇ ਪਿੱਛੋਂ ਖੋਜ ਕਰਕੇ ਆਪਣੀ ਮਾਨਤਾ ਦਿੱਤੀ ਹੈ ਕਿ ਇਹ ਭਾਰਤ ਦੀ ਖੋਜ ਹੈ। ਇਥੇ 'ਬਖਸ਼ਾਲੀ ਪਾਂਡੂਲਿਪੀ' ਵਿਚ 70 ਸਫਿਆਂ ਵਾਲੀ ਭੋਜਪੱਤਰਾਂ 'ਤੇ ਲਿਖੀ ਗਣਿਤ ਦੀ ਪੁਸਤਕ ਸਾਂਭੀ ਪਈ ਹੈ। ਮਹਾਂਭਾਰਤ, ਰਮਾਇਣ ਵਿਚ ਵਰਤੀ ਗਈ 'ਯੁੱਧ-ਵਿਗਿਆਨ ਤੇ ਸਮਾਜ-ਕਲਿਆਣ' ਦੀ ਵਿਧਾ ਨੇ ਸਮਾਜ ਨੂੰ ਚਕ੍ਰਿਤ ਕਰਕੇ ਰੱਖ ਦਿੱਤਾ। ਸਾਇੰਸਦਾਨਾਂ ਮੁਤਾਬਕ ਜੋ ਰਸਾਇਣਕ ਹਥਿਆਰ, ਉਡਣ ਖਟੋਲੇ, 16-16 ਘੋੜਿਆਂ ਦੇ ਹਵਾ ਨਾਲ ਗੱਲਾਂ ਕਰਦੇ ਰੱਥ ਤੇ ਹੋਰ ਬਹੁਤ ਕੁਝ ਜੋ 18 ਦਿਨ ਦੇ ਮਹਾਂਭਾਰਤ ਦੇ ਯੁੱਧ ਵਿਚ ਵਰਤੇ ਗਏ, ਉਹ ਵਿਗਿਆਨ-ਇੰਜੀਨੀਅਰਿੰਗ ਤੇ ਗਣਿਤ ਦਾ ਸਿਖਰ ਸੀ। ਅਸੀਂ ਤਾਂ ਇਹ ਕੀਮਤੀ ਪ੍ਰਾਚੀਨ ਸਰਮਾਇਆ ਸੰਭਾਲ ਨਹੀਂ ਸਕੇ, ਇਹ ਪੱਛਮ ਦੀਆਂ ਯੂਨੀਵਰਸਟੀਆਂ ਵਿਚ ਪਏ ਨੇ ਤੇ ਉਥੋਂ ਦੇ ਖੋਜ-ਕਰਤਾ ਇਨ੍ਹਾਂ ਵੇਦਾਂ ਗ੍ਰੰਥਾਂ ਤੋਂ ਲੋੜੀਂਦੀ ਸੇਧ ਲੈ ਰਹੇ ਹਨ। ਸੋ ਇੱਕ ਸੋਚੀ ਸਮਝੀ ਸਾਜਿਸ਼ ਅਧੀਨ ਸਾਡੀ ਅਮੀਰ 'ਗੁਰੂਕੁਲ ਸਿੱਖਿਆ ਪ੍ਰਣਾਲੀ' ਨੂੰ ਖਤਮ ਕਰਕੇ ਇਹ ਬੋਗਸ ਸਿੱਖਿਆ ਸਾਡੇ ਉਤੇ ਥੋਪ ਦਿੱਤੀ ਗਈ ਜਿਸ ਦੇ ਨਤੀਜੇ ਸਾਡੇ ਸਾਹਮਣੇ ਹਨ। ਯੂਨੀਵਰਸਿਟੀ ਦੇ ਗੇਟ 'ਤੇ ਲਿਖੀ ਉਕਤ ਇਬਾਰਤ ਅੱਜ ਸਾਡੇ ਦੇਸ਼, ਸੂਬੇ ਦੇ ਨਿਜ਼ਾਮ ਉਤੇ ਹੂ-ਬ-ਹੂ ਢੁਕਦੀ ਹੈ।

ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਨਾਲ ਲਗਦੇ ਛੋਟੇ ਜਿਹੇ ਦੇਸ਼ ਭੁਟਾਨ ਜੋ ਗਰੀਬ ਤੇ ਅਧਿਆਤਮਵਾਦੀ ਦੇਸ਼ ਹੈ, ਨੇ ਵੀ ਆਪਣੀ ਜਨਤਾ ਨੂੰ ਕਿਵੇਂ ਖੁਸ਼ਹਾਲ ਤੇ ਸੰਤੁਸ਼ਟ ਕੀਤਾ ਹੈ। ਉਸ ਦੀ ਸਿਰਫ ਦੋ ਮਿਲੀਅਨ ਡਾਲਰ ਦੀ ਜੀ. ਡੀ. ਪੀ. ਹੈ। ਉਹ ਆਪਣੀ ਜਨਤਾ ਨੂੰ ਸਿਹਤ ਸਿੱਖਿਆ ਮੁਫਤ ਦੇ ਰਿਹਾ ਹੈ। ਬਾਦਸ਼ਾਹ ਨੇ ਆਪਣੇ ਆਪ ਗੱਦੀ ਛੱਡ ਕੇ ਦੇਸ਼ ਵਿਚ ਡੈਮੋਕਰੇਸੀ ਬਹਾਲ ਕਰ ਦਿੱਤੀ। ਇਸੇ ਤਰ੍ਹਾਂ ਮੁਸਲਿਮ ਦੇਸ਼ ਡੁਬਈ ਦੀ ਮਿਸਾਲ ਸਾਡੇ ਸਾਹਮਣੇ ਹੈ। ਜੋ ਕਮਰਸ਼ੀਅਲ, ਰਜਵਾੜਾਸ਼ਾਹੀ ਤੇ ਧਾਰਮਕ ਦੇਸ਼ ਹੈ ਪਰ ਇਥੋਂ ਦੀਆਂ ਨੈਤਿਕ ਕਦਰਾਂ ਕੀਮਤਾਂ ਪੱਛਮੀ ਤੇ ਯੂਰਪੀ ਦੇਸ਼ਾਂ ਨੂੰ ਵੀ ਪਿਛੇ ਛੱਡ ਗਈਆਂ ਹਨ। ਦੁਨੀਆਂ ਭਰ ਦੇ ਲੋਕ ਇਥੇ ਆਪਣਾ ਸਰਮਾਇਆ ਲਾਉਣਾ ਸੁਰੱਖਿਅਤ ਸਮਝਦੇ ਹਨ। ਸੋਨੇ, ਹੀਰੇ-ਮੋਤੀਆਂ ਦੀਆਂ ਦੁਕਾਨਾਂ 24 ਘੰਟੇ ਖੁੱਲ੍ਹੀਆਂ ਰਹਿੰਦੀਆਂ ਨੇ। ਸੈਲਾਨੀ ਔਰਤਾਂ ਬੱਚੇ ਸਾਰੀ ਸਾਰੀ ਰਾਤ ਸੜਕਾਂ ਤੇ ਬੇਖੌਫ ਘੁੰਮਦੇ ਨੇ। ਕੀ ਸਾਡੇ ਕਾਗਜ਼ੀ ਸ਼ੇਰ ਨੇਤਾ ਅਜਿਹੀ ਕੁਰਬਾਨੀ ਕਰ ਸਕਦੇ ਹਨ ਤੇ ਇਨ੍ਹਾਂ ਛੋਟੇ ਜਿਹੇ ਦੇਸ਼ਾਂ ਤੋਂ ਕੋਈ ਸਬਕ ਸਿੱਖ ਸਕਦੇ ਹਨ?

ਹੁਣ ਆਉਂਦੇ ਹਾਂ ਅਤਿ ਵਿਕਸਤ ਦੇਸ਼ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਯੂਰਪੀ ਦੇਸ਼ਾਂ ਵੱਲ। ਕੋਈ ਕਹਿ ਸਕਦਾ ਹੈ, ਅਸੀਂ ਇਨ੍ਹਾਂ ਅਮੀਰ ਦੇਸ਼ਾਂ ਦੀ ਕਿਥੇ ਰੀਸ ਕਰ ਸਕਦੇ ਹਾਂ? ਪਰ ਜਿਹੜਾ ਨੁਕਤਾ ਵਿਚਾਰਨਯੋਗ ਹੈ, ਉਸ ਨਾਲ ਅਮੀਰੀ ਦਾ ਕੋਈ ਸਬੰਧ ਨਹੀਂ। ਉਹ ਮਰਿਆਦਾ, ਉਹ ਨੈਤਿਕ ਕਦਰਾਂ ਕੀਮਤਾਂ ਜਿਨ੍ਹਾਂ 'ਤੇ ਕਦੇ ਹਿੰਦੁਸਤਾਨ ਦਾ ਏਕਾ-ਅਧਿਕਾਰ ਹੋਇਆ ਕਰਦਾ ਸੀ, ਇਨ੍ਹਾਂ ਦੇਸ਼ਾਂ ਨੇ ਅਪਨਾਈਆਂ ਨੇ। ਜਿਨ੍ਹਾਂ ਨੂੰ ਸਹੀ ਸ਼ਬਦਾਂ ਵਿਚ ਲੋਕਤੰਤਰ ਆਖ ਸਕਦੇ ਹਾਂ।

ਦੋ ਘਟਨਾਵਾਂ ਦਾ ਜ਼ਿਕਰ ਕਰਨ ਲੱਗੀ ਹਾਂ, ਇਸ ਦੇਸ਼ ਦੇ ਜਮਹੂਰੀ ਢਾਂਚੇ ਦੀ। ਮਿਸ਼ੀਗਨ ਸਟੇਟ ਦੇ ਕਿਸੇ ਪਿੰਡ ਵਿਚ ਪਾਣੀ ਦੀ ਸਮੱਸਿਆ ਆ ਗਈ ਤੇ ਜਿਸ ਦਾ ਰੌਲਾ ਜ਼ਿਲਾ ਸਟੇਟ ਪ੍ਰਸ਼ਾਸਨ ਤੋਂ ਹੁੰਦਾ, ਉਸ ਵੇਲੇ ਦੇ ਰਾਸ਼ਟਰਪਤੀ ਜਨਾਬ ਬਰਾਕ ਓਬਾਮਾ ਤਕ ਪਹੁੰਚ ਗਿਆ। ਓਬਾਮਾ ਪੀਣ ਵਾਲੇ ਪਾਣੀ ਦੇ ਟੈਂਕਰਾਂ ਸਮੇਤ ਲੋਕਾਂ ਦੀ ਮਦਦ ਲਈ ਆਪ ਪਹੁੰਚਿਆ ਜਦੋਂ ਕਿ ਸਟੇਟ ਤੇ ਜ਼ਿਲਾ ਮਸ਼ੀਨਰੀ ਪਹਿਲਾਂ ਹੀ ਹਰਕਤ ਵਿਚ ਸੀ। ਤੇ ਉਨੀ ਦੇਰ ਉਸ ਪਿੰਡ ਵਿਚ ਰਿਹਾ ਜਦੋਂ ਤਕ ਉਨ੍ਹਾਂ ਨੂੰ ਸਾਫ ਸੁਥਰਾ ਪੀਣ ਯੋਗ ਪਾਣੀ ਨਹੀਂ ਮਿਲ ਗਿਆ।

ਦੂਸਰੀ ਘਟਨਾ ਵਿਚ ਸ਼ਹਿਰ ਦੇ ਪਬਲਿਕ ਪਾਰਕ ਵਿਚੋਂ ਕਿਤੇ ਰਾਸ਼ਟਰਪਤੀ ਡੋਨਲਡ ਟਰੰਪ ਦਾ ਸਿਕਿਉਰਿਟੀ ਕਾਫਲਾ ਲੰਘ ਗਿਆ, ਜਿਸ ਨੂੰ ਇਕ ਸੈਲਾਨੀ ਔਰਤ ਨੇ ਚੈਲੰਜ ਕਰ ਦਿੱਤਾ ਕਿ ਪਬਲਿਕ ਪ੍ਰਾਪਰਟੀ ਵਿਚੋਂ ਰਾਸ਼ਟਰਪਤੀ ਦਾ ਕਾਫਲਾ ਨਹੀ ਲੰਘ ਸਕਦਾ। ਰੌਲਾ ਪੈ ਗਿਆ। ਟਰੰਪ ਪ੍ਰਸ਼ਾਸਨ ਨੇ ਉਸ ਔਰਤ ਦੀ ਅਵਾਜ਼ ਬੰਦ ਕਰਨ ਲਈ ਉਸ ਨੂੰ ਉਸ ਫੈਕਟਰੀ ਵਿਚੋਂ ਕਢਵਾ ਦਿੱਤਾ ਜਿਥੇ ਉਹ ਜੌਬ ਕਰਦੀ ਸੀ। ਉਸ ਬੀਬੀ ਨੇ ਫੈਕਟਰੀ ਮੈਨੇਜਮੈਂਟ ਨੂੰ ਵੀ ਵਿਚੇ ਘਸੀਸ ਲਿਆ ਕਿ ਉਸ ਨੂੰ ਫਾਇਰ ਕਰਨ ਦਾ ਤਰੀਕਾ ਗਲਤ ਹੈ। ਫਿਰ ਕੀ ਸੀ, ਮੈਨੇਜਮੈਂਟ ਨੂੰ ਹੱਥਾਂ ਪੈਰਾਂ ਦੀ ਪੈ ਗਈ, ਉਨ੍ਹਾਂ ਉਸ ਨੂੰ ਸਾਰੇ ਨੌਕਰੀ-ਲਾਭ ਤੇ ਪੈਨਸ਼ਨ ਸਮੇਤ ਦੇ ਕੇ ਖਹਿੜਾ ਛੁਡਾਇਆ।

ਨੈਤਿਕਤਾ ਦਾ ਪੱਧਰ ਇੰਨਾ ਉਚਾ ਹੈ ਕਿ ਟਰੰਪ ਦੀ ਚੋਣ ਕੰਪੇਨ ਦਾ ਚੇਅਰਮੈਨ ਪੌਲ ਮੈਨਾਫੋਰਟ ਨੂੰ ਵੀ ਨਹੀਂ ਬਖਸ਼ਿਆ ਗਿਆ। ਉਸ 'ਤੇ ਚੋਣ ਬੇਨਿਯਮੀਆਂ ਦੇ 32 ਦੋਸ਼ ਆਇਦ ਕਰਕੇ ਉਸ ਨੂੰ ਵਰਜੀਨੀਆ ਦੀ ਜੇਲ੍ਹ ਵਿਚ ਇਕੱਲਿਆਂ ਬੰਦ ਕਰ ਦਿੱਤਾ ਹੈ। ਜੇਲ੍ਹ ਮੈਨੂਅਲ ਦੀ ਸਭ ਤੋਂ ਸਖਤ ਸਜ਼ਾ ਤਹਿਤ ਉਸ ਨੂੰ 24 ਘੰਟੇ ਵਿਚੋਂ ਸਿਰਫ 1 ਘੰਟੇ ਲਈ ਹੀ ਬਾਹਰ ਕੱਢਿਆ ਜਾਂਦਾ ਹੈ। ਉਸ ਦਾ ਨਿੱਜੀ ਵਕੀਲ ਮਾਇਕਲ ਕੋਹਨ ਵੀ ਅਜਿਹੀਆਂ ਬੇਨਿਯਮੀਆਂ ਕਰਕੇ ਜੇਲ੍ਹ ਦੀ ਹਵਾ ਖਾ ਰਿਹਾ ਹੈ। ਇੱਕ ਆਜ਼ਾਦ ਜਾਂਚ ਕੰਪਨੀ, ਜਿਸ ਦਾ ਚੇਅਰਮੈਨ ਦੇਸ਼ ਦਾ ਸਭ ਤੋਂ ਤਾਕਤਵਰ ਤੇ ਇਮਾਨਦਾਰ ਸਾਬਕਾ ਡਾਇਰੈਕਟਰ ਆਰ. ਬੀ. ਆਈ. ਰਾਬਰਟ ਮਿਊਲਰ ਦੀ ਅਗਵਾਈ ਵਿਚ ਟਰੰਪ ਪ੍ਰਸ਼ਾਸਨ ਤੇ ਚੋਣ ਦੀਆਂ ਬੇਨਿਯਮੀਆਂ ਦੀ ਜਾਂਚ ਕਰ ਰਹੀ ਹੈ।

ਦੂਜੇ ਪਾਸੇ ਸਾਡੇ ਦੇਸ਼ ਵਿਚੋਂ ਇਹ ਕਦਰਾਂ ਕੀਮਤਾਂ ਖੰਭ ਲਾ ਕੇ ਉਡ ਗਈਆਂ ਹਨ। ਵਿਜੈ ਮਾਲਿਆ, ਚੌਕਸੀ, ਨੀਰਵ ਮੋਦੀ ਜਿਹੇ ਬੈਂਕਾਂ ਦਾ ਕਰੋੜਾਂ ਰੁਪਏ ਲੁੱਟ ਕੇ ਸਰਕਾਰਾਂ ਨੂੰ ਅੰਗੂਠਾ ਦਿਖਾ ਰਹੇ ਹਨ। ਸਾਰਾ ਪੈਸਾ ਕਾਰਪੋਰੇਟ ਘਰਾਣਿਆਂ ਕੋਲ ਇਕੱਠਾ ਹੋ ਰਿਹਾ ਹੈ। ਦੇਸ਼ ਹਿਤ ਦੀ ਗੱਲ ਕਰਨ ਵਾਲੀਆਂ ਜਮਹੂਰੀ ਸੰਸਥਾਵਾਂ ਦੀ ਸੰਘੀ ਨੱਪੀ ਜਾ ਰਹੀ ਹੈ। ਜਾਤ-ਧਰਮ ਦੇ ਨਾਂ ਉਤੇ ਦੇਸ਼-ਧਰੋਹੀ ਤੇ ਦੇਸ਼-ਪ੍ਰੇਮੀ ਦੇ ਫਤਵੇ ਦਿੱਤੇ ਜਾ ਰਹੇ ਹਨ। ਹੁਕਮਰਾਨ ਪਾਰਟੀਆਂ ਕੋਲ ਦੇਸ਼ ਦੀ ਦਸ਼ਾ ਸੁਧਾਰਨ ਦਾ ਕੋਈ ਏਜੰਡਾ ਹੀ ਹੈ ਨਹੀਂ। ਉਨ੍ਹਾਂ ਦਾ ਮੁਖ ਏਜੰਡਾ ਕੁਰਸੀ ਮੋਹ ਹੀ ਹੈ, ਜਨਤਾ ਜਾਵੇ ਢੱਠੇ ਖੂਹ ਵਿਚ।

ਸਮੇਂ ਸਮੇਂ ਤੀਜੇ ਫਰੰਟ ਦਾ ਰੂਪ ਬਦਲ ਕੇ ਆਈਆਂ ਪਾਰਟੀਆਂ ਨੇ ਪੰਜਾਬ ਦਾ ਤਾਂ ਕੀ ਸੰਵਾਰਨਾ ਸੀ ਸਗੋਂ ਆਪ ਵੀ ਇਨ੍ਹਾਂ ਰਵਾਇਤੀ ਪਾਰਟੀਆਂ ਦੇ ਜਾਲ ਵਿਚ ਫਸਦੀਆਂ ਗਈਆਂ। ਹੁਣ ਸੁਖਪਾਲ ਸਿੰਘ ਖਹਿਰਾ ਦੇ ਕੇਸ ਹੀ ਲੈ ਲਓ, ਉਸ ਨੂੰ ਵਿਰੋਧੀ ਧਿਰ ਦੇ ਆਗੂ ਤੋਂ ਲਾਂਭੇ ਕਰਨ ਲਈ ਸਭ ਤੋਂ ਵੱਧ ਜਮਹੂਰੀਅਤ ਦਾ ਰੌਲਾ ਪਾਉਣ ਵਾਲੀ ਆਮ ਆਦਮੀ ਪਾਰਟੀ ਨੇ ਵਿਧਾਇਕਾਂ ਦੀ ਰਾਏ ਤੋਂ ਬਿਨਾ ਬਸ ਇੱਕ ਟਵੀਟ ਕਰ ਦਿੱਤਾ। ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਪਾਰਟੀ ਸੰਵਿਧਾਨ ਦੇ ਰੂਪ ਵਿਚ ਛਪਾਈ 'ਸਵਰਾਜ' ਨਾਂ ਦੀ ਪੁਸਤਕ ਨੂੰ ਪੜ੍ਹਨ-ਪੜ੍ਹਾਉਣ ਦੀ ਖੇਚਲ ਹੀ ਨਹੀਂ ਕੀਤੀ ਗਈ। ਪੰਜਾਬ ਨੂੰ ਬਿਨਾ ਭਰੋਸੇ ਵਿਚ ਲਿਆਂ ਕੇਂਦਰੀ ਕਮਾਂਡ ਵਲੋਂ ਅਪਨਾਈ ਇਹ ਪਹੁੰਚ ਡਾ. ਧਰਮਵੀਰ ਗਾਂਧੀ, ਹਰਿੰਦਰ ਸਿੰਘ ਖਾਲਸਾ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰੀਤ ਘੁੱਗੀ ਤੋਂ ਹੁੰਦੀ ਹੋਈ ਸੁਖਪਾਲ ਖਹਿਰਾ ਤਕ ਪਹੁੰਚ ਗਈ। ਇਸ ਗੈਰ-ਜਮਹੂਰੀਅਤ ਅਮਲ ਨਾਲ ਵਿਧਾਇਕਾਂ ਤੇ 'ਆਪ' ਸਮਰਥਕਾਂ ਵਿਚ ਲਗਾਤਾਰ ਰੋਸ ਫੈਲਦਾ ਗਿਆ ਜੋ ਖਹਿਰਾ ਦੀ ਮੁਅੱਤਲੀ 'ਤੇ ਭਾਂਬੜ ਬਣ ਗਿਆ ਅਤੇ ਪੂਰੇ ਪੰਜਾਬ ਵਿਚ ਖਹਿਰਾ-ਖਹਿਰਾ ਹੋ ਗਈ।

ਇਹ ਵੱਡਾ ਸਮਰਥਨ ਖਹਿਰਾ ਵਲੋਂ ਵਿਧਾਨ ਸਭਾ, ਪਾਰਟੀ ਫੋਰਮ ਤੇ ਹੋਰ ਪਲੇਟਫਾਰਮ 'ਤੇ ਉਠਾਏ ਗਏ ਪੰਜਾਬ ਪੱਖੀ ਮਸਲਿਆਂ ਦੇ ਨਾਲ ਕਥਿਤ ਵੱਡੇ ਵੱਡੇ ਝੂਠੇ ਵਾਅਦਿਆਂ ਨਾਲ ਬਹੁਸੰਮਤੀ ਵਿਚ ਆਈ ਸਰਕਾਰ ਤੋਂ ਜਨਤਾ ਦਾ ਮੋਹ ਭੰਗ ਹੋਣਾ ਵੀ ਹੈ। ਸੁਖਪਾਲ ਖਹਿਰਾ ਤੇ ਸੂਬੇ ਦੀ ਜਨਤਾ ਅੱਜ ਫਿਰ ਜਜ਼ਬਾਤੀ ਵਹਿਣ ਵਿਚ ਹੈ ਕਿਉਂਕਿ ਪੰਜਾਬ ਪੱਖੀ ਠੋਸ ਏਜੰਡਾ ਸਮੁੱਚੀ ਪ੍ਰਕ੍ਰਿਆ ਵਿਚੋਂ ਗਾਇਬ ਹੈ। ਹੁਣ ਤਕ ਦੇ ਸਾਰੇ ਅਮਲ ਵਿਚੋਂ ਦੌੜ ਹਾਲੇ ਸਰਕਾਰ ਬਣਾਉਣ ਤਕ ਹੀ ਸੀਮਤ ਹੈ।

ਅਜੋਕੇ ਪੰਜਾਬ ਨੂੰ ਅੱਜ ਚਿਹਰਿਆਂ ਧੜਿਆਂ ਦੀ ਰਾਜਨੀਤੀ ਵਿਚੋਂ ਨਿਕਲ ਕੇ ਲੋੜ ਹੈ ਅਜਿਹੀ ਧਿਰ ਦੀ ਜੋ ਪੰਜਾਬ ਦੀਆਂ ਮੁਢਲੀਆਂ ਲੋੜਾਂ ਕੁੱਲੀ ਗੁੱਲੀ ਜੁੱਲੀ ਦੇ ਨਾਲ ਪੰਜਾਬ ਨੂੰ ਮੁੜ ਲੀਹ 'ਤੇ ਲਿਆਉਣ ਲਈ ਵਚਨਬੱਧ ਹੋਵੇ। ਫੋਕੇ ਵਾਅਦਿਆਂ ਨਾਹਰਿਆਂ ਵਾਲਿਆਂ ਨੂੰ ਮੂੰਹ ਨਾ ਲਾਇਆ ਜਾਵੇ। ਉਸੇ ਧਿਰ ਦਾ ਸਾਥ ਦਿਓ ਜਿਸ ਕੋਲ ਪੰਜਾਬ ਪੱਖੀ ਵਿਜ਼ਨ ਹੋਵੇ ਤੇ ਕੁਝ ਕਰਨ ਦੀ ਸਮਰੱਥਾ ਹੋਵੇ। ਪੰਜਾਬੀ ਪਰਵਾਸੀ ਵੀਰੋ! ਤੁਸੀਂ ਵੀ ਆਪਣਾ ਕੋਈ ਪ੍ਰੈਸ਼ਰ ਗਰੁਪ, ਟਰੱਸਟ, ਕਮੇਟੀ ਬਣਾ ਕੇ ਕੰਮ ਕਰੋ। ਇਮਾਨਦਾਰ, ਮਿਹਨਤੀ, ਪੰਜਾਬ ਹਿਤੈਸ਼ੀ ਵੀਰਾਂ ਦੀ ਕਮੇਟੀ ਬਣਾਓ ਜੋ ਦਿੱਤੇ ਜਾ ਰਹੇ ਫੰਡਾਂ-ਖਰਚਿਆਂ ਦਾ ਹਿਸਾਬ ਰੱਖੇ। ਤੁਹਾਡੀ ਕਮਾਈ ਬਹੁਤ ਕੀਮਤੀ ਹੈ, ਇਸ ਨੂੰ ਉਲਾਰ ਹੋ ਕੇ ਪੰਜਾਬ ਨੂੰ ਵੇਚਣ ਵਾਲਿਆਂ 'ਤੇ ਨਾ ਹੜ੍ਹਾਓ। ਆਪਣੇ ਵਾਰਸਾਂ ਲਈ ਪੰਜਾਬ ਨੂੰ ਰਹਿਣਯੋਗ ਬਣਾਉਣ ਲਈ ਉਕਤ ਚੀਜ਼ਾਂ ਦਾ ਧਿਆਨ ਰੱਖਿਆ ਜਾਣਾ ਬਹੁਤ ਜ਼ਰੂਰੀ ਹੈ। ਨਹੀਂ ਤਾਂ 'ਨਾਲੇ ਘਰੋਂ ਘਰ ਗਵਾਇਆ, ਨਾਲੇ ਭੜੂਆ ਕਹਾਇਆ' ਵਾਲੀ ਸਥਿਤੀ ਬਣ ਜਾਵੇਗੀ ਆਪਣੀ।

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਸਤੰਬਰ 2018*

# ਕੈਪਟਨ ਦੀ ਸਿਆਸਤ ਅਤੇ ਪੰਜਾਬ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਸਮੇਤ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਪੁਲਿਸ ਗੋਲੀ ਕਾਂਡ ਦੀ ਤਫਤੀਸ਼ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੋਂ ਵਾਪਸ ਲੈਣ ਦਾ ਐਲਾਨ ਕੀਤਾ ਹੈ। ਨਾਲ ਹੀ ਇਹ ਐਲਾਨ ਕੀਤਾ ਗਿਆ ਹੈ ਕਿ ਇਹ ਤਫਤੀਸ਼ ਹੁਣ ਸੂਬੇ ਦੇ ਪੁਲਿਸ ਅਫਸਰਾਂ 'ਤੇ ਆਧਾਰਤ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਕਰੇਗੀ। ਅਸਲ ਵਿਚ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਬੇਅਦਬੀ ਬਾਰੇ ਘਟਨਾਵਾਂ ਦੀਆਂ ਪੜਤਾਲੀਆਂ ਰਿਪੋਰਟਾਂ ਦੀ ਬਹਿਸ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਇਕ ਸੁਰ ਹੋ ਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਹੋਰ ਅਫਸਰਾਂ ਖਿਲਾਫ ਕਾਨੂੰਨੀ ਕਾਰਵਾਈ ਲਈ ਮੁੱਖ ਮੰਤਰੀ 'ਤੇ ਇੰਨਾ ਜ਼ਿਆਦਾ ਦਬਾਅ ਪਾਇਆ ਕਿ ਉਨ੍ਹਾਂ ਨੂੰ ਜਾਂਚ ਏਜੰਸੀ ਬਦਲਣ ਸਬੰਧੀ ਮਤਾ ਪੁਆਉਣਾ ਹੀ ਪਿਆ। ਮਗਰੋਂ ਸਦਨ ਵਿਚ ਇਹ ਸਰਬਸੰਮਤੀ ਨਾਲ ਪਾਸ ਵੀ ਹੋ ਗਿਆ। ਮੁੱਖ ਮੰਤਰੀ ਨੇ ਇਨ੍ਹਾਂ ਮਾਮਲਿਆਂ ਦੀ ਸਮਾਂਬੱਧ ਜਾਂਚ ਕਰਾਉਣ ਅਤੇ ਜਾਂਚ ਦੇ ਆਧਾਰ 'ਤੇ ਦੋਸ਼ੀਆਂ ਖਿਲਾਫ ਕਾਰਵਾਈ ਦਾ ਭਰੋਸਾ ਵੀ ਦਿੱਤਾ ਹੈ। ਇਹੀ ਨਹੀਂ, ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਸੰਭਾਲਣ ਤੋਂ ਬਾਅਦ ਪਹਿਲੀ ਵਾਰੀ ਪ੍ਰਕਾਸ਼ ਸਿੰਘ ਬਾਦਲ ਉਤੇ ਬੜੇ ਤਿੱਖੇ ਹਮਲੇ ਕੀਤੇ ਅਤੇ ਉਨ੍ਹਾਂ ਨੂੰ ਬੁਜ਼ਦਿਲ, ਝੂਠਾ ਅਤੇ ਡਰਪੋਕ ਤੱਕ ਆਖਿਆ। ਨਾਲ ਹੀ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਪ੍ਰਕਾਸ਼ ਸਿੰਘ ਬਾਦਲ ਨੂੰ ਹੀ ਦੱਸਿਆ। ਉਨ੍ਹਾਂ ਖੜਕਾ ਕੇ ਕਿਹਾ ਕਿ ਪੜਤਾਲੀਆ ਰਿਪੋਰਟਾਂ ਤੋਂ ਜਿਹੜੀ ਸੂਹ ਮਿਲੀ ਹੈ, ਉਸ ਵਿਚ ਸ਼ੱਕ ਦੀ ਸੂਈ ਬਾਦਲਾਂ ਵੱਲ ਜਾਂਦੀ ਹੈ, ਇਸ ਲਈ ਹੁਣ ਇਨ੍ਹਾਂ ਨੂੰ ਜ਼ਿੰਮੇਵਾਰੀ ਲੈਣੀ ਹੀ ਪਵੇਗੀ।

ਕੈਪਟਨ ਅਮਰਿੰਦਰ ਸਿੰਘ ਦੇ ਇਸ ਭਾਸ਼ਣ ਦੀ ਖੂਬ ਬੱਲੇ-ਬੱਲੇ ਹੋਈ ਹੈ ਪਰ ਵਿਚਲਾ ਨੁਕਤਾ ਇਹ ਹੈ ਕਿ ਬਾਦਲਾਂ ਖਿਲਾਫ ਕਾਰਵਾਈ ਕਰਨ ਤੋਂ ਕੈਪਟਨ ਅਮਰਿੰਦਰ ਸਿੰਘ ਨੂੰ ਰੋਕ ਕੌਣ ਰਿਹਾ ਹੈ? ਪੜਤਾਲੀਆ ਕਮਿਸ਼ਨ ਦੀ ਰਿਪੋਰਟ ਹੁਣ ਸਭ ਦੇ ਸਾਹਮਣੇ ਹੈ ਪਰ ਮੁੱਖ ਮੰਤਰੀ ਨੇ ਕਾਰਵਾਈ ਵਾਲੇ ਰਾਹ ਪੈਣ ਦੀ ਥਾਂ ਵਿਸ਼ੇਸ਼ ਜਾਂਚ ਟੀਮ ਬਣਾਉਣ ਵਾਲਾ ਰਾਹ ਚੁਣਿਆ ਹੈ। ਇਹ ਟੀਮ ਹੁਣ ਫਿਰ ਤੋਂ ਉਹੀ ਪੜਤਾਲ ਕਰੇਗੀ ਜੋ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਇੰਨੇ ਸਮੇਂ ਦੀ ਮਿਹਨਤ ਪਿਛੋਂ ਸਿਰੇ ਲਾਈ ਸੀ। ਇਹ ਹੈ, ਕੈਪਟਨ ਅਮਰਿੰਦਰ ਸਿੰਘ ਦਾ ਸ਼ਾਹੀ ਅੰਦਾਜ਼ ਅਤੇ ਉਨ੍ਹਾਂ ਦੀ ਸਿਆਸਤ ਜਿਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਬਾਦਲਾਂ ਨੂੰ ਅਜੇ ਹੋਰ ਸਮਾਂ ਦੇ ਦਿੱਤਾ ਗਿਆ ਹੈ। ਪਹਿਲਾਂ ਸਾਹਮਣੇ ਆਏ ਸਾਰੇ ਮਾਮਲਿਆਂ ਵਿਚ ਵੀ ਮੁੱਖ ਮੰਤਰੀ ਦੀ ਇਹੀ ਪਹੁੰਚ ਰਹੀ ਹੈ। ਉਹ ਕਮੇਟੀਆਂ-ਦਰ-ਕਮੇਟੀਆਂ ਬਣਾਉਂਦੇ ਹਨ ਅਤੇ ਕੁਝ ਸਮਾਂ ਪਾ ਕੇ ਮਸਲਾ ਆਪਣੇ ਆਪ ਠੰਢੇ ਬਸਤੇ ਪੈ ਜਾਂਦਾ ਹੈ। ਨਸ਼ਿਆਂ ਨਾਲ ਨਜਿੱਠਣ ਦੇ ਮਾਮਲੇ ਵਿਚ ਅਜਿਹਾ ਹੀ ਹੋਇਆ ਹੈ। ਮੁੱਖ ਮੰਤਰੀ ਦੀ ਇਸ ਪਹੁੰਚ ਦੇ ਤਾਜ਼ਾ ਦਰਸ਼ਨ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵਲੋਂ 1984 ਵਿਚ ਸਿੱਖ ਕਤਲੇਆਮ ਬਾਰੇ ਦਿੱਤੇ ਬਿਆਨ ਤੋਂ ਬਾਅਦ ਕੈਪਟਨ ਵਲੋਂ ਦਿੱਤੀ ਸਫਾਈ ਤੋਂ ਹੋ ਜਾਂਦੇ ਹਨ। ਰਾਹੁਲ ਗਾਂਧੀ ਨੇ ਇਸ ਕਤਲੇਆਮ ਵਿਚ ਪਾਰਟੀ ਦੀ ਸ਼ਮੂਲੀਅਤ ਤੋਂ ਇਨਕਾਰ ਹੀ ਕਰ ਦਿੱਤਾ ਸੀ ਜਦਕਿ ਸਾਰਾ ਜੱਗ ਜਾਣਦਾ ਹੈ ਕਿ ਇਹ ਕਤਲੇਆਮ ਕਾਂਗਰਸੀ ਆਗੂਆਂ ਦੀ ਸ਼ਹਿ ਉਤੇ ਹੀ ਸੰਭਵ ਹੋ ਸਕਿਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਚੁਸਤੀ ਇਹ ਕੀਤੀ ਕਿ ਕਤਲੇਆਮ ਦੀ ਸਮੁੱਚੀ ਜ਼ਿੰਮੇਵਾਰੀ ਕਾਂਗਰਸ ਉਤੇ ਪਾਉਣ ਦੀ ਥਾਂ, ਕੁਝ ਕੁ ਲੀਡਰਾਂ ਉਤੇ ਪਾ ਦਿੱਤੀ ਜਿਨ੍ਹਾਂ ਵਿਚੋਂ ਕੁਝ ਤਾਂ ਹੁਣ ਇਸ ਦੁਨੀਆਂ ਵਿਚ ਵੀ ਨਹੀਂ ਹਨ। ਇਸ ਸਬੰਧ ਵਿਚ ਉਨ੍ਹਾਂ ਚਾਰ ਕਾਂਗਰਸੀ ਆਗੂਆਂ ਦਾ ਨਾਂ ਲੈ ਕੇ ਉਨ੍ਹਾਂ ਦੇ ਇਸ ਕਤਲੇਆਮ ਵਿਚ ਸ਼ਾਮਲ ਹੋਣ ਦੀ ਪੁਸ਼ਟੀ ਕੀਤੀ, ਪਰ ਨਾਲ ਹੀ ਦਾਅਵਾ ਕੀਤਾ ਕਿ ਕਾਂਗਰਸ ਰਾਜਸੀ ਪਾਰਟੀ ਦੇ ਤੌਰ 'ਤੇ ਇਸ ਕਤਲੇਆਮ ਵਿਚ ਧਿਰ ਨਹੀਂ ਸੀ।

ਜਾਹਰ ਹੈ ਕਿ ਕੈਪਟਨ ਦਾ ਇਹ ਦਾਅਵਾ ਅਜਿਹੇ ਮਸਲਿਆਂ ਤੋਂ ਧਿਆਨ ਲਾਂਭੇ ਕਰਨ ਲਈ ਹੀ ਸੀ। ਪਿਛਲੇ ਡੇਢ ਸਾਲ ਤੋਂ ਉਹ ਪੰਜਾਬ ਦੇ ਲੋਕਾਂ ਨਾਲ ਇਸੇ ਤਰ੍ਹਾਂ ਦੀ ਸਿਆਸਤ ਕਰਦੇ ਆ ਰਹੇ ਹਨ। ਸਾਲ ਭਰ ਤਾਂ ਉਨ੍ਹਾਂ ਖਜ਼ਾਨਾ ਖਾਲੀ ਹੋਣ ਦਾ ਬਹਾਨਾ ਮਾਰ ਕੇ ਕੋਈ ਕੰਮ ਨਹੀਂ ਕੀਤਾ। ਪੰਜਾਬ ਦੇ ਬੁਨਿਆਦੀ ਮਸਲਿਆਂ-ਨਸ਼ੇ, ਸਿੱਖਿਆ ਤੇ ਸਿਹਤ ਬਾਰੇ ਉਨ੍ਹਾਂ ਦੀ ਪਹੁੰਚ ਖੜੋਤ ਵਾਲੀ ਹੀ ਰਹੀ ਹੈ। ਇਨ੍ਹਾਂ ਖੇਤਰਾਂ ਵਿਚ ਹਾਲਾਤ ਅੱਜ ਵੀ ਉਹੀ ਹਨ ਜੋ ਅਕਾਲੀ-ਭਾਜਪਾ ਗਠਜੋੜ ਸਰਕਾਰ ਦੇ ਦਸਾਂ ਸਾਲਾਂ ਦੌਰਾਨ ਸਨ, ਸਗੋਂ ਹਾਲਾਤ ਉਸ ਤੋਂ ਬਦਤਰ ਹੀ ਹੋਏ ਹਨ। ਹੁਣ ਜਦੋਂ ਉਹ ਸਭ ਮਸਲਿਆਂ ਤੋਂ ਚੁਫੇਰੇ ਘਿਰ ਰਹੇ ਹਨ ਤਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸਾਹਮਣੇ ਲਿਆਂਦੀ ਹੈ। ਇਹ ਰਿਪੋਰਟ ਸਾਹਮਣੇ ਲਿਆਉਣ ਮੌਕੇ ਵੀ ਉਹ ਬਾਦਲਾਂ ਦਾ ਹੀ ਪੱਖ ਪੂਰ ਗਏ। ਸਿਆਸੀ ਹਲਕਿਆਂ ਵਿਚ ਹੋ ਰਹੀ ਇਸ ਚਰਚਾ ਵਿਚ ਵਜ਼ਨ ਹੈ ਕਿ ਇਹ ਰਿਪੋਰਟ ਜਾਣ-ਬੁੱਝ ਕੇ ਲੀਕ ਕੀਤੀ ਗਈ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਬਾਦਲਾਂ ਨੇ ਭਾਈ ਗੁਰਮੁਖ ਸਿੰਘ ਨਾਲ ਤਾਲਮੇਲ ਬਿਠਾ ਕੇ ਉਸ ਦੇ ਭਰਾ ਹਿੰਮਤ ਸਿੰਘ ਨੂੰ ਤੋੜ ਲਿਆ। ਯਾਦ ਰਹੇ, ਬੇਅਦਬੀ ਸਬੰਧੀ ਮਾਮਲਿਆਂ ਵਿਚ ਹਿੰਮਤ ਸਿੰਘ ਮੁੱਖ ਗਵਾਹ ਹੈ। ਜੇ ਰਿਪੋਰਟ ਲੀਕ ਨਾ ਹੁੰਦੀ ਤਾਂ ਹਿੰਮਤ ਸਿੰਘ ਨੂੰ ਇਉਂ ਮੁੱਕਰ ਜਾਣ ਦਾ ਮੌਕਾ ਹੀ ਨਹੀਂ ਸੀ ਮਿਲਣਾ। ਇਹ ਹੈ ਕੈਪਟਨ ਅਮਰਿੰਦਰ ਸਿੰਘ ਦੀ ਅਸਲ ਸਿਆਸਤ। ਉਹ ਵਿਧਾਨ ਸਭਾ ਵਿਚ ਤਾਂ ਬਾਦਲਾਂ ਨੂੰ ਬੁਜ਼ਦਿਲ ਅਤੇ ਡਰਪੋਕ ਆਖਦੇ ਰਹੇ ਪਰ ਪਰਦੇ ਪਿਛੇ ਉਨ੍ਹਾਂ ਦਾ ਹੀ ਬਚਾਓ ਕੀਤਾ। ਆਮ ਆਦਮੀ ਪਾਰਟੀ ਦੀ ਪਾਟੋਧਾੜ ਨੇ ਵੀ ਮੁੱਖ ਮੰਤਰੀ ਨੂੰ ਇਉਂ ਸਾਰੇ ਮਾਮਲੇ ਲਮਕਾਉਣ ਦਾ ਮੌਕਾ ਮੁਹੱਈਆ ਕਰਵਾਇਆ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਉਤੇ ਜਿਸ ਤਰ੍ਹਾਂ ਦਾ ਦਬਾਅ ਵਿਰੋਧੀ ਧਿਰ ਦੀ ਇਕਜੁਟਤਾ ਦਾ ਪੈਣਾ ਚਾਹੀਦਾ ਸੀ, ਉਹ ਆਮ ਆਦਮੀ ਪਾਰਟੀ ਦੀ ਸਿਆਸਤ ਦੀ ਭੇਟ ਚੜ੍ਹ ਗਿਆ ਜਾਪਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਜਾਬ ਦੀ ਵੰਗਾਰ!*

ਲੜਿਆ ਪੋਰਸ ਸੀ ਵਿਚ ਮੈਦਾਨ ਆ ਕੇ, ਜੇਤੂ ਦੁਨੀਆਂ ਦੇ ਤਾਈਂ ਲਲਕਾਰਿਆ ਸੀ।
'ਤੈਂ ਕੀ ਦਰਦ ਨਾ ਆਇਆ' ਫੁਰਮਾਏ ਕੇ ਜੀ, ਬਾਬੇ ਬਾਬਰ ਤਾਈਂ ਫਿਟਕਾਰਿਆ ਸੀ।
ਤਾਣ ਛਾਤੀਆਂ ਭਿੜਿਆ ਸੀ ਖਾਲਸਾ ਜੀ, ਨਾਦਰ ਸ਼ਾਹਾਂ ਨੂੰ ਏਥੋਂ ਨਕਾਰਿਆ ਸੀ।
ਮੁਦਕੀ ਅਤੇ ਸਭਰਾਵਾਂ ਪਏ ਦੱਸਦੇ ਨੇ, ਸ਼ਾਮ ਸਿੰਘ ਜਿਹਾ ਸ਼ੇਰ ਭਬਕਾਰਿਆ ਸੀ।
ਅਮਲਾਂ ਵਾਸਤੇ ਸ਼ਬਦ ਹੁਣ ਲੱਭਦੇ ਨਾ, ਅਣਖਾਂ ਭਰੀ ਵਿਰਾਸਤ ਦੇ ਮੈਨ੍ਹਿਆਂ 'ਚੋਂ।
ਅੱਕ-ਥੱਕ ਪੰਜਾਬ ਇਉਂ ਸੋਚਦਾ ਏ, ਕਦੋਂ ਉਠੂ ਕੋਈ ਸੂਰਮਾ ਐਨਿਆਂ 'ਚੋਂ!

# ਬੇਅਦਬੀ ਰੋਕੂ ਕਾਨੂੰਨ 'ਤੇ ਪੰਜਾਬ ਅਤੇ ਭਾਰਤ ਦੀ ਸਿਆਸਤ

**ਬੇਅਦਬੀ ਦਾ ਮਾਮਲਾ ਇਕ ਵਾਰ ਫਿਰ ਭਖ ਗਿਆ ਹੈ। ਸਾਰੀਆਂ ਸਿਆਸੀ ਧਿਰਾਂ ਵਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਖੂਬ ਸਿਆਸਤ ਕੀਤੀ ਜਾ ਰਹੀ ਹੈ। ਪੰਜਾਬ ਦੇ ਮੰਤਰੀ ਮੰਡਲ ਨੇ ਹਾਲ ਹੀ ਵਿਚ ਬੇਅਦਬੀ ਵਾਲੇ ਕੇਸਾਂ ਵਿਚ ਉਮਰ ਕੈਦ ਦੀ ਸਜ਼ਾ ਦੀ ਤਜਵੀਜ਼ ਰੱਖੀ ਹੈ। ਹੈਦਰਾਬਾਦ ਦੀ ਨਾਲਸਰ ਯੂਨੀਵਰਸਿਟੀ ਆਫ ਲਾਅ ਦੇ ਵਾਈਸ ਚਾਂਸਲਰ ਅਤੇ ਉਘੇ ਵਿਦਵਾਨ ਫੈਜ਼ਾਨ ਮੁਸਤਫਾ ਨੇ ਆਪਣੇ ਇਸ ਲੇਖ ਵਿਚ ਪਾਕਿਸਤਾਨ ਦੇ ਹਵਾਲੇ ਨਾਲ ਬੇਅਦਬੀ ਕਾਨੂੰਨ ਦੀ ਦੁਰਵਰਤੋਂ ਅਤੇ ਭਾਰਤ ਵਿਚ ਇਸ ਦੇ ਨਿਕਲਣ ਵਾਲਿਆਂ ਸਿੱਟਿਆਂ ਬਾਰੇ ਵਿਚਾਰ ਪੇਸ਼ ਕੀਤੇ ਹਨ। -ਸੰਪਾਦਕ**

ਪੰਜਾਬ ਕੈਬਨਿਟ ਵਲੋਂ ਬੇਅਦਬੀ ਵਾਲੇ ਕੇਸਾਂ ਵਿਚ ਉਮਰ ਕੈਦ ਦੀ ਸਜ਼ਾ ਬਾਰੇ ਫੈਸਲਾ ਬੇਹੱਦ ਖਤਰਨਾਕ ਰੁਝਾਨ ਦਾ ਸੰਕੇਤ ਹੈ। ਇਸ ਤੋਂ ਪਹਿਲਾਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ 2016 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਸਜ਼ਾਯੋਗ ਬਣਾਇਆ ਸੀ। ਉਦੋਂ ਮੋਦੀ ਸਰਕਾਰ ਨੇ ਉਸ ਤਜਵੀਜ਼ਸ਼ੁਦਾ ਕਾਨੂੰਨ 'ਤੇ ਇਤਰਾਜ਼ ਪ੍ਰਗਟਾਇਆ ਸੀ। ਹੁਣ ਕਾਂਗਰਸ ਸਰਕਾਰ ਨੇ ਉਸੇ ਕਾਨੂੰਨ ਨੂੰ ਥੋੜ੍ਹਾ ਵਿਸਥਾਰ ਦੇ ਕੇ ਇਸ ਦੇ ਘੇਰੇ ਵਿਚ ਸ੍ਰੀਮਦ ਭਾਗਵਦ ਗੀਤਾ, ਕੁਰਾਨ ਸ਼ਰੀਫ ਤੇ

**ਫੈਜ਼ਾਨ ਮੁਸਤਫਾ**


ਬਾਈਬਲ ਜਿਹੇ ਹੋਰ ਧਾਰਮਿਕ ਗ੍ਰੰਥ ਵੀ ਸ਼ਾਮਲ ਕਰ ਦਿੱਤੇ ਹਨ। ਹੈਰਾਨੀ ਦੀ ਗੱਲ ਹੈ ਕਿ ਭਾਗਵਦ ਗੀਤਾ ਨੂੰ ਤਾਂ ਇਸ ਘੇਰੇ ਵਿਚ ਲਿਆਂਦਾ ਗਿਆ ਹੈ ਪਰ ਰਾਮਾਇਣ ਨੂੰ ਛੱਡ ਲਿਆ ਗਿਆ ਹੈ।

ਕਾਂਗਰਸ ਦੇ ਆਗੂ ਸ਼ਸ਼ੀ ਥਰੂਰ ਦਾ ਇਹ ਬਿਆਨ ਕਿ ਜੇ ਭਾਰਤੀ ਜਨਤਾ ਪਾਰਟੀ ਮੁੜ ਸੱਤਾ ਵਿਚ ਆਈ ਤਾਂ ਭਾਰਤ 'ਹਿੰਦੂ ਪਾਕਿਸਤਾਨ' ਬਣ ਜਾਵੇਗਾ, ਗਲਤ ਹੈ। ਇਹ ਠੀਕ ਹੈ ਕਿ ਸਾਡੇ ਮੁਲਕ ਦੇ ਹਿੰਦੂ ਰਾਸ਼ਟਰ ਬਣਨ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਆਲੇ-ਦੁਆਲੇ ਜੋ ਕੁਝ ਹੋ ਰਿਹਾ ਹੈ, ਉਸ ਤੋਂ ਚਿੰਤਾ ਵਾਲੇ ਸੰਕੇਤ ਜ਼ਰੂਰ ਮਿਲ ਰਹੇ ਹਨ। ਜਾਅਲੀ ਕਿਸਮ ਦੀ ਧਾਰਮਿਕਤਾ ਦਾ ਉਭਾਰ ਬੇਚੈਨੀ ਦਾ ਸਬੱਬ ਹੈ। ਵੋਟਾਂ ਲੈਣ ਲਈ ਧਰਮ ਅਤੇ ਧਾਰਮਿਕ ਚਿੰਨ੍ਹਾਂ ਦੀ ਵਧ ਰਹੀ ਸਿਆਸੀ ਵਰਤੋਂ ਕਿਸੇ ਸੰਕਟ ਦਾ ਹੀ ਸੰਦੇਸ਼ ਹੈ। ਸਟੇਟ ਵਲੋਂ ਧਾਰਮਿਕ ਵਿਸ਼ਵਾਸਾਂ ਨੂੰ ਸਮਾਜ ਦੇ ਨੇਮ ਬਣਾ ਕੇ ਨਹੀਂ ਥੋਪਣਾ ਚਾਹੀਦਾ। ਅਜਿਹੇ ਕਾਨੂੰਨਾਂ ਨਾਲ ਖੁੱਲ੍ਹ ਕੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ 'ਤੇ ਮਾੜਾ ਅਸਰ ਪੈਂਦਾ ਹੈ।

ਪਾਕਿਸਤਾਨ ਵਿਚ ਭਾਵੇਂ ਮੁਸਲਿਮ ਆਬਾਦੀ 96 ਫੀਸਦੀ ਹੈ ਪਰ ਉਨ੍ਹਾਂ ਦਾ ਵਿਹਾਰ ਘੱਟ-ਗਿਣਤੀ ਵਾਲਾ ਹੈ। ਇਸੇ ਲਈ ਉਥੇ ਇਸਲਾਮ ਨੂੰ ਸਰਕਾਰੀ ਸਰਪ੍ਰਸਤੀ ਦੀ ਜ਼ਰੂਰਤ ਲੱਗਦੀ ਹੈ ਅਤੇ ਸਿੱਟੇ ਵਜੋਂ ਬੇਹੱਦ ਪਿਛਾਖੜੀ ਬੇਅਦਬੀ/ਕੁਫਰ ਵਿਰੋਧੀ ਕਾਨੂੰਨ ਬਣਾਇਆ ਹੋਇਆ ਹੈ। ਅਸੀਂ ਆਪਣੇ ਹਿੰਦੂ ਭਰਾਵਾਂ ਵਿਚ ਉਹੋ ਜਿਹਾ ਡਰ ਭਰ ਰਹੇ ਹਾਂ। ਇਸ ਕਾਨੂੰਨ 'ਤੇ ਰਤਾ ਕੁ ਡੂੰਘੀ ਨਿਗ੍ਹਾ ਮਾਰਦੇ ਹਾਂ:

ਭਾਰਤੀ ਦੰਡਾਵਲੀ (1860) ਦਾ ਅਧਿਆਇ 15 ਧਰਮ ਨਾਲ ਸਬੰਧਤ ਅਪਰਾਧਾਂ ਬਾਰੇ ਹੀ ਹੈ। ਧਾਰਾ 295 ਅਧੀਨ ਅਜਿਹੇ ਸ਼ਖਸ ਨੂੰ ਦੋ ਸਾਲ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ, ਜੋ ਕਿਸੇ ਧਾਰਮਿਕ ਸਥਾਨ ਨੂੰ ਨਸ਼ਟ ਕਰਦਾ ਜਾਂ ਨੁਕਸਾਨ ਪਹੁੰਚਾਉਂਦਾ ਹੈ ਜਾਂ ਉਸ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਖਾਨੀ ਕਰਦਾ ਹੈ ਜਾਂ ਕਿਸੇ ਦੂਜੇ ਵਰਗ ਦੇ ਧਰਮ ਦੀ ਬੇਹੁਰਮਤੀ ਦੀ ਮਨਸ਼ਾ ਨਾਲ ਅਜਿਹੀ ਕੋਈ ਕਾਰਵਾਈ ਕਰਦਾ ਹੈ। ਧਾਰਾ 296 ਅਧੀਨ ਅਜਿਹੇ ਸ਼ਖਸ ਨੂੰ ਇਕ ਸਾਲ ਤੱਕ ਕੈਦ ਜਾਂ ਜੁਰਮਾਨੇ ਦੀ ਸਜ਼ਾ ਦਿੱਤੀ ਜਾ ਸਕਦੀ ਹੈ, ਜੋ ਕਿਸੇ ਧਾਰਮਿਕ ਪੂਜਾ ਜਾਂ ਧਾਰਮਿਕ ਰੀਤਾਂ-ਰਿਵਾਜਾਂ ਦੀ ਪਾਲਣਾ ਕਰ ਰਹੇ ਇਕੱਠ ਵਿਚ ਵਿਘਨ ਪਾਉਂਦਾ ਹੈ। ਧਾਰਾ 297 ਅਧੀਨ ਕਬਰਿਸਤਾਨਾਂ ਵਿਚ ਦਖਲ ਦੇਣਾ ਜਾਂ ਦਾਖਲ ਹੋਣਾ ਵੀ ਸਜ਼ਾਯੋਗ ਜੁਰਮ ਹੈ। ਧਾਰਾ 298 ਤਹਿਤ ਕਿਸੇ ਸ਼ਖਸ ਦੀਆਂ ਧਾਰਮਿਕ ਭਾਵਨਾਵਾਂ ਨੂੰ ਜਾਣਬੁੱਝ ਕੇ ਭੜਕਾਉਣ ਦੀ ਮਨਸ਼ਾ ਨਾਲ ਕੋਈ ਖਾਸ ਸ਼ਬਦ ਆਖਣਾ ਜਾਂ ਆਵਾਜ਼ਾਂ ਕੱਢਣਾ ਜਾਂ ਅਜਿਹੇ ਹਾਵ-ਭਾਵ ਜਾਂ ਇਸ਼ਾਰੇ ਦਰਸਾਉਣਾ ਵੀ ਅਪਰਾਧ ਹੈ। ਮੂਲ ਭਾਰਤੀ ਦੰਡਾਵਲੀ ਵਿਚ ਬੇਅਦਬੀ ਕੋਈ ਜੁਰਮ ਨਹੀਂ ਹੈ। ਇਹ ਮੱਦ 1927 ਵਿਚ ਸ਼ਾਮਲ ਕੀਤੀ ਗਈ ਸੀ ਅਤੇ ਇਸ ਅਧੀਨ ਜੇ ਕੋਈ ਸ਼ਖਸ ਜਾਣਬੁੱਝ ਕੇ ਕਿਸੇ ਵਰਗ ਦੇ ਧਰਮ ਜਾਂ ਉਸ ਦੇ ਧਾਰਮਿਕ ਵਿਸ਼ਵਾਸਾਂ ਦਾ ਅਪਮਾਨ ਕਰ ਕੇ ਧਾਰਮਿਕ ਭਾਵਨਾਵਾਂ ਭੜਕਾਉਂਦਾ ਹੈ ਤਾਂ ਉਸ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ। 1961 'ਚ ਦੋ ਸਾਲਾਂ ਦੀ ਸਜ਼ਾ ਵਧਾ ਕੇ 3 ਸਾਲ ਕਰ ਦਿੱਤੀ ਗਈ ਸੀ।

ਪ੍ਰਾਚੀਨ ਯੂਨਾਨ ਵਿਚ ਦੇਵਤਿਆਂ ਬਾਰੇ ਮਾੜਾ ਬੋਲਣਾ, ਸ਼ਾਂਤੀ ਭੰਗ ਕਰਨਾ ਅਤੇ ਸਰਕਾਰ ਦੇ ਸਿਧਾਂਤਾਂ ਜਾਂ ਕਾਨੂੰਨਾਂ ਦਾ ਅਪਮਾਨ ਕਰਨਾ ਬੇਅਦਬੀ ਸਮਝਿਆ ਜਾਂਦਾ ਸੀ। ਫਿਰ ਇਕ-ਈਸ਼ਵਰਵਾਦ ਦਾ ਸਿਧਾਂਤ ਆ ਗਿਆ, ਇਸ ਨਾਲ ਬੇਅਦਬੀ ਨੂੰ ਨਵਾਂ ਹੁਲਾਰਾ ਮਿਲਿਆ ਅਤੇ ਯਹੂਦੀਆਂ ਨੇ ਸ਼ਾਇਦ ਸਭ ਤੋਂ ਪਹਿਲਾਂ ਬੇਅਦਬੀ ਦੀ ਮੂਲ ਰੂਪ ਰੇਖਾ ਤਿਆਰ ਕੀਤੀ। ਸਟੇਟ ਨੇ ਬੇਅਦਬੀ ਦੀ ਸਜ਼ਾ ਲਈ ਧਾਰਮਿਕ ਆਗੂਆਂ ਨਾਲ ਗੰਢ-ਤੁਪੱਪ ਕਰ ਲਈ। 1671 ਵਿਚ ਅੰਗਰੇਜ਼ ਲਾਰਡ ਚੀਫ ਜਸਟਿਸ ਸਰ ਮੈਥਿਊ ਹੇਲ ਨੇ ਦਲੀਲ ਦਿੱਤੀ ਸੀ ਕਿ ਧਰਮ ਉਤੇ ਹਮਲੇ ਇਕ ਤਰ੍ਹਾਂ ਨਾਲ ਕਾਨੂੰਨ ਉਤੇ ਹੀ ਹਮਲੇ ਹੁੰਦੇ ਹਨ ਅਤੇ ਬੇਅਦਬੀ ਨੂੰ ਬਗਾਵਤ ਹੀ ਮੰਨਿਆ ਗਿਆ। 1528 ਵਿਚ ਪੈਰਿਸ ਵਿਖੇ ਇਕ ਮੱਲਾਹ ਨੂੰ ਸਿਰਫ ਇਸ ਲਈ ਜਿਊਂਦੇ ਸਾੜ ਦਿੱਤਾ ਗਿਆ ਕਿਉਂਕਿ ਉਸ ਨੇ ਮਾਂ-ਮਰੀਅਮ ਦੇ ਕੋਈ ਦੈਵੀ-ਸ਼ਕਤੀ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਸਵੀਡਨ ਵਿਚ 1662 ਦੌਰਾਨ ਇਕ ਸ਼ਖਸ ਦੀ ਜੀਭ ਸਿਰਫ ਇਸ ਲਈ ਵੱਢ ਦਿੱਤੀ ਗਈ ਸੀ ਕਿਉਂਕਿ ਉਸ ਨੇ ਨਸ਼ੇ ਦੀ ਹਾਲਤ ਵਿਚ ਮਸੀਹੀ ਧਾਰਮਿਕ ਸਮਾਰੋਹ (ਪ੍ਰੀਤੀ ਭੋਜ) ਖਿਲਾਫ ਕੁਝ ਬੋਲ ਦਿੱਤਾ ਸੀ। ਇੰਜ



ਹੀ 1699 ਦੌਰਾਨ ਸਵੀਡਨ ਦੀ ਸ਼ਾਹੀ ਸਮੁੰਦਰੀ ਫੌਜ ਦੇ ਦੋ ਜਵਾਨਾਂ ਨੂੰ ਇਸ ਕਰਕੇ ਫਾਂਸੀ ਦੇ ਦਿੱਤੀ ਗਈ ਸੀ ਕਿਉਂਕਿ ਉਨ੍ਹਾਂ ਨੇ ਗਿਰਜਾਘਰ ਵਿਚ ਭਜਨ ਗਾਉਂਦੇ ਸਮੇਂ 'ਮੇਰੇ ਮਨ ਵਿਚ ਯਿਸੂ ਹੈ' ਦੀ ਥਾਂ 'ਮੇਰੇ ਮਨ ਵਿਚ ਸ਼ੈਤਾਨ ਹੈ' ਆਖ ਦਿੱਤਾ ਸੀ। ਇੰਗਲੈਂਡ ਦਾ ਬੇਅਦਬੀ ਕਾਨੂੰਨ ਜੋ ਸਿਰਫ ਇਸਾਈ ਧਰਮ ਲਈ ਹੀ ਸੀ, ਆਖਿਰਕਾਰ 2008 ਵਿਚ ਖਤਮ ਕਰ ਦਿੱਤਾ ਗਿਆ। ਅਮਰੀਕਾ ਦੀ ਸੁਪਰੀਮ ਕੋਰਟ ਨੇ ਜੋਜ਼ੇਫ ਬਰਸਟਿਨ ਬਨਾਮ ਵਿਲਸਨ (1952) ਨਾਂ ਦੇ ਮੁਕੱਦਮੇ ਦੀ ਸੁਣਵਾਈ ਕਰਦਿਆਂ ਬੇਅਦਬੀ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਸੀ। ਆਸਟਰੇਲੀਆ ਵਿਚ ਇਹ ਪਹਿਲਾਂ ਫੈਡਰਲ ਜੁਰਮ ਹੁੰਦਾ ਸੀ ਪਰ 1995 ਵਿਚ ਉਥੇ ਵੀ ਇਹ ਕਾਨੂੰਨ ਖਤਮ ਕਰ ਦਿੱਤਾ ਗਿਆ। ਹੁਣ ਸਿਰਫ 25 ਫੀਸਦੀ ਮੁਲਕਾਂ ਵਿਚ ਹੀ ਬੇਅਦਬੀ ਲਈ ਸਜ਼ਾ ਦਿੱਤੀ ਜਾਂਦੀ ਹੈ।

ਪਾਕਿਸਤਾਨੀ ਦੰਡਾਵਲੀ ਦੀਆਂ ਧਾਰਾਵਾਂ 295 ਅਤੇ 295-ਏ ਬਿਲਕੁਲ ਭਾਰਤੀ ਦੰਡਾਵਲੀ ਵਰਗੀਆਂ ਹੀ ਹਨ। 1980 ਤੋਂ 1986 ਦੌਰਾਨ ਇਸ ਦੰਡਾਵਲੀ ਵਿਚ ਸੋਧਾਂ ਕੀਤੀਆਂ ਗਈਆਂ ਅਤੇ ਉਸ ਵਿਚ ਬੇਅਦਬੀ/ਕੁਫਰ ਜਾਂ ਮੁਸਲਮਾਨਾਂ ਦੀਆਂ ਭਾਵਨਾਵਾਂ ਦਾ ਅਪਮਾਨ ਕਰਨ ਲਈ ਸਜ਼ਾਵਾਂ ਜੋੜੀਆਂ ਗਈਆਂ। ਧਾਰਾ 295-ਬੀ ਮੁਤਾਬਕ ਜੇ ਕੋਈ ਸ਼ਖਸ ਜਾਣਬੁੱਝ ਕੇ ਕੁਰਾਨ ਸ਼ਰੀਫ ਨਸ਼ਟ ਕਰਦਾ ਹੈ ਜਾਂ ਛੇੜਖਾਨੀ ਕਰਦਾ ਹੈ ਤਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਧਾਰਾ 295-ਸੀ 1986 ਵਿਚ ਜੋੜੀ ਗਈ, ਇਹ ਬਹੁਤ ਜ਼ਿਆਦਾ ਸਖਤ ਹੈ। ਇਸ ਵਿਚ ਲਿਖਿਆ ਹੈ: "ਜੇ ਕੋਈ ਸ਼ਖਸ ਕੋਈ ਸ਼ਬਦ ਬੋਲ ਕੇ ਜਾਂ ਲਿਖਤੀ ਰੂਪ ਵਿਚ ਜਾਂ ਦਿਖਾਈ ਦੇਣ ਵਾਲੀ ਲਿਖਤ ਰਾਹੀਂ ਜਾਂ ਮਾੜੀ ਮਨਸ਼ਾ ਨਾਲ ਕੋਈ ਅਜਿਹੀ ਗੱਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਆਖਦਾ ਹੈ, ਪਾਕ ਪੈਗੰਬਰ ਮੁਹੰਮਦ ਸਾਹਿਬ ਦੇ ਪਵਿੱਤਰ ਨਾਂ ਦੀ ਸ਼ਾਨ ਵਿਚ ਕੋਈ ਗੁਸਤਾਖੀ ਕਰਦਾ ਹੈ, ਤਾਂ ਉਸ ਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ ਜੁਰਮਾਨਾ ਵੀ ਕੀਤਾ ਜਾਵੇਗਾ।" ਅਕਤੂਬਰ 1990 ਵਿਚ ਫੈਡਰਲ ਸ਼ਰੀਅਤ ਅਦਾਲਤ ਨੇ ਫੈਸਲਾ ਸੁਣਾਇਆ ਕਿ ਇਸ ਸੈਕਸ਼ਨ ਵਿਚ ਦਰਜ ਜੁਰਮ ਲਈ ਇਸਲਾਮ ਵਿਚ ਨਿਰਧਾਰਤ ਸਜ਼ਾ ਸਿਰਫ ਮੌਤ ਹੈ। ਸੋ, ਕਾਨੂੰਨ ਦੀ ਧਾਰਾ ਵਿਚੋਂ 'ਉਮਰ ਕੈਦ' ਸ਼ਬਦ ਕੱਢਣ ਦਾ ਹੁਕਮ ਦੇ ਦਿੱਤਾ ਗਿਆ ਅਤੇ ਇਉਂ ਇਸ ਮਾਮਲੇ ਵਿਚ ਮੌਤ ਦੀ ਸਜ਼ਾ ਕਾਨੂੰਨੀ ਤੌਰ 'ਤੇ ਲਾਜ਼ਮੀ ਕਰਾਰ ਦੇ ਦਿੱਤੀ ਗਈ।

ਬੇਅਦਬੀ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦੇ ਮੁੱਦੇ 'ਤੇ ਮੁਸਲਿਮ ਕਾਨੂੰਨੀ ਮਾਹਿਰਾਂ ਵਿਚ ਮੱਤਭੇਦ ਹਨ ਕਿਉਂਕਿ ਕੁਰਾਨ ਸ਼ਰੀਫ ਵਿਚ ਕੁਫਰ/ਬੇਅਦਬੀ ਨੂੰ ਸਭ ਤੋਂ ਵੱਡੇ ਜੁਰਮਾਂ ਵਿਚੋਂ ਇੱਕ ਨਹੀਂ ਮੰਨਿਆ ਗਿਆ। 1987 ਤੋਂ 2014 ਤੱਕ 1300 ਸ਼ਖਸਾਂ 'ਤੇ ਕੁਫਰ ਦੇ ਦੋਸ਼ ਲੱਗੇ। ਪਾਕਿਸਤਾਨ ਵਿਚ ਇਸ ਕਾਨੂੰਨ ਤੋਂ ਸਭ ਤੋਂ ਵੱਧ ਪੀੜਤ ਇਸਾਈ ਅਤੇ ਅਹਿਮਦੀਆ ਫਿਰਕੇ ਦੇ ਲੋਕ ਹਨ। 1993 ਵਿਚ ਧਾਰਾ 295-ਸੀ ਅਧੀਨ ਮੌਤ ਦੀ ਸਜ਼ਾ ਪਾਉਣ ਵਾਲਾ ਗੁਲ ਮਸੀਹ ਪਹਿਲਾ ਸ਼ਖਸ ਸੀ। ਸ਼ਿਕਾਇਤਕਰਤਾ ਨੇ ਅਦਾਲਤ ਵਿਚ ਲਿਖਤੀ ਬਿਆਨ ਦਿੱਤਾ ਕਿ ਗੁਲ ਮਸੀਹ ਨੇ ਦੋ ਗਵਾਹਾਂ ਦੀ ਮੌਜੂਦਗੀ ਵਿਚ ਪੈਗੰਬਰ ਦਾ ਅਪਮਾਨ ਕੀਤਾ ਸੀ। ਬਾਅਦ ਵਿਚ ਇਸ ਮਾਮਲੇ ਦੀ ਪੁਣਛਾਣ ਹੋਈ, ਗਵਾਹ ਮੁੱਕਰ ਗਿਆ ਅਤੇ ਆਖਿਆ ਕਿ ਉਸ ਨੇ ਤਾਂ ਇਹ ਸਭ ਸ਼ਿਕਾਇਤਕਰਤਾ ਦੇ ਆਖਣ 'ਤੇ ਕੀਤਾ ਸੀ; ਫਿਰ ਵੀ ਉਸ ਨੂੰ ਸਿਰਫ ਸ਼ਿਕਾਇਤਕਰਤਾ ਦੀ ਗਵਾਹੀ 'ਤੇ ਹੀ ਮੌਤ ਦੀ ਸਜ਼ਾ ਦੇ ਦਿੱਤੀ ਗਈ। ਅਹਿਮਦੀਆਂ ਖਿਲਾਫ ਅਜਿਹੇ ਦੋਸ਼ ਵੀ ਲੱਗਦੇ ਰਹੇ ਕਿ ਉਨ੍ਹਾਂ ਆਪਣੇ ਘਰਾਂ, ਦੁਕਾਨਾਂ ਆਦਿ ਅੱਗੇ ਕਲਮੇ ਅਤੇ ਬਿਸਮਿੱਲਾਹ ਲਿਖਵਾਏ ਹੋਏ ਹਨ। ਵਿਆਹ ਦੇ ਕਾਰਡਾਂ 'ਤੇ 'ਇੰਸ਼ਾਅੱਲ੍ਹਾ' ਲਿਖਵਾਏ ਜਾਣ 'ਤੇ ਵੀ ਇਤਰਾਜ਼ ਹੁੰਦਾ ਰਿਹਾ।

ਮੁਸਲਮਾਨਾਂ ਖਿਲਾਫ ਵੀ ਮਾਮਲੇ ਦਰਜ ਹੁੰਦੇ ਰਹੇ। ਹਾਫਿਜ਼ (ਜਿਸ ਨੂੰ ਸਾਰੀ ਕੁਰਾਨ ਸ਼ਰੀਫ ਜ਼ੁਬਾਨੀ ਯਾਦ ਹੁੰਦੀ ਹੈ) ਸੱਜਾਦ ਫਰੂਜ਼ ਨੂੰ 1994 ਵਿਚ ਸਿਰਫ ਇਸ ਕਰਕੇ ਮਾਰ ਦਿੱਤਾ ਗਿਆ ਕਿਉਂਕਿ ਉਸ ਦੇ ਗੁਆਂਢੀ ਨੇ ਅਫਵਾਹ ਫੈਲਾ ਦਿੱਤੀ ਸੀ ਕਿ ਉਸ ਨੇ ਕੁਰਾਨ ਸ਼ਰੀਫ ਦੀਆਂ ਕਾਪੀਆਂ ਸਾੜੀਆਂ ਹਨ। ਪਿਛੋਂ ਉਸੇ ਮਸਜਿਦ ਨੇ ਉਸ ਨੂੰ ਬੇਕਸੂਰ ਐਲਾਨਿਆ ਜਿਥੋਂ ਉਸ ਨੂੰ ਜਾਨੋਂ ਮਾਰਨ ਦੇ ਫਤਵੇ ਜਾਰੀ ਹੋਏ ਸਨ। ਲਹਿੰਦੇ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਨੂੰ 2011 ਵਿਚ ਸਿਰਫ ਇਸ ਲਈ ਕਤਲ ਕਰ ਦਿੱਤਾ ਗਿਆ ਕਿਉਂਕਿ ਉਹ ਕੁਫਰ ਵਿਰੋਧੀ ਕਾਨੂੰਨ ਵਿਚ ਸੁਧਾਰਾਂ ਦੇ ਹਮਾਇਤੀ ਸਨ। ਸਾਲ 2017 'ਚ ਮਸ਼ਾਲ ਖਾਨ ਨੂੰ ਉਸ ਦੇ ਸਾਥੀ ਵਿਦਿਆਰਥੀਆਂ ਨੇ ਸਿਰਫ ਇਸ ਲਈ ਕੁੱਟ ਕੁੱਟ ਕੇ ਮਾਰ ਦਿੱਤਾ ਕਿਉਂਕਿ ਉਸ ਨੇ ਕੁਫਰ ਨਾਲ ਸਬੰਧਤ ਸਮੱਗਰੀ ਆਨਲਾਈਨ ਪੋਸਟ ਕਰ ਦਿੱਤੀ ਸੀ।

ਅਜਿਹੇ ਵੇਲਿਆਂ ਦੌਰਾਨ ਜਦੋਂ ਹਜੂਮ ਕਿਸੇ ਕੋਲ ਗਊ ਮਾਸ ਹੋਣ, ਵੇਚਣ ਲਈ ਗਊਆਂ ਲਿਜਾਣ, ਬੱਚੇ ਚੁੱਕਣ ਵਾਲਾ, ਬਲਾਤਕਾਰੀ ਹੋਣ ਆਦਿ ਦੇ ਦੋਸ਼ ਲਾ ਕੇ ਕਤਲ ਕਰ ਰਹੇ ਹੋਣ, ਤਾਂ ਪੰਜਾਬ ਦੇ ਇਸ ਕਾਨੂੰਨ ਨਾਲ ਭਾਰਤ ਵਿਚ ਹਜੂਮੀ ਹਮਲਿਆਂ ਨੂੰ ਨਵੀਂ ਹਵਾ ਮਿਲ ਸਕਦੀ ਹੈ। ਇਉਂ ਕਿਸੇ ਨੂੰ ਕੁੱਟ ਕੁੱਟ ਕੇ ਜਾਨੋਂ ਮਾਰ ਦੇਣ ਦੀਆਂ ਮੰਦਭਾਗੀਆਂ ਘਟਨਾਵਾਂ ਜ਼ੋਰ ਫੜ ਸਕਦੀਆਂ ਹਨ। ਸਾਨੂੰ ਪਾਕਿਸਤਾਨ ਦੇ ਰਾਹ ਨਹੀਂ ਪੈਣਾ ਚਾਹੀਦਾ। ਆਓ ਅਸੀਂ ਭਾਰਤ ਨੂੰ 'ਜ਼ਾਲਮ ਸਮਾਜ' ਬਣਨ ਤੋਂ ਰੋਕੀਏ।

# ਕੇਰਲਾ ਵਿਚ ਹੜ੍ਹਾਂ ਨਾਲ ਤਬਾਹੀ ਅਤੇ ਜਸ਼ਨਾਂ ਦੀ ਸਿਆਸਤ

***ਕੇਰਲਾ ਵਿਚ ਹੜ੍ਹਾਂ ਨਾਲ ਹੋਈ ਤਬਾਹੀ ਨੇ ਕਈ ਸਵਾਲ ਸਾਹਮਣੇ ਲੈ ਆਂਦੇ ਹਨ। ਸਭ ਤੋਂ ਵੱਡਾ ਸਵਾਲ ਤਾਂ ਕੁਦਰਤ ਨਾਲ ਛੇੜਛਾੜ ਦਾ ਹੀ ਹੈ। ਭਾਰਤ ਦਾ ਵਿਕਾਸ ਮਾਡਲ ਜਿਸ ਤਰ੍ਹਾਂ ਕੁਦਰਤੀ ਸਾਧਨਾਂ ਦੇ ਆਹੂ ਲਾਹ ਰਿਹਾ ਹੈ, ਉਸ ਤੋਂ ਨਿਕਲਣ ਵਾਲੇ ਗੰਭੀਰ ਸਿੱਟਿਆਂ ਬਾਰੇ ਵਿਦਵਾਨ ਲੋਕ ਪਹਿਲਾਂ ਹੀ ਸੁਚੇਤ ਕਰਦੇ ਰਹੇ ਹਨ। ਉਂਜ, ਇਨ੍ਹਾਂ ਹੜ੍ਹਾਂ ਦੌਰਾਨ ਸੰਘ ਬ੍ਰਿਗੇਡ ਅਤੇ ਇਸ ਨਾਲ ਜੁੜੀਆਂ ਸਰਕਾਰਾਂ ਅਤੇ ਸੰਸਥਾਵਾਂ ਬਾਰੇ ਜੋ ਤੱਥ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਪੇਸ਼ ਕੀਤੇ ਹਨ, ਉਹ ਬਹੁਤ ਬੇਚੈਨ ਕਰਨ ਵਾਲੇ ਹਨ। ਇਸ ਤੋਂ ਇਨ੍ਹਾਂ ਲੋਕਾਂ ਦੀ ਕੋਝੀ ਸਿਆਸਤ ਬਾਰੇ ਵੀ ਪਤਾ ਲੱਗਦਾ ਹੈ। -ਸੰਪਾਦਕ***

ਬੂਟਾ ਸਿੰਘ
ਫੋਨ: 91-94634-74342

ਪਿਛਲੇ ਦਿਨਾਂ ਵਿਚ ਭਾਰਤ ਦੇ ਦੱਖਣੀ ਸੂਬੇ ਕੇਰਲਾ ਅਤੇ ਗੁਆਂਢੀ ਕਰਨਾਟਕਾ ਦੇ ਕੁਝ ਹਿੱਸਿਆਂ ਵਿਚ ਹੜ੍ਹਾਂ ਨਾਲ ਹੋਈ ਭਿਆਨਕ ਤਬਾਹੀ ਨੇ ਆਮ ਜ਼ਿੰਦਗੀ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤੀ ਹੈ। ਕੇਰਲਾ ਵਿਚ ਹੜ੍ਹਾਂ ਨਾਲ 400 ਦੇ ਕਰੀਬ ਲੋਕਾਂ ਦੇ ਮਾਰੇ ਜਾਣ ਅਤੇ 4 ਲੱਖ ਤੋਂ ਵੱਧ ਦੇ ਘਰੋਂ ਬੇਘਰ ਹੋਣ ਦੀ ਰਿਪੋਰਟ ਹੈ। 20 ਅਗਸਤ ਤਕ 10 ਲੱਖ ਤੋਂ ਵਧੇਰੇ ਹੜ੍ਹ ਪੀੜਤ 5000 ਤੋਂ ਵਧੇਰੇ ਕੈਂਪਾਂ ਵਿਚ ਪਨਾਹ ਲੈ ਚੁੱਕੇ ਸਨ। ਸੂਬਾ ਸਰਕਾਰ ਦੇ ਮੁੱਢਲੇ ਅੰਦਾਜ਼ੇ ਅਨੁਸਾਰ ਹੁਣ ਤਕ 20000 ਕਰੋੜ ਰੁਪਏ ਤੋਂ ਉਪਰ ਦਾ ਨੁਕਸਾਨ ਹੋਇਆ ਹੈ। ਸੜਕਾਂ, ਪੁਲ, ਹਸਪਤਾਲ, ਸਕੂਲ ਆਦਿ ਬੁਨਿਆਦੀ ਢਾਂਚਾ ਜ਼ਿਆਦਾਤਰ ਤਬਾਹ ਹੋ ਗਿਆ ਹੈ। ਖੇਤੀਬਾੜੀ ਅਤੇ ਹੋਰ ਜ਼ਰੂਰੀ ਪੈਦਾਵਾਰੀ ਖੇਤਰ ਬੁਰੀ ਤਰ੍ਹਾਂ ਤਬਾਹ ਹੋ ਚੁੱਕੇ ਹਨ। ਸੈਰ-ਸਪਾਟਾ ਹੜ੍ਹਾਂ ਨਾਲ ਸਭ ਤੋਂ ਵਧੇਰੇ ਪ੍ਰਭਾਵਿਤ ਆਰਥਿਕ ਖੇਤਰਾਂ ਵਿਚੋਂ ਇਕ ਹੈ। ਲਗਭਗ 30000 ਹਜ਼ਾਰ ਕਰੋੜ ਰੁਪਏ ਦੇ ਕਾਰੋਬਾਰ ਵਾਲਾ ਇਹ ਖੇਤਰ ਕੇਰਲਾ ਦੀ ਆਰਥਿਕਤਾ ਵਿਚ ਗਿਣਨਯੋਗ ਹਿੱਸਾ ਪਾਉਂਦਾ ਹੈ ਅਤੇ 14 ਲੱਖ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਤਬਾਹੀ ਇੰਨੀ ਵਿਆਪਕ ਹੈ ਕਿ ਕੁਝ ਇਲਾਕਿਆਂ ਵਿਚ 97 ਫੀਸਦੀ ਵਸੋਂ ਘਰੋਂ ਬੇਘਰ ਹੋ ਗਈ ਹੈ। ਇਸ ਸੂਰਤ ਵਿਚ, ਆਰਥਿਕਤਾ ਨੂੰ ਲੀਹ 'ਤੇ ਆਉਂਦਿਆਂ ਕਈ ਸਾਲ ਲੱਗ ਜਾਣਗੇ।

2001 ਵਿਚ ਭੁਜ (ਗੁਜਰਾਤ) ਵਿਚ ਭੂਚਾਲ ਨਾਲ ਭਾਰੀ ਤਬਾਹੀ, 2004 ਵਿਚ ਸੁਨਾਮੀ ਦਾ ਕਹਿਰ, 2005 ਵਿਚ ਗੁਜਰਾਤ ਅਤੇ ਮਹਾਂਰਾਸ਼ਟਰ ਵਿਚ ਹੜ੍ਹਾਂ ਨਾਲ ਪੰਜ ਹਜ਼ਾਰ ਮੌਤਾਂ, 2007 ਵਿਚ ਬਿਹਾਰ ਵਿਚ ਹੜ੍ਹਾਂ ਨਾਲ 1300 ਮੌਤਾਂ, 2013 ਵਿਚ ਉਤਰਾਖੰਡ ਵਿਚ ਬੱਦਲ ਫਟਣ ਨਾਲ ਭਿਆਨਕ ਤਬਾਹੀ ਅਤੇ 6000 ਮੌਤਾਂ, 2014 ਵਿਚ ਕਸ਼ਮੀਰ ਘਾਟੀ ਵਿਚ ਹੜ੍ਹਾਂ ਨਾਲ ਤਬਾਹੀ ਅਤੇ ਹੁਣ ਕੇਰਲਾ ਵਿਚ ਤਬਾਹੀ, ਕੁਦਰਤੀ ਆਫਤਾਂ ਦਾ ਇਹ ਵਰਤਾਰਾ ਵਾਰ-ਵਾਰ ਦਰਸਾ ਰਿਹਾ ਹੈ ਕਿ ਅਖੌਤੀ ਵਿਕਾਸ ਯੋਜਨਾਵਾਂ, ਖਾਸ ਕਰਕੇ ਵੱਡੇ ਪ੍ਰੋਜੈਕਟਾਂ, ਡੈਮਾਂ, ਖਣਨ ਆਦਿ ਅਤੇ ਇਨ੍ਹਾਂ ਪਿੱਛੇ ਕੰਮ ਕਰਦੀ ਲੋਟੂ ਜਮਾਤ ਦੀ ਕੁਦਰਤੀ ਵਸੀਲਿਆਂ ਨੂੰ ਨਿਚੋੜਨ ਦੀ ਅੰਨ੍ਹੀ ਲਾਲਸਾ ਨੇ ਚੌਗਿਰਦੇ ਦੇ ਕੁਦਰਤੀ ਤਵਾਜ਼ਨ ਵਿਚ ਭਿਆਨਕ ਹੱਦ ਤਕ ਵਿਗਾੜ ਪੈਦਾ ਕਰ ਦਿੱਤੇ ਹਨ। ਇਕ ਪਾਸੇ, ਹੜ੍ਹਾਂ ਨਾਲ ਤਬਾਹੀ ਹੈ, ਦੂਜੇ ਪਾਸੇ ਆਂਧਰ ਪ੍ਰਦੇਸ਼ ਦੇ ਛੇ ਜ਼ਿਲ੍ਹਿਆਂ ਦੇ 274 ਬਲਾਕ ਤੇ ਹੋਰ ਸੂਬਿਆਂ ਦੇ ਹਿੱਸੇ ਸੋਕੇ ਦੀ ਮਾਰ ਹੇਠ ਹਨ। ਕਰਨਾਟਕਾ ਦੇ ਉਤਰ-ਪੂਰਬੀ ਜ਼ਿਲ੍ਹੇ, ਤਾਮਿਲਨਾਡੂ ਦੇ ਚਾਰ ਮੈਦਾਨੀ ਅਤੇ ਤਿੰਨ ਪੱਛਮੀ ਘਾਟ ਵਿਚ ਪੈਂਦੇ ਜ਼ਿਲ੍ਹਿਆਂ ਵਿਚ ਇਸ ਵਾਰ ਮਾਨਸੂਨ ਬਾਰਿਸ਼ ਘੱਟ ਹੋਈ ਹੈ। ਪੂਰਬੀ ਭਾਰਤ ਅਤੇ ਉਤਰ-ਪੂਰਬੀ ਰਿਆਸਤਾਂ ਵਿਚ ਵੀ ਘੱਟ ਬਾਰਿਸ਼ ਪੈਣ ਦੀਆਂ ਰਿਪੋਰਟਾਂ ਹਨ। ਸੱਤ ਸਾਲ ਪਹਿਲਾਂ 'ਪੱਛਮੀ ਘਾਟ ਕੁਦਰਤੀ ਚੌਗਿਰਦਾ ਮਾਹਰ ਪੈਨਲ' ਨੇ ਇਸ ਖੇਤਰ ਦੇ ਚੌਗਿਰਦੇ ਨੂੰ ਖਣਨ ਅਤੇ ਇਸ ਨਾਲ ਜੁੜੇ ਹੋਰ ਕਾਰੋਬਾਰਾਂ ਵਲੋਂ ਮਚਾਈ ਤਬਾਹੀ ਤੋਂ ਬਚਾਉਣ ਲਈ ਬਹੁਤ ਸਾਰੀਆਂ ਸਿਫਾਰਸ਼ਾਂ ਕੀਤੀਆਂ ਸਨ ਜਿਨ੍ਹਾਂ ਨੂੰ 'ਵਿਕਾਸ' ਮਾਡਲ ਦੀਆਂ ਪੈਰੋਕਾਰ ਤਮਾਮ ਸਰਕਾਰਾਂ ਵੱਲੋਂ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਅੱਜ ਜਦੋਂ ਕੇਰਲਾ ਵਿਚ ਤਬਾਹੀ ਦੀ ਗੱਲ ਕੀਤੀ ਜਾ ਰਹੀ ਹੈ ਤਾਂ ਵੱਖ-ਵੱਖ ਸਰਕਾਰਾਂ ਦੀ ਇਸ ਮੁਜਰਮਾਨਾ ਭੂਮਿਕਾ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

ਪੱਛਮੀ ਘਾਟ ਪੰਜ ਸੂਬਿਆਂ ਕੇਰਲਾ, ਕਰਨਾਟਕਾ, ਤਾਮਿਲਨਾਡੂ, ਗੋਆ ਅਤੇ ਮਹਾਂਰਾਸ਼ਟਰ ਵਿਚ ਫੈਲੀ 1600 ਕਿਲੋਮੀਟਰ ਲੰਮੀ ਪਰਬਤ ਮਾਲਾ ਹੈ। ਇਕ ਲੱਖ ਸੱਠ ਹਜ਼ਾਰ ਸਕੁਏਅਰ ਕਿਲੋਮੀਟਰ 'ਚ ਫੈਲਿਆ ਇਹ ਖੇਤਰ ਬਹੁਤ ਅਹਿਮ ਹੈ ਜਿਸ ਨੂੰ ਸਰਕਾਰੀ ਨੀਤੀਆਂ ਬੇਥਾਹ ਨੁਕਸਾਨ ਪਹੁੰਚਾ ਰਹੀਆਂ ਹਨ। ਉਕਤ ਪੈਨਲ ਦੇ ਪ੍ਰਧਾਨ ਰਹਿ ਚੁੱਕੇ ਮਾਧਵ ਗਾਡਗਿਲ ਨੇ ਸਪਸ਼ਟ ਕਿਹਾ ਹੈ ਕਿ ਕੇਰਲਾ ਵਿਚ ਹਾਲੀਆ ਤਬਾਹੀ ਸਰਕਾਰੀ ਨੀਤੀਆਂ ਦਾ ਨਤੀਜਾ ਹੈ ਜਿਨ੍ਹਾਂ ਵਿਚ ਚੌਗਿਰਦੇ ਅਤੇ ਵਾਤਾਵਰਨ ਨੂੰ ਬਚਾਉਣ ਦੀ ਦੂਰਅੰਦੇਸ਼ੀ ਨਦਾਰਦ ਹੈ। ਉਸ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਗੋਆ ਵੀ ਕੁਦਰਤ ਦੇ ਕਹਿਰ ਦਾ ਸ਼ਿਕਾਰ ਹੋਣ ਦੀ ਦਹਿਲੀਜ਼ 'ਤੇ ਖੜ੍ਹਾ ਹੈ।

ਉਪਰੋਂ ਸਿਤਮਜ਼ਰੀਫੀ ਇਹ ਕਿ ਪ੍ਰਸ਼ਾਸਨਿਕ ਢਾਂਚਾ ਕੁਦਰਤੀ ਆਫਤਾਂ ਨਾਲ ਨਜਿਠਣ ਲਈ ਉਕਾ ਹੀ ਤਿਆਰ ਨਹੀਂ। ਇਸ ਮਨੋਰਥ ਲਈ ਰਾਖਵੇਂ ਬਜਟ ਫੰਡਾਂ ਨੂੰ ਭ੍ਰਿਸ਼ਟ ਅਫਸਰਸ਼ਾਹੀ ਅਤੇ ਹੁਕਮਰਾਨ ਹੜੱਪ ਜਾਂਦੇ ਹਨ। ਆਫਤਾਂ ਮੌਕੇ ਤਾਇਨਾਤ ਫੌਜ ਦੇ ਜਵਾਨ ਅਤੇ ਹੋਰ ਵਿਭਾਗਾਂ ਦੇ ਮੁਲਾਜ਼ਮ ਹਾਸਲ ਵਸੀਲਿਆਂ ਦੀ ਮਦਦ ਨਾਲ ਪੀੜਤ ਲੋਕਾਂ ਲਈ ਰਾਹਤ ਅਤੇ ਮੁੜ ਵਸੇਬੇ ਲਈ ਗੰਭੀਰਤਾ ਨਾਲ ਵਾਹ ਲਾਉਂਦੇ ਹਨ ਲੇਕਿਨ ਬੇਸ਼ਰਮ ਹੁਕਮਰਾਨਾਂ ਦੀ ਇਥੇ ਵੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਇਸ ਦਾ ਸਿਹਰਾ ਆਪਣੀ ਸਰਕਾਰ ਦੇ ਸਿਰ ਕਿਵੇਂ ਬੰਨ੍ਹਿਆ ਜਾਵੇ। ਕੇਰਲਾ 'ਚ ਵੀ ਫੌਜ ਦੇ ਜਵਾਨ, ਸਥਾਨਕ ਤੇ ਹੋਰ ਸੂਬਿਆਂ ਦੀਆਂ ਮੈਡੀਕਲ ਟੀਮਾਂ, ਸਮਾਜ ਸੇਵੀ ਜਥੇਬੰਦੀਆਂ ਅਤੇ ਰਾਹਤ ਕਾਰਜਾਂ ਵਿਚ ਜੁਟੇ ਹੋਰ ਲੋਕ ਵੱਧ ਤੋਂ ਵੱਧ ਮਦਦ ਕਰਕੇ ਪੀੜਤ ਲੋਕਾਂ ਲਈ ਸਹਾਰਾ ਬਣ ਰਹੇ ਹਨ। 3000 ਮਛੇਰਿਆਂ ਨੇ ਲੋਕਾਂ ਨੂੰ ਮਹਿਫੂਜ਼ ਥਾਵਾਂ ਉਪਰ ਪਹੁੰਚਾਉਣ ਲਈ ਆਪਣੀ ਮੁਹਾਰਤ ਨੂੰ ਮਨੁੱਖੀ ਸੇਵਾ ਵਿਚ ਲਾਉਂਦਿਆਂ ਕਾਬਲੇਤਾਰੀਫ ਕੰਮ ਕੀਤਾ ਹੈ; ਲੇਕਿਨ ਹੁਕਮਰਾਨਾਂ, ਖਾਸ ਕਰਕੇ ਕੇਂਦਰ ਵਿਚ ਸੱਤਾਧਾਰੀ ਸੰਘ ਬ੍ਰਿਗੇਡ ਦੀ ਪੂਰੀ ਕੋਸ਼ਿਸ਼ ਹੈ ਕਿ ਇਸ ਮੌਕੇ ਨੂੰ ਫਿਰਕੂ ਨਫਰਤ ਭੜਕਾਉਣ ਲਈ ਕਿਵੇਂ ਵਰਤਿਆ ਜਾਵੇ।

ਕੇਰਲਾ ਸਰਕਾਰ ਵੱਲੋਂ ਰਾਹਤ ਕਾਰਜਾਂ ਲਈ 2200 ਕਰੋੜ ਰੁਪਏ ਦੀ ਮੰਗ ਕੀਤੀ ਗਈ। ਮੋਦੀ ਵਜ਼ਾਰਤ ਦੀ ਬੇਸ਼ਰਮੀ ਦੀ ਹੱਦ ਦੇਖੋ, ਵੱਡੇ ਵੱਡੇ ਬੁੱਤ ਲਗਾਉਣ ਲਈ 4300 ਕਰੋੜ ਰੁਪਏ ਖਰਚ ਕਰਨ ਵਾਲੇ ਸੰਘੀਆਂ ਨੇ ਪਹਿਲਾਂ ਕੇਵਲ 100 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ, ਜਦੋਂ ਚਾਰ-ਚੁਫੇਰਿਓਂ ਤਿੱਖੀ ਆਲੋਚਨਾ ਹੋਣ ਲੱਗੀ ਤਾਂ 500 ਕਰੋੜ ਰੁਪਏ ਹੋਰ ਐਲਾਨ ਕਰ ਦਿੱਤੇ। ਵਿਆਪਕ ਤਬਾਹੀ ਦੇ ਮੱਦੇਨਜ਼ਰ ਇਹ ਰਾਹਤ ਰਾਸ਼ੀ ਨਿਗੂਣੀ ਹੈ। ਦੂਜੇ ਪਾਸੇ, ਹੜ੍ਹ ਪੀੜਤਾਂ ਦੀ ਦਰਦਨਾਕ ਹਾਲਤ ਨੂੰ ਦੇਖ ਕੇ ਖਾੜੀ ਮੁਲਕਾਂ ਯੂ.ਏ.ਈ. ਨੇ 700 ਕਰੋੜ ਰੁਪਏ ਅਤੇ ਕਤਰ ਨੇ 40 ਕਰੋੜ ਰੁਪਏ ਸਹਾਇਤਾ ਦੇਣ ਦਾ ਐਲਾਨ ਕੀਤਾ। ਮਾਲਦੀਵ ਵਰਗੇ ਛੋਟੇ-ਛੋਟੇ ਮੁਲਕਾਂ ਨੇ ਵੀ ਇਸ ਸੰਕਟ ਦੀ ਘੜੀ ਸਹਾਇਤਾ ਦੀ ਪੇਸ਼ਕਸ਼ ਕੀਤੀ, ਲੇਕਿਨ ਮੋਦੀ ਸਰਕਾਰ ਨੇ ਇਕ ਪਾਸੇ ਵਿਦੇਸ਼ੀ ਸਹਾਇਤਾ ਲੈਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਇਉਂ ਕਰਨ ਨਾਲ 'ਵਿਸ਼ਵ ਗੁਰੂ' ਹੋਣ ਦੇ ਦਾਅਵੇਦਾਰਾਂ ਦੇ ਬ੍ਰਾਹਮਣਵਾਦੀ ਹੰਕਾਰ ਦੀ ਫੂਕ ਨਿਕਲਦੀ ਸੀ, ਦੂਜੇ ਪਾਸੇ ਸੰਘ ਦੀ ਟਰੋਲ ਫੌਜ ਨੇ ਸੋਸ਼ਲ ਮੀਡੀਆ ਉਪਰ ਧੂੰਆਂਧਾਰ ਪ੍ਰਚਾਰ ਵਿੱਢ ਦਿੱਤਾ ਕਿ ਯੂ.ਏ.ਈ. ਵਲੋਂ ਸਹਾਇਤਾ ਦੀ ਪੇਸ਼ਕਸ਼ ਕੀਤੀ ਹੀ ਨਹੀਂ ਗਈ। ਇਹ ਤਾਂ ਕੇਰਲਾ ਦੇ 'ਕਮਿਊਨਿਸਟ' ਮੁੱਖ ਮੰਤਰੀ ਦਾ ਮੋਦੀ ਅਤੇ ਭਾਜਪਾ ਨੂੰ ਬਦਨਾਮ ਕਰਨ ਲਈ ਝੂਠਾ ਪ੍ਰਚਾਰ ਹੈ। ਇਸ ਨੂੰ ਕਮਿਊਨਿਸਟਾਂ ਅਤੇ ਮੁਸਲਮਾਨਾਂ ਦਾ ਗੱਠਜੋੜ ਵੀ ਕਿਹਾ ਗਿਆ, ਲੇਕਿਨ ਸੰਘ ਦੀ ਘਿਨਾਉਣੀ ਖਸਲਤ ਇਥੋਂ ਤਕ ਹੀ ਮਹਿਦੂਦ ਨਹੀਂ।

ਸੰਘ ਦੀ ਪ੍ਰਚਾਰ ਮਸ਼ੀਨਰੀ ਨੇ ਸੋਸ਼ਲ ਮੀਡੀਆ ਜ਼ਰੀਏ ਇਥੋਂ ਤਕ ਅਫਵਾਹਾਂ ਫੈਲਾਈਆਂ ਕਿ ਕੇਰਲਾ ਦੇ ਮੁੱਖ ਮੰਤਰੀ ਦੇ ਰਾਹਤ ਫੰਡ ਲਈ ਕੋਈ ਸਹਾਇਤਾ ਨਾ ਭੇਜੀ ਜਾਵੇ ਕਿਉਂਕਿ ਨੁਕਸਾਨ ਤਾਂ ਅਮੀਰਾਂ ਅਤੇ ਵਸੀਲਿਆਂ ਵਾਲੇ ਲੋਕਾਂ ਦਾ ਹੋਇਆ ਹੈ। ਹਾਲਾਂਕਿ ਸਾਧਾਰਨ ਬੁੱਧੀ ਵਾਲਾ ਮਨੁੱਖ ਵੀ ਜਾਣਦਾ ਹੈ ਕਿ ਅਮੀਰਾਂ ਨੂੰ ਕੁਦਰਤੀ ਆਫਤਾਂ ਦਾ ਸੰਤਾਪ ਓਨਾ ਨਹੀਂ ਭੋਗਣਾ ਪੈਂਦਾ ਜਿੰਨਾ ਗ਼ਰੀਬਾਂ ਅਤੇ ਵਸੀਲਿਆਂ ਤੋਂ ਵਾਂਝੇ ਲੋਕਾਂ ਦੇ ਹਿੱਸੇ ਆਉਂਦਾ ਹੈ। ਅਮੀਰ ਤਾਂ ਆਪਣੇ ਵਸੀਲਿਆਂ ਅਤੇ ਸਰਕਾਰੇ-ਦਰਬਾਰੇ ਪਹੁੰਚ ਨਾਲ ਕੋਈ ਨਾ ਕੋਈ ਜੁਗਾੜ ਕਰ ਹੀ ਲੈਂਦੇ ਹਨ ਅਤੇ ਛੇਤੀ ਹੀ ਪੈਰਾਂ 'ਤੇ ਖੜ੍ਹੇ ਹੋ ਜਾਂਦੇ ਹਨ। ਇਹ ਸੰਘੀਆਂ ਦੀ 'ਬ੍ਰਾਹਮਣ' ਬੁੱਧੀ ਦਾ ਕ੍ਰਿਸ਼ਮਾ ਹੈ ਕਿ ਕੇਰਲਾ ਵਿਚ ਹੜ੍ਹਾਂ ਦਾ ਸ਼ਿਕਾਰ ਹੋਏ ਲੋਕ ਅਮੀਰ ਹਨ! ਇਕ ਵੀਡੀਓ ਕਲਿਪ ਵਿਚ ਪ੍ਰਚਾਰਿਆ ਗਿਆ ਕਿ ਕੇਰਲਾ ਲਈ ਚਾਵਲ, ਕੱਪੜੇ ਅਤੇ ਹੋਰ ਚੀਜ਼ਾਂ ਨਾ ਭੇਜੀਆਂ ਜਾਣ ਕਿਉਂਕਿ ਜਿਨ੍ਹਾਂ ਦਾ ਨੁਕਸਾਨ ਹੋਇਆ ਉਹ ਤਾਂ ਸਰਦੇ-ਪੁੱਜਦੇ ਲੋਕ ਹਨ। ਉਹ ਮਹਿੰਗੇ ਚੌਲ ਖਾਣ ਦੇ ਸ਼ੁਕੀਨ ਹਨ ਜੋ ਤੁਹਾਡੇ ਚੌਲਾਂ ਨੂੰ ਹਕਾਰਤ ਨਾਲ ਵਗ੍ਹਾ ਮਾਰਨਗੇ। ਇਹ ਫਿਰਕੂ ਜ਼ਹਿਰ ਵੀ ਉਗਲਿਆ ਗਿਆ ਕਿ ਸਹਾਇਤਾ ਕੇਵਲ ਮੁਸਲਮਾਨਾਂ ਅਤੇ ਇਸਾਈਆਂ ਨੂੰ ਦਿੱਤੀ ਜਾ ਰਹੀ ਹੈ, ਹਿੰਦੂਆਂ ਨੂੰ ਸਹਾਇਤਾ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਇਸ ਲਈ ਹਿੰਦੂਆਂ ਨੂੰ ਕੇਵਲ ਹਿੰਦੂਆਂ ਨੂੰ ਸਹਾਇਤਾ ਭੇਜਣੀ ਚਾਹੀਦੀ ਹੈ ਨਾ ਕਿ ਸਾਰੇ ਹੜ੍ਹ ਪੀੜਤਾਂ ਲਈ। ਫੌਜ ਦੇ ਇਕ ਆਹਲਾ ਅਧਿਕਾਰੀ ਦੇ ਨਾਂ ਹੇਠ ਇਹ ਸੰਦੇਸ਼ ਵੀ ਪ੍ਰਚਾਰਿਆ ਗਿਆ ਕਿ 'ਕਮਿਊਨਿਸਟ' ਮੁੱਖ ਮੰਤਰੀ ਫੌਜ ਨੂੰ ਰਾਹਤ ਕਾਰਜ ਕਰਨ ਦੀ ਇਜਾਜ਼ਤ ਨਹੀਂ ਦੇ ਰਿਹਾ। ਇਹ ਪ੍ਰਚਾਰ ਐਨਾ ਘਿਨਾਉਣਾ ਸੀ ਕਿ ਫੌਜ ਦੇ ਅਧਿਕਾਰੀਆਂ ਨੂੰ ਇਸ ਦਾ ਸਪਸ਼ਟੀਕਰਨ ਦੇਣਾ ਪਿਆ। ਵੱਟਸਐਪ ਉਪਰ ਫੈਲਾਏ ਵੀਡੀਓ ਕਲਿਪ ਵਿਚ ਇਹ ਵੀ ਪ੍ਰਚਾਰਿਆ ਗਿਆ ਕਿ ਸੂਚਨਾ ਅਧਿਕਾਰ ਕਾਨੂੰਨ ਤਹਿਤ ਪਤਾ ਲਗਾਇਆ ਗਿਆ ਹੈ ਕਿ ਮੁੱਖ ਮੰਤਰੀ ਰਾਹਤ ਕੋਸ਼ ਵਿਚ ਭ੍ਰਿਸ਼ਟਾਚਾਰ ਹੋ ਰਿਹਾ ਹੈ। ਇਸ ਲਈ ਉਥੇ ਕੋਈ ਸਹਾਇਤਾ ਕਰਨ ਦੀ ਬਜਾਏ 'ਸੇਵਾ ਭਾਰਤੀ' ਕੋਲ ਜਮ੍ਹਾਂ ਕਰਾਈ ਜਾਵੇ ਜੋ ਆਰ.ਐਸ.ਐਸ. ਦੀ ਸੰਸਥਾ ਹੈ। ਆਵਾਜ਼-ਸਾਊਥ ਏਸ਼ੀਆ ਵਾਚ ਲਿਮਟਿਡ ਨੇ ਆਪਣੀ ਰਿਪੋਰਟ 'ਇਨ ਬੈਡ ਫੇਥ? ਬ੍ਰਿਟਿਸ਼ ਚੈਰਿਟੀ ਐਂਡ ਹਿੰਦੂ ਐਕਟ੍ਰੀਮੀਇਜ਼ਮ' ਵਿਚ ਖੁਲਾਸਾ ਕੀਤਾ ਸੀ ਕਿ ਆਰ.ਐਸ.ਐਸ. ਦੀਆਂ ਵਿਦੇਸ਼ੀ ਸ਼ਾਖਾਵਾਂ ਵਲੋਂ ਗੁਜਰਾਤ ਭੂਚਾਲ ਅਤੇ ਉੜੀਸਾ ਸੁਪਰ ਤੁਫਾਨ ਦੇ ਨਾਂ ਹੇਠ ਵੱਡੇ ਪੱਧਰ 'ਤੇ ਫੰਡ ਇਕੱਠੇ ਕੀਤੇ ਗਏ ਅਤੇ ਇਨ੍ਹਾਂ ਦਾ ਇਸਤੇਮਾਲ 2002 ਮੁਸਲਮਾਨਾਂ ਦੀ ਨਸਲਕੁਸ਼ੀ ਲਈ ਕੀਤਾ ਗਿਆ।

ਸੰਘ ਦੇ ਸਿਧਾਂਤਕਾਰਾਂ ਨੂੰ ਬ੍ਰਾਹਮਣਵਾਦੀ ਪਿਛਾਖੜੀ ਮੁੱਲਾਂ ਦਾ ਗੁਣਗਾਨ ਕਰਨ ਦੀ ਐਨੀ ਅੱਚਵੀ ਲੱਗੀ ਹੋਈ ਹੈ ਕਿ ਉਨ੍ਹਾਂ ਨੇ ਕੁਦਰਤੀ ਆਫਤ ਨੂੰ ਹਿੰਦੂ ਭਗਵਾਨਾਂ ਦੀ ਨਾਰਾਜ਼ਗੀ ਨਾਲ ਜੋੜਦੇ ਹੋਏ ਘਿਨਾਉਣੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ। ਉਹ ਤਾਂ ਇਕ ਤਰੀਕੇ ਨਾਲ ਜਸ਼ਨ ਮਨਾ ਰਹੇ ਹਨ ਕਿ ਭਗਵਾਨ ਨੇ ਮੁਸਲਮਾਨਾਂ, ਇਸਾਈਆਂ, ਕਮਿਊਨਿਸਟਾਂ ਅਤੇ ਨਾਲ ਹੀ 'ਗਊ ਮਾਸ ਖਾਣ ਵਾਲੇ' ਹਿੰਦੂਆਂ ਨੂੰ ਗਊ ਹੱਤਿਆ ਦੇ ਪਾਪ ਦਾ ਸਬਕ ਸਿਖਾਇਆ ਹੈ। ਸੰਘ ਦੇ 'ਬੁੱਧੀਜੀਵੀ' ਐਸ. ਗੁਰੂਮੂਰਤੀ, ਜਿਸ ਨੂੰ ਹਾਲ ਹੀ ਵਿਚ ਰਿਜ਼ਰਵ ਬੈਂਕ ਆਫ ਇੰਡੀਆ ਦਾ ਗਵਰਨਰ ਬਣਾਇਆ ਗਿਆ ਹੈ, ਨੇ ਟਵੀਟ ਕੀਤਾ ਕਿ ਇਹ ਆਫਤ ਸਾਬਰੀਮਾਲਾ ਦੇ ਭਗਵਾਨ ਅਯੱਪਾ ਵੱਲੋਂ ਕੇਰਲਾ ਨੂੰ ਦਿੱਤੀ ਸਜ਼ਾ ਹੈ ਕਿਉਂਕਿ ਕੁਝ ਪਾਪੀ ਲੋਕ (ਕੇਰਲਾ ਸਰਕਾਰ) ਔਰਤਾਂ ਨੂੰ ਸਾਬਰੀਮਾਲਾ ਮੰਦਰ ਵਿਚ ਦਾਖਲ ਹੋਣ ਦਾ ਹੱਕ ਦਿਵਾ ਕੇ ਹਿੰਦੂ ਮਰਿਆਦਾ ਭੰਗ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਸੁਪਰੀਮ ਕੋਰਟ ਵਿਚ ਮੁਕੱਦਮਾ ਕੀਤਾ ਹੋਇਆ ਹੈ। ਕੁਲ ਆਲਮ ਦੇ ਰੂੜੀਵਾਦੀਆਂ ਦੀ ਜ਼ਿਹਨੀਅਤ ਇਕੋ ਜਿਹੀ ਹੈ। ਜਦੋਂ 2005 ਵਿਚ ਅਮਰੀਕਾ ਦੇ ਪੂਰਬੀ ਸਮੁੰਦਰੀ ਕੰਢੇ ਉਪਰ ਕੈਟਰੀਨਾ ਤੂਫਾਨ ਨੇ ਤਬਾਹੀ ਮਚਾਈ, ਉਦੋਂ ਇਸਾਈ ਰੂੜੀਵਾਦੀਆਂ ਨੇ ਵੀ ਇਹੀ ਪ੍ਰਚਾਰਿਆ ਸੀ ਕਿ ਇਹ ਨਿਊ ਓਰਲੀਨ ਸ਼ਹਿਰ ਨੂੰ ਭਗਵਾਨ ਵਲੋਂ ਦਿੱਤੀ ਸਜ਼ਾ ਹੈ ਕਿਉਂਕਿ ਇਥੇ ਸਮਲਿੰਗੀ ਜਸ਼ਨ ਵਾਲੇ ਇਕੱਠ ਕਰਦੇ ਹਨ।

ਇਸ ਸੰਕਟ ਦੌਰਾਨ ਜਿਥੇ ਆਮ ਲੋਕਾਂ ਨੇ ਇਨਸਾਨੀਅਤ ਦੀ ਨਿਰਸਵਾਰਥ ਭਾਵਨਾ, ਭਾਈਚਾਰਕ ਸਾਂਝ ਦਾ ਸਬੂਤ ਦਿੱਤਾ ਉਥੇ ਫਿਰਕੂ ਅਤੇ ਜਾਤਪਾਤੀ ਹੰਕਾਰ ਦੇ ਡੰਗੇ ਲੋਕਾਂ ਦੀ ਫਿਰਕੂ ਜ਼ਿਹਨੀਅਤ ਵੀ ਸਾਹਮਣੇ ਆਈ। ਇਕ ਘਟਨਾ ਇਹ ਵੀ ਚਰਚਾ ਦਾ ਵਿਸ਼ਾ ਬਣੀ ਕਿ ਹੜ੍ਹਾਂ ਵਿਚ ਘਿਰੇ ਇਕ ਹਿੰਦੂ ਪਰਿਵਾਰਾਂ ਨੇ ਇਹ ਪਤਾ ਲੱਗਣ 'ਤੇ ਰਾਹਤ ਦੇਣ ਵਾਲੇ ਨਿਰਸਵਾਰਥ ਮਛੇਰੇ ਦੀ ਕਿਸ਼ਤੀ ਵਿਚ ਚੜ੍ਹਨ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਹ ਇਸਾਈ ਸੀ।

ਇਨ੍ਹਾਂ ਹਾਲਾਤ ਵਿਚ ਹੜ੍ਹ ਪੀੜਤਾਂ ਦੀ ਵੱਧ ਤੋਂ ਵੱਧ ਮਦਦ ਕਰਨ ਦੇ ਨਾਲ-ਨਾਲ ਅਵਾਮ ਨੂੰ ਸੰਘ ਬ੍ਰਿਗੇਡ ਦੀ ਖਸਲਤ ਬਾਰੇ ਜਾਗਰੂਕ ਕਰਨ ਦੀ ਜ਼ਰੂਰਤ ਹੈ ਜੋ ਹਿੰਦੂ ਸੰਸਕ੍ਰਿਤੀ ਦੀ ਰਾਖੀ ਦਾ ਢੰਗ ਰਚ ਕੇ ਇਸ ਆੜ ਵਿਚ ਕੁਦਰਤੀ ਚੌਗਿਰਦੇ ਨੂੰ ਤਬਾਹ ਕਰਨ ਅਤੇ ਕਾਰਪੋਰੇਟ ਸਰਮਾਏਦਾਰੀ ਦੇ ਸੁਪਰ ਮੁਨਾਫੇ ਯਕੀਨੀ ਬਣਾਉਣ ਲਈ ਸਭ ਤੋਂ ਅੱਗੇ ਹਨ।

# ਕੇਰਲਾ, ਇਮਦਾਦ ਅਤੇ ਖੁਦਫਰੇਬੀ

ਸੁਰਿੰਦਰ ਸਿੰਘ ਤੇਜ

ਹਾਲੀਆ ਹੜ੍ਹਾਂ ਕਾਰਨ ਕੇਰਲਾ ਨੂੰ ਜਿੰਨਾ ਨੁਕਸਾਨ ਇਸ ਵਾਰ ਪਹੁੰਚਿਆ, ਓਨਾ ਇਸ ਰਾਜ ਨੂੰ ਪਹਿਲਾਂ ਕਦੇ ਨਹੀਂ ਹੋਇਆ। ਰਾਜ ਦੇ ਸਾਰੇ 14 ਜ਼ਿਲ੍ਹੇ ਇਸ ਤੋਂ ਪ੍ਰਭਾਵਿਤ ਹੋਏ। ਇਸ ਸਮੇਂ ਇਹ ਰਾਜ ਦੋ ਮਾਮਲਿਆਂ ਨੂੰ ਲੈ ਕੇ ਗੰਭੀਰ ਵਿਵਾਦ ਵਿਚ ਫਸਿਆ ਹੋਇਆ ਹੈ। ਇਕ ਮੁੱਲਪੇਰੀਆਰ ਡੈਮ ਤੋਂ ਤਾਮਿਲ ਨਾਡੂ ਵਲੋਂ ਕਥਿਤ ਤੌਰ 'ਤੇ ਵਾਧੂ ਪਾਣੀ ਛੱਡੇ ਜਾਣ ਤੋਂ ਅਤੇ ਦੂਜਾ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.), ਥਾਈਲੈਂਡ, ਮਾਲਦੀਵ ਤੇ ਕਤਰ ਤੋਂ ਆਈਆਂ ਮਾਲੀ ਮਦਦ ਦੀਆਂ ਪੇਸ਼ਕਸ਼ਾਂ ਕੇਂਦਰ ਸਰਕਾਰ ਵੱਲੋਂ ਠੁਕਰਾਏ ਜਾਣ ਤੋਂ। ਕੇਰਲਾ ਦੇ ਸਿਆਸਤਦਾਨਾਂ ਵਲੋਂ ਜਿਥੇ ਇਕ ਪਾਸੇ ਤਾਮਿਲ ਨਾਡੂ ਸਰਕਾਰ ਨੂੰ ਕੇਰਲਾ ਵਿਚ ਹੜ੍ਹਾਂ ਦੀ ਸ਼ਿੱਦਤ ਵਧਾਉਣ ਲਈ ਦੋਸ਼ੀ ਦੱਸਿਆ ਜਾ ਰਿਹਾ ਹੈ, ਉਥੇ ਕੇਂਦਰ ਦੀ ਮੋਦੀ ਸਰਕਾਰ ਉਤੇ ਰਾਹਤ ਰਾਸ਼ੀ ਨੂੰ ਲੈ ਕੇ ਸਿਆਸਤ ਖੇਡੇ ਜਾਣ ਦੇ ਦੋਸ਼ ਲਾਏ ਜਾ ਰਹੇ ਹਨ। ਸਿਆਸੀ ਵਿਸ਼ਲੇਸ਼ਕਾਂ ਵਲੋਂ ਦੋਵਾਂ ਮਾਮਲਿਆਂ ਵਿਚ ਆਪੋ-ਆਪਣੀ ਸੋਚ ਤੇ ਸਿਆਸੀ ਨੇਤਾਵਾਂ ਮੁਤਾਬਿਕ ਵਖ-ਵਖ ਧਿਰਾਂ ਦਾ ਪੱਖ ਪੂਰਿਆ ਜਾ ਰਿਹਾ ਹੈ। ਡੈਮ ਵਾਲਾ ਮਾਮਲਾ ਸੁਪਰੀਮ ਕੋਰਟ ਕੋਲ ਸੁਣਵਾਈ ਅਧੀਨ ਹੋਣ ਕਾਰਨ ਉਸ ਉਪਰ ਟਿੱਪਣੀ ਕਰਨੀ ਜਾਇਜ਼ ਨਹੀਂ, ਪਰ ਇਮਦਾਦੀ ਰਕਮਾਂ ਤੇ ਇਨ੍ਹਾਂ ਨਾਲ ਜੁੜੀ ਸਿਆਸਤ ਦੀ ਪੁਣਛਾਣ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ।

ਕੇਰਲਾ ਸਰਕਾਰ ਦੇ ਅਨੁਮਾਨਾਂ ਅਨੁਸਾਰ ਰਾਜ ਦਾ ਮੀਂਹਾਂ ਤੇ ਹੜ੍ਹਾਂ ਕਾਰਨ 20 ਅਰਬ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ ਜਦੋਂਕਿ ਕੇਂਦਰ ਸਰਕਾਰ ਨੇ ਫੌਰੀ ਤੌਰ 'ਤੇ ਛੇ ਸੌ ਕਰੋੜ (ਛੇ ਅਰਬ) ਰੁਪਏ ਦਿੱਤੇ ਹਨ। ਦੋ ਅਰਬ ਰੁਪਏ ਦੀਆਂ ਸਹਾਇਤਾ ਰਕਮਾਂ ਦੇਸ਼ ਦੇ ਵਖ-ਵਖ ਸੂਬਿਆਂ ਨੇ ਭੇਜੀਆਂ ਹਨ। ਕੁੱਲ ਮਿਲਾ ਕੇ ਰਾਜ ਨੂੰ ਅੱਠ ਅਰਬ ਰੁਪਏ ਮਿਲੇ ਹਨ ਜਦੋਂਕਿ ਰਾਜ ਵਿਚ ਜ਼ਿੰਦਗੀ, ਮੁੜ ਲੀਹ 'ਤੇ ਲਿਆਉਣ ਲਈ ਏਨੀ ਰਕਮ ਕਾਫੀ ਨਹੀਂ। ਰਾਜ ਸਰਕਾਰ ਅਨੁਸਾਰ ਜੋ ਹਾਲਾਤ ਇਸ ਸਮੇਂ ਹਨ, ਉਨ੍ਹਾਂ ਦੇ ਮੱਦੇਨਜ਼ਰ ਯੂ.ਏ.ਈ. ਦੀ ਸੱਤ ਅਰਬ ਰੁਪਏ ਦੀ ਮਦਦ ਸਵੀਕਾਰ ਕਰ ਲਈ ਜਾਣੀ ਚਾਹੀਦੀ ਹੈ ਅਤੇ ਅਜਿਹੀ ਹੀ ਨੀਤੀ ਹੋਰਨਾਂ ਦੇਸ਼ਾਂ ਦੀਆਂ ਪੇਸ਼ਕਸ਼ਾਂ ਪ੍ਰਤੀ ਅਪਨਾਈ ਜਾਣੀ ਚਾਹੀਦੀ ਹੈ। ਦੂਜੇ ਪਾਸੇ, ਕੇਂਦਰ ਸਰਕਾਰ ਦਾ ਪੱਖ ਹੈ ਕਿ ਸਾਲ 2004 ਵਿਚ ਆਈ ਸੁਨਾਮੀ ਵੇਲੇ ਯੂ.ਪੀ.ਏ. ਸਰਕਾਰ ਵੱਲੋਂ ਬਣਾਈ ਨੀਤੀ ਅਨੁਸਾਰ ਕਿਸੇ ਵੀ ਕੁਦਰਤੀ ਆਫਤ ਸਮੇਂ ਵਿਦੇਸ਼ੀ ਮਦਦ ਪ੍ਰਵਾਨ ਨਹੀਂ ਕੀਤੀ ਜਾਂਦੀ। ਇਸੇ ਨੀਤੀ ਅਧੀਨ 2013 ਦੇ ਉਤਰਾਖੰਡ ਭੁਚਾਲ ਸਮੇਂ ਵੀ ਵਿਦੇਸ਼ੀ ਰਾਹਤ ਦੀਆਂ ਪੇਸ਼ਕਸ਼ਾਂ ਹਲੀਮੀ ਨਾਲ ਠੁਕਰਾ ਦਿੱਤੀਆਂ ਗਈਆਂ ਸਨ। ਕੇਰਲਾ ਨੂੰ 6 ਅਰਬ ਰੁਪਏ ਪੇਸ਼ਗੀ ਆਰਥਿਕ ਮਦਦ ਵਜੋਂ ਦਿੱਤੇ ਗਏ ਹਨ। ਹੋਰ ਮਦਦ ਸਮੁੱਚੇ ਨੁਕਸਾਨ ਦੇ ਜਾਇਜ਼ੇ ਤੋਂ ਬਾਅਦ ਜ਼ਰੂਰ ਦਿੱਤੀ ਜਾਵੇਗੀ।

ਇਥੋਂ ਤਕ ਤਾਂ ਤਰਕ-ਵਿਤਰਕ ਸਹੀ ਹਨ। ਰਾਜਨੀਤੀ ਇਸ ਤੋਂ ਅੱਗੇ ਆਰੰਭ ਹੁੰਦੀ ਹੈ। ਕੁਝ ਰਾਜਸੀ ਧਿਰਾਂ ਵਲੋਂ ਇਹ ਦੋਸ਼ ਲਾਏ ਗਏ ਹਨ ਕਿ ਕੇਂਦਰ ਜਾਣ-ਬੁੱਝ ਕੇ ਯੂ.ਏ.ਈ. ਤੋਂ ਮਦਦ ਨਹੀਂ ਲੈ ਰਿਹਾ ਹਾਲਾਂਕਿ ਇਹ ਸਭ ਨੂੰ ਪਤਾ ਹੈ ਕਿ ਯੂ.ਏ.ਈ. ਦੇ ਆਰਥਿਕ-ਸਮਾਜਿਕ ਵਿਕਾਸ ਵਿਚ ਮਲਿਆਲੀ ਲੋਕਾਂ ਦਾ ਕਿੰਨਾ ਯੋਗਦਾਨ ਹੈ। ਇਹ ਵੀ ਦਲੀਲ ਦਿੱਤੀ ਜਾ ਰਹੀ ਹੈ ਕਿ ਕੇਰਲਾ ਨੂੰ ਸਿੱਧੇ ਤੌਰ 'ਤੇ ਇਹ ਮਦਦ ਪ੍ਰਵਾਨ ਕਰ ਲੈਣੀ ਚਾਹੀਦੀ ਹੈ। ਇਕ ਹੋਰ ਸੋਚ ਹੈ ਕਿ ਮੋਦੀ ਤੇ ਭਾਜਪਾ ਸੌੜੀ ਸਿਆਸਤ ਖੇਡ ਰਹੇ ਹਨ: ਉਹ ਐਨ.ਡੀ.ਏ. ਸਰਕਾਰ ਦੇ ਰਾਜ-ਕਾਲ ਦੌਰਾਨ ਹੋਈ 'ਪ੍ਰਗਤੀ' ਤੇ 'ਸਵਾਭਿਮਾਨ' ਦਾ ਭਰਮ ਬਰਕਰਾਰ ਰੱਖਣ ਲਈ ਜਾਣ-ਬੁੱਝ ਕੇ ਵਿਦੇਸ਼ੀ ਮਦਦ ਪ੍ਰਵਾਨ ਨਹੀਂ ਕਰ ਰਹੇ। ਇਹ ਸਭ ਕੁਝ ਚੋਣ ਰਾਜਨੀਤੀ ਦਾ ਹਿੱਸਾ ਹੈ। ਚੰਦ ਮਹੀਨੇ ਪਿਛੋਂ 3 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਭਾਜਪਾ ਕੌਮੀ ਸਾਧਨਾਂ ਨਾਲ ਸੰਕਟਾਂ ਨਾਲ ਨਜਿੱਠਣ ਅਤੇ ਦੇਸ਼ ਨੂੰ 'ਗੌਰਵ' ਬੁਲੰਦ ਕਰਨ ਦਾ ਢੰਡੋਰਾ ਪਿੱਟ ਸਕਦੀ ਹੈ।

ਇਹ ਸਾਰੇ ਤਰਕ ਆਪਣੀ ਥਾਂ ਜਾਇਜ਼ ਹਨ। 2004 ਵਿਚ ਯੂ.ਪੀ.ਏ. ਸਰਕਾਰ ਨੇ ਸੁਨਾਮੀ ਤੋਂ ਬਾਅਦ ਪੁਨਰਉਸਾਰੀ ਲਈ ਵਿਦੇਸ਼ੀ ਮਦਦ ਨਾ ਲੈਣ ਦਾ ਫੈਸਲਾ ਕੀਤਾ ਸੀ ਤਾਂ ਉਸ ਦਾ ਆਧਾਰ ਇਹ ਸੀ ਕਿ ਤੇਜ਼ੀ ਨਾਲ ਵਿਕਸਿਤ ਹੋ ਰਹੇ ਮੁਲਕ ਨੂੰ ਆਪਣੇ ਸਾਧਨਾਂ ਨਾਲ ਆਪਣੇ ਸੰਕਟ ਨਜਿੱਠਣੇ ਚਾਹੀਦੇ ਹਨ। ਇਹ ਵਿਹਾਰਕ ਪਹੁੰਚ ਸੀ। ਕੇਂਦਰੀ ਬਜਟ ਵਿਚ ਹੰਗਾਮੀ ਆਫਤ ਪ੍ਰਬੰਧਨ ਲਈ ਵਿਸ਼ੇਸ਼ ਵਿੱਤੀ ਵਿਵਸਥਾ ਸ਼ਾਮਲ ਹੁੰਦੀ ਹੈ। ਜਦੋਂ ਉਹ ਰਕਮ ਮੌਜੂਦ ਹੈ ਤਾਂ ਵਿਦੇਸ਼ੀ ਮਦਦ ਦੀ ਝਾਕ ਕਿਉਂ? ਅਜਿਹੀ ਸੋਚ ਦੇ ਬਾਵਜੂਦ ਇਹ ਵੀ ਜ਼ਰੂਰੀ ਹੈ ਕਿ ਹਾਲਾਤ ਮੁਤਾਬਿਕ ਪਹੁੰਚ ਲਚੀਲੀ ਹੋਣੀ ਚਾਹੀਦੀ ਹੈ ਅਤੇ 'ਝੂਠੈ ਗਰਬ ਨ ਕੀਜੈ' ਵਾਲਾ ਪ੍ਰਭਾਵ ਦੇਣ ਤੋਂ ਉਚੇਚੇ ਤੌਰ 'ਤੇ ਬਚਿਆ ਜਾਣਾ ਚਾਹੀਦਾ ਹੈ। ਭੀੜ ਪੈਣ 'ਤੇ ਦੋਸਤ ਤੇ ਭਾਈ ਬੰਧੂ ਸਹਾਇਤਾ ਕਰਨ ਆਉਂਦੇ ਹੀ ਹਨ। ਉਨ੍ਹਾਂ ਤੋਂ ਮਦਦ ਲੈਣ ਵਿਚ ਬੁਰਾਈ ਵੀ ਕੀ ਹੈ? ਸੰਯੁਕਤ ਰਾਜ ਅਮਰੀਕਾ, ਭਾਰਤ ਨਾਲੋਂ ਕਈ ਗੁਣਾਂ ਵੱਡਾ ਅਰਥਚਾਰਾ ਹੈ ਪਰ 2005 ਵਿਚ ਸਮੁੰਦਰੀ ਤੂਫਾਨ ਕੈਟਰੀਨਾ ਨੇ ਉਸ 'ਤੇ ਕਹਿਰ ਢਾਹਿਆ ਤਾਂ ਉਸ ਨੇ ਭਾਰਤ, ਕਤਰ, ਯੂ.ਏ.ਈ. ਸਮੇਤ 150 ਦੇਸ਼ਾਂ ਤੋਂ ਮਦਦ ਸਵੀਕਾਰ ਕੀਤੀ ਜਿਨ੍ਹਾਂ ਵਿਚ ਬੰਗਲਾਦੇਸ਼ ਵੀ ਸ਼ਾਮਲ ਸੀ। ਜਪਾਨੀ ਅਰਥਚਾਰਾ ਵੀ ਭਾਰਤ ਤੋਂ ਕਿਤੇ ਵੱਧ ਵੱਡਾ ਤੇ ਮਜ਼ਬੂਤ ਹੈ, ਪਰ ਉਸ ਮੁਲਕ ਨੇ ਵੀ 2011 ਦੇ ਫੁਕੂਸ਼ੀਮਾ ਭੂਚਾਲ ਵੇਲੇ ਕੌਮਾਂਤਰੀ ਮਾਲੀ ਮਦਦ ਨੂੰ ਨਾਂਹ ਨਹੀਂ ਸੀ ਕੀਤੀ ਅਤੇ ਭਾਰਤ ਨੂੰ ਉਚੇਚੇ ਤੌਰ 'ਤੇ ਦਵਾਈਆਂ, ਕੰਬਲ ਤੇ ਸੈਂਕੜੇ ਟਨ ਟੀਨ ਦੀਆਂ ਚਾਦਰਾਂ ਭੇਜਣ ਲਈ ਕਿਹਾ ਸੀ। ਅਮੀਰਾਤ ਦੇ ਕੇਰਲਾ ਨਾਲ ਨਿਵੇਕਲੇ ਸਬੰਧ ਹਨ। ਉਸ ਮੁਲਕ ਵਿਚ 7.75 ਲੱਖ ਮਲਿਆਲੀ ਵਸੇ ਹੋਏ ਹਨ। ਕਿਸੇ ਇਕ ਮੁਲਕ ਵਿਚ ਵਸੇ ਮਲਿਆਲੀਆਂ ਦੀ ਇਹ ਸਭ ਤੋਂ ਵੱਧ ਗਿਣਤੀ ਹੈ। ਉਸ ਮੁਲਕ ਦੇ ਵਿਕਾਸ ਦੇ ਹਰ ਸ਼ੋਹਬੇ ਵਿਚ ਮਲਿਆਲੀਆਂ ਦਾ ਯੋਗਦਾਨ ਹੈ। ਜੇਕਰ ਉਹ ਮੁਲਕ ਉਸ ਯੋਗਦਾਨ ਬਦਲੇ ਆਪਣਾ ਆਭਾਰ ਇਸ ਢੰਗ ਨਾਲ ਪ੍ਰਗਟ ਕਰਦਾ ਹੈ ਤਾਂ ਉਸ ਦੀਆਂ ਸੰਵੇਦਨਾਵਾਂ ਦੀ ਕਦਰ ਹੋਣੀ ਚਾਹੀਦੀ ਹੈ। ਭਾਰਤ ਸਰਕਾਰ ਨੇ ਜਿਸ ਢੰਗ ਨਾਲ ਉਸ ਮੁਲਕ ਨੂੰ ਨਾਂਹ ਕੀਤੀ, ਉਸ ਤੋਂ ਇਹ ਪ੍ਰਭਾਵ ਵੀ ਉਪਜਿਆ ਕਿ ਹਿੰਦੂਤਵ-ਪੱਖੀ ਸਰਕਾਰ ਇਸਲਾਮੀ ਮੁਲਕ ਤੋਂ ਮਦਦ ਨਹੀਂ ਲੈਣਾ ਚਾਹੁੰਦੀ। ਅਜਿਹੇ ਪ੍ਰਭਾਵ ਉਪਜਾਉਣ ਤੋਂ ਬਚਿਆ ਜਾਣਾ ਚਾਹੀਦਾ ਹੈ।

ਸਆਦਤ ਹਸਨ ਮੰਟੋ ਦੀ ਕਹਾਣੀ 'ਖੁਦਫਰੇਬ' ਵਿਚ ਇਕ ਫਿਕਰਾ ਹੈ: "ਸੰਕਟ ਵੇਲੇ ਮਦਦ ਕਰਨ ਆਏ ਨਾਲ ਬਹਿਸਣ ਵਾਲੇ ਤੋਂ ਵੱਡਾ ਅਹਿਮਕ ਕੋਈ ਨਹੀਂ ਹੋ ਸਕਦਾ।" ਸੱਤਰ ਸਾਲ ਪਹਿਲਾਂ ਲਿਖਿਆ ਇਹ ਫਿਕਰਾ ਅਜੋਕੇ ਪ੍ਰਸੰਗ ਵਿਚ ਸਾਡੀ ਮਰਕਜ਼ੀ ਹਕੂਮਤ 'ਤੇ ਐਨ ਫਿੱਟ ਬੈਠ ਰਿਹਾ ਹੈ।

# ਭਾਰਤ 'ਚ ਹਰ ਘੰਟੇ ਇਕ ਵਿਦਿਆਰਥੀ ਕਰਦਾ ਹੈ ਖੁਦਕੁਸ਼ੀ

**ਪਟਿਆਲਾ:** ਭਾਰਤ ਵਿਚ ਹਰ ਘੰਟੇ 'ਚ ਇਕ ਵਿਦਿਆਰਥੀ ਖੁਦਕੁਸ਼ੀ ਕਰਦਾ ਹੈ। ਮਨਿਸਟਰੀ ਆਫ ਹੋਮ ਅਫੇਅਰਜ਼ ਦੀ ਰਿਪੋਰਟ ਅਨੁਸਾਰ ਰੋਜ਼ਾਨਾ ਦੇਸ਼ ਭਰ 'ਚ 25 ਵਿਦਿਆਰਥੀਆਂ ਦੁਆਰਾ ਖੁਦਕੁਸ਼ੀ ਕਰਨਾ ਨਵੀਂ ਪੀੜ੍ਹੀ ਦੀ ਮਾਨਸਿਕ ਸਿਹਤ 'ਚ ਆ ਰਹੀ ਗਿਰਾਵਟ ਨੂੰ ਦਰਸਾਉਂਦਾ ਹੈ ਜੋ ਕਿ ਦੇਸ਼ ਅਤੇ ਸਮਾਜ ਲਈ ਬਹੁਤ ਹੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਸਬੰਧੀ ਲੋਕ ਸਭਾ 'ਚ 2 ਜਨਵਰੀ 2018 ਨੂੰ ਦੇਸ਼ ਭਰ ਵਿਚ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਬਾਰੇ ਰਿਪੋਰਟ ਅਫਸੋਸਨਾਕ ਅੰਕੜੇ ਪੇਸ਼ ਕਰਦੀ ਹੈ।

ਇਸ ਰਿਪੋਰਟ ਅਨੁਸਾਰ 9 ਹਜ਼ਾਰ 474 ਵਿਦਿਆਰਥੀਆਂ ਨੇ ਸਾਲ 2016 'ਚ ਪੜ੍ਹਾਈ ਦੌਰਾਨ ਖੁਦਕੁਸ਼ੀ ਕੀਤੀ ਸੀ ਜਿਨ੍ਹਾਂ 'ਚ 2413 ਫੇਲ੍ਹ ਹੋਣ ਕਾਰਨ ਸੀ। 2015 'ਚ 8 ਹਜ਼ਾਰ 934 ਅਤੇ 2014 ਵਿਚ 8 ਹਜ਼ਾਰ 68 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਸੀ। ਅੰਕੜਿਆਂ ਮੁਤਾਬਕ ਸਾਲ 2016 ਵਿਚ ਮਹਾਰਾਸ਼ਟਰ ਸੂਬੇ 'ਚ ਸਭ ਤੋਂ ਵੱਧ 1350 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਸੀ।

ਦੂਜੇ ਨੰਬਰ 'ਤੇ ਵੈਸਟ ਬੰਗਾਲ ਵਿਚ 1147, ਤਾਮਿਲਨਾਡੂ 981, ਮੱਧ ਪ੍ਰਦੇਸ਼ 838, ਛੱਤੀਸਗੜ੍ਹ 633, ਗੁਜਰਾਤ 556, ਕਰਨਾਟਕਾ 540, ਉੜੀਸਾ 390, ਆਸਾਮ 353, ਤੇਲੰਗਾਨਾ 349, ਕੇਰਲ 340, ਆਂਧਰਾ ਪ੍ਰਦੇਸ਼ 295, ਉੱਤਰ ਪ੍ਰਦੇਸ਼ 263, ਝਾਰਖੰਡ 233, ਰਾਜਸਥਾਨ 221, ਦਿੱਲੀ, ਬਿਹਾਰ 'ਚ 171, ਹਰਿਆਣਾ 155, ਪੰਜਾਬ 81, ਤ੍ਰਿਪੁਰਾ 68, ਹਿਮਾਚਲ ਪ੍ਰਦੇਸ਼ 54, ਸਿੱਕਮ 37, ਅਰੁਣਾਚਲ ਪ੍ਰਦੇਸ਼ 29, ਗੋਆ 29, ਮੇਘਾਲਿਆ 28, ਪੁੱਡੂਚਰੀ 24, ਉਤਰਾਖੰਡ 20, ਜੰਮੂ ਕਸ਼ਮੀਰ 18, ਚੰਡੀਗੜ੍ਹ 'ਚ 15, ਦਮਨ ਐਂਡ ਦਿਉ 11, ਅੰਡੇਮਾਨ ਨਿਕੋਬਾਰ 9, ਨਾਗਾਲੈਂਡ 8, ਮਿਜ਼ੋਰਮ 7, ਮਨੀਪੁਰ 6 ਅਤੇ ਦਾਦਰ ਹਵੇਲੀ 4 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਸੀ।

ਇਸ ਸਬੰਧੀ ਪ੍ਰੋ. ਡਾ. ਸ਼ਿਵਾਨੀ ਠਾਕੁਰ ਨੇ ਦੱਸਿਆ ਕਿ ਜਦੋਂ ਵਿਦਿਆਰਥੀ ਜੀਵਨ 'ਚ ਆ ਰਹੀਆਂ ਮੁਸ਼ਕਿਲਾਂ ਨਾਲ ਨਜਿੱਠਣ ਨੂੰ ਅਸਫਲ ਹੋ ਜਾਂਦੇ ਹਨ ਤਾਂ ਉਹ ਅਜਿਹਾ ਘਾਤਕ ਕਦਮ ਚੁੱਕਦੇ ਹਨ, ਜਿਸ 'ਚ ਪੇਪਰਾਂ ਵਿਚ ਫੇਲ੍ਹ ਹੋਣਾ ਜਾਂ ਘੱਟ ਨੰਬਰ ਆਉਣਾ, ਸਹਿਣਸ਼ੀਲਤਾ ਦੀ ਘਾਟ, ਵਿਦਿਆਰਥੀਆਂ ਦਾ ਦਿਸ਼ਾਹੀਣ ਹੋਣਾ, ਜ਼ਿੰਦਗੀ ਦੇ ਹਰ ਖੇਤਰ 'ਚ ਸਖਤ ਮੁਕਾਬਲਾ ਹੋਣ ਕਰ ਕੇ ਵਿਦਿਆਰਥੀਆਂ ਦੇ ਕਰੀਅਰ ਬਣਾਉਣ ਦਾ ਦਬਾਅ ਬਹੁਤ ਵਧ ਗਿਆ ਅਤੇ ਵਿਦਿਆਰਥੀਆਂ ਦਾ ਮਾਨਸਿਕ ਤੌਰ ਉਤੇ ਮਜ਼ਬੂਤ ਨਾ ਹੋਣਾ ਆਦਿ ਪ੍ਰਮੁੱਖ ਕਾਰਨ ਹਨ।

## ਨੌਜਵਾਨਾਂ ਨੂੰ ਮੁਫਤ ਸਮਾਰਟ ਫੋਨ ਵੰਡਣ ਦਾ ਅਮਲ ਛੇਤੀ

**ਫਰੀਦਕੋਟ:** ਪੰਜਾਬ ਸਰਕਾਰ ਨੇ ਆਪਣੇ ਚੋਣ ਵਾਅਦੇ ਮੁਤਾਬਕ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਦਾ ਅਮਲ ਆਖਰਕਾਰ ਸ਼ੁਰੂ ਕਰ ਦਿੱਤਾ ਹੈ। ਖੇਡ ਤੇ ਯੁਥ ਸੇਵਾਵਾਂ ਵਿਭਾਗ ਵੱਲੋਂ ਤਕਨੀਕੀ ਸਿੱਖਿਆ ਤੇ ਸਨਅਤੀ ਸਿਖਲਾਈ ਵਿਭਾਗ ਦੇ ਸਹਿਯੋਗ ਨਾਲ ਸੂਬੇ ਦੀਆਂ 425 ਆਈ. ਟੀ. ਆਈਜ਼. ਤੇ ਪੌਲੀਟੈਕਨਿਕ ਕਾਲਜਾਂ ਵਿਚ ਲਾਭਪਾਤਰੀਆਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ।

ਤਕਨੀਕੀ ਸਿੱਖਿਆ ਤੇ ਸਨਅਤੀ ਸਿਖਲਾਈ ਵਿਭਾਗ ਦੇ ਡਾਇਰੈਕਟਰ ਨੇ ਇਕ ਪੱਤਰ ਜਾਰੀ ਕਰ ਕੇ ਰਾਜ ਦੀਆਂ ਸਾਰੀਆਂ ਆਈ.ਟੀ.ਆਈਜ਼. ਤੇ ਪੌਲੀਟੈਕਨਿਕ ਕਾਲਜਾਂ ਦੇ ਮੁਖੀਆਂ ਨੂੰ ਉਨ੍ਹਾਂ ਸਾਰੇ ਵਿਦਿਆਰਥੀਆਂ ਦਾ ਵੇਰਵਾ ਦੇਣ ਲਈ ਕਿਹਾ ਹੈ ਜੋ ਪੰਜਾਬ ਦੇ ਵਸਨੀਕ ਹਨ, 18 ਤੋਂ 35 ਸਾਲ ਉਮਰ ਵਰਗ ਦੇ ਹਨ ਅਤੇ ਵਿੱਦਿਅਕ ਸੈਸ਼ਨ 2017-18 ਦੌਰਾਨ ਇਨ੍ਹਾਂ ਸੰਸਥਾਵਾਂ ਵਿਚ ਰਜਿਸਟਰਡ ਸਨ।

ਵਿਦਿਆਰਥੀ ਦਸਵੀਂ ਪਾਸ ਹੋਣਾ ਚਾਹੀਦਾ ਹੈ ਅਤੇ ਉਸ ਦੇ ਪਰਿਵਾਰ ਦੀ ਆਮਦਨ ਸਾਲਾਨਾ ਛੇ ਲੱਖ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ, ਤਾਂ ਹੀ ਉਹ ਇਸ ਯੋਜਨਾ ਦਾ ਲਾਭ ਲੈਣ ਦਾ ਹੱਕਦਾਰ ਹੋਵੇਗਾ।

# ਹਿੰਮਤ ਸਿੰਘ ਵੱਲੋਂ ਬਿਆਨਾਂ ਤੋਂ ਮੁੱਕਰਨ ਦਾ ਮਾਮਲਾ ਭਖਣ ਲੱਗਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਦੇ ਭਰਾ ਹਿੰਮਤ ਸਿੰਘ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਦਿੱਤੇ ਪਹਿਲੇ ਬਿਆਨਾਂ ਤੋਂ ਪਾਸਾ ਵੱਟਣ ਦਾ ਮਾਮਲਾ ਭਖਣ ਲੱਗ ਪਿਆ ਹੈ। ਸਿੱਖ ਜਥੇਬੰਦੀਆਂ



ਨੇ ਇਸ ਮਾਮਲੇ ਵਿਚ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਕੋਲੋਂ ਸਪੱਸ਼ਟੀਕਰਨ ਮੰਗਿਆ ਹੈ ਕਿ ਉਹ ਸਿੱਖ ਸੰਗਤ ਨੂੰ ਸਪੱਸ਼ਟ ਕਰੇ ਕਿ ਗਿਆਨੀ ਗੁਰਮੁਖ ਸਿੰਘ ਦੇ ਦੋ ਵਾਰੀ ਕੀਤੇ ਤਬਾਦਲੇ ਪਿੱਛੇ ਕੀ ਕਾਰਨ ਹੈ? ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਮੈਂਬਰ ਸੁਖਦੇਵ ਸਿੰਘ ਭੌਰ ਨੇ ਇਸ ਮਾਮਲੇ ਵਿਚ ਹਿੰਮਤ ਸਿੰਘ ਵੱਲੋਂ ਆਪਣੇ ਪਹਿਲੇ ਬਿਆਨਾਂ ਤੋਂ ਪਾਸਾ ਵੱਟਣ ਬਾਰੇ ਆਖਿਆ ਕਿ ਇਸ ਨਾਲ ਕਈ ਸਵਾਲ ਖੜ੍ਹੇ ਹੋ ਗਏ ਹਨ।

ਉਨ੍ਹਾਂ ਕਿਹਾ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਸਤੰਬਰ 2015 ਵਿਚ ਮੁਆਫੀ ਦੇਣ ਦੇ ਮਾਮਲੇ ਵਿਚ ਗਿਆਨੀ ਗੁਰਮੁਖ ਸਿੰਘ ਤੇ ਉਸ ਦੇ ਭਰਾ ਹਿੰਮਤ ਸਿੰਘ ਵੱਲੋਂ ਜੋ ਬਿਆਨ ਦਿੱਤੇ ਗਏ ਸਨ, ਉਹ ਅੱਜ ਵੀ ਸੋਸ਼ਲ ਮੀਡੀਆ 'ਤੇ ਮੌਜੂਦ ਹਨ।

ਉਨ੍ਹਾਂ ਕਿਹਾ ਕਿ ਉਹ ਆਪਣੇ ਬਿਆਨਾਂ ਤੋਂ ਮੁਨਕਰ ਨਹੀਂ ਹੋ ਸਕਦੇ ਪਰ ਹੁਣ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਦਿੱਤੇ ਗਏ ਬਿਆਨ ਤੋਂ ਪਾਸਾ ਵੱਟਣ ਨਾਲ ਇਹ ਸਵਾਲ ਪੈਦਾ ਹੋਇਆ ਹੈ ਕਿ ਸਤੰਬਰ 2015 ਦੀ ਕਾਰਵਾਈ ਵੇਲੇ ਨਾ ਤਾਂ ਕਾਂਗਰਸ ਸਰਕਾਰ ਸੀ ਅਤੇ ਨਾ ਹੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਸਥਾਪਤ ਸੀ। ਉਸ ਵੇਲੇ ਦਿੱਤੇ ਗਏ ਬਿਆਨ ਪੰਥਕ ਦਬਾਅ ਹੇਠ ਦਿੱਤੇ ਗਏ ਸਨ, ਜਿਸ ਕਾਰਨ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ 21 ਅਪਰੈਲ 2017 ਨੂੰ ਗਿਆਨੀ ਗੁਰਮੁਖ ਸਿੰਘ ਦਾ ਤਬਾਦਲਾ ਤਖਤ ਸ੍ਰੀ ਦਮਦਮਾ ਸਾਹਿਬ ਕਰ ਦਿੱਤਾ ਸੀ। ਉਸ ਵੇਲੇ ਰਿਹਾਇਸ਼ੀ ਕੁਆਰਟਰ ਖਾਲੀ ਨਾ ਕਰਨ 'ਤੇ ਉਸ ਦਾ ਬਿਜਲੀ ਅਤੇ ਪਾਣੀ ਦਾ ਕੁਨੈਕਸ਼ਨ ਵੀ ਕੱਟ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਹਿੰਮਤ ਸਿੰਘ ਨੇ ਆਪਣੇ ਬਿਆਨ ਜਸਟਿਸ ਰਣਜੀਤ ਸਿੰਘ ਕਮਿਸ਼ਨ ਕੋਲ ਦਸੰਬਰ 2017 ਵਿਚ ਦਰਜ ਕਰਾਏ ਸਨ ਅਤੇ ਹੁਣ ਅਗਸਤ 2018 ਵਿਚ ਇਸ ਤੋਂ ਮੁੱਕਰ ਗਿਆ ਹੈ।

ਇਸ ਤੋਂ ਪਹਿਲਾਂ ਚਾਰ ਅਗਸਤ ਨੂੰ ਗਿਆਨੀ ਗੁਰਮੁਖ ਸਿੰਘ ਦਾ ਤਬਾਦਲਾ ਅੰਮ੍ਰਿਤਸਰ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਨਿਯੁਕਤ ਕੀਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਇਸ ਸਮੇਂ ਦੌਰਾਨ ਹਿੰਮਤ ਸਿੰਘ ਨੇ ਪਹਿਲਾਂ ਕਿਉਂ ਨਹੀਂ ਆਖਿਆ ਕਿ ਉਸ 'ਤੇ ਦਬਾਅ ਪਾਇਆ ਗਿਆ ਸੀ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਆਪਣੇ ਬਿਆਨਾਂ ਤੋਂ ਮੁੱਕਰਨ ਵਾਲਾ ਹਿੰਮਤ ਸਿੰਘ ਹੁਣ ਕਦੇ ਵੀ ਸਿੱਖ ਕੌਮ ਵਿਚ ਆਪਣਾ ਵਿਸ਼ਵਾਸ ਕਦੇ ਬਹਾਲ ਨਹੀਂ ਕਰ ਸਕੇਗਾ।

## ਸੱਚਾਈ ਸੰਗਤ ਸਾਹਮਣੇ ਰੱਖਣ ਦੀ ਮੰਗ ਉਠੀ

**ਅੰਮ੍ਰਿਤਸਰ:** ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਇਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉਹ ਸਿੱਖ ਸੰਗਤ ਨੂੰ ਦੱਸਣ ਕਿ ਗਿਆਨੀ ਗੁਰਮੁਖ ਸਿੰਘ ਨੂੰ ਰਾਤੋਂ ਰਾਤ ਸ੍ਰੀ ਅਕਾਲ ਤਖਤ ਦਾ ਹੈੱਡ ਗ੍ਰੰਥੀ ਲਾਉਣ ਪਿਛੇ ਸ਼੍ਰੋਮਣੀ ਕਮੇਟੀ ਦੀ ਕੀ ਮਜਬੂਰੀ ਰਹੀ ਹੈ। ਸ੍ਰੀ ਰੰਧਾਵਾ ਨੇ ਇਹ ਪੱਤਰ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਪ੍ਰਧਾਨ ਭਗਵੰਤ ਪਾਲ ਸਿੰਘ ਸੱਚਰ ਰਾਹੀਂ ਜਥੇਦਾਰ ਨੂੰ ਭੇਜਿਆ ਹੈ। ਸ੍ਰੀ ਸੱਚਰ ਤੇ ਉਨ੍ਹਾਂ ਦੇ ਸਾਥੀਆਂ ਨੇ ਇਹ ਪੱਤਰ ਜਥੇਦਾਰ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਸੌਂਪਿਆ ਹੈ। ਕਾਂਗਰਸੀ ਵਫਦ ਨੇ ਦਾਅਵਾ ਕੀਤਾ ਕਿ ਇਸ ਪੱਤਰ ਨੂੰ ਪ੍ਰਾਪਤ ਕਰਨ ਮਗਰੋਂ ਜਥੇਦਾਰ ਨੇ ਹੁੰਗਾਰਾ ਦੇਣ ਦਾ ਭਰੋਸਾ ਵੀ ਦਿੱਤਾ ਹੈ।

# ਚੋਣ ਕਮਿਸ਼ਨ ਵੱਲੋਂ ਇਕੱਠੀਆਂ ਚੋਣਾਂ ਤੋਂ ਹੱਥ ਖੜ੍ਹੇ

**ਨਵੀਂ ਦਿੱਲੀ:** ਸਾਰੀਆਂ ਕਿਆਸਅਰਾਈਆਂ ਨੂੰ ਖਤਮ ਕਰਦਿਆਂ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਓ.ਪੀ. ਰਾਵਤ ਨੇ ਲੋਕ ਸਭਾ ਚੋਣਾਂ ਦੇ ਨਾਲ ਹੀ ਵਿਧਾਨ ਸਭਾ ਚੋਣਾਂ ਕਰਵਾਏ ਜਾਣ ਦੀ ਸੰਭਾਵਨਾ ਇਹ ਕਹਿ ਕੇ ਖਤਮ ਕਰ ਦਿੱਤੀ ਕਿ ਇਕੋ ਸਮੇਂ ਚੋਣਾਂ ਕਰਵਾਏ ਜਾਣ ਲਈ ਨਵੇਂ ਸਿਰੇ ਤੋਂ ਕਾਨੂੰਨੀ ਪ੍ਰਕਿਰਿਆ ਅਪਨਾਏ ਜਾਣ ਦੀ ਲੋੜ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਇਸ ਤਰ੍ਹਾਂ ਦੀ ਚਰਚਾ ਸੀ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਅਤੇ ਮਿਜ਼ੋਰਮ ਵਿਚ ਵਿਧਾਨ ਸਭਾ ਚੋਣਾਂ ਨੂੰ ਅੱਗੇ ਪਾ ਦਿੱਤਾ ਜਾਵੇ ਅਤੇ ਇਨ੍ਹਾਂ ਨੂੰ ਲੋਕ ਸਭਾ ਚੋਣਾਂ ਦੇ ਨਾਲ ਹੀ ਕਰਵਾਇਆ ਜਾਵੇ। ਲੋਕ ਸਭਾ ਚੋਣਾਂ ਅਪਰੈਲ-ਮਈ 2019 ਵਿਚ ਹੋਣੀਆਂ ਤੈਅ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਮਿਜ਼ੋਰਮ ਵਿਧਾਨ ਸਭਾ ਦੀ ਮਿਆਦ 15 ਦਸੰਬਰ ਨੂੰ ਖਤਮ ਹੋ ਰਹੀ ਹੈ। ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਧਾਨ ਸਭਾਵਾਂ ਦੀ ਮਿਆਦ ਕ੍ਰਮਵਾਰ ਪੰਜ, ਸੱਤ ਅਤੇ ਵੀਹ ਜਨਵਰੀ 2019 ਨੂੰ ਪੂਰੀ ਹੋ ਰਹੀ ਹੈ।

ਸ੍ਰੀ ਰਾਵਤ ਨੇ ਕਿਹਾ ਕਿ ਪਹਿਲਾਂ ਸੰਸਦ ਮੈਂਬਰਾਂ ਨੂੰ ਕਾਨੂੰਨ ਬਣਾਉਣ ਲਈ ਘੱਟੋ ਘੱਟ ਇਕ ਸਾਲ ਚਾਹੀਦਾ ਹੈ, ਜੋ ਲਾਗੂ ਹੋ ਸਕੇ। ਇਸ ਕਾਰਜ ਨੂੰ ਸਮਾਂ ਲੱਗੇਗਾ। ਜਿਉਂ ਹੀ ਸੰਵਿਧਾਨ ਵਿਚ ਸੋਧ ਲਈ ਬਿੱਲ ਤਿਆਰ ਹੋਵੇਗਾ ਤਾਂ ਚੋਣ ਕਮਿਸ਼ਨ ਨੂੰ ਪਤਾ ਲੱਗ ਜਾਵੇਗਾ ਕਿ ਭਵਿੱਖ ਵਿਚ ਕੀ ਕਰਨਾ ਹੈ। ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਵਿਚ ਚੌਦਾਂ ਮਹੀਨੇ ਰਹਿੰਦਿਆਂ ਹੀ ਤਿਆਰੀਆਂ ਆਰੰਭ ਦਿੱਤੀਆਂ ਹਨ।

# ਜੇਲ੍ਹ 'ਚ ਬੰਦ ਡੇਰਾ ਸਿਰਸਾ ਮੁਖੀ ਸਾਲ ਪਿੱਛੋਂ ਵੀ ਕਿਸੇ ਹੋਰ ਨੂੰ ਗੱਦੀ ਸੌਂਪਣ ਲਈ ਨਾ ਮੰਨਿਆ

**ਚੰਡੀਗੜ੍ਹ:** ਡੇਰਾ ਮੁਖੀ ਰਾਮ ਰਹੀਮ ਪਿਛਲੇ ਇਕ ਸਾਲ ਤੋਂ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਅਜੇ ਤੱਕ ਆਪਣੀ ਜਗ੍ਹਾ ਦੀ ਥਾਂ ਡੇਰੇ ਦੀ ਗੱਦੀ ਕਿਸੇ ਹੋਰ ਨੂੰ ਸੌਂਪਣ ਲਈ ਤਿਆਰ ਨਹੀਂ ਹੈ। ਡੇਰਾ ਮੁਖੀ ਨੂੰ ਸਾਧਵੀਆਂ ਨਾਲ ਜਬਰ ਜਨਾਹ ਦੇ ਮਾਮਲੇ 'ਚ 20 ਸਾਲ ਦੀ ਸਜ਼ਾ ਸੁਣਾਈ ਗਈ ਹੈ, ਅਤੇ ਇਸ ਸਮੇਂ ਉਹ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਬੰਦ ਹੈ।

ਗੁਰਮੀਤ ਰਾਮ ਰਹੀਮ ਖਿਲਾਫ ਪੱਤਰਕਾਰ ਰਾਮਚੰਦਰ ਛਤਰਪਤੀ ਅਤੇ ਡੇਰਾ ਪ੍ਰਬੰਧਕ ਰਣਜੀਤ ਸਿੰਘ ਦੇ ਕਤਲ ਤੋਂ ਇਲਾਵਾ ਡੇਰੇ ਦੇ 400 ਸਾਧੂਆਂ ਨੂੰ ਨਪੁੰਸਕ ਬਣਾਉਣ ਦਾ ਮਾਮਲਾ ਚੱਲ ਰਿਹਾ ਹੈ। ਇਨ੍ਹਾਂ ਮਾਮਲਿਆਂ 'ਚ ਡੇਰਾ ਮੁਖੀ ਮੁੱਖ ਮੁਲਜ਼ਮ ਹੈ। ਡੇਰਾ ਮੁਖੀ ਦੇ ਜੇਲ੍ਹ ਜਾਂਦੇ ਹੀ ਗੁਰਮੀਤ ਰਾਮ ਰਹੀਮ ਦੇ ਪਰਿਵਾਰਕ ਅਤੇ ਨਜ਼ਦੀਕੀ ਲੋਕ ਚਾਹੁੰਦੇ ਸਨ ਕਿ ਡੇਰਾ ਮੁਖੀ ਆਪਣੀ ਜਗ੍ਹਾ 'ਤੇ ਡੇਰੇ ਦੀ ਗੱਦੀ ਆਪਣੇ ਕਿਸੇ ਪਰਿਵਾਰਕ ਮੈਂਬਰ ਨੂੰ ਸੌਂਪ ਦੇਣ ਤਾਂ ਜੋ ਡੇਰੇ ਦੀਆਂ ਗਤੀਵਿਧੀਆਂ ਚਲਦੀਆਂ ਰਹਿਣ ਅਤੇ ਲੋਕਾਂ ਦਾ ਡੇਰੇ 'ਚ ਆਣਾ-ਜਾਣਾ ਬਣਿਆ ਰਹੇ। ਸ਼ੁਰੂ 'ਚ ਡੇਰਾ ਮੁਖੀ ਦੇ ਇਕਲੌਤੇ ਪੁੱਤਰ ਜਸਮੀਤ ਇੰਸਾਂ ਦਾ ਨਾਂ ਵੀ ਸਾਹਮਣੇ ਆਇਆ ਸੀ ਅਤੇ ਸੋਚਿਆ ਜਾ ਰਿਹਾ ਸੀ ਕਿ ਗੁਰਮੀਤ ਰਾਮ ਰਹੀਮ 20 ਸਾਲ ਦੀ ਸਜ਼ਾ ਹੋਣ ਤੋਂ ਬਾਅਦ ਆਪਣੇ ਇਕਲੌਤੇ ਪੁੱਤਰ ਨੂੰ ਡੇਰੇ ਦੀ ਗੱਦੀ ਦਾ ਵਾਰਸ ਬਣਾ ਦੇਵੇਗਾ, ਪਰ ਡੇਰਾ ਪ੍ਰਬੰਧਕਾਂ ਨੇ ਇਨ੍ਹਾਂ ਕਿਆਸਰਾਈਆਂ 'ਤੇ ਪੂਰੀ ਤਰ੍ਹਾਂ ਨਾਲ ਰੋਕ ਲਾ ਦਿੱਤੀ ਹੈ।

ਰੋਹਤਕ ਜੇਲ੍ਹ 'ਚ ਬੰਦ ਗੁਰਮੀਤ ਰਾਮ ਰਹੀਮ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਲ ਮੁਲਾਕਾਤ ਦੇ ਸਮੇਂ ਸਭ ਤੋਂ ਜ਼ਿਆਦਾ ਗੱਲਬਾਤ ਆਪਣੀ ਵੱਡੀ ਧੀ ਚਰਨਪ੍ਰੀਤ ਨਾਲ ਕਰਦਾ ਹੈ। ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਡੇਰਾ ਮੁਖੀ ਦਾ ਸਭ ਤੋਂ ਜ਼ਿਆਦਾ ਭਰੋਸਾ ਆਪਣੀ ਇਸੇ ਧੀ ਉਤੇ ਕਰਦਾ ਹੈ ਤੇ ਉਸ ਨੂੰ ਹੀ ਡੇਰੇ ਦੀ ਗੱਦੀ ਸੌਂਪੀ ਜਾ ਸਕਦੀ ਹੈ, ਪਰ ਡੇਰਾ ਮੁਖੀ ਉਸ ਨੂੰ ਵੀ ਗੱਦੀ ਸੌਂਪਣ ਨੂੰ ਤਿਆਰ ਨਹੀਂ ਹੈ। ਬਾਅਦ 'ਚ ਡੇਰਾ ਮੁਖੀ ਦੇ ਕੋਲ ਇਹ ਸੁਝਾਅ ਵੀ ਆਇਆ ਕਿ ਉਹ ਆਪਣੀ ਮਾਂ ਨਸੀਬ ਕੌਰ ਨੂੰ ਡੇਰੇ ਦੀ ਗੱਦੀ ਦਾ ਕਾਰਜ ਦੇ ਕੇ ਮੁਖੀ ਬਣਾ ਦੇਣ ਤਾਂ ਜੋ ਡੇਰੇ ਦੀਆਂ ਗਤੀਵਿਧੀਆਂ ਫਿਰ ਤੋਂ ਸ਼ੁਰੂ ਹੋ ਸਕੇ। ਡੇਰਾ ਮੁਖੀ ਇਸ ਗੱਲ 'ਤੇ ਵੀ ਰਾਜ਼ੀ ਨਹੀਂ ਹੋਇਆ ਅਤੇ ਪਿਛਲੇ ਇਕ ਸਾਲ ਤੋਂ ਇਹ ਗੱਲ ਸਾਫ ਹੋ ਗਈ ਹੈ ਕਿ 20 ਸਾਲ ਦੀ ਸਜ਼ਾ ਕੱਟ ਰਿਹਾ ਗੁਰਮੀਤ ਰਾਮ ਰਹੀਮ ਫਿਲਹਾਲ ਕਿਸੇ ਨੂੰ ਵੀ ਆਪਣੀ ਜਗ੍ਹਾ 'ਤੇ ਡੇਰੇ ਦੀ ਗੱਦੀ ਸੌਂਪਣ ਦੇ ਮੂਡ 'ਚ ਨਹੀਂ ਹੈ।

ਗੁਰਮੀਤ ਰਾਮ ਰਹੀਮ ਨਾਲ ਜੇਲ੍ਹ 'ਚ ਮੁਲਾਕਾਤ ਕਰਨ ਲਈ ਉਸ ਦਾ ਪੁੱਤਰ ਜਸਮੀਤ ਇੰਸਾਂ ਅਤੇ ਧੀ ਚਰਨਪ੍ਰੀਤ ਇੰਸਾਂ ਮਹੀਨੇ 'ਚ ਲਗਭਗ 3-3 ਵਾਰ ਆਉਂਦੇ ਹਨ। ਡੇਰਾ ਮੁਖੀ ਦੀ ਮਾਂ ਨਸੀਬ ਕੌਰ ਅਤੇ ਪਤਨੀ ਹਰਜੀਤ ਕੌਰ, ਜਵਾਈ ਰੂਹੇਮੀਤ ਅਤੇ ਸ਼ਾਨੇਮੀਤ ਮਹੀਨੇ 'ਚ ਲਗਭਗ 1-1 ਵਾਰ ਅਤੇ ਧੀ ਅਮਰਪ੍ਰੀਤ ਇੰਸਾਂ ਅਤੇ ਨੂੰਹ ਹੁਸਨਮੀਤ ਇੰਸਾਂ ਕਈ ਦਫਾ ਮਹੀਨੇ ਵਿਚ 2 ਵਾਰ ਉਸ ਨਾਲ ਮੁਲਾਕਾਤ ਕਰਨ ਲਈ ਆਉਂਦੇ ਹਨ। ਡੇਰਾ ਮੁਖੀ ਨੇ ਮੁਲਾਕਾਤ ਲਈ ਜਿਨ੍ਹਾਂ 10 ਲੋਕਾਂ ਦੀ ਸੂਚੀ ਦਿੱਤੀ ਸੀ, ਉਨ੍ਹਾਂ 'ਚੋਂ ਉਸ ਦੀ ਮੂੰਹ ਬੋਲੀ ਪੁੱਤਰੀ ਹਨੀਪ੍ਰੀਤ ਦਾ ਨਾਂ ਵੀ ਸ਼ਾਮਲ ਸੀ, ਪਰ ਜੇਲ੍ਹ 'ਚ ਬੰਦ ਹੋਣ ਕਾਰਨ ਉਹ ਡੇਰਾ ਮੁਖੀ ਨਾਲ ਕਦੇ ਵੀ ਮੁਲਾਕਾਤ ਕਰਨ ਨਹੀਂ ਜਾ ਸਕੀ। ਸੂਤਰਾਂ ਮੁਤਾਬਕ ਡੇਰਾ ਮੁਖੀ ਨਾਲ ਮਿਲਣ ਆਉਣ ਵਾਲੇ ਪਰਿਵਾਰਕ ਮੈਂਬਰ ਚੁੱਪ-ਚੁਪੀਤੇ ਖੜ੍ਹੇ ਗੁਰਮੀਤ ਰਾਮ ਰਹੀਮ ਦੀ ਗੱਲ ਅਤੇ ਹਿਦਾਇਤਾਂ ਸੁਣਦੇ ਰਹਿੰਦੇ ਹਨ ਅਤੇ ਸਿਰਫ ਹਾਂ-ਨਾ 'ਚ ਜਵਾਬ ਦਿੰਦੇ ਹਨ ਜਾਂ ਕਿਸੇ ਗੱਲ ਦਾ ਬੇਹੱਦ ਸੰਖੇਪ 'ਚ ਜਵਾਬ ਦਿੱਤਾ ਜਾਂਦਾ ਹੈ। ਜ਼ਿਆਦਾਤਰ ਗੱਲ ਡੇਰਾ ਮੁਖੀ ਹੀ ਕਰਦਾ ਹੈ।

## ਡੇਰਾ ਮੁਖੀ ਦੀ ਜ਼ਮਾਨਤ ਅਰਜ਼ੀ ਰੱਦ

**ਚੰਡੀਗੜ੍ਹ:** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੰਚਕੂਲਾ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 400 ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ ਵਿਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਡੇਰਾ ਮੁਖੀ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਵਿਚ ਪਹਿਲਾਂ ਹੀ ਜੇਲ੍ਹ ਵਿਚ ਵੀਹ ਸਾਲ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ।



ਅਦਾਲਤ ਨੇ ਡੇਰਾ ਮੁਖੀ ਵੱਲੋਂ ਜ਼ਮਾਨਤ ਲਈ ਦਾਇਰ ਕੀਤੀ ਅਰਜ਼ੀ ਤਿੰਨ ਦਿਨਾਂ ਬਾਅਦ ਰੱਦ ਕਰ ਦਿੱਤੀ ਹੈ। ਆਪਣੇ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦੇ ਕੇਸ ਵਿਚ ਅਦਾਲਤ ਨੇ ਡੇਰਾ ਮੁਖੀ ਵਿਰੁੱਧ ਧੋਖਾਧੜੀ, ਫੌਜਦਾਰੀ ਸਾਜ਼ਿਸ਼ ਅਤੇ ਖਤਰਨਾਕ ਹਥਿਆਰਾਂ ਨਾਲ ਨੁਕਸਾਨ ਪਹੁੰਚਾਉਣ ਦੇ ਦੋਸ਼ ਨਿਰਧਾਰਤ ਕੀਤੇ ਹਨ।

# ਬੇਰੁਜ਼ਗਾਰਾਂ ਨੂੰ ਲਾਰੇ ਲਾਉਣ 'ਚ ਅਕਾਲੀਆਂ ਤੋਂ ਵੀ ਅੱਗੇ ਨਿਕਲੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ 30 ਲੱਖ ਬੇਰੁਜ਼ਗਾਰਾਂ ਦੇ ਜ਼ਖਮਾਂ 'ਤੇ ਲੂਣ ਪਾਉਣ ਦੇ ਮਾਮਲੇ ਵਿਚ ਪੰਜਾਬ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਵੀ 15 ਮਹੀਨਿਆਂ ਦੌਰਾਨ ਅਕਾਲੀ-ਭਾਜਪਾ ਸਰਕਾਰ ਵਰਗੀ ਹੀ ਰਹੀ ਹੈ। ਸੱਤਾ ਹਾਸਲ ਕਰਕੇ ਬੇਰੁਜ਼ਗਾਰਾਂ ਨਾਲ ਕੀਤੇ ਵਾਅਦੇ ਵਫਾ ਹੁੰਦੇ ਨਜ਼ਰ ਨਹੀਂ ਆ ਰਹੇ।

ਕਾਂਗਰਸ ਸਰਕਾਰ ਨੇ ਪੰਜਾਬ ਦੇ 28 ਲੱਖ ਬੇਰੁਜ਼ਗਾਰਾਂ ਕੋਲੋਂ ਘਰ-ਘਰ ਨੌਕਰੀ ਅਤੇ ਬੇਰੁਜ਼ਗਾਰੀ ਭੱਤੇ ਲਈ ਫਾਰਮ ਭਰਵਾਏ ਸਨ। ਨੌਕਰੀ ਨਾ ਮਿਲਣ ਤੱਕ ਹਰ ਬੇਰੁਜ਼ਗਾਰ ਨੂੰ 2500 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਣਾ ਸੀ ਪਰ ਹੁਣ ਇਹ ਭਰਵਾਏ ਗਏ 28 ਲੱਖ ਤੋਂ ਵੱਧ ਫਾਰਮ ਕਿਥੇ ਪਏ ਹਨ ਤੇ ਇਨ੍ਹਾਂ ਉਪਰ ਕੀ ਕਾਰਵਾਈ ਕੀਤੀ ਜਾ ਰਹੀ ਹੈ, ਇਸ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ। ਰੁਜ਼ਗਾਰ ਉਤਪਤੀ ਤੇ ਸਿਖਲਾਈ ਵਿਭਾਗ ਦੇ 47 ਰੁਜ਼ਗਾਰ ਦਫਤਰਾਂ ਕੋਲ ਇਸ ਸਬੰਧੀ ਜੋ ਜਾਣਕਾਰੀ ਪ੍ਰਾਪਤ ਹੋਈ ਹੈ, ਉਹ ਹੈਰਾਨ ਕਰਨ ਵਾਲੀ ਹੈ।

ਰੁਜ਼ਗਾਰ ਦਫਤਰਾਂ ਕੋਲ 2 ਲੱਖ 29 ਹਜ਼ਾਰ 630 ਬੇਰੁਜ਼ਗਾਰਾਂ ਦੇ ਨਾਂ ਹੀ ਦਰਜ ਹਨ। ਰੁਜ਼ਗਾਰ ਭੱਤਾ ਪ੍ਰਾਪਤ ਕਰਨ ਵਾਲੇ ਬੇਰੁਜ਼ਗਾਰਾਂ ਦੀ ਗਿਣਤੀ ਸਿਰਫ 192 ਹੈ। ਸੂਤਰ ਦੱਸਦੇ ਹਨ ਕਿ ਬੇਰੁਜ਼ਗਾਰੀ ਭੱਤਾ ਪ੍ਰਾਪਤ ਕਰਨ ਲਈ ਸਾਲਾਨਾ ਆਮਦਨ 12 ਹਜ਼ਾਰ ਤੋਂ ਘੱਟ ਹੋਣੀ ਚਾਹੀਦੀ ਹੈ ਜੋ ਬੇਰੁਜ਼ਗਾਰੀ ਭੱਤਾ ਦਿੱਤਾ ਜਾ ਰਿਹਾ ਹੈ, ਉਸ ਵਿਚ ਆਮ ਸ਼੍ਰੇਣੀ ਨੂੰ 150 ਤੋਂ 200 ਰੁਪਏ ਪ੍ਰਤੀ ਮਹੀਨਾ, ਹਾਡੀਕੈਪਡ ਨੂੰ 300 ਤੋਂ 450 ਰੁਪਏ ਪ੍ਰਤੀ ਮਹੀਨਾ, ਅੰਨ੍ਹੇ ਤੇ ਬੋਲੇ ਉਮੀਦਵਾਰਾਂ ਨੂੰ 450 ਤੋਂ 600 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਮਿਲ ਸਕਦਾ ਹੈ ਪਰ 2500 ਰੁਪਏ ਪ੍ਰਤੀ ਮਹੀਨਾ ਅਜੇ ਤੱਕ ਕਿਸੇ ਉਮੀਦਵਾਰ ਨੂੰ ਨਹੀਂ ਮਿਲ ਰਿਹਾ।


40 ਸਾਲ ਤੋਂ ਵੱਧ ਪੁਰਾਣੀਆਂ ਬੇਰੁਜ਼ਗਾਰੀ ਭੱਤਾ ਦਰਾਂ ਵਿਚ ਕਿਸੇ ਵੀ ਸਰਕਾਰ ਨੇ ਵਾਧਾ ਨਹੀਂ ਕੀਤਾ। ਅਜੇ ਤੱਕ ਉਹੀ ਦਰਾਂ ਜਿਉਂ ਦੀਆਂ ਤਿਉਂ ਲਾਗੂ ਹਨ। ਪਿਛਲੇ 15-20 ਸਾਲਾਂ ਤੋਂ ਬਜਟ ਵਿਚ ਬੇਰੁਜ਼ਗਾਰੀ ਭੱਤੇ ਲਈ ਕੋਈ ਰਾਸ਼ੀ ਨਹੀਂ ਰੱਖੀ ਗਈ। ਲੱਖਾਂ ਬੇਰੁਜ਼ਗਾਰ ਜਿਨ੍ਹਾਂ ਨੇ ਕਾਂਗਰਸ ਸਰਕਾਰ ਉਤੇ ਵਿਸ਼ਵਾਸ ਕੀਤਾ ਸੀ, ਹੁਣ ਭੱਤਾ ਨਾ ਮਿਲਣ ਕਰਕੇ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਪੰਜਾਬ ਸਰਕਾਰ ਵੱਲੋਂ ਰੁਜ਼ਗਾਰ ਮੇਲੇ ਲਗਾ ਕੇ 2 ਲੱਖ 24 ਹਜ਼ਾਰ ਨੌਕਰੀਆਂ ਦੇਣ ਦਾ ਮਾਮਲਾ ਵੀ ਸੁਰਖੀਆਂ ਵਿਚ ਹੈ। ਬੇਰੁਜ਼ਗਾਰਾਂ ਨੂੰ ਮਿਲੀਆਂ ਨੌਕਰੀਆਂ ਵੀ ਉਨ੍ਹਾਂ ਦੀ ਲੋੜ ਮੁਤਾਬਕ ਨਹੀਂ ਹਨ ਤੇ ਅੰਕੜੇ ਵੀ ਗੁਮਰਾਹਕੁੰਨ ਹਨ। ਤਨਖਾਹਾਂ ਘੱਟ ਹੋਣ ਕਰਕੇ ਬਹੁਤ ਸਾਰੇ ਉਮੀਦਵਾਰ ਨੌਕਰੀਆਂ ਛੱਡ ਕੇ ਮੁੜ ਤੋਂ ਬੇਰੁਜ਼ਗਾਰ ਹੋ ਗਏ ਹਨ।

# ਇੰਡੋ-ਅਮੈਰਿਕਨ ਕਲਚਰਲ ਅਰਗੇਨਾਈਜੇਸ਼ਨ ਕੈਲੀਫੋਰਨੀਆ ਯੂ.ਐਸ.ਏ.


ਕੁੱਲੀ ਕੁੱਲੀ ਪੁਕਾਰਦਾ ਜੱਗ ਸਾਰਾ, ਸਾਡਾ ਝੁਲਦਾ ਕਿਤੇ ਨਿਸ਼ਾਨ ਕਿਉਂ ਨਹੀਂ!

**ਗਦਰ ਸੰਗਰਾਮ ਦੀ ਲਹੂ ਭਿੱਜੀ ਦਾਸਤਾਨ 'ਸਿੰਘਾਪੁਰ ਦੀ ਬਗਾਵਤ' ਨੂੰ ਸਮਰਪਿਤ**


# ਮੇਲਾ ਗਦਰੀ ਬਾਬਿਆਂ ਦਾ



ਬਾਬਾ ਭਾਨ ਸਿੰਘ ਸੁਨੇਤ
2-3-1918 ਨੂੰ ਅੰਡੇਮਾਨ ਜੇਲ੍ਹ ਵਿਚ ਸ਼ਹੀਦ



ਬਾਬਾ ਸੋਹਣ ਸਿੰਘ ਭਕਨਾ



ਸ਼ੇਰ ਅਲੀ
ਅੰਡੇਮਾਨ ਜੇਲ੍ਹ ਵਿਚ ਤਿੱਖਾ ਬਾਟਾ ਮਾਰ ਕੇ ਵਾਇਸਰਾਏ ਲਾਰਡ ਮੀਓ ਦਾ ਗਲਾ ਕੱਟ ਦਿੱਤਾ



ਬਾਬਾ ਰਾਮ ਸਿੰਘ ਧੁਲੇਤਾ
ਸੈਨ ਫਰਾਂਸਿਸਕੋ ਦੀ ਅਦਾਲਤ 'ਚ ਮਾਰਸ਼ਲ ਦੀ ਗੋਲੀ ਨਾਲ ਸ਼ਹੀਦ



ਬਾਬਾ ਸੁੰਦਰ ਸਿੰਘ ਕਲਸੀਆ

## ਐਤਵਾਰ 2 ਸਤੰਬਰ 2018

(ਦੁਪਹਿਰ 12 ਵਜੇ ਤੋਂ 8 ਵਜੇ ਤੱਕ)

**ਸਥਾਨ: ਐਸ. ਈ. ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ ਐਲਕ ਗਰੋਵ
ਸੈਕਰਾਮੈਂਟੋ, ਕੈਲੀਫੋਰਨੀਆ 95624

ਗੁਲਸਤਾਂ ਕੋ ਖੂਨ ਕੀ ਜ਼ਰੂਰਤ ਪੜੀ, ਸਭ ਸੇ ਪਹਿਲੇ ਯੇ ਗਰਦਨ ਹਮਾਰੀ ਕਟੀ।
ਅਬ ਯੇ ਕਹਿਤੇ ਹੈਂ, ਹਮ ਸੇ ਯੇਹ ਅਹਿਲੇ ਚਮਨ, ਯੇ ਚਮਨ ਹੈ ਹਮਾਰਾ, ਤੁਮਹਾਰਾ ਨਹੀਂ।

ਸਤਿਕਾਰਯੋਗ ਭੈਣੋ ਤੇ ਭਰਾਓ, ਸੈਕਰਾਮੈਂਟੋ ਦੀ ਧਰਤੀ ਗਦਰ ਸੰਗਰਾਮ ਦੇ ਯੋਧਿਆਂ ਦੀ ਚਰਨ ਛੋਹ ਧਰਤੀ ਹੈ, ਜਿੱਥੇ ਉਨ੍ਹਾਂ ਭਾਰੀ ਇਕੱਠ ਕਰ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਾਉਣ ਦਾ ਬਿਗਲ ਵਜਾਇਆ ਸੀ ਅਤੇ ਗਦਰ ਅਖਬਾਰ ਵਿਚ ਐਲਾਨ-ਏ-ਜੰਗ ਛਾਪ ਭਾਰਤ ਨੂੰ ਵਹੀਰਾਂ ਬੰਨ ਤੁਰੇ ਸਨ ਤੇ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੇ ਵਰਕੇ ਆਪਣੇ ਖੂਨ ਨਾਲ ਲਿਖੇ। ਉਨ੍ਹਾਂ ਦੇ ਇਕ ਇਸ਼ਾਰੇ 'ਤੇ ਫੌਜਾਂ ਨੇ ਬਗਾਵਤ ਕਰ ਕੇ ਜ਼ਾਲਮ ਅੰਗਰੇਜ਼ੀ ਸਰਕਾਰ ਦੀਆਂ ਚੂਲਾਂ ਹਿਲਾ ਦਿੱਤੀਆਂ। ਆਓ, ਉਨ੍ਹਾਂ ਦੀਆਂ ਕਰਨੀਆਂ ਨੂੰ ਸਜ਼ਦਾ ਕਰਨ ਲਈ ਮੇਲੇ ਵਿਚ ਹੁਮ ਹੁਮਾ ਕੇ ਪਹੁੰਚੋ।



**ਪਹੁੰਚ ਰਹੇ ਕਲਾਕਾਰ**

**ਗੀਤਾਜ ਬਿੰਦਰਖੀਆ**
(ਪ੍ਰਸਿੱਧ ਗਾਇਕ ਮਰਹੂਮ ਸੁਰਜੀਤ ਬਿੰਦਰਖੀਏ ਦਾ ਪੁੱਤਰ)
ਜੀਵਨ ਰੱਤੂ, ਪੰਮੀ ਮਾਨ ਤੇ ਰਾਜ ਬਰਾੜ

**ਪੁੱਜ ਰਹੀਆਂ ਸ਼ਖਸੀਅਤਾਂ**
ਕਿਰਪਾਲ ਸਿੰਘ ਸੰਧੂ
ਦਲਵਿੰਦਰ ਸਿੰਘ ਧੂਤ
ਬੀਬੀ ਕਰਨੈਲ ਕੌਰ ਈਸੜੂ

ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ।
ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ ਹੋਵੇਗਾ।
ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ।

**ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ**
ਫੋਨ: 916-420-2390

**ਸਕੱਤਰ ਗਿਆਨ ਸਿੰਘ ਬਿਲਗਾ**
ਫੋਨ: 661-397-7330

**ਖਜ਼ਾਨਚੀ ਜਗਜੀਤ ਸਿੰਘ ਗਿੱਲ**
ਫੋਨ: 209-985-1552

**ਬਲਬਿੰਦਰ ਸਿੰਘ ਭੱਟੀ**
ਫੋਨ: 209-480-2275

**ਬਲਵੰਤ ਬਾਂਕਾ**
ਫੋਨ: 916-271-4216

**ਸੁਰਿੰਦਰ ਸਿੰਘ ਗਿੱਲ**
ਫੋਨ: 209-594-5602

**ਜਸਵਿੰਦਰ ਸੰਧੂ**
ਫੋਨ: 209-639-2100

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਪਿੰਦਰ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਗਿੱਲ, ਅਮਰਜੀਤ ਰਾਏ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਡਾ. ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਹਰ, ਸੁਖਦੀਪ ਸੋਹਲ, ਸੁਖਦੇਵ ਸਿੰਘ ਬਾਜਵਾ (ਫਰਿਜ਼ਨੋ), ਸੁਮਿੱਤਰ ਸਿੰਘ ਉਪਲ (ਯੂਬਾ ਸਿਟੀ)।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਪਿਆਰਾ ਸਿੰਘ ਗੋਸਲ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਸਤਵੀਰ ਸਿੰਘ ਖਪਰਾ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼, ਸੁੱਚਾ ਰਾਮ ਭਾਰਟਾ, ਪ੍ਰਿਤਪਾਲ ਸਿੰਘ ਭੋਗਲ।

Video & Photography: Shiara Singh Dhindsa, Omni Video 661-703-6664, www.omnivideousa.com

# ਕਰਜ਼ ਮੁਆਫੀ ਦੇ ਵਾਅਦੇ ਤੋਂ ਭੱਜਣ ਲਈ ਰਾਹ ਲੱਭਣ ਲੱਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 19 ਜੂਨ 2017 ਨੂੰ ਵਿਧਾਨ ਸਭਾ ਵਿਚ ਕੀਤੇ ਐਲਾਨ 'ਤੇ ਅਮਲ ਦੀ ਉਡੀਕ ਲੰਮੀ ਹੁੰਦੀ ਜਾ ਰਹੀ ਹੈ। ਮੁੱਖ ਮੰਤਰੀ ਨੇ ਟੀ.ਹੱਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੀ ਰਿਪੋਰਟ ਨੂੰ ਸਵੀਕਾਰ ਕਰਦਿਆਂ ਸੀਮਾਂਤ ਅਤੇ ਛੋਟੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਫਸਲੀ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ।

ਸੀਮਾਂਤ ਕਿਸਾਨ ਭਾਵ ਢਾਈ ਏਕੜ ਤੱਕ ਵਾਲਿਆਂ ਦਾ ਦੋ ਲੱਖ ਰੁਪਏ ਅਤੇ ਪੰਜ ਏਕੜ ਤੱਕ ਵਾਲੇ ਉਨ੍ਹਾਂ ਕਿਸਾਨਾਂ ਦਾ ਦੋ ਲੱਖ ਰੁਪਏ ਮੁਆਫ ਕਰਨ ਦੀ ਘੁਣਤਰ ਪਾ ਦਿੱਤੀ ਸੀ, ਜਿਨ੍ਹਾਂ ਜ਼ਿੰਮੇ ਕੇਵਲ ਦੋ ਲੱਖ ਰੁਪਏ ਕਰਜ਼ਾ ਸੀ। ਹਾਲਾਂਕਿ 'ਹੱਕ' ਕਮੇਟੀ ਦੀ ਮੁਕੰਮਲ ਰਿਪੋਰਟ ਵਿਚ ਸਰਕਾਰ ਨੂੰ ਛੋਟੇ ਸਾਰੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਅਤੇ ਬਾਕੀ ਸਾਰੇ ਕਿਸਾਨਾਂ ਦਾ ਇਕ ਸਾਲ ਦਾ ਵਿਆਜ ਮੁਆਫ ਕਰਨ ਦੀ ਸਿਫਾਰਸ਼ ਕੀਤੀ ਸੀ ਪਰ ਇਹ ਰਿਪੋਰਟ ਤਾਂ ਅਜੇ ਅਲਮਾਰੀ ਦਾ ਸ਼ਿੰਗਾਰ ਬਣੀ ਹੋਈ ਹੈ। ਮੁੱਖ ਮੰਤਰੀ ਨੇ ਖੁਦਕੁਸ਼ੀ ਪੀੜਤ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਵੀ ਇਸੇ ਦਿਨ ਕੀਤਾ ਸੀ ਪਰ ਇਸ ਤੋਂ ਬਾਅਦ ਉਸ ਬਾਰੇ ਲਗਾਤਾਰ ਚੁੱਪ ਵੱਟੀ ਹੋਈ ਹੈ। ਇਨ੍ਹਾਂ ਪਰਿਵਾਰਾਂ ਦੇ ਘਰ ਬੈਂਕ ਵਾਲੇ ਚੱਕਰ ਮਾਰ ਰਹੇ ਹਨ। ਕਿਸਾਨ ਖੁਦਕੁਸ਼ੀਆਂ ਕਾਰਨ ਅਤੇ ਲਗਭਗ 15 ਲੱਖ ਮਜ਼ਦੂਰ ਪਰਿਵਾਰਾਂ ਦੇ ਕਰਜ਼ੇ ਦਾ ਅਨੁਮਾਨ ਲਾਉਣ ਲਈ ਵਿਧਾਨ ਸਭਾ ਦੀ ਇਕ ਕਮੇਟੀ ਗਠਿਤ ਕਰਨ ਦਾ ਐਲਾਨ ਵੀ ਮੁੱਖ ਮੰਤਰੀ ਨੇ ਹੀ ਕੀਤਾ ਸੀ।

ਇਸੇ ਬਜਟ ਸੈਸ਼ਨ ਦੌਰਾਨ ਕਰਜ਼ਾ ਮੁਆਫੀ ਲਈ ਬਜਟ ਵਿਚ 1500 ਕਰੋੜ ਰੁਪਏ ਰੱਖੇ ਸਨ ਅਤੇ ਕਰਜ਼ਾ ਮੁਆਫੀ ਦੇ ਪਹਿਲੇ ਐਲਾਨ ਉਤੇ ਅਮਲ ਕਰਨ ਲਈ 9500 ਕਰੋੜ ਰੁਪਏ ਲੋੜੀਂਦੇ ਸਨ। ਪੰਜਾਬ ਦੇ ਕਿਸਾਨਾਂ ਸਿਰ 31 ਮਾਰਚ 2017 ਤੱਕ ਕੁਲ 73 ਹਜ਼ਾਰ ਕਰੋੜ ਰੁਪਏ ਕਰਜ਼ੇ ਵਿਚੋਂ 59,620 ਕਰੋੜ ਰੁਪਏ ਫਸਲੀ ਕਰਜ਼ਾ ਸੀ। ਮੁੱਖ ਮੰਤਰੀ ਨੇ ਵੋਟਾਂ ਤੋਂ ਪਹਿਲਾਂ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ। ਕਿਸਾਨਾਂ ਨੂੰ ਉਮੀਦ ਸੀ ਕਿ ਪਹਿਲੀ ਕਿਸ਼ਤ ਨਾਲ ਸ਼ੁਰੂਆਤ ਹੋ ਗਈ ਹੈ, ਪਰ ਇਹ ਕਰਜ਼ ਮੁਆਫੀ ਸਹਿਕਾਰੀ ਸਭਾਵਾਂ ਅਤੇ ਬੈਂਕਾਂ ਤੱਕ ਸੀਮਤ ਹੋ ਗਈ।

ਮਾਨਸਾ ਵਿਚ 7 ਜਨਵਰੀ 2018 ਨੂੰ ਕੀਤੇ ਇਕ ਸਮਾਰੋਹ ਕਰਕੇ ਮੁੱਖ ਮੰਤਰੀ ਨੇ ਲਗਭਗ 47 ਹਜ਼ਾਰ ਕਿਸਾਨਾਂ ਨੂੰ 167 ਕਰੋੜ ਰੁਪਏ ਕਰਜ਼ ਮੁਆਫ਼ੀ ਦੇ ਚੈੱਕ ਦੇ ਦਿੱਤੇ ਸਨ। ਜੇਕਰ ਨਿਯਮਾਂ ਅਨੁਸਾਰ ਦੇਖਿਆ ਜਾਵੇ ਤਾਂ ਸਹਿਕਾਰੀ ਬੈਂਕਾਂ ਵੱਲੋਂ ਫਸਲੀ ਕਰਜ਼ਾ ਕਣਕ-ਝੋਨੇ ਉਤੇ ਕਰੀਬ 22 ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤਾ ਜਾਂਦਾ ਹੈ। ਸਬਜ਼ੀਆਂ 'ਤੇ 32 ਤੋਂ 34 ਹਜ਼ਾਰ ਰੁਪਏ ਕਰਜ਼ਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਿਸੇ ਵੀ ਢਾਈ ਏਕੜ ਤੋਂ ਘੱਟ ਵਾਲੇ ਕਿਸਾਨ ਸਿਰ ਪੰਜਾਹ ਹਜ਼ਾਰ ਰੁਪਏ ਤੋਂ ਵੱਧ ਸਹਿਕਾਰੀ ਫਸਲੀ ਕਰਜ਼ਾ ਨਹੀਂ ਹੋਵੇਗਾ। ਦੋ ਲੱਖ ਰੁਪਏ ਦੇ ਕਰਜ਼ੇ ਮੁਆਫੀ ਦਾ ਵਾਅਦਾ ਵੀ ਕਿਸੇ ਇਕ ਕਿਸਾਨ ਨਾਲ ਵੀ ਪੂਰਾ ਨਹੀਂ ਨਿਭਾਇਆ ਗਿਆ।

## ਕਿਸਾਨਾਂ ਨੂੰ ਰਾਹਤ 'ਤੇ ਸਿਆਸਤ ਪਈ ਭਾਰੂ

ਕਿਸਾਨਾਂ ਨੂੰ ਸਹਾਇਤਾ ਉਤੇ ਸਿਆਸਤ ਵੀ ਭਾਰੂ ਰਹੀ ਹੈ। ਮੰਤਰੀ, ਵਿਧਾਇਕ ਅਤੇ ਹੋਰ ਆਗੂ ਕਿਸਾਨਾਂ ਉਤੇ ਅਹਿਸਾਨ ਜਤਾਉਣ ਵਾਂਗ ਖੁਦ ਸਮਾਰੋਹ ਕਰਕੇ ਚੈੱਕ ਵੰਡਣ ਵਿਚ ਵਡੱਪਣ ਜਤਾਉਣ ਦੇ ਰਾਹ ਪੈ ਗਏ। ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਵੱਲੋਂ ਤਿਆਰ ਰਿਪੋਰਟ, ਵਿਧਾਨ ਸਭਾ ਅੰਦਰ 28 ਮਾਰਚ 2018 ਨੂੰ ਸਦਨ ਦੇ ਆਖਰੀ ਦਿਨ ਰੱਖੀ ਗਈ। ਰਿਪੋਰਟ ਵਿਚ ਮਜ਼ਦੂਰਾਂ ਦੇ ਕਰਜ਼ੇ ਦਾ ਜਾਇਜ਼ਾ ਲੈ ਕੇ ਕੋਈ ਸਿਫਾਰਸ਼ ਨਹੀਂ ਕੀਤੀ ਗਈ।

ਮਜ਼ਦੂਰਾਂ ਦੇ ਕਰਜ਼ੇ ਬਾਰੇ ਮਜ਼ਦੂਰ ਜਥੇਬੰਦੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਕਈ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਵੱਲੋਂ ਕੀਤੇ ਵੱਖ-ਵੱਖ ਸਰਵੇਖਣਾਂ ਤਹਿਤ ਔਸਤਨ 70 ਹਜ਼ਾਰ ਰੁਪਏ ਪ੍ਰਤੀ ਮਜ਼ਦੂਰ ਪਰਿਵਾਰ ਕਰਜ਼ੇ ਦੇ ਅੰਕੜੇ ਪੇਸ਼ ਕੀਤੇ ਗਏ। ਇਸ ਮੁੱਦੇ ਉਤੇ ਵਿਧਾਨ ਸਭਾ ਕਮੇਟੀ ਅਤੇ ਸਰਕਾਰੀ ਤੰਤਰ ਅੰਦਰ ਕੋਈ ਵਿਚਾਰ ਚਰਚਾ ਸੁਣਾਈ ਨਹੀਂ ਦਿੱਤੀ। ਮਜ਼ਦੂਰਾਂ ਵੱਲੋਂ ਅਨੁਸੂਚਿਤ ਜਾਤੀ ਨਿਗਮ ਤੋਂ ਲਏ ਪੰਜਾਹ ਹਜ਼ਾਰ ਤੱਕ ਦੇ ਕਰਜ਼ੇ ਮੁਆਫ ਕਰਨ ਦਾ ਹੀ ਐਲਾਨ ਹੋਇਆ ਜੋ ਨਾਮਾਤਰ ਹੈ।

# ਖੇਤੀ ਪੈਦਾਵਾਰ ਦੇ ਘੱਟੋ-ਘੱਟ ਸਮਰਥਨ ਮੁੱਲ ਬਾਰੇ ਅਹਿਮ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਿਸਾਨਾਂ ਲਈ ਵੱਖ-ਵੱਖ ਖੇਤੀ ਉਤਪਾਦਾਂ ਸਬੰਧੀ ਘੱਟੋ-ਘੱਟ ਸਮਰਥਨ ਮੁੱਲ ਦੇਣਾ ਯਕੀਨੀ ਬਣਾਉਣ ਲਈ ਖੇਤੀ ਕੀਮਤ ਸਥਿਰਤਾ ਫੰਡ ਕਾਇਮ ਕਰਨ ਦਾ ਫੈਸਲਾ ਲਿਆ ਗਿਆ ਹੈ। ਮੁੱਖ ਫਸਲਾਂ ਤੋਂ ਇਲਾਵਾ ਦੂਜੇ ਖੇਤੀ ਉਤਪਾਦ ਜਿਨ੍ਹਾਂ ਵਿਚ ਆਲੂ ਅਤੇ ਕੁਝ ਹੋਰ ਸਬਜ਼ੀਆਂ, ਫਲ ਅਤੇ ਜਿਣਸਾਂ ਸ਼ਾਮਲ ਹਨ, ਦਾ ਕਈ ਵਾਰ ਪੂਰਾ ਮੁੱਲ ਨਾ ਮਿਲਣ ਕਾਰਨ ਸਰਕਾਰ ਵੱਲੋਂ ਇਕ ਅਜਿਹਾ ਫੰਡ ਕਾਇਮ ਕਰਨ ਦਾ ਫੈਸਲਾ ਲਿਆ ਹੈ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਘੱਟੋ-ਘੱਟ ਮੁੱਲ ਦਿੱਤਾ ਜਾ ਸਕੇ। ਸੂਚਨਾ ਅਨੁਸਾਰ ਰਾਜ ਸਰਕਾਰ ਇਹ ਫੰਡ ਆੜ੍ਹਤੀਆਂ ਦੀ ਫੀਸ ਅਤੇ ਪੇਂਡੂ ਵਿਕਾਸ ਫੰਡ ਆਦਿ ਵਿਚੋਂ ਹਿੱਸਾ ਲੈ ਕੇ ਅਤੇ ਰਾਜ ਸਰਕਾਰ ਵੱਲੋਂ ਹਿੱਸਾ ਪਾ ਕੇ ਕਾਇਮ ਕਰੇਗੀ।

ਇਸ ਮੰਤਵ ਲਈ ਰਾਜ ਸਰਕਾਰ ਵੱਲੋਂ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕੀਟ ਐਕਟ 1961 ਅਤੇ ਪੰਜਾਬ ਖੇਤੀਬਾੜੀ ਉਪਜ ਮੰਡੀ ਐਕਟ 1961 ਵਿਚ ਤਰਮੀਮਾਂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਵੱਲੋਂ ਗੈਰ ਬੈਂਕਾਂ ਦੇ ਅਤੇ ਸ਼ਾਹੂਕਾਰਾਂ ਤੋਂ ਲਏ ਜਾਣ ਵਾਲੇ ਕਰਜ਼ਿਆਂ ਦੀ ਸਮੱਸਿਆ ਨਾਲ ਨਿਪਟਣ ਲਈ ਵੀ ਮੌਜੂਦਾ ਕਾਨੂੰਨ ਵਿਚ ਤਰਮੀਮ ਕਰਨ ਦਾ ਫੈਸਲਾ ਲਿਆ ਜਿਸ ਅਨੁਸਾਰ ਸ਼ਾਹੂਕਾਰੀ ਕਰਜ਼ੇ ਸਿਰਫ ਲਾਇਸੈਂਸਸ਼ੁਦਾ ਸ਼ਾਹੂਕਾਰ ਹੀ ਦੇ ਸਕਣਗੇ ਅਤੇ ਇਸ ਲਈ ਰਾਜ ਸਰਕਾਰ ਵੱਲੋਂ ਉਨ੍ਹਾਂ ਵੱਲੋਂ ਲਏ ਜਾਣ ਵਾਲੇ ਵਿਆਜ ਦੀ ਵੱਧ ਤੋਂ ਵੱਧ ਦਰ ਅਤੇ ਪ੍ਰਤੀ ਏਕੜ ਜ਼ਮੀਨ ਲਈ ਦਿੱਤੇ ਜਾਣ ਵਾਲੇ ਕਰਜ਼ੇ ਦੀ ਵੱਧ ਤੋਂ ਵੱਧ ਰਾਸ਼ੀ ਵੀ ਰਾਜ ਸਰਕਾਰ ਵੱਲੋਂ ਹੀ ਨਿਰਧਾਰਤ ਕੀਤੀ ਜਾਵੇਗੀ। ਰਾਜ ਸਰਕਾਰ ਵੱਲੋਂ 2016 ਵਿਚ ਪਾਸ ਕੀਤੇ ਕਾਨੂੰਨ ਜਿਸ ਅਨੁਸਾਰ ਸ਼ਾਹੂਕਾਰੀ ਕਰਜ਼ਿਆਂ ਦੇ ਨਿਪਟਾਰੇ ਲਈ 22 ਨਿਪਟਾਰਾ ਫੋਰਮ ਬਣਾਉਣ ਦਾ ਫੈਸਲਾ ਲਿਆ ਗਿਆ ਸੀ, ਉਸ ਨੂੰ ਵੀ ਤਰਮੀਮ ਕਰਦਿਆਂ ਹੁਣ ਕਮਿਸ਼ਨਰ ਪੱਧਰ 'ਤੇ 5 ਥਾਵਾਂ ਉਤੇ ਨਿਪਟਾਰਾ ਫੋਰਮ ਬਣਾਉਣ ਦਾ ਫੈਸਲਾ ਲਿਆ ਅਤੇ ਹੁਣ ਰਾਜ ਦੀਆਂ ਪੰਜਾਂ ਡਵੀਜ਼ਨਾਂ ਵਿਚ ਨਿਪਟਾਰਾ ਫੋਰਮ ਹੋਣਗੇ।

ਰਾਜ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਸ਼ਾਹੂਕਾਰਾਂ ਵੱਲੋਂ ਲਏ ਜਾ ਰਹੇ ਅਣਅਧਿਕਾਰਤ ਵਿਆਜਾਂ ਦੀ ਸਮੱਸਿਆ ਨਾਲ ਨਿਪਟਣਾ ਅਤਿ ਜ਼ਰੂਰੀ ਹੋ ਗਿਆ ਹੈ ਅਤੇ ਇਸੇ ਤਰ੍ਹਾਂ ਖੇਤੀ ਜ਼ਮੀਨਾਂ 'ਤੇ ਵੱਡੇ ਕਰਜ਼ੇ ਦੇਣ ਕਾਰਨ ਕਿਸਾਨੀ ਸਮੱਸਿਆਵਾਂ ਵਿਚ ਘਿਰੀ ਹੋਈ ਹੈ ਕਿਉਂਕਿ ਖੇਤੀ ਉਪਜ ਦੇ ਮੁੱਲ ਤੋਂ ਵੱਧ ਕਿਸੇ ਜ਼ਮੀਨ ਦਾ ਕਰਜ਼ਾ ਵਾਪਸ ਕਰਨਾ ਅਸੰਭਵ ਹੈ। ਬੁਲਾਰੇ ਨੇ ਕਿਹਾ ਕਿ ਰਾਜ ਸਰਕਾਰ ਗੈਰ ਸੰਸਥਈ ਕਰਜ਼ਿਆਂ ਨੂੰ ਬੰਦ ਕਰਨ ਦੀ ਥਾਂ ਉਨ੍ਹਾਂ ਨੂੰ ਨਿਯਮਤ ਕਰਨਾ ਚਾਹੁੰਦੀ ਹੈ।

# ਫਸਲੀ ਵਿਭਿੰਨਤਾ ਤੋਂ ਮੂੰਹ ਫੇਰਨ ਲੱਗੇ ਕਿਸਾਨ

**ਜਲੰਧਰ:** ਫਸਲੀ ਵਿਭਿੰਨਤਾ ਲਾਗੂ ਕਰਨ ਲਈ ਪੰਜਾਬ ਵਿਚ ਮੱਕੀ ਹੇਠਲਾ ਰਕਬਾ ਵਧਾਉਣ ਦੇ ਮਿਥੇ ਟੀਚੇ ਨੂੰ ਪੰਜਾਬ ਸਰਕਾਰ ਪੂਰਾ ਨਹੀਂ ਕਰ ਸਕੀ। ਸੂਬਾ ਸਰਕਾਰ ਨੇ 1 ਲੱਖ 50 ਹਜ਼ਾਰ ਹੈਕਟੇਅਰ ਰਕਬੇ ਨੂੰ ਮੱਕੀ ਹੇਠ ਲਿਆਉਣ ਦਾ ਟੀਚਾ ਮਿਥਿਆ ਸੀ ਪਰ ਇਹ ਰਕਬਾ 1 ਲੱਖ 24 ਲੱਖ ਹੈਕਟੇਅਰ ਤੱਕ ਹੀ ਰਹਿ ਗਿਆ। ਮੱਕੀ ਹੇਠ ਰਕਬਾ ਉਦੋਂ ਵੀ ਨਹੀਂ ਵਧ ਸਕਿਆ ਜਦੋਂ ਕੇਂਦਰ ਸਰਕਾਰ ਨੇ ਜੁਲਾਈ ਦੇ ਪਹਿਲੇ ਹਫਤੇ ਹੀ ਮੱਕੀ ਦਾ ਸਮਰਥਨ ਮੁੱਲ 1700 ਰੁਪਏ ਪ੍ਰਤੀ ਕੁਇੰਟਲ ਐਲਾਨ ਦਿੱਤਾ ਸੀ।



ਪਿਛਲੇ ਸਾਲ ਮੱਕੀ ਦਾ ਭਾਅ 1425 ਰੁਪਏ ਪ੍ਰਤੀ ਕੁਇੰਟਲ ਸੀ। ਕੇਂਦਰ ਸਰਕਾਰ ਵੱਲੋਂ 275 ਰੁਪਏ ਦਾ ਕੀਤਾ ਵਾਧਾ ਵੀ ਕਿਸਾਨਾਂ ਨੂੰ ਮੱਕੀ ਵੱਲ ਮੋੜਾ ਨਹੀਂ ਦੇ ਸਕਿਆ। ਮੱਕੀ ਬੀਜਣ ਵਾਲੇ ਕਿਸਾਨਾਂ ਦਾ ਮੰਨਣਾ ਸੀ ਕਿ ਕਣਕ ਝੋਨੇ ਵਾਂਗ ਇਸ ਦੀ ਮਾਰਕੀਟਿੰਗ ਨਹੀਂ ਹੁੰਦੀ। ਸਰਕਾਰ ਇਸ ਦਾ ਸਮਰਥਨ ਮੁੱਲ ਤਾਂ ਐਲਾਨ ਦਿੰਦੀ ਹੈਪਰ ਮੱਕੀ ਨੂੰ ਸਰਕਾਰੀ ਪੱਧਰ ਉਤੇ ਖਰੀਦਿਆ ਨਹੀਂ ਜਾਂਦਾ। ਮੰਡੀਆਂ ਵਿਚ ਮੱਕੀ ਖਰੀਦਣ ਲਈ ਸਿਰਫ ਨਿੱਜੀ ਵਪਾਰੀ ਹੀ ਆਉਂਦੇ ਹਨ ਤੇ ਉਹ ਕਦੇ ਵੀ ਐਲਾਨੇ ਸਮਰਥਨ ਮੁੱਲ ਅਨੁਸਾਰ ਮੱਕੀ ਦੀ ਖਰੀਦ ਨਹੀਂ ਕਰਦੇ। ਪਿਛਲੇ ਸਾਲ ਮੱਕੀ ਦਾ ਭਾਅ 1425 ਰੁਪਏ ਪ੍ਰਤੀ ਕੁਇੰਟਲ ਸੀ, ਇਸ ਦੇ ਬਾਵਜੂਦ ਕਿਸਾਨਾਂ ਕੋਲੋਂ ਨਿੱਜੀ ਵਪਾਰੀਆਂ ਨੇ 800 ਤੋਂ 900 ਰੁਪਏ ਤੱਕ ਪ੍ਰਤੀ ਕੁਇੰਟਲ ਮੱਕੀ ਖਰੀਦੀ ਸੀ। ਘੱਟ ਭਾਅ ਮਿਲਣ ਕਰ ਕੇ ਕਿਸਾਨਾਂ ਨੇ ਮੱਕੀ ਤੋਂ ਮੂੰਹ ਮੋੜ ਲਿਆ ਹੈ। ਹਾਲਾਂਕਿ ਮੱਕੀ ਹੇਠ ਰਕਬਾ ਲਿਆਉਣ ਦਾ ਅਸਲ ਟੀਚਾ ਪੰਜਾਬ ਸਰਕਾਰ ਨੇ 5 ਲੱਖ ਹੈਕਟੇਅਰ ਮਿਥਿਆ ਹੋਇਆ ਹੈ, ਇਹ ਪੂਰਾ ਕਰਨਾ ਦੂਰ ਦੀ ਕੌਡੀ ਲੱਗ ਰਹੀ ਹੈ। ਪਿਛਲੇ ਕਈ ਸਾਲਾਂ ਤੋਂ ਮੱਕੀ ਹੇਠਲਾ ਰਕਬਾ 1 ਲੱਖ 20 ਹਜ਼ਾਰ ਹੈਕਟੇਅਰ ਤੋਂ 1 ਲੱਖ 30 ਹਜ਼ਾਰ ਹੈਕਟੇਅਰ ਵਿਚਕਾਰ ਹੀ ਰਹਿੰਦਾ ਆ ਰਿਹਾ ਹੈ। ਕਿਸਾਨ ਦਿਲਬਾਗ ਸਿੰਘ ਦਾ ਕਹਿਣਾ ਹੈ ਕਿ ਮੱਕੀ ਦਾ ਭਾਅ ਸਹੀ ਨਾ ਮਿਲਣ ਕਾਰਨ ਉਨ੍ਹਾਂ ਨੇ ਇਸ ਵਾਰ ਅੱਧੀ ਮੱਕੀ ਹੀ ਬੀਜੀ ਹੈ।

ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਇਸ ਵਾਰ ਮੱਕੀ ਦਾ ਐਮ.ਐਸ.ਪੀ. ਚੰਗਾ ਐਲਾਨਿਆ ਹੈ, ਪਰ ਕਿਸਾਨਾਂ ਨੂੰ ਇਹ ਪੂਰਾ ਭਾਅ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਐਲਾਨਿਆ ਹੋਇਆ ਭਾਅ ਦਿਵਾਉਣ ਲਈ ਯਤਨਸ਼ੀਲ ਹੈ।

## 2018 'ਚ ਫੌਜ ਨੇ 142 ਅਤਿਵਾਦੀ ਮਾਰੇ

**ਜੰਮੂ:** ਇਸ ਸਾਲ ਜੰਮੂ-ਕਸ਼ਮੀਰ ਵਿਚ ਅਤਿਵਾਦ ਵਿਰੋਧੀ ਉਪਰੇਸ਼ਨਾਂ ਦੌਰਾਨ 142 ਅਤਿਵਾਦੀ ਮਾਰੇ ਗਏ ਹਨ। ਕੇਂਦਰੀ ਅਰਧ ਸੈਨਿਕ ਬਲ ਸੀ.ਆਰ.ਪੀ.ਐਫ. ਦੇ ਡਾਇਰੈਕਟਰ ਜਨਰਲ ਆਰ.ਆਰ. ਭਟਨਾਗਰ ਦਾ ਦਾਅਵਾ ਹੈ ਕਿ ਅਜੇ ਵੀ ਕਸ਼ਮੀਰ ਵਾਦੀ 'ਚ ਤਕਰੀਬਨ 200-250 ਅਤਿਵਾਦੀ ਸਰਗਰਮ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਾਲ ਕਾਨੂੰਨ ਤੇ ਵਿਵਸਥਾ ਦੀ ਸਥਿਤੀ 2016-17 ਨਾਲੋਂ ਬਿਹਤਰ ਹੈ ਅਤੇ ਮੁਕਾਬਲਿਆਂ/ਝੜਪਾਂ ਦੌਰਾਨ ਜ਼ਖ਼ਮੀ ਹੋਣ ਵਾਲੇ ਸੁਰੱਖਿਆ ਮੁਲਾਜ਼ਮਾਂ ਦੀ ਗਿਣਤੀ ਵਿਚ ਵੀ ਕਮੀ ਆਈ ਹ। ਬੀਤੇ ਇਕ ਸਾਲ ਦੌਰਾਨ 'ਮਦਦਗਾਰ ਹੈਲਪਲਾਈਨ' ਤਹਿਤ 2.5 ਲੱਖ ਲੋਕਾਂ ਨੇ ਮਦਦ ਲਈ ਕਾਲ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਨਿਰਾਸ਼ ਹੋਏ ਅਤਿਵਾਦੀ ਹੁਣ ਨਿਹੱਥੇ ਸੁਰੱਖਿਆ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਸਾਲ ਹੁਣ ਤੱਕ 142 ਅਤਿਵਾਦੀਆਂ ਦਾ ਮਾਰਿਆ ਜਾਣਾ ਸੁਰੱਖਿਆ ਬਲਾਂ ਦੀ ਬੇਹਤਰ ਕਾਰਗੁਜ਼ਾਰੀ ਦਰਸਾਉਂਦਾ ਹੈ, ਪਰ ਉਨ੍ਹਾਂ ਪਥਰਾਅ ਦੀਆਂ ਘਟਨਾਵਾਂ, ਬੰਦ ਤੇ ਹੜਤਾਲਾਂ ਨੂੰ ਕਸ਼ਮੀਰ ਦੇ ਮਾਹੌਲ ਨੂੰ ਸੁਖਾਵਾਂ ਬਣਾਉਣ 'ਚ ਦੋ ਵੱਡੀਆਂ ਚੁਣੌਤੀਆਂ ਦੱਸਿਆ। ਉਨ੍ਹਾਂ ਦੱਸਿਆ ਕਿ ਇਸ ਸਾਲ 15 ਅਗਸਤ ਮੌਕੇ ਸੀ.ਆਰ.ਪੀ.ਐਫ. ਦੇ 96 ਬਹਾਦਰੀ ਦੇ ਅਵਾਰਡ ਮਿਲੇ ਹਨ ਜਿਨ੍ਹਾਂ 'ਚ 5 'ਸ਼ੌਰਿਆ ਚੱਕਰ' ਵੀ ਸ਼ਾਮਲ ਹਨ।

# ਪੰਜਾਬ ਦੀ ਬਾਸਮਤੀ ਤੋਂ ਨੱਕ-ਮੂੰਹ ਵੱਟਣ ਲੱਗੇ ਵਿਦੇਸ਼ੀ ਲੋਕ

**ਚੰਡੀਗੜ੍ਹ:** ਵਿਸ਼ਵ ਨੂੰ ਬਾਸਮਤੀ ਦੀ ਬਰਾਮਦ ਵਿਚ ਪੰਜਾਬ ਮੋਹਰੀ ਸੂਬਾ ਹੈ ਪਰ ਕੀਟਨਾਸ਼ਕਾਂ ਦੀ ਵੱਧ ਵਰਤੋਂ ਕਾਰਨ ਯੂਰਪੀ ਯੂਨੀਅਨ, ਅਮਰੀਕਾ ਤੇ ਵਿਸ਼ਵ ਦੇ ਹੋਰ ਬਾਜ਼ਾਰਾਂ ਵਿਚ ਬਰਾਮਦਾਂ ਵਿਚ ਗਿਰਾਵਟ ਦਰਜ ਹੋਈ ਹੈ। ਪਿਛਲੇ ਤਿੰਨ ਸਾਲਾਂ ਵਿਚ 400 ਬਰਾਮਦ ਆਡਰ ਰੱਦ ਹੋ ਗਏ ਕਿਉਂਕਿ ਭਾਰਤੀ ਕੌਂਸਲ ਫਾਰ ਰਿਸਰਚ ਔਨ ਇੰਟਰਨੈਸ਼ਨਲ ਇਕਨਾਮਿਕ ਰਿਲੇਸ਼ਨਜ਼ (ਆਈ.ਸੀ.ਆਰ.ਆਈ.ਈ.ਆਰ.) ਮੁਤਾਬਕ ਇਸ ਵਿਚ ਕੀਟਨਾਸ਼ਕਾਂ ਦਾ ਪੱਧਰ ਤੈਅ ਹੱਦ ਤੋਂ ਕਾਫੀ ਜ਼ਿਆਦਾ ਹੈ।

ਪੰਜਾਬ ਰਾਇਸ ਮਿਲਰਜ਼ ਐਕਸਪੋਰਟਰਜ਼ ਐਸੋਸੀਏਸ਼ਨ ਨੇ ਹਾਲ ਵਿਚ ਸੂਬਾ ਸਰਕਾਰ ਨੂੰ ਦੱਸਿਆ ਕਿ ਕੀਟਨਾਸ਼ਕਾਂ ਦੇ ਉਚ ਪੱਧਰ ਕਾਰਨ ਯੂਰਪੀ ਯੂਨੀਅਨ ਤੇ ਅਮਰੀਕਾ ਤੋਂ ਬਾਸਮਤੀ ਦੇ ਆਡਰ ਵੱਡੇ ਪੱਧਰ ਉਤੇ ਰੱਦ ਹੋਏ ਹਨ। ਏਸਫੇਟ, ਕੈਬੈਂਡਾਜ਼ਿਮ, ਥੀਆਮੈਟੋਸੈਮ, ਟ੍ਰਿਕਲਾਜ਼ੋਲ ਅਤੇ ਟ੍ਰਿਜ਼ਾਫੋਸ ਵਰਗੇ ਪੰਜ ਕੀਟਨਾਸ਼ਕਾਂ ਕਾਰਨ ਸਮੱਸਿਆ ਆ ਰਹੀ ਹੈ। ਇਹ ਕੀਟਨਾਸ਼ਕ 'ਕੇਂਦਰੀ ਇਨਸੈਕਟੀਸਾਇਡਜ਼ ਬੋਰਡ ਤੇ ਰਜਿਸਟਰੇਸ਼ਨ ਕਮੇਟੀ' ਕੋਲ ਰਜਿਸਟਰਡ ਹੋਣ ਕਾਰਨ ਕੇਂਦਰ ਸਰਕਾਰ ਇਨਸੈਕਟੀਸਾਇਡ ਐਕਟ, 1968 ਅਨੁਸਾਰ ਇਨ੍ਹਾਂ ਪੰਜ ਕੀਟਨਾਸ਼ਕਾਂ ਦੀ ਵਿਕਰੀ/ਵਰਤੋਂ ਉਤੇ ਰੋਕ ਨਹੀਂ ਲਾ ਸਕਦੀ। ਦੂਜੇ ਪਾਸੇ ਮਿਸ਼ਨ ਤੰਦਰੁਸਤ ਪੰਜਾਬ ਦੇ ਮੈਨੇਜਿੰਗ ਡਾਇਰੈਕਟਰ ਕਾਹਨ ਸਿੰਘ ਪੰਨੂ ਨੇ ਦੱਸਿਆ ਕਿ ਇਸ ਕਾਰਨ 'ਕੀਟਨਾਸ਼ਕ ਮੁਕਤ ਬਾਸਮਤੀ' ਦੀ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਇਨ੍ਹਾਂ ਪੰਜ ਕੀਟਨਾਸ਼ਕਾਂ ਦੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸੁਝਾਏ ਬਦਲਾਂ ਨੂੰ ਪ੍ਰਚਾਰਿਆ ਜਾ ਰਿਹਾ ਹੈ। ਉਨ੍ਹਾਂ ਸਮਝਾਇਆ ਕਿ 50 ਹਜ਼ਾਰ ਕਰੋੜ ਰੁਪਏ ਦੇ ਚੌਲ ਬਰਾਮਦ ਕਾਰੋਬਾਰ ਉਤੇ ਪੈਣ ਵਾਲੇ ਮਾੜੇ ਅਸਰ ਦਾ ਖਮਿਆਜ਼ਾ ਕਿਸਾਨਾਂ ਨੂੰ ਵੀ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਘੱਟੋ ਘੱਟ ਸਮਰਥਨ ਮੁੱਲ ਵਾਲੀਆਂ ਫਸਲਾਂ ਦੇ ਘੇਰੇ ਵਿਚ ਨਾ ਆਉਣ ਕਾਰਨ ਬਾਸਮਤੀ ਦੀ ਖਰੀਦ ਸਰਕਾਰੀ ਏਜੰਸੀਆਂ ਦੀ ਥਾਂ ਵਪਾਰੀਆਂ ਉਤੇ ਹੀ ਨਿਰਭਰ ਹੈ।

ਦੇਸ਼ ਵਿਚ ਪੈਦਾ ਹੋਣ ਵਾਲੀ ਬਾਸਮਤੀ ਵਿਚੋਂ 90 ਫੀਸਦੀ ਬਰਾਮਦ ਕੀਤੀ ਜਾਂਦੀ ਹੈ ਅਤੇ ਜੇ ਬਰਾਮਦ ਨੂੰ ਸੱਟ ਵੱਜਦੀ ਹੈ ਤਾਂ ਸੂਬੇ ਦੇ ਕਿਸਾਨਾਂ ਨੂੰ ਸਿੱਧੇ ਤੌਰ ਉਤੇ ਨੁਕਸਾਨ ਪੁੱਜੇਗਾ। ਇਸ ਲਈ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਸੂਬੇ ਦੇ ਕਿਸਾਨਾਂ ਨੂੰ ਇਸ ਮਸਲੇ ਉਤੇ ਜਾਗਰੂਕ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਕੀਟਨਾਸ਼ਕ ਮੁਕਤ ਬਾਸਮਤੀ ਪ੍ਰਤੀ ਜਾਗਰੂਕ ਕਰਨ ਲਈ ਵਿਆਪਕ ਪੱਧਰ ਉਤੇ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਪੰਨੂ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਦੀਆਂ ਐਕਸਟੈਨਸ਼ਨ ਟੀਮਾਂ ਪੰਜਾਬ ਰਾਇਸ ਮਿਲਰਜ਼ ਐਕਸਪੋਰਟਰਜ਼ ਐਸੋਸੀਏਸ਼ਨ ਨਾਲ ਮਿਲ ਕੇ ਸੈਮੀਨਾਰ/ਜਾਗਰੂਕਤਾ ਕੈਂਪ ਲਾ ਰਹੀਆਂ ਹਨ ਅਤੇ 15 ਜੁਲਾਈ 2018 ਤੱਕ 250 ਤੋਂ ਵੱਧ ਕੈਂਪ ਲਾਏ ਜਾ ਚੁੱਕੇ ਹਨ। ਮਿਸ਼ਨ ਡਾਇਰੈਕਟਰ ਨੇ ਦੱਸਿਆ ਕਿ ਜਾਗਰੂਕਤਾ ਮੁਹਿੰਮ ਦੇ ਨਾਲ ਨਾਲ ਕਿਸਾਨਾਂ ਤੋਂ ਖਰੀਦੇ ਕੀਟਨਾਸ਼ਕਾਂ ਦੇ ਬਿੱਲ ਜਾਂਚਣ ਦੀ ਕਾਰਵਾਈ ਵੀ ਸ਼ੁਰੂ ਕੀਤੀ ਗਈ ਹੈ ਤਾਂ ਕਿ ਵਧੀਆ ਗੁਣਵੱਤਾ ਵਾਲੇ ਕੀਟਨਾਸ਼ਕ ਹੀ ਕਿਸਾਨਾਂ ਤੱਕ ਪੁੱਜਣੇ ਯਕੀਨੀ ਬਣਾਏ ਜਾ ਸਕਣ।

## ਇਟਲੀ 'ਚ ਪੰਜਾਬੀ ਨੌਜਵਾਨ ਦੀ ਮੌਤ

**ਰੋਮ (ਇਟਲੀ):** ਕੰਮ 'ਤੇ ਜਾ ਰਹੇ ਇਕ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਦਵਿੰਦਰ (35) ਪੁੱਤਰ ਨਿਰੰਜਣ ਸਿੰਘ ਵਾਸੀ ਪੁਨੀਆਂ (ਸ਼ਹੀਦ ਭਗਤ ਸਿੰਘ ਨਗਰ) ਤੇ ਉਸ ਦਾ ਸਾਥੀ ਰਵੀ ਪਾਲ ਸਾਈਕਲ ਰਾਹੀਂ ਕੰਮ 'ਤੇ ਜਾ ਰਹੇ ਸਨ ਕਿ ਇਕ ਕਾਰ ਚਾਲਕ ਨੇ ਪਿੱਛੋਂ ਟੱਕਰ ਮਾਰ ਦਿੱਤੀ। ਹਾਦਸੇ 'ਚ ਦਵਿੰਦਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਹ ਆਪਣੇ ਪਿੱਛੇ 4 ਸਾਲਾ ਪੁੱਤ, ਪਤਨੀ ਤੇ ਮਾਪੇ ਛੱਡ ਗਿਆ ਹੈ।

# ਵਿਰਾਸਤੀ ਕਲੱਬ ਨੂੰ ਸ਼ਰਾਬ ਦੇ ਅਹਾਤੇ 'ਚ ਬਦਲਣ ਦੀ ਤਿਆਰੀ

**ਸੰਗਰੂਰ:** ਵਿਰਾਸਤੀ ਮਹਾਰਾਜਾ ਰਣਬੀਰ ਕਲੱਬ 'ਚ ਬਣਾਏ ਗਏ ਸਕੇਟਿੰਗ ਰਿੰਕ ਦੀ ਉਸਾਰੀ ਦਾ ਕਿੱਸਾ ਲੋਕ ਸਾਹਿਤ ਦਾ ਹਿੱਸਾ ਬਣ ਚੁੱਕਾ ਹੈ ਪਰ ਹੁਣ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਨਾਲ ਜੁੜੀ ਵਿਰਾਸਤ ਨੂੰ ਵਿਸਾਰਦਿਆਂ ਤੇ ਸਾਰੇ ਇਮਾਰਤ ਉਸਾਰੀ ਅਤੇ ਸੁਰੱਖਿਆ ਨੇਮਾਂ ਨੂੰ ਟਿੱਚ ਜਾਣਦਿਆਂ ਕਲੱਬ ਨੂੰ ਸ਼ਰਾਬ ਦੇ ਅਹਾਤੇ ਵਿਚ ਬਦਲਣ ਦੀ ਤਿਆਰੀ ਖਿੱਚੀ ਹੋਈ ਹੈ। ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਵਾਲੀ ਕਲੱਬ ਦੀ ਪ੍ਰਬੰਧਕੀ ਕਮੇਟੀ ਨੇ ਇਥੇ ਮਾਈਕ੍ਰੋ ਬ੍ਰਿਊਰੀ ਖੋਲ੍ਹਣ ਲਈ ਇਕ ਪ੍ਰਾਈਵੇਟ ਸ਼ਰਾਬ ਕੰਪਨੀ ਨਾਲ ਸਮਝੌਤਾ ਕੀਤਾ ਹੈ। ਐਨਾ ਹੀ ਨਹੀਂ, ਪ੍ਰਸ਼ਾਸਨ ਨੇ ਇਸ ਦੀ ਉਸਾਰੀ ਲਈ ਸਾਰੇ ਇਮਾਰਤ ਉਸਾਰੀ ਕਾਨੂੰਨਾਂ ਤੇ ਸੰਗਰੂਰ ਦੇ ਮਾਸਟਰ ਪਲਾਨ ਨੂੰ ਵੀ ਨੁੱਕਰੇ ਲਾ ਦਿੱਤਾ ਹੈ।

ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਕਦਮ ਤੋਂ ਵਿਰਾਸਤੀ ਇਮਾਰਤਾਂ ਨਾਲ ਮੋਹ ਰੱਖਣ ਵਾਲਿਆਂ ਤੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਵਿਚ ਰੋਹ ਪਾਇਆ ਜਾ ਰਿਹਾ ਹੈ। ਦਿਲਚਸਪ ਤੱਥ ਇਹ ਹੈ ਕਿ ਕਲੱਬ ਦੇ ਇਲਾਕੇ 'ਚ ਸਥਿਤ ਇਸ ਇਮਾਰਤ ਨੂੰ ਸੰਗਰੂਰ ਦੇ ਮਾਸਟਰ ਪਲਾਨ ਤਹਿਤ ਰਾਜ ਸਰਕਾਰ ਵੱਲੋਂ ਵਿਰਾਸਤੀ ਇਮਾਰਤ (2010-31) ਐਲਾਨਿਆ ਗਿਆ ਹੈ, ਪਰ ਬਾਵਜੂਦ ਇਸ ਦੇ ਇਹ ਨਵੀਂ ਉਸਾਰੀ ਕੀਤੀ ਜਾ ਰਹੀ ਹੈ। ਸੰਗਰੂਰ ਦੇ ਡਿਪਟੀ ਕਮਿਸ਼ਨਰ ਘਣਸ਼ਿਆਮ ਥੋਰੀ ਨੇ ਕਿਹਾ 25 ਜੁਲਾਈ ਨੂੰ ਕਾਰਜਕਾਰੀ ਅਧਿਕਾਰੀ ਵੱਲੋਂ ਜਾਰੀ ਪੱਤਰ ਵਿਚ ਕਿਹਾ ਗਿਆ ਹੈ ਕਿ ਕਲੱਬ 'ਚ ਕੀਤਾ ਜਾ ਰਿਹਾ ਬਦਲਾਅ ਅੰਦਰੂਨੀ ਹੈ, ਇਸ ਲਈ ਨਵੇਂ ਸਿਰਿਓਂ ਮਨਜ਼ੂਰੀ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਸਹਾਇਕ ਟਾਊਨ ਪਲਾਨਰ ਨੇ ਵੀ ਲਿਖਤੀ ਰੂਪ 'ਚ ਕਿਹਾ ਹੈ ਕਿ ਇਹ ਵਿਰਾਸਤੀ ਇਮਾਰਤ ਨਹੀਂ ਹੈ। ਸਭਿਆਚਾਰਕ ਮਾਮਲੇ ਤੇ ਸੈਰ-ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਅਜਿਹੀ ਖ਼ੂਬਸੂਰਤ ਇਮਾਰਤ ਨੂੰ ਪੱਬ ਵਜੋਂ ਵਰਤਿਆ ਜਾਣਾ ਮੰਦਭਾਗਾ ਹੈ। ਸਰਕਾਰ ਜਲਦੀ ਹੀ ਇਸ ਇਮਾਰਤ ਨੂੰ ਰਾਖਵੇਂ ਵਰਗ ਵਿਚ ਲਿਆਉਣ ਲਈ ਨੋਟੀਫਿਕੇਸ਼ਨ ਜਾਰੀ ਕਰੇਗੀ।

# ਬਲੀਆ ਦੀ ਵੋਟਰ ਸੂਚੀ 'ਚ ਸ਼ਾਮਲ ਹੋਈ ਸਨੀ ਲਿਓਨੀ



**ਬਲੀਆ (ਯੂ.ਪੀ):** ਅਭਿਨੇਤਰੀ ਸਨੀ ਲਿਓਨੀ ਬੇਸ਼ੱਕ ਮੁੰਬਈ ਰਹਿੰਦੀ ਹੋਵੇ, ਪਰ ਉਸ ਦੀ ਮੌਜੂਦਗੀ ਉਤਰ ਪ੍ਰਦੇਸ਼ ਦੇ ਬਲੀਆ ਜ਼ਿਲ੍ਹੇ ਦੀ ਵੋਟਰ ਸੂਚੀ 'ਚ ਦਰਜ ਹੋ ਗਈ ਹੈ। ਇਹੀ ਨਹੀਂ ਹਾਥੀ, ਹਿਰਨ ਤੇ ਕਬੂਤਰ ਦੀਆਂ ਤਸਵੀਰਾਂ ਵੀ ਇਸ ਸੂਚੀ 'ਚ ਸ਼ਾਮਲ ਹਨ।

ਜ਼ਿਲ੍ਹਾ ਪ੍ਰਸ਼ਾਸਨ ਨੇ ਅਗਲੀਆਂ ਲੋਕ ਸਭਾ ਚੋਣਾਂ ਲਈ ਬਣਾਈ ਜਾ ਰਹੀ ਵੋਟਰ ਸੂਚੀ 'ਚ ਇਸ ਗੰਭੀਰ ਗੜਬੜੀ ਦੇ ਖੁਲਾਸੇ ਤੋਂ ਬਾਅਦ ਸਬੰਧਤ ਮੁਲਾਜ਼ਮ ਖਿਲਾਫ਼ ਕੇਸ ਦਰਜ ਕਰਕੇ ਉਸ ਦੀ ਸੇਵਾ ਖਤਮ ਕਰਨ ਦੀ ਸਿਫਾਰਸ਼ ਕੀਤੀ ਹੈ।

ਜ਼ਿਲ੍ਹਾ ਅਧਿਕਾਰੀ ਮਨੋਜ ਕੁਮਾਰ ਸਿੰਘਲ ਨੇ ਦੱਸਿਆ ਕਿ ਡੇਟਾ ਅਪਰੇਟਰ ਵਿਸ਼ਨੂ ਸ਼ਰਮਾ ਨੇ ਆਪਣੀ ਬਦਲੀ ਤੋਂ ਨਿਰਾਸ਼ ਹੋ ਕੇ ਬਲੀਆ ਨਗਰ ਵਿਧਾਨ ਸਭਾ ਖੇਤਰ ਦੀ ਵੋਟਰ ਸੂਚੀ 'ਚ ਸੱਤ ਵਿਅਕਤੀਆਂ ਦੇ ਨਾਂ ਨਾਲ ਗੜਬੜੀ ਕਰਦਿਆਂ ਵੋਟਰਾਂ ਦੀ ਫੋਟੋ ਦੀ ਥਾਂ ਸਨੀ ਲਿਓਨੀ, ਹਾਥੀ, ਮੋਰ ਤੇ ਕਬੂਤਰ ਦੀ ਫੋਟੋ ਲਗਾ ਦਿੱਤੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੇ ਦੁਰਗਾਵਤੀ ਸਿੰਘ ਦੇ ਨਾਂ ਦੇ ਸਾਹਮਣੇ ਸਨੀ ਲਿਓਨੀ ਦੀ ਫੋਟੋ ਲਗਾ ਦਿੱਤੀ।

ਇਸੇ ਤਰ੍ਹਾਂ ਅਖਿਲੇਸ਼ ਯਾਦਵ ਸਰਕਾਰ 'ਚ ਮੰਤਰੀ ਰਹੇ ਨਾਰਦ ਰਾਏ ਦੀ ਥਾਂ ਹਾਥੀ, ਕੁੰਵਰ ਅੰਕੁਰ ਸਿੰਘ ਦੇ ਨਾਂ ਅੱਗੇ ਹਿਰਨ ਅਤੇ ਕੁੰਵਰ ਗੌਰਵ ਦੇ ਨਾਂ ਅੱਗੇ ਕਬੂਤਰ ਦੀ ਫੋਟੋ ਲਗਾ ਦਿੱਤੀ। ਵੋਟਰ ਸੂਚੀ 'ਚ ਇਸ ਗੜਬੜੀ ਦੀ ਜਾਣਕਾਰੀ ਚੋਣ ਕਮਿਸ਼ਨ ਨੂੰ ਦੇ ਕੇ ਗਲਤੀ ਨੂੰ ਠੀਕ ਕਰ ਲਿਆ ਗਿਆ ਹੈ।

# ਪਵਨ ਸਿੰਘ ਖਾਲਸਾ ਨੂੰ ਸਦਮਾ, ਚਾਚਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਮੀਤ ਪ੍ਰਧਾਨ ਪਵਨ ਸਿੰਘ ਖਾਲਸਾ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਚਾਚਾ ਜੀ ਰਣਜੀਤ ਸਿੰਘ ਔਲਖ ਅਕਾਲ ਚਲਾਣਾ ਕਰ ਗਏ।

ਉਹ ਕਪੂਰਥਲਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਸਵਰਗੀ ਰਣਜੀਤ ਸਿੰਘ ਔਲਖ ਬੜੇ ਮਿੱਠ ਬੋਲੜੇ ਸੁਭਾਅ ਦੇ ਸਨ। ਪੰਥਕ ਕਾਰਜਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ।



ਰਣਜੀਤ ਸਿੰਘ ਔਲਖ

ਪਾਰਟੀ ਦੇ ਆਗੂਆਂ-ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਸਰਬਜੀਤ ਸਿੰਘ, ਲਖਵੀਰ ਸਿੰਘ ਕੰਗ, ਜੋਗਾ ਸਿੰਘ ਨਿਊ ਜਰਸੀ, ਰੇਸ਼ਮ ਸਿੰਘ ਵਰਜੀਨੀਆ, ਤਰਸੇਮ ਸਿੰਘ, ਰਣਜੀਤ ਸਿੰਘ, ਅਮਨਦੀਪ ਸਿੰਘ, ਇੰਦਰਪਾਲ ਸਿੰਘ, ਅਮਰਜੀਤ ਸਿੰਘ, ਰਵਿੰਦਰ ਸਿੰਘ ਰਿੰਪੀ, ਦਵਿੰਦਰ ਸਿੰਘ ਦਿਓ, ਸੁਰਿੰਦਰ ਸਿੰਘ ਇੰਡੀਆਨਾ, ਗੁਰਜੀਤ ਸਿੰਘ ਝਾਮਪੁਰ, ਰੁਮਿੰਦਰਜੀਤ ਸਿੰਘ ਮਿੰਟੂ ਨੇ ਪਰਿਵਾਰ ਨੂੰ ਦੁੱਖ ਸਾਂਝਾ ਕਰਦਿਆਂ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।







# ਜਵੱਦੀ ਟਕਸਾਲ ਅਤੇ ਗੁਰਮਤਿ ਸੰਗੀਤ

## ਤੰਤੀ ਸਾਜ਼ਾਂ ਨਾਲ ਕੀਰਤਨ ਦੀ ਪਰੰਪਰਾ ਦੀ ਝੋਲੀ ਭਰੀ

**ਕਲਾ ਪਰਿਕਰਮਾ**

**ਤੀਰਥ ਸਿੰਘ ਢਿੱਲੋਂ**
**ਫੋਨ: 91-98154-61710**

'ਰਾਗ ਨਾਦ ਸਬਦਿ ਸੋਹਣੇ', ਗੁਰਬਾਣੀ ਦੀ ਇਸ ਪਾਵਨ ਤੁਕ ਵਿਚਲੇ ਰੂਹਾਨੀ ਸੁਨੇਹੇ ਨੂੰ ਸਾਕਾਰ ਕਰਨ ਅਤੇ ਗੁਰੂ ਨਾਨਕ ਦੇਵ ਵਲੋਂ ਤੰਤੀ ਸਾਜ਼ਾਂ ਨਾਲ ਸੰਗਤ ਦੀ ਝੋਲੀ ਪਾਈ ਕੀਰਤਨ ਦੀ ਪਰੰਪਰਾ ਦੀ ਬਹਾਲੀ ਲਈ ਲੁਧਿਆਣਾ ਦੇ ਨਾਲ ਲੱਗਦੇ ਇਤਿਹਾਸਕ ਪਿੰਡ ਜਵੱਦੀ ਕਲਾਂ ਵਿਚ ਸਥਿਤ ਜਵੱਦੀ ਟਕਸਾਲ ਦੀ ਦੇਣ ਉਤੇ ਸਮੁੱਚੇ ਕੀਰਤਨ ਅਤੇ ਸੰਗੀਤ ਪ੍ਰੇਮੀਆਂ ਨੂੰ ਮਾਣ ਹੈ। ਇਸ ਪਿੰਡ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ। ਇਸ ਭੂਮੀ ਉਤੇ ਗੁਰੂ ਸਾਹਿਬ ਦੀ ਰਹਿਮਤ ਸਦਕਾ ਸਚਖੰਡ ਵਾਸੀ ਸੰਤ ਸੁੱਚਾ ਸਿੰਘ ਨੇ 1985 ਵਿਚ ਸੇਵਾ ਆਰੰਭ ਕੀਤੀ। ਸੰਨ 1991 ਵਿਚ ਉਨ੍ਹਾਂ ਨੇ 'ਵਿਸਮਾਦੁ ਨਾਦ' ਸੰਸਥਾ ਬਣਾਈ। ਇਸ ਸੰਸਥਾ ਨੇ ਸਿੱਖ ਵਿਰਸੇ ਦੀ ਖੋਜ ਅਤੇ ਸੰਭਾਲ ਦੇ ਅਣਗੌਲੇ ਕਾਰਜ ਨੂੰ ਸੰਭਾਲਣ ਦਾ ਜ਼ਿੰਮਾ ਲਿਆ। ਕਈ ਗੁਰਮਤਿ ਸੰਗੀਤ ਵਰਕਸ਼ਾਪਾਂ ਵਿਚ ਹੋਏ ਵਿਚਾਰ ਵਟਾਂਦਰੇ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਦੇ ਸ਼ੁੱਧ ਸਰੂਪ ਨਿਸ਼ਚਤ ਕਰਨ ਲਈ ਰਾਗ ਨਿਰਣਾਇਕ ਕਮੇਟੀ ਬਣਾਈ ਗਈ ਜਿਸ ਵਿਚ ਮੁੱਖ ਤੌਰ 'ਤੇ ਸੰਤ ਸੁੱਚਾ ਸਿੰਘ ਦੇ ਨਿਰਦੇਸ਼ ਤਹਿਤ ਸੰਗੀਤ ਅਚਾਰਿਆ ਪੰਡਿਤ ਦਲੀਪ ਚੰਦਰ ਦੀ ਅਗਵਾਈ ਹੇਠ ਅਮੁੱਲ ਕੰਮ ਹੋਇਆ। ਇਸ ਕਮੇਟੀ ਨੇ ਜਿਥੇ ਭਾਰਤੀ ਸੰਗੀਤ ਦੇ ਸਰੂਪ ਨਾਲ ਮੇਲ ਖਾਂਦੇ 18 ਰਾਗ ਸਾਹਮਣੇ ਲਿਆਂਦੇ, ਉਥੇ ਬੈਰਾੜੀ, ਸੂਹੀ ਗਉੜ, ਨੱਤ ਨਾਰਾਇਣ, ਤੋਖਾਰੀ, ਪ੍ਰਭਾਤੀ, ਮਾਲੀ ਗਉੜਾ ਵਰਗੇ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਬਾਰੇ ਵੀ ਰਾਏ ਸੰਗਤ ਨਾਲ ਸਾਂਝੀ ਕੀਤੀ। ਇਹ ਵਿਲੱਖਣ ਤੱਥ ਵੀ ਸਾਹਮਣੇ ਲਿਆਂਦਾ ਗਿਆ ਕਿ ਮਾਝ ਰਾਗ ਕੇਵਲ ਗੁਰਮਤਿ ਸੰਗੀਤ ਦੀ ਹੀ ਦੇਣ ਹੈ।



ਸੰਤ ਸੁੱਚਾ ਸਿੰਘ



ਸੰਤ ਅਮੀਰ ਸਿੰਘ

ਗੁਰਮਤਿ ਸੰਗੀਤ ਸੰਮੇਲਨਾਂ ਦਾ ਆਗਾਜ਼: ਸੰਤ ਸੁੱਚਾ ਸਿੰਘ ਵਲੋਂ ਜਵੱਦੀ ਕਲਾਂ ਵਿਚ 1991 ਵਿਚ ਆਰੰਭ ਕੀਤੇ ਗਏ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਉਨ੍ਹਾਂ ਦੇ ਸੱਚਖੰਡ ਜਾ ਬਿਰਾਜਣ ਮਗਰੋਂ ਵੀ ਉਨ੍ਹਾਂ ਦੇ ਗੱਦੀ ਨਸ਼ੀਨ ਸੰਤ ਅਮੀਰ ਸਿੰਘ ਨਿਰੰਤਰ ਜਾਰੀ ਰੱਖ ਰਹੇ ਹਨ। ਪਲੇਠਾ ਗੁਰਮਤਿ ਸੰਗੀਤ ਸੰਮੇਲਨ ਦਸ ਅਕਤੂਬਰ ਤੋਂ ਤੇਰਾਂ ਅਕਤੂਬਰ ਤੱਕ ਹੋਇਆ। ਇਸ ਪਹਿਲੇ ਸੰਮੇਲਨ ਵਿਚ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਸ਼੍ਰੋਮਣੀ ਰਾਗੀ ਪ੍ਰੋਫੈਸਰ ਕਰਤਾਰ ਸਿੰਘ, ਸ਼੍ਰੋਮਣੀ ਰਾਗੀ ਪ੍ਰੋਫੈਸਰ ਹਰਚੰਦ ਸਿੰਘ, ਸਿੰਘ ਬੰਧੂ ਦਿੱਲੀ, ਗੀਤਾ ਪੇਂਤਲ, ਡਾਕਟਰ ਜਸਬੀਰ ਕੌਰ ਪਟਿਆਲਾ, ਸ਼੍ਰੋਮਣੀ ਰਾਗੀ ਭਾਈ ਦਿਲਬਾਗ ਸਿੰਘ - ਗੁਲਬਾਗ ਸਿੰਘ, ਪ੍ਰਿੰਸੀਪਲ ਚੰਨਣ ਸਿੰਘ ਮਜਬੂਰ, ਡਾਕਟਰ ਨਿਵੇਦਿਤਾ ਸਿੰਘ ਪਟਿਆਲਾ ਅਤੇ ਹੋਰ ਰਾਗੀਆਂ ਨੇ ਗੁਰਮਤਿ ਸ਼ੈਲੀ ਰਾਹੀਂ ਸਮਾਂ ਬੰਨ੍ਹ ਦਿੱਤਾ। ਇਸ ਤੋਂ ਬਾਅਦ ਦੇ ਸੰਗੀਤ ਸੰਮੇਲਨਾਂ ਵਿਚ ਪਦਮਸ੍ਰੀ ਸ਼੍ਰੋਮਣੀ ਰਾਗੀ ਭਾਈ ਨਿਰਮਲ ਸਿੰਘ ਖਾਲਸਾ, ਸਵਰਗੀ ਭਾਈ ਅਮਰੀਕ ਸਿੰਘ ਜ਼ਖਮੀ, ਭਾਈ ਪਿਰਥੀਪਾਲ ਸਿੰਘ, ਮੋਹਨ ਪਾਲ ਸਿੰਘ ਪਟਿਆਲਾ, ਭਾਈ ਰਣਧੀਰ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਲਾਵਾ ਸੰਤ ਸਤਨਾਮ ਸਿੰਘ ਕਿਸ਼ਨਗੜ੍ਹ, ਉਸਤਾਦ ਕਾਲੇ ਰਾਮ (ਤਬਲਾ), ਅਸ਼ਵਿਨੀ ਕੁਮਾਰ (ਤਾਨਪੁਰਾ), ਓਮ ਪ੍ਰਕਾਸ਼ ਅਤੇ ਭਾਈ ਚਤਰ ਸਿੰਘ (ਦਿਲਰੁਬਾ) ਜਸਵੰਤ ਸਿੰਘ ਦਿੱਲੀ ਅਤੇ ਕਸਤੂਰੀ ਲਾਲ (ਵਾਇਲਨ) ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਤੋਂ ਇਲਾਵਾ ਤਾਰ ਸ਼ਹਿਨਾਈ, ਤਾਊਸ ਅਤੇ ਸਾਰੰਦੇ ਸਾਜ਼ ਦੀ ਵੀ ਕਲਾਤਮਕ ਵਰਤੋਂ ਕੀਤੀ ਗਈ। ਇਸ ਦੌਰਾਨ, ਤਾਲ ਕਹਿਰਵਾ ਅਤੇ ਦਾਦਰਾ ਵਜਾਉਣ ਦੀ ਆਗਿਆ ਨਹੀਂ ਸੀ ਬਲਕਿ ਸਿਰਫ ਪ੍ਰਵਾਨਤ ਬਿਖਰੇ ਤਾਲਾਂ ਵਿਚ ਹੀ ਗਾਇਨ ਪੇਸ਼ ਕੀਤਾ ਗਿਆ।

ਸੰਤ ਸੁੱਚਾ ਸਿੰਘ ਨੇ ਪੰਜਾਬ ਤੋਂ ਬਾਹਰ ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਤੋਂ ਇਲਾਵਾ ਮੁੰਬਈ, ਪੂਨਾ, ਇੰਦੌਰ, ਗਵਾਲੀਅਰ ਤੇ ਆਗਰਾ ਸਮੇਤ ਵੱਖ ਵੱਖ ਥਾਵਾਂ ਉਤੇ ਵੀ ਗੁਰਮਤਿ ਸੰਗੀਤ ਸੰਮੇਲਨ ਕਰਵਾਏ। ਉਸ ਤੋਂ ਬਾਅਦ ਇਹ ਸੰਮੇਲਨ ਸੰਤ ਸੁੱਚਾ ਸਿੰਘ ਨੇ ਨਿਰੰਤਰ ਤੌਰ 'ਤੇ 27 ਅਗਸਤ 2002 ਨੂੰ ਆਪਣੇ ਸਚਖੰਡ ਪਿਆਨੇ ਤੱਕ ਪੂਰੀ ਚੜ੍ਹਦੀ ਕਲਾ ਨਾਲ ਜਾਰੀ ਰੱਖਿਆ। ਉਨ੍ਹਾਂ ਤੋਂ ਉਪਰੰਤ ਸੰਤ ਅਮੀਰ ਸਿੰਘ ਇਸ ਟਕਸਾਲ ਦੇ ਮੁਖੀ ਦੀ ਸੇਵਾ ਸਮੁੱਚੇ ਪੰਥ ਵਲੋਂ ਸੌਂਪੀ ਗਈ।

ਸੰਤ ਅਮੀਰ ਸਿੰਘ ਨੇ ਸਾਲ 2016 ਵਿਚ ਵੱਡੇ ਪੱਧਰ 'ਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਸਿਲਵਰ ਜੁਬਲੀ ਮਨਾਈ ਜਿਸ ਵਿਚ ਇਸ ਮਹਾਨ ਸੰਗੀਤ ਕੁੰਭ ਨਾਲ ਜੁੜੀਆਂ 25 ਸ਼ਖਸੀਅਤਾਂ ਨੂੰ ਉਚੇਚੇ ਤੌਰ ਉਤੇ ਸਨਮਾਨਿਤ ਕੀਤਾ ਗਿਆ। ਇਸੇ ਸਬੰਧ ਵਿਚ ਪੰਜਾਬ ਦੇ ਵਖ ਵਖ ਸ਼ਹਿਰਾਂ ਵਿਚ 25 ਰਾਗ ਦਰਬਾਰ ਸੰਤ ਅਮੀਰ ਸਿੰਘ ਵਲੋਂ ਕਰਵਾਏ ਗਏ। ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਨਾਲ ਗੁਰਮਤਿ ਸੰਗੀਤ ਦੀ ਸਿੱਖਿਆ ਉਨ੍ਹਾਂ ਦੀ ਅਗਵਾਈ ਹੇਠ ਇਸ ਵੇਲੇ ਪ੍ਰੋਫੈਸਰ ਜਤਿੰਦਰ ਪਾਲ ਸਿੰਘ, ਪੰਡਿਤ ਰਮਾਂਕਾਂਤ ਜੀ, ਪ੍ਰੋਫੈਸਰ ਰਮਨਦੀਪ ਕੌਰ, ਪ੍ਰੋਫੈਸਰ ਚਰਨਜੀਤ ਕੌਰ, ਪ੍ਰੋਫੈਸਰ ਤਜਿੰਦਰ ਸਿੰਘ ਜਲੰਧਰ, ਪ੍ਰੋਫੈਸਰ ਇੰਦਰਜੀਤ ਸਿੰਘ ਬਿੰਦੂ ਜਲੰਧਰ, ਪ੍ਰੋਫੈਸਰ ਮਨਿੰਦਰ ਸਿੰਘ ਤਬਲਾ ਵਾਦਕ, ਉਸਤਾਦ ਸਵਰਨ ਸਿੰਘ ਸਮੇਂ ਸਮੇਂ ਉਤੇ ਕੀਰਤਨ ਦੀ ਸਿੱਖਿਆ ਦੇ ਰਹੇ ਹਨ।

ਇਸ ਵੇਲੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਰਾਗੀ ਸਿੰਘਾਂ ਨਾਲ ਜਿੰਨੇ ਵੀ ਤੰਤੀ ਸਾਜ਼ ਵਜਾਉਣ ਵਾਲੇ ਫਨਕਾਰ ਸੰਗਤ ਕਰਦੇ ਹਨ, ਉਹ ਸਾਰੇ ਜਵੱਦੀ ਟਕਸਾਲ ਤੋਂ ਸਿੱਖਿਆ ਪ੍ਰਾਪਤ ਕਰਕੇ ਉਥੇ ਸੇਵਾ ਨਿਭਾਅ ਰਹੇ ਹਨ। ਧਰਮ ਪ੍ਰਚਾਰ ਕਾਰਜਾਂ ਤਹਿਤ ਲਗਪਗ ਤੀਹ ਹਜ਼ਾਰ ਵਿਦਿਆਰਥੀ ਗੁਰਮਤਿ ਸੰਗੀਤ ਗੁਰਬਾਣੀ ਸੰਥਿਆ ਤੇ ਵਾਦਨ ਦੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ।

ਪ੍ਰਕਾਸ਼ਨਾਵਾਂ: ਰਾਗ ਨਾਦੁ ਸਬਦਿ ਸਬੰਧੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਮਨ ਦਾ ਸੰਕਲਪ, ਦੇਹੀ ਦਾ ਸੰਕਲਪ, ਮੌਤ ਦਾ ਸੰਕਲਪ, ਰਾਗ ਨਾਦੁ ਸਬਦਿ ਸੋਹਣੇ, ਮਿਲਬੇ ਕੀ ਮਹਿਮਾ, ਗੁਰੂ ਨਾਲ ਸੰਗੀਤ ਪੱਧਤੀ ਭਾਗ ਪਹਿਲਾ ਅਤੇ ਦੂਜਾ ਸਮੇਤ ਅਨੇਕ ਪ੍ਰਕਾਸ਼ਨਾਵਾਂ ਦੁਨੀਆਂ ਭਰ ਦੇ ਸੰਗੀਤ ਪ੍ਰੇਮੀਆਂ ਲਈ ਮਾਰਗਦਰਸ਼ਕ ਦਾ ਕੰਮ ਕਰ ਰਹੀਆਂ ਹਨ।

ਆਡੀਓ ਵੀਡੀਓ ਕੈਸਟਾਂ: 1991 ਤੋਂ ਲੈ ਕੇ ਹੁਣ ਤੱਕ ਹੋਏ ਸੰਗੀਤ ਸੰਮੇਲਨ ਦੀਆਂ ਆਡੀਓ ਵੀਡੀਓ ਕੈਸਟਾਂ ਟਕਸਾਲ ਕੋਲ ਉਪਲਬਧ ਹਨ ਅਤੇ ਨਾਲ ਹੀ ਇਨ੍ਹਾਂ ਨੂੰ ਯੂ-ਟਿਊਬ ਉਤੇ ਵੀ ਪਾਇਆ ਗਿਆ ਹੈ। ਕਲਾਤਮਕ ਹਲਕਿਆਂ ਵੱਲੋਂ ਤਿਆਰ 'ਗਉੜੀ ਰਾਗੁ ਸੁਲਖਣੀ' ਨਾਂ ਦੀਆਂ ਤਿੰਨ ਕੈਸਟਾਂ ਦੇ ਸੈੱਟ ਨੂੰ ਬਹੁਤ ਸਲਾਹਿਆ ਗਿਆ। ਟਕਸਾਲ ਦੇ ਸਮੂਹ ਨੌਜਵਾਨ ਜੱਥਿਆਂ ਵੱਲੋਂ 'ਵੱਡਾ ਤੇਰਾ ਦਰਬਾਰ' ਨਾਂ ਦੀ ਕੈਸਟ ਵੀ ਉਪਲਬਧ ਹੈ।

ਟਕਸਾਲ ਵਲੋਂ ਗੁਰਮਤਿ ਸੰਗੀਤ ਐਵਾਰਡ: ਗੁਰਮਤਿ ਸੰਗੀਤ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ 14 ਜਥਿਆਂ ਨੂੰ ਹੁਣ ਤੱਕ ਟਕਸਾਲ ਵੱਲੋਂ ਗੁਰਮਤਿ ਸੰਗੀਤ ਐਵਾਰਡਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਵਿਲੱਖਣ ਗੱਲ ਇਹ ਹੈ ਕਿ ਮੌਜੂਦਾ ਮੁਖੀ ਸੰਤ ਅਮੀਰ ਸਿੰਘ ਜਿਥੇ ਪੰਥ ਦੇ ਮਹਾਨ ਕਥਾ ਵਾਚਕ ਹਨ, ਉਥੇ ਨਾਲ ਹੀ ਪੁਰਾਤਨ ਗੁਰਮਤਿ ਸ਼ੈਲੀ ਅਨੁਸਾਰ ਖੁਦ ਵੀ ਕੀਰਤਨ ਕਰਕੇ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜ ਰਹੇ ਹਨ। ਇਸੇ ਲਈ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੇ ਗਏ ਅਤੇ ਕੀਤੇ ਜਾ ਰਹੇ ਮਾਣ ਮੱਤੇ, ਵਿਲੱਖਣ ਅਤੇ ਵਡਮੁੱਲੇ ਕਾਰਜਾਂ ਸਦਕਾ ਜਵੱਦੀ ਟਕਸਾਲ ਨੂੰ ਗੁਰਮਤਿ ਸੰਗੀਤ ਦਾ ਮਰਕਜ਼ ਆਖਿਆ ਜਾਂਦਾ ਹੈ।




ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਅਮੀਰ ਸਿੰਘ ਕਥਾ ਕਰਦੇ ਹੋਏ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਸਤੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-341



*ਦਿਲ ਦੇ ਅੰਦਰ ਮੌਲਦੀ ਤਕਦੀਰ ਦਿਖਾਉਂਦਾ ਲੱਗਦਾ ਏ।*
*ਤਖਤੇ ਉਤੇ ਬੈਠ ਕੇ ਸਭ ਤਖਤ ਹਿਲਾਉਂਦਾ ਲੱਗਦਾ ਏ।*

## ਕੈਪਸ਼ਨ ਮੁਕਾਬਲਾ-339



ਹਿੰਮਤਾਂ ਦੇ ਸੌਦੇ ਨੇ ਸਾਰੇ
ਉਮਰਾਂ ਦਾ ਨਹੀਂ ਹਿਸਾਬ।
ਸਿਫਤਾਂ ਕਰਦੇ ਨੇ ਸਾਰੇ
ਝੋਲੀ ਭਰਦੇ ਨਾਲ ਖਿਤਾਬ।
**-ਸੇਵਾ ਸਿੰਘ ਨੂਰਪੁਰੀ**
**ਐਪਲ ਵੈਲੀ, ਮਿਨੀਸੋਟਾ**

---

ਉਮਰਾਂ ਦੀ ਤਾਂ ਗੱਲ ਨਾ ਕੋਈ
ਹੈ ਗੱਲ ਇਰਾਦੇ ਦੀ।
ਤੰਦਰੁਸਤੀ ਦੀ ਹੈ ਨਿਸ਼ਾਨੀ
ਜੋੜੀ ਬੇਬੇ ਅਤੇ ਬਾਬੇ ਦੀ।
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਬੁਢਾਪੇ ਵਿਚ ਜੇ ਦੌੜ ਲਗੌਣੀ
ਮਨ ਦੇ ਇਸ ਅਥਰੇ ਘੋੜੇ ਨੂੰ
ਜੁਆਨੀ ਵਿਚ ਲਗਾਮ ਚੜੌਣੀ।
**-ਮਲਕੀਅਤ ਸਿੰਘ ਓਟਵਾ**

---

ਮਾਂ ਪੂਰੀ ਅੰਮ੍ਰਿਤਧਾਰੀ
ਪੁੱਤ ਗੁਰੂ ਕਾ ਸਿੱਖ।
ਦੌੜ ਲਾਉਂਦੇ ਵਿਚ ਮੈਦਾਨ
ਕਰਦੇ ਸਾਰਿਆਂ ਨੂੰ ਚਿੱਤ।
ਮਾਂ ਸੌ ਤੋਂ ਉਪਰ ਜਾਪੇ
ਪੁੱਤ ਅੱਸੀਆਂ ਦੇ ਨੇੜੇ।
ਤਾਂ ਵੀ ਦੁਨੀਆਂ ਦੇ
ਬੰਨੀ ਜਾਂਦੇ ਨੇ ਗੇੜੇ।
**-ਗੋਰਾ ਪ੍ਰਜਾਪਤ ਨਿਊ ਯਾਰਕ**
**ਫੋਨ: 718-690-8403**

---

ਦਿਲ-ਗੁਰਦੇ ਜਿਨ੍ਹਾਂ ਦੇ ਤਕੜੇ
ਬੁਢਾਪਾ ਕਦੇ ਨੇੜ ਨਾ ਆਇਆ।
ਪਿਛਲੀ ਉਮਰੇ ਪੁੱਤ ਦੀ ਹੱਲਾਸ਼ੇਰੀ ਨੇ
ਦੇਸ਼ ਵਿਦੇਸ਼ ਦੌੜਾਂ ਲਾਉਣ ਸਿਖਾਇਆ।
ਸਾਦਾ ਜੀਵਨ, ਨਰੋਈ ਸਿਹਤ
ਦੇਵੇ ਸੁਨੇਹਾ, ਹੈ ਅਸਲੀ ਸਰਮਾਇਆ।
ਮਾਣ-ਸਨਮਾਨ ਜਿੱਤ ਮਾਨ ਕੌਰ ਨੇ
ਮਾਣ ਪੰਜਾਬੀਆਂ ਦੀ ਝੋਲੀ ਪਾਇਆ।
**-ਦਵਿੰਦਰ ਕੌਰ**

---

ਬੱਚਾ ਹੋਵੇ ਜਾਂ ਬੁੱਢਾ
ਸੋਚ ਆਸ਼ਾਵਾਦੀ ਕੰਮ ਕਰਦੀ।
ਘੱਟ ਲਾਲਸਾ, ਘੱਟ ਫਿਕਰ, ਗਮ, ਝੰਜਟ
ਘੱਟ ਚੁਣੌਤੀਆਂ, ਘੱਟ ਨਿਰਾਸ਼ਾ।
ਜ਼ਿੰਦਗੀ ਦੂਣ ਸਵਾਇਆ ਹੁੰਦੀ।
ਮਨ ਉਚਾ, ਮੱਤ ਡੂੰਘੀ ਸੋਚ
ਸਰੀਰ ਨੂੰ ਤੰਦਰੁਸਤ ਰੱਖਦੀ।
ਨਸ਼ਾ ਰਹਿਤ ਸ਼ਰੀਰ ਜੋ
ਉਹੀ ਸੁਡੌਲ ਦਿਲ ਧੜਕਦਾ ਰਹਿੰਦਾ।
ਕੁਝ ਕਰਨ ਦੀ ਲਾਲਸਾ ਜੇ ਹੋਵੇ
ਪਹਾੜਾਂ ਚੋਟੀਆਂ 'ਤੇ ਵੀ ਚੜ੍ਹ ਜਾਂਦੇ।
**-ਦਰਸ਼ਨਪਾਲ ਦੋਸਾਂਝ**

---

ਬਚਪਨ 'ਚ ਬੱਚਿਆਂ ਨੂੰ ਮਾਂਵਾਂ
ਬੁਢਾਪੇ 'ਚ ਪੁੱਤ, ਮਾਂਵਾਂ ਨੂੰ ਦੇਣ ਹੱਲਾਸ਼ੇਰੀ।
ਮਾਤਾ ਮਾਨ ਕੌਰ ਨੂੰ ਦੇਖੋ
ਸੈਂਕੜਾ ਟੱਪ ਕੇ ਵੀ ਨਾ ਢਾਹਵੇ ਢੇਰੀ।
ਦੇਸੀ ਖੁਰਾਕਾਂ, ਕਿਰਤ ਨਾਲ ਕਮਾਏ ਸਰੀਰ
ਅਜੇ ਵੀ ਮੈਰਾਥਨ ਦੀ ਕਰੇ ਦਲੇਰੀ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਹੱਥੀਂ ਕਿਰਤ ਕਮਾਈ ਕਰਨੀ
ਭੁੱਲ ਗਈ ਦੁਨੀਆਂ ਸਾਰੀ ਹੈ।
ਮੰਦੇ ਕੰਮਾਂ 'ਚ ਪੈ ਗਏ ਵਿਹਲੜ
ਬੁਢਾਪੇ ਦੀ ਪੰਡ ਹੋ ਜਾਂਦੀ ਭਾਰੀ ਹੈ।
ਮਾਨ ਕੌਰ ਨੂੰ ਦੇਖੋ ਫਿਰ ਵੀ
ਨਿੱਤਨੇਮ ਨਾਲ ਸਿਹਤ ਸੰਵਾਰੀ ਹੈ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

# 14ਵੇਂ ਵਿਸ਼ਵ ਕਬੱਡੀ ਕੱਪ 'ਚ ਹਿੱਸਾ ਲੈਣ ਵਾਲੀਆਂ ਕਬੱਡੀ ਕਲੱਬਾਂ

**ਐਸ. ਅਸ਼ੋਕ ਭੌਰਾ**

ਪਿਛਲੇ ਕਰੀਬ ਡੇਢ ਦਹਾਕੇ ਤੋਂ ਕਬੱਡੀ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ



*ਮੱਖਣ ਸਿੰਘ ਬੈਂਸ*

ਕਬੱਡੀ ਟੂਰਨਾਮੈਂਟ ਕਰਵਾਉਂਦੇ ਆ ਰਹੇ ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਦਾ 14ਵਾਂ ਵਿਸ਼ਵ ਕਬੱਡੀ ਕੱਪ ਆਉਂਦੀ 16 ਸਤੰਬਰ, ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਕਰਵਾਉਣ ਲਈ ਸਰਗਰਮੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ।

ਅਮੋਲਕ ਸਿੰਘ ਗਾਖਲ ਅਨੁਸਾਰ ਕਲੱਬ ਵਲੋਂ ਆਪਣੀਆਂ ਵੱਖਰੀਆਂ ਟੀਮਾਂ ਤਿਆਰ ਕਰਕੇ ਵੀ ਵੱਡੀਆਂ ਪ੍ਰਾਪਤੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਪਰ ਇਨ੍ਹਾਂ ਵਿਸ਼ਵ ਕਬੱਡੀ ਕੱਪਾਂ ਵਿਚ ਕੌਮਾਂਤਰੀ ਪੰਜਾਬੀ ਕਬੱਡੀ ਖਿਡਾਰੀਆਂ ਨੂੰ ਇਕ ਮੰਚ 'ਤੇ ਪੇਸ਼ ਕਰ ਕੇ ਦਰਸ਼ਕਾਂ ਦਾ ਕਬੱਡੀ ਪ੍ਰਤੀ ਚਾਅ ਵੀ ਪੂਰਾ ਕੀਤਾ ਜਾਂਦਾ ਰਿਹਾ ਹੈ।

ਚੇਅਰਮੈਨ ਮੱਖਣ ਸਿੰਘ ਬੈਂਸ ਤੇ ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਵਿੱਤ ਸਕੱਤਰ ਜੁਗਰਾਜ ਸਹੋਤਾ ਤੇ ਨਰਿੰਦਰ ਸਹੋਤਾ ਨੇ ਕਿਹਾ ਕਿ ਕਬੱਡੀ ਕੱਪ ਕਲੱਬ ਦੀ ਛੇਆਂ ਮਹੀਨਿਆਂ ਦੀ ਨੱਠ ਭੱਜ ਅਤੇ ਲਗਨ ਦਾ ਸਿੱਟਾ ਹੈ ਕਿ ਇਹ ਮੇਲਾ ਵੀ ਨਵੀਆਂ ਪ੍ਰਾਪਤੀਆਂ ਅਤੇ ਨਵੇਂ ਅੰਕੜੇ ਕਬੱਡੀ ਇਤਿਹਾਸ ਦੀ ਝੋਲੀ ਪਾਏਗਾ। ਪਹਿਲੀ ਵਾਰ ਹੈ ਜਦੋਂ ਕਲੱਬ ਵਲੋਂ ਆਪਣੀ ਟੀਮ ਖਿਡਾਉਣ ਦੀ ਥਾਂ ਬਾਕੀ ਕਲੱਬਾਂ ਨੂੰ ਆਪਣੇ ਖਿਡਾਰੀਆਂ ਜਰੀਏ ਕਬੱਡੀ ਦੀਆਂ ਨਵੀਆਂ ਪੈੜਾਂ ਪਾਉਣ ਦਾ ਖੁੱਲ੍ਹਾ ਮੈਦਾਨ ਦਿੱਤਾ ਜਾ ਰਿਹਾ ਹੈ। ਇਸ ਖੇਡ ਮੇਲੇ ਦਾ ਅਹਿਮ ਹਿੱਸਾ ਬਣਨ ਵਾਲੀਆਂ ਕਲੱਬਾਂ ਬਾਰੇ ਸੰਖੇਪ ਜਾਣਕਾਰੀ:

**ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ:** ਕਿਸੇ ਵੇਲੇ ਲੱਛਰ ਭਰਾਵਾਂ- ਤਰਲੋਚਨ ਲੱਛਰ, ਕੁਲਵੰਤ ਸਿੰਘ ਲੱਛਰ ਅਤੇ ਜਸਵਿੰਦਰ ਸਿੰਘ ਲੱਛਰ ਦੀ ਕਬੱਡੀ ਦੇ ਖੇਤਰ ਵਿਚ ਤੂਤੀ ਬੋਲਦੀ ਸੀ ਤੇ ਇਕ ਤਰ੍ਹਾਂ ਨਾਲ ਲੱਛਰ ਭਰਾ ਕਬੱਡੀ ਦਾ ਟਰੇਡ ਮਾਰਕ ਵੀ ਸਨ। ਇਹ ਉਹੀ ਲੱਛਰ ਭਰਾ ਹਨ ਜਿਨ੍ਹਾਂ ਨੇ ਕੈਨੇਡਾ 'ਚ ਸ਼ੁਰੂ ਹੋਇਆ ਟੋਰਾਂਟੋ ਵਿਸ਼ਵ ਕੱਪ 1991, 92 ਅਤੇ 93 ਲਗਾਤਾਰ ਤਿੰਨ ਵਾਰ ਜਿੱਤ ਕੇ ਕਬੱਡੀ ਦੇ ਇਤਿਹਾਸ ਵਿਚ ਇਕ ਜ਼ਿਕਰਯੋਗ ਪੈੜ ਪਾਈ ਸੀ। ਬਲਵਿੰਦਰ ਫਿੱਡੂ, ਮੰਗੀ ਸੁਰਖਪੁਰੀਆ, ਮੇਜਰ ਸਿੰਘ ਗਾਖਲ, ਨੇਕੀ ਸਿੱਧੂ, ਛੱਬਾ ਆਦਿ ਕਬੱਡੀ ਦੇ ਧਰੂ ਤਾਰੇ ਲੱਛਰ ਭਰਾਵਾਂ ਦੀ ਹੀ ਦੇਣ ਹਨ। ਡੀ. ਏ. ਵੀ ਕਾਲਜ, ਜਲੰਧਰ 'ਚ ਕਬੱਡੀ ਦੀ ਅਕੈਡਮੀ ਚਲਾਉਣ ਵਾਲੇ ਇਹ ਲੱਛਰ ਭਰਾ ਕੁਝ ਵਰ੍ਹਿਆਂ ਪਿੱਛੋਂ ਕਬੱਡੀ ਦੇ ਖੇਤਰ ਵਿਚ ਪਹਿਲਾਂ ਨਾਲੋਂ ਵੀ ਵੱਧ ਉਤਸ਼ਾਹ ਨਾਲ ਪਰਵੇਸ਼ ਕਰ



*ਇਕਬਾਲ ਸਿੰਘ ਗਾਖਲ*

ਰਹੇ ਹਨ ਤੇ ਤਰਲੋਚਨ ਸਿੰਘ ਲੱਛਰ ਦਾ ਦਾਅਵਾ ਹੈ ਕਿ ਉਹ 14ਵਾਂ ਵਿਸ਼ਵ ਕੱਪ ਜਿੱਤ ਕੇ ਲੈ ਜਾਣਗੇ।

**ਬੇਏਰੀਆ ਸਪੋਰਟਸ ਕਲੱਬ:** 2007 ਵਿਚ ਰੁੜਕਾ ਕਲਾਂ (ਜਲੰਧਰ) ਵਾਲੇ ਸੰਧੂ ਭਰਾਵਾਂ- ਸੁਰਜੀਤ ਸਿੰਘ ਸੰਧੂ, ਚਰਨਜੀਤ ਸਿੰਘ ਸੰਧੂ ਅਤੇ ਬਲਜੀਤ ਸਿੰਘ ਸੰਧੂ ਨੇ ਬੇਏਰੀਆ ਸਪੋਰਟਸ



*ਸੇਵਾ ਸਿੰਘ ਰੰਧਾਵਾ*

ਕਲੱਬ ਦਾ ਗਠਨ ਕੀਤਾ ਸੀ ਜਿਸ ਨੂੰ ਦਿਲਬਾਗ ਸਿੰਘ ਸੰਧੂ ਦੀ ਸਰਪ੍ਰਸਤੀ ਹੁਣ ਤੱਕ ਹਾਸਲ ਹੈ। ਇਹ ਕਲੱਬ ਹੁਣ ਤੱਕ 13 ਵਿਸ਼ਵ ਕਬੱਡੀ ਕੱਪ ਜਿੱਤ ਚੁਕਾ ਹੈ। ਅੱਜ ਦੇ ਕਈ ਕਬੱਡੀ ਸੁਪਰ ਸਟਾਰ ਖਿਡਾਰੀਆਂ ਨੂੰ ਵਿਸ਼ਵ ਪੱਧਰ 'ਤੇ ਮੈਚ ਖੇਡਣ ਲਈ ਇਕ ਜੇਤੂ ਮੰਚ ਲੈ ਕੇ ਦਿੱਤਾ ਹੈ।

ਇਸ ਵੇਲੇ ਸੰਦੀਪ ਸੰਧੂ ਇਸ ਕਲੱਬ ਦੀ ਟੀਮ ਦਾ ਕਪਤਾਨ ਹੈ ਅਤੇ ਗਾਖਲਾਂ ਦਾ ਭਾਣਜਾ ਤੀਰਥ ਸਿੰਘ ਗਾਖਲ ਬੇਏਰੀਆ ਸਪੋਰਟਸ ਕਲੱਬ ਨੂੰ ਵੀ ਗਾਹੇ ਬਗਾਹੇ ਕਬੱਡੀ ਦੀਆਂ ਤਕਨੀਕੀ ਲੀਹਾਂ ਦਿੰਦਾ ਰਿਹਾ ਹੈ। ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਬੇਏਰੀਆ ਸਪੋਰਟਸ ਕਲੱਬ ਦੀ ਟੀਮ ਯੂਨਾਈਟਡ ਸਪੋਰਟਸ ਕਲੱਬ ਦਾ ਵਿਸ਼ਵ ਕੱਪ ਜਿੱਤਦੀ ਆ ਰਹੀ ਹੈ। ਇਸ ਵਾਰ ਵੀ ਸੰਧੂ ਭਰਾਵਾਂ ਨੂੰ ਵਿਸ਼ਵ ਕੱਪ ਜਿੱਤਣ ਦਾ ਪੂਰਾ ਭਰੋਸਾ ਹੈ।

**ਰਾਇਲ ਕਿੰਗ ਯੂ.ਐਸ.ਏ. ਯੂਬਾ ਸਿਟੀ:** ਪੰਜਾਬ ਕਬੱਡੀ ਲੀਗ 'ਚ ਵੱਡੀ ਹਿਸੇਦਾਰੀ



*ਬਲਜੀਤ ਸੰਧੂ*

ਕਰਨ ਵਾਲੇ ਸਰਬਜੀਤ ਸਿੰਘ ਥਿਆੜਾ, ਜਿਸ ਨੂੰ ਪੰਜਾਬੀ ਭਾਈਚਾਰੇ ਵਿਚ ਛੱਬਾ ਥਿਆੜਾ ਕਰਕੇ ਜਾਣਿਆ ਜਾਂਦਾ ਹੈ, ਦੀ ਰਾਇਲ ਕਿੰਗ ਯੂ.ਐਸ.ਏ. ਟੀਮ ਯੂਨਾਈਟਡ ਸਪੋਰਟਸ ਕਲੱਬ ਦੇ ਵਿਸ਼ਵ



*ਪੰਮਾ ਦਿਓਲ*

ਕੱਪ ਵਿਚ ਪੂਰੇ ਧੜੱਲੇ ਨਾਲ ਦਾਖਲ ਹੋਵੇਗੀ। ਇਕ ਸਫਲ ਫਾਰਮਰ ਮੰਨੇ ਜਾਂਦੇ ਸਰਬਜੀਤ ਥਿਆੜਾ ਦੀ ਕਬੱਡੀ ਨਾਲ ਗੂੜ੍ਹੀ ਸਾਂਝ ਹੈ ਅਤੇ ਉਹ ਪਿਛਲੇ ਕਈ ਵਰ੍ਹਿਆਂ ਤੋਂ ਯੂਬਾ ਸਿਟੀ ਵਿਚ ਕਬੱਡੀ ਕੱਪ ਵੀ ਕਰਵਾਉਂਦੇ ਆ ਰਹੇ ਹਨ।

ਪੰਜਾਬ ਵਿਚ ਨਾਰਥ ਇੰਡੀਆ ਫੈਡਰੇਸ਼ਨ ਵਲੋਂ ਕਰਵਾਏ ਜਾਂਦੇ ਟੂਰਨਾਮੈਂਟਾਂ ਵਿਚ ਸਭ ਤੋਂ ਵੱਧ ਮੈਚ ਜਿੱਤ ਕੇ ਰਾਇਲ ਕਿੰਗਜ਼ ਯੂ.ਐਸ.ਏ. ਸਾਲ 2018 ਦੀ ਨੰਬਰ ਇਕ ਟੀਮ ਬਣ ਚੁਕੀ ਹੈ। ਸੁਰਜੀਤ ਸਿੰਘ ਟੁੱਟ, ਕਮਲਜੀਤ ਹੇਅਰ ਅਤੇ ਛੱਬਾ ਥਿਆੜਾ ਦੀ ਟੀਮ ਪੰਜਾਬ ਵਿਚ ਹੋਈ ਕਬੱਡੀ ਲੀਗ 'ਚ ਦੋ ਵਾਰ ਅਹਿਮ ਯੋਗਦਾਨ ਪਾ ਚੁਕੀ ਹੈ। ਛੱਬਾ ਥਿਆੜਾ ਖੇਡਾਂ ਨੂੰ ਦਿਲੋਂ ਮਨੋਂ



*ਤਰਲੋਚਨ ਸਿੰਘ ਲੱਛਰ*

ਸਮਰਪਿਤ ਹੈ ਤੇ 14ਵੇਂ ਵਿਸ਼ਵ ਕੱਪ ਨੂੰ ਜਿੱਤਣ ਦਾ ਦਾਅਵਾ ਰਾਇਲ ਟੀਮ ਕਿੰਗ ਯੂ.ਐਸ.ਏ. ਦੀ ਟੀਮ ਵੀ ਕਰ ਰਹੀ ਹੈ।

**ਮਿਡਵੈਸਟ ਕਬੱਡੀ ਕਲੱਬ:** ਕਬੱਡੀ ਨਾਲ ਹੇਜ ਰੱਖਣ ਵਾਲੇ ਤਾਰੀ ਅਤੇ ਵਿੱਕੀ ਸੰਮੀਪੁਰੀਆ ਕੈਲੀਫੋਰਨੀਆ ਲੰਬਾ ਸਮਾਂ ਵਸ ਕੇ ਸ਼ਿਕਾਗੋ ਚਲੇ ਗਏ ਹਨ ਪਰ ਕੈਲੀਫੋਰਨੀਆ



*ਤਾਰੀ*

'ਚ ਰਹਿੰਦਿਆਂ ਚੰਗੇ ਖਿਡਾਰੀਆਂ ਨੂੰ ਇਕ ਬਿਹਤਰੀਨ ਮਾਹੌਲ ਦੇਣ ਦੇ ਯਤਨਾਂ 'ਚ ਲੱਗੇ ਰਹੇ ਹਨ। ਫਖਰ ਵਾਲੀ ਗੱਲ ਇਹ ਹੈ ਕਿ ਮਿਡਵੈਸਟ ਤੋਂ ਕੈਲੀਫੋਰਨੀਆ 16 ਸਤੰਬਰ ਦੇ ਵਿਸ਼ਵ ਕਬੱਡੀ ਕੱਪ 'ਚ ਤਾਰੀ ਅਤੇ ਵਿੱਕੀ ਦੀ ਟੀਮ ਜਿੱਤ ਪ੍ਰਾਪਤ ਲਈ ਉਤਰੇਗੀ ਤੇ ਦੋਹਾਂ ਨੇ ਵਾਅਦਾ ਕੀਤਾ ਹੈ ਕਿ ਉਹ ਦਰਸ਼ਕਾਂ ਨੂੰ ਬਿਹਤਰੀਨ ਕਬੱਡੀ ਦਿਖਾਉਣ ਦਾ ਯਤਨ ਕਰਨਗੇ।

**ਕੈਨੇਡਾ ਕਬੱਡੀ ਕਲੱਬ:** ਸੇਵਾ ਸਿੰਘ ਰੰਧਾਵਾ ਅਤੇ ਪੰਮਾ ਦਿਓਲ ਨੂੰ ਕਬੱਡੀ ਦੇ ਸ਼ੁਦਾਈ ਤੇ ਪਹਿਰੇਦਾਰ ਮੰਨਿਆ ਜਾਂਦਾ ਰਿਹਾ ਹੈ। ਇਹ ਦੋਵੇਂ 1991 ਤੋਂ ਕੈਨੇਡਾ 'ਚ ਹੋਣ ਵਾਲੇ ਕਬੱਡੀ ਕੱਪਾਂ ਨਾਲ ਜੁੜੇ ਰਹੇ ਹਨ। ਦੋਹਾਂ ਨੇ ਬਿਹਤਰੀਨ



*ਸਰਬਜੀਤ ਥਿਆੜਾ*

ਖਿਡਾਰੀਆਂ ਨੂੰ ਆਪਣੇ ਯਤਨਾਂ ਨਾਲ ਇੰਡੀਆ ਤੋਂ ਲਿਆ ਕੇ ਵੱਡੇ ਖੇਡ ਮੇਲਿਆਂ ਦਾ ਹਿੱਸਾ ਬਣਾਇਆ ਹੈ।

ਜ਼ਿਕਰਯੋਗ ਹੈ ਕਿ ਸੇਵਾ ਸਿੰਘ ਰੰਧਾਵਾ ਗਾਖਲ ਭਰਾਵਾਂ ਦੇ ਨਜ਼ਦੀਕੀ ਰਿਸ਼ਤੇਦਾਰ ਹਨ ਅਤੇ ਉਹ ਉਂਜ ਵੀ ਯੂਨਾਈਟਡ ਸਪੋਰਟਸ ਕਲੱਬ ਦੇ ਸਾਰੇ ਖੇਡ ਮੇਲਿਆਂ ਨਾਲ ਨੇੜੇ ਤੋਂ ਜੁੜੇ ਰਹੇ ਹਨ। ਕਬੱਡੀ ਦੀਆਂ ਪੁਰਾਣੀਆਂ ਬਾਰੀਕੀਆਂ ਅਤੇ



*ਵਿੱਕੀ*

ਨਵੀਆਂ ਤਕਨੀਕਾਂ ਰੰਧਾਵਾ ਅਤੇ ਪੰਮਾ ਦਿਓਲ ਨੇ ਆਪਣੀ ਟੀਮ ਨੂੰ ਸਿਖਾਈਆਂ ਹੀ ਸਗੋਂ ਬਹੁਤ ਸਾਰੇ ਖੇਡ ਮੇਲਿਆਂ ਵਿਚ ਜਿੱਤਾਂ ਹਾਸਲ ਕੀਤੀਆਂ ਹਨ। ਕੈਨੇਡਾ ਦੀ ਟੀਮ ਇਸ ਵਿਸ਼ਵ ਕਬੱਡੀ ਕੱਪ ਵਿਚ ਵਿਸ਼ੇਸ਼ ਆਕਰਸ਼ਣ ਬਣੀ ਰਹੇਗੀ।

ਸਾਰੀਆਂ ਕਲੱਬਾਂ ਨੇ ਕਬੱਡੀ ਪ੍ਰੇਮੀਆਂ ਨੂੰ 14ਵੇਂ ਵਿਸ਼ਵ ਕਬੱਡੀ ਕੱਪ ਦੇ ਹਰ ਪਲ ਨੂੰ ਮਾਣਨ ਵਾਸਤੇ 16 ਸਤੰਬਰ, ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ, ਯੂਨੀਅਨ ਸਿਟੀ ਵਿਖੇ ਪਹੁੰਚਣ ਦੀ ਅਪੀਲ ਕੀਤੀ ਹੈ।

## ਮੇਜਰ ਗਾਖਲ ਦਾ ਹੋਵੇਗਾ ਵਿਸ਼ਵ ਕਬੱਡੀ ਕੱਪ 'ਚ 'ਗੋਲਡ ਮੈਡਲ' ਨਾਲ ਸਨਮਾਨ

**ਯੂਨੀਅਨ ਸਿਟੀ (ਬਿਊਰੋ):** ਸਾਲ 1992-93 ਦੇ ਟੋਰਾਂਟੋ ਵਰਲਡ ਕਬੱਡੀ ਕੱਪ ਦੇ ਬੈਸਟ ਸਟਾਪਰ ਮੇਜਰ ਸਿੰਘ ਗਾਖਲ (ਯੂ. ਕੇ.) ਦਾ 16 ਸਤੰਬਰ ਨੂੰ ਯੂਨਾਇਟਡ ਸਪੋਰਟਸ ਕਲੱਬ ਵਲੋਂ ਇਥੇ ਕਰਵਾਏ ਜਾ ਰਹੇ 14ਵੇਂ ਵਿਸ਼ਵ ਕਬੱਡੀ ਕੱਪ 'ਚ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਗਾਖਲਾਂ ਦਾ ਭਾਣਜਾ ਤੇ ਕੌਮਾਂਤਰੀ ਕਬੱਡੀ ਖਿਡਾਰੀ ਤੀਰਥ ਗਾਖਲ ਮੇਜਰ ਦੀ ਖੇਡ ਤੋਂ ਵੀ ਬਹੁਤ ਪ੍ਰਭਾਵਿਤ ਸੀ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਮੇਜਰ ਗਾਖਲ, ਤੀਰਥ ਗਾਖਲ ਤੇ ਲੱਖਾ ਗਾਜ਼ੀਪੁਰੀਆ ਵਰਗੇ ਖਿਡਾਰੀ ਗਾਖਲਾਂ ਦਾ ਮਾਣ ਹਨ ਤੇ ਮੇਜਰ ਦਾ ਸਨਮਾਨ ਵੀ ਉਨ੍ਹਾਂ ਦੀ ਮਾਂ ਖੇਡ ਕਬੱਡੀ ਨਾਲ ਪਿਆਰ ਦਾ ਹੀ ਇਕ ਪ੍ਰਗਟਾਵਾ ਹੈ।



## ਵਿੰਡਰਸ਼ ਸਕੈਂਡਲ ਪੀੜਤ 69 ਭਾਰਤੀਆਂ ਨੂੰ ਮਿਲੀ ਰਾਹਤ

**ਲੰਡਨ:** ਵਿੰਡਰਸ਼ ਇਮੀਗ੍ਰੇਸ਼ਨ ਸਕੈਂਡਲ ਕਾਰਨ ਪ੍ਰਭਾਵਿਤ ਹੋਣ ਵਾਲੇ ਪਰਵਾਸੀਆਂ ਵਿਚ ਭਾਰਤੀ ਭਾਈਚਾਰੇ ਦੇ ਲੋਕਾਂ ਦਾ ਤੀਜਾ ਸਥਾਨ ਹੈ, ਜਿਨ੍ਹਾਂ ਨੂੰ ਬਰਤਾਨੀਆ ਵਿਚ ਗਲਤ ਢੰਗ ਦੇ ਨਾਲ ਨਾਗਰਿਕਤਾ ਅਧਿਕਾਰਾਂ ਤੋਂ ਵਾਂਝਿਆਂ ਕਰ ਦਿੱਤਾ ਗਿਆ। ਇਸ ਦੌਰਾਨ ਹੀ 'ਟਾਸਕਫੋਰਸ' ਨੇ ਬਰਤਾਨੀਆ ਵਿਚ ਰਹਿਣ ਲਈ 102 ਲੋਕਾਂ ਨੂੰ ਦਸਤਾਵੇਜ਼ ਮੁਹਈਆ ਕਰਵਾਏ ਹਨ।

ਇਹ ਜਾਣਕਾਰੀ ਬਰਤਾਨੀਆ ਦੇ ਗ੍ਰਹਿ ਵਿਭਾਗ ਦੇ ਸਕੱਤਰ ਸਾਜਿਦ ਜਾਵੇਦ ਨੇ ਸੰਸਦੀ ਕਮੇਟੀ ਨੂੰ ਦਿੱਤੀ ਹੈ। ਇਨ੍ਹਾਂ ਵਿਚ 69 ਭਾਰਤੀ ਹਨ। ਉਨ੍ਹਾਂ ਨੇ ਇਸ ਘਟਨਾਕ੍ਰਮ ਲਈ ਮੁਆਫੀ ਮੰਗਦਿਆਂ ਕਿਹਾ ਕਿ ਉਹ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਹਰ ਯਤਨ ਕਰਨਗੇ। ਵਿੰਡਰਸ਼ ਅਜਿਹਾ ਇਮੀਗ੍ਰੇਸ਼ਨ ਸਕੈਂਡਲ ਹੈ ਜਿਸ ਰਾਹੀਂ ਅਧਿਕਾਰੀਆਂ ਵੱਲੋਂ ਬਰਤਾਨੀਆ ਤੋਂ ਵੱਡੀ ਗਿਣਤੀ ਵਿਚ ਏਸ਼ੀਆਈ ਮੂਲ ਦੇ ਲੋਕਾਂ, ਉਨ੍ਹਾਂ ਦੇ ਨਾਗਰਿਕਤਾ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਗਿਆ ਸੀ।

## ਯੂ.ਕੇ. ਦੇ ਪਹਿਲੇ ਸਿੱਖ ਐਮ.ਪੀ. ਢੇਸੀ ਦੀ ਜੱਦੀ ਜ਼ਮੀਨ 'ਤੇ ਕਬਜ਼ਾ

**ਜਲੰਧਰ:** ਬ੍ਰਿਟੇਨ ਦੇ ਪਹਿਲੇ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਦੀ ਪੰਜਾਬ ਵਿਚਲੀ ਜੱਦੀ ਜਾਇਦਾਦ 'ਤੇ ਕਬਜ਼ਾ ਹੋ ਗਿਆ ਹੈ। ਇਸ ਮਸਲੇ ਦੇ ਹੱਲ ਲਈ ਉਹ ਪੰਜਾਬ ਆਏ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਮਦਦ ਦੀ ਅਪੀਲ ਵੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਲੰਡਨ ਵਿਚ ਹੋਈ 'ਰੈਫਰੰਡਮ 2020' ਰੈਲੀ ਉਤੇ ਆਪਣਾ ਤੇ ਯੂਕੇ ਸਰਕਾਰ ਦਾ ਪੱਖ ਵੀ ਰੱਖਿਆ ਤੇ ਉਪਰੇਸ਼ਨ ਬਲੂ ਸਟਾਰ ਵਿਚ ਬਰਤਾਨੀਆ ਦੀ ਭੂਮਿਕਾ ਉਜਾਗਰ ਕਰਨ ਲਈ ਯਤਨਸ਼ੀਲ ਰਹਿਣ ਦੀ ਗੱਲ ਵੀ ਕਹੀ।



ਤਨਮਨਜੀਤ ਸਿੰਘ ਖੁਦ ਪੰਜਾਬ ਵਿਚ ਪਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ ਦੇ ਮੁੱਦੇ ਚੁੱਕਦੇ ਰਹੇ ਹਨ। ਢੇਸੀ ਨੇ ਕਿਹਾ ਕਿ ਸਾਡੇ ਪਰਿਵਾਰ ਨੇ ਵੀ ਕਬਜ਼ੇ ਖਿਲਾਫ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਸ਼ਾਸਨ 'ਤੇ ਪੂਰੀ ਆਸ ਹੈ ਕਿ ਨਿਆਂ ਮਿਲੇਗਾ। ਢੇਸੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਇਸ ਮਸਲੇ ਬਾਰੇ ਆਵਾਜ਼ ਚੁੱਕਣ ਵਿਚ ਸਮਰੱਥ ਹਨ ਤੇ ਉਹ ਇਸ ਦੀ ਪੂਰੀ ਪੈਰਵੀ ਕਰਨਗੇ।

ਯੂਕੇ ਦੇ ਐਮ.ਪੀ. ਨੇ ਪੰਜਾਬ ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਬਾਰੇ ਕੈਪਟਨ ਸਰਕਾਰ ਨੂੰ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਸੇ ਪਾਰਟੀ ਦਾ ਨਾਂ ਲਏ ਬਗੈਰ ਕਿਹਾ ਕਿ ਵੱਖ-ਵੱਖ ਸਮੇਂ ਕਈ ਪਾਰਟੀਆਂ ਨੇ ਆਪਣੇ ਪੰਥਕ ਹੋਣ ਦਾ ਦਾਅਵਾ ਕੀਤਾ ਸੀ। ਵਿਦੇਸ਼ਾਂ ਵਿਚ ਦਸਤਾਰ ਦੀ ਬੇਅਦਬੀ ਬਾਰੇ ਢੇਸੀ ਨੇ ਦੱਸਿਆ ਕਿ ਮੇਰੇ ਮਹਿਮਾਨਾਂ ਦੀ ਵੀ ਯੂਕੇ ਵਿਚ ਦਸਤਾਰ ਲਾਹ ਦਿੱਤੀ ਗਈ ਸੀ। ਹਾਲਾਂਕਿ, ਇਸ ਘਟਨਾ 'ਤੇ ਯੂਕੇ ਦੀ ਪਾਰਲੀਮੈਂਟ ਵਿਚ ਮੁਆਫੀ ਵੀ ਮੰਗੀ ਗਈ ਸੀ।

# ਭਾਰਤ ਸਰਕਾਰ, ਆਵਾਮ ਦੀਆਂ ਬੁਨਿਆਦੀ ਲੋੜਾਂ ਅਤੇ ਅਰਥ ਵਿਵਸਥਾ

ਅੱਜ ਕੱਲ੍ਹ ਦੁਨੀਆ ਦੀਆਂ ਖੁੱਲ੍ਹੀ ਮੰਡੀ ਵਾਲੀਆਂ ਅਰਥਵਿਵਸਥਾਵਾਂ ਅਨੇਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਹਨ। ਕੁਝ ਸਮੇਂ ਤੋਂ ਇਨ੍ਹਾਂ ਅਰਥਵਿਵਸਥਾਵਾਂ ਵਿਚ ਦਰਮਿਆਨੇ ਵਰਗ ਵਿਚ ਕਮੀ ਆਈ ਹੈ ਅਤੇ ਉਸ ਦੀ ਹਾਲਤ ਪਤਲੀ ਹੋ ਰਹੀ ਹੈ, ਸਰਕਾਰਾਂ ਵਿਚ ਵਿਸ਼ਵਾਸ ਘਟ ਰਿਹਾ ਹੈ ਅਤੇ ਤਕਨਾਲੋਜੀ ਨਾਲ ਸਬੰਧਤ ਬਦਲਾਓ ਤੇਜ਼ੀ ਨਾਲ ਆ ਰਿਹਾ ਹੈ। ਇਨ੍ਹਾਂ ਅਰਥਵਿਵਸਥਾਵਾਂ ਦੀ ਵਾਧਾ ਦਰ ਸੁਸਤੀ ਨਾਲ ਚੱਲ ਰਹੀ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਇਸ ਵਿਚ ਕੋਈ ਖ਼ਾਸ ਸੁਧਾਰ ਹੁੰਦਾ ਨਜ਼ਰ ਨਹੀ ਆ ਰਿਹਾ। ਇਹ ਅਰਥਵਿਵਸਥਾਵਾਂ ਆਮ ਲੋਕਾਂ ਦੀਆਂ ਮੁਢਲੀਆਂ ਲੋੜਾਂ ਰੋਟੀ, ਕਪੜਾ, ਮਕਾਨ, ਸਿੱਖਿਆ, ਸਿਹਤ ਸੰਭਾਲ, ਸਾਫ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਪੂਰੀਆਂ ਕਰਨ ਵਿਚ ਅਸਫਲ ਹੋ

ਡਾ. ਗਿਆਨ ਸਿੰਘ
ਫੋਨ: 424-362-8759

ਰਹੀਆਂ ਹਨ। ਇਸ ਸਮੱਸਿਆ ਬਾਰੇ 2018 ਵਿਚ ਛਪੀਆਂ ਦੋ ਪੁਸਤਕਾਂ ਚਰਚਾ ਵਿਚ ਹਨ। ਪਹਿਲੀ ਪੁਸਤਕ 'ਗਿਵ ਪੀਪਲ ਮਨੀ' ਐਨੀ ਲੋਰੀ ਅਤੇ ਦੂਜੀ ਪੁਸਤਕ 'ਐਜ ਆਫ ਕਿਓਸ' ਦੰਬੀਸਾ ਮੋਇਓ ਦੀ ਲਿਖੀ ਹੋਈ ਹੈ।

ਐਨੀ ਲੋਰੀ ਆਪਣੀ ਪੁਸਤਕ ਵਿਚ ਇਸ ਸਮੱਸਿਆ ਦਾ ਵਿਸਥਾਰ ਵਿਚ ਵਿਸਲੇਸ਼ਣ ਕਰਦੀ ਨਜ਼ਰ ਆ ਰਹੀ ਹੈ। ਉਹ ਵਧ ਰਹੀ ਬੇਰੁਜ਼ਗਾਰੀ ਲਈ ਮਸ਼ੀਨੀਕਰਨ ਅਤੇ ਸਵੈ-ਚਾਲਤ ਰੋਬੋਟਾਂ ਨੂੰ ਜ਼ਿੰਮੇਵਾਰ ਮੰਨਦੀ ਹੈ। ਮਨੁੱਖ ਨੇ ਜ਼ਿੰਦਗੀ ਨੂੰ ਸੌਖਾ ਬਣਾਉਣ ਲਈ ਮਸ਼ੀਨਰੀ ਬਣਾਈ, ਪਰ ਮਸ਼ੀਨਰੀ ਨੇ ਮਨੁੱਖੀ ਕਿਰਤ ਦੀ ਲੋੜ ਨੂੰ ਘਟਾਇਆ ਹੈ। ਮਸ਼ੀਨਰੀ ਅਤੇ ਸਵੈ-ਚਾਲਤ ਰੋਬੋਟਾਂ ਕਾਰਨ ਪੈਦਾ ਹੋਣ ਵਾਲੀ ਬੇਰੁਜ਼ਗਾਰੀ ਨੂੰ ਤਕਨਾਲੋਜੀਕਲ ਬੇਰੁਜ਼ਗਾਰੀ ਕਿਹਾ ਜਾਂਦਾ ਹੈ, ਲੈਨਿਨ ਨੇ ਆਪਣੀ ਪੁਸਤਕ 'ਡਿਵੈਲਪਮੈਂਟ ਆਫ ਕੈਪਿਲੈਜ਼ਿਮਨ ਇੰਨ ਰਸ਼ੀਆ' ਦੇ ਤੀਜੇ ਭਾਗ ਵਿਚ ਮਸ਼ੀਨਰੀ ਦੇ ਵਿਕਾਸ ਵਿਚੋਂ ਉਪਜੇ ਇਸ ਤਰ੍ਹਾਂ ਦੇ ਦੁਖਾਂਤ ਦਾ ਜ਼ਿਕਰ ਕੀਤਾ ਹੈ। ਲੈਨਿਨ ਅਨੁਸਾਰ ਜਿਥੇ ਮਸ਼ੀਨ ਦੁੱਧ ਤੋਂ ਕਰੀਮ ਵੱਖ ਕਰਨ ਵਿਚ ਸਹਾਈ ਹੁੰਦੀ ਹੈ, ਉਥੇ ਇਹ ਲੱਖਾਂ ਲੋਕਾਂ ਦੇ ਮੂੰਹਾਂ ਵਿਚੋਂ ਦੁੱਧ ਖੋਹ ਵੀ ਲੈਂਦੀ ਹੈ। ਲੋਰੀ ਅਨੁਸਾਰ ਤਕਨਾਲੋਜੀਕਲ ਵਿਕਾਸ ਨੇ ਕਿਸੇ ਸਮੇਂ ਜਿੰਨਾਂ ਰੁਜ਼ਗਾਰ ਪੈਦਾ ਕੀਤਾ ਸੀ, ਹੁਣ ਉਸ ਨਾਲੋਂ ਕਿਤੇ ਵੱਧ ਬੇਰੁਜ਼ਗਾਰੀ ਵਿਚ ਵਾਧਾ ਕਰ ਰਿਹਾ ਹੈ। ਵੱਡੇ ਪੱਧਰ ਉਪਰ ਬੇਰੁਜ਼ਗਾਰੀ ਪਹਿਲਾਂ ਵਿਕਸਿਤ ਮੁਲਕਾਂ ਨੂੰ ਪ੍ਰਭਾਵਿਤ ਕਰੇਗੀ, ਪਰ ਇਹ ਵਿਕਾਸ ਕਰ ਰਹੇ ਮੁਲਕਾਂ ਨੂੰ ਬਹੁਤ ਜ਼ਿਆਦਾ ਮਾੜੀਆਂ ਹਾਲਤਾਂ ਵੱਲ ਧੱਕੇਗੀ। ਇਸ ਤਰ੍ਹਾਂ ਧਨ ਅਤੇ ਆਮਦਨ ਕੁਝ ਕੁ ਅਤਿ ਦੇ ਅਮੀਰਾਂ ਦੇ ਹੱਥਾਂ ਵਿਚ ਕੇਂਦਰਿਤ ਹੁੰਦੀ ਜਾਵੇਗੀ ਅਤੇ ਆਰਥਿਕ ਅਸਮਾਨਤਾਵਾਂ ਬੁਰੀ ਹੱਦ ਤੱਕ ਵਧਦੀਆਂ ਜਾਣਗੀਆਂ। ਅਮਰੀਕਾ ਜਾਂ ਹੋਰ ਖੁੱਲ੍ਹੀ ਮੰਡੀ ਅਰਥਵਿਵਸਥਾਵਾਂ ਦੀਆਂ ਕਲਿਆਣਕਾਰੀ ਪਾਲਸੀਆਂ ਇਸ ਤਰ੍ਹਾਂ ਦੀਆਂ ਨਹੀਂ ਹਨ ਕਿ ਵਧ ਰਹੀ ਬੇਰੁਜ਼ਗਾਰੀ ਅਤੇ ਆਰਥਿਕ ਅਸਮਾਨਤਾਵਾਂ ਉਪਰ ਕਾਬੂ ਪਾ ਸਕਣ। ਇਸ ਸਮੱਸਿਆ ਨੂੰ ਹੱਲ ਕਰਨ ਲਈ ਲੋਰੀ ਦਾ ਸੁਝਾਅ ਹੈ ਕਿ ਖੁੱਲ੍ਹੀ ਮੰਡੀ ਅਰਥਵਿਵਸਥਾਵਾਂ ਵਿਚ 'ਸਭਨਾਂ ਲਈ ਮੁਢਲੀ ਆਮਦਨ' ਯਕੀਨੀ ਬਣਾਈ ਜਾਵੇ। ਉਹ ਅਮਰੀਕਾ ਲਈ ਅਜਿਹੀ ਆਮਦਨ ਦੇ ਸਬੰਧ ਵਿਚ 1000 ਅਮਰੀਕਨ ਡਾਲਰ ਪ੍ਰਤੀ ਜੀਅ ਪ੍ਰਤੀ ਮਹੀਨਾ ਦਾ ਸੁਝਾਅ ਦਿੰਦੀ ਹੈ।

ਦੰਬੀਸਾ ਆਪਣੀ ਪੁਸਤਕ ਵਿਚ ਵਖ-ਵਖ ਆਰਥਿਕ ਸਮੱਸਿਆਵਾਂ ਲਈ ਖੁੱਲ੍ਹੀ ਮੰਡੀ ਅਰਥਵਿਵਸਥਾਵਾਂ ਦੀ ਵਿਕਾਸ ਦਰ ਦੇ ਮੱਠੇ ਪੈਣ ਨੂੰ ਜ਼ਿੰਮੇਵਾਰ ਮੰਨਦੀ ਹੈ। ਉਸ ਦਾ ਵਿਚਾਰ ਹੈ ਕਿ ਆਰਥਿਕ ਵਿਕਾਸ ਦੀ ਦਰ ਵਧਾ ਕੇ, ਉਸ ਦੀ ਲਗਾਤਾਰਤਾ ਕਾਇਮ ਰੱਖ ਕੇ ਅਤੇ ਬਾਅਦ ਵਿਚ 'ਰਿਸਾਅ ਦੀ ਨੀਤੀ' ਦੁਆਰਾ ਇਸ ਦਾ ਫਾਇਦਾ ਆਮ ਲੋਕਾਂ ਨੂੰ ਦੇ ਕੇ ਵਖ-ਵਖ ਆਰਥਿਕ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਅਜਿਹਾ ਕਰਨ ਲਈ ਉਹ ਰਾਜਸੀ ਸੁਧਾਰਾਂ ਅਤੇ ਨੀਤੀਆਂ ਬਣਾਉਣ ਅਤੇ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਉਪਰ ਖ਼ਾਸ ਜ਼ੋਰ ਦਿੰਦੀ ਨਜ਼ਰ ਆਉਂਦੀ ਹੈ।

1991 ਤੋਂ 'ਨਵੀਆਂ ਆਰਥਿਕ ਨੀਤੀਆਂ' ਅਪਣਾਉਣ ਕਾਰਨ ਭਾਰਤੀ ਅਰਥਵਿਵਸਥਾ ਦੇ ਸਾਰੇ ਖੇਤਰਾਂ ਵਿਚ ਵਧਦੇ ਹੋਏ ਮਸ਼ੀਨੀਕਰਨ ਅਤੇ ਸਵੈ-ਚਾਲਤ ਰੋਬੋਟਾਂ ਕਾਰਨ ਸਿਰਫ ਬੇਰੁਜ਼ਗਾਰੀ ਵਿਚ ਹੀ ਵਾਧਾ ਨਹੀਂ ਹੋ ਰਿਹਾ, ਸਗੋਂ ਜੋ ਕਿਰਤੀ ਰੁਜ਼ਗਾਰ ਵਿਚ ਰਹਿ ਗਏ ਹਨ, ਉਨ੍ਹਾਂ ਲਈ ਅਨੇਕਾਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਭਾਰਤ ਦੇ ਹੁਕਮਰਾਨ ਮੁਲਕ ਦੇ ਮਹਾਨ ਹੋਣ ਬਾਰੇ ਦਾਅਵੇ ਤਾਂ ਬਹੁਤ ਕਰਦੇ ਹਨ, ਪਰ ਅਸਲੀਅਤ ਇਸ ਦੇ ਉਲਟ ਹੈ। ਕੌਮਾਂਤਰੀ ਪੱਧਰ ਉਪਰ ਤਿਆਰ ਕੀਤੇ ਜਾਂਦੇ ਕੁਝ ਮਹੱਤਵਪੂਰਨ ਇੰਡੈਕਸ ਇਸ ਤੱਥ ਨੂੰ ਸਾਹਮਣੇ ਲਿਆਉਂਦੇ ਹਨ।

2017 ਲਈ 128 ਮੁਲਕਾਂ ਲਈ ਤਿਆਰ ਕੀਤੇ 'ਸੋਸ਼ਲ ਪ੍ਰੋਗਰੈਸ ਇੰਡੈਕਸ' ਅਨੁਸਾਰ, ਭਾਰਤ ਦਾ ਸਥਾਨ ਸਾਰੇ 'ਬਰਿਕਸ' ਮੁਲਕਾਂ ਵਿਚੋਂ ਨੀਵਾਂ ਹੈ। ਬਰਾਜ਼ੀਲ ਦਾ ਸਥਾਨ 43ਵਾਂ, ਦੱਖਣੀ ਅਫਰੀਕਾ ਦਾ 66ਵਾਂ, ਰੂਸ ਦਾ 67ਵਾਂ, ਚੀਨ ਦਾ 83ਵਾਂ ਅਤੇ ਭਾਰਤ ਦਾ ਸਭ ਤੋਂ ਨੀਵਾਂ 93ਵਾਂ ਹੈ। 2017 ਲਈ 188 ਮੁਲਕਾਂ ਲਈ ਤਿਆਰ ਕੀਤੇ ਗਏ 'ਹਿਊਮਨ ਡਿਵੈਲਪਮੈਂਟ ਇੰਡੈਕਸ' ਵਿਚ ਭਾਰਤ ਸਾਰੇ 'ਬਰਿਕਸ' ਮੁਲਕਾਂ ਵਿਚੋਂ ਫਾਡੀ ਹੈ। ਇਸ ਵਿਚ ਰੂਸ ਦਾ 48ਵਾਂ, ਬਰਾਜ਼ੀਲ ਦਾ 79ਵਾਂ, ਚੀਨ ਦਾ 90ਵਾਂ, ਦੱਖਣੀ ਅਫਰੀਕਾ ਦਾ 119ਵਾਂ ਅਤੇ ਭਾਰਤ ਦਾ ਸਭ ਤੋਂ ਨੀਵਾਂ 131ਵਾਂ ਸਥਾਨ ਹੈ। 2018 ਵਿਚ 191 ਮੁਲਕਾਂ ਲਈ ਤਿਆਰ ਕੀਤੇ ਗਏ 'ਪ੍ਰਤੀ ਜੀਅ ਆਮਦਨ ਇੰਡੈਕਸ' ਵਿਚ ਬਰਿਕਸ ਦੇਸ਼ਾਂ ਵਿਚੋਂ ਭਾਰਤ ਦਾ ਸਥਾਨ ਨਿਰਾਸ਼ਾਜਨਕ ਰਿਹਾ ਹੈ। ਪ੍ਰਤੀ ਜੀਅ ਪ੍ਰਤੀ ਸਾਲ ਆਮਦਨ ਦੇ ਹਿਸਾਬ ਨਾਲ ਰੂਸ ਦਾ 11947 ਅਮਰੀਕਨ ਡਾਲਰਾਂ ਨਾਲ 65ਵਾਂ, ਬਰਾਜ਼ੀਲ ਦਾ 10224 ਡਾਲਰਾਂ ਨਾਲ 71ਵਾਂ, ਚੀਨ ਦਾ 10088 ਡਾਲਰਾਂ ਨਾਲ 72ਵਾਂ, ਦੱਖਣੀ ਅਫਰੀਕਾ ਦਾ 6459 ਡਾਲਰਾਂ ਨਾਲ 91ਵਾਂ ਅਤੇ ਭਾਰਤ ਦਾ ਸਿਰਫ 2135 ਅਮਰੀਕਨ ਡਾਲਰਾਂ ਨਾਲ 142ਵਾਂ ਸਥਾਨ ਰਿਹਾ ਹੈ। ਜਿਥੇ ਭਾਰਤ ਵਿਚ ਪ੍ਰਤੀ ਵਿਅਕਤੀ ਆਮਦਨ ਬਹੁਤ ਘੱਟ ਹੈ, ਉਥੇ ਮੁਲਕ ਵਿਚ ਆਮਦਨ ਅਤੇ ਧਨ ਦੀ ਵੰਡ ਵੀ ਬਹੁਤ ਅਸਮਾਨ ਹੈ। 2018 ਲਈ 156 ਮੁਲਕਾਂ ਲਈ ਤਿਆਰ ਕੀਤੇ ਗਏ 'ਹੈਪੀਨੈੱਸ ਇੰਡਕੈਸ' ਵਿਚ ਭਾਰਤ ਦੀ ਕਾਰਗੁਜ਼ਾਰੀ 'ਬਰਿਕਸ' ਮੁਲਕਾਂ ਵਿਚੋਂ ਸਭ ਤੋਂ ਪਿੱਛੇ ਹੈ। ਇਸ ਵਿਚ ਬਰਾਜ਼ੀਲ ਦਾ 28ਵਾਂ, ਰੂਸ ਦਾ 59ਵਾਂ, ਚੀਨ ਦਾ 86ਵਾਂ, ਦੱਖਣੀ ਅਫਰੀਕਾ ਦਾ 105 ਵਾਂ ਅਤੇ ਭਾਰਤ ਦਾ ਸਭ ਤੋਂ ਥੱਲੇ 133ਵਾਂ ਸਥਾਨ ਰਿਹਾ ਹੈ। ਨਮੋਸ਼ੀ ਵਾਲੀ ਗੱਲ ਇਹ ਵੀ ਹੈ ਕਿ ਗਵਾਂਢੀ ਮੁਲਕ ਪਾਕਿਸਤਾਨ ਦਾ ਸਥਾਨ 75ਵਾਂ ਹੈ।

22 ਜਨਵਰੀ 2018 ਨੂੰ ਔਕਸਫੈਮ ਦੁਆਰਾ ਜਾਰੀ ਕੀਤੀ ਰਿਪੋਰਟ 'ਰਿਵਾਰਡ ਵਰਕ, ਨਾਟ ਵੈਲਥ' ਅਨੁਸਾਰ ਭਾਰਤ ਦੀ ਕੁੱਲ ਜਨਸੰਖਿਆ ਵਿਚੋਂ ਇੱਕ ਫੀਸਦ ਅਤਿ ਦੇ ਅਮੀਰ ਲੋਕਾਂ ਕੋਲ ਮੁਲਕ ਦੀ 73 ਫੀਸਦ ਸੰਪਤੀ ਹੈ ਅਤੇ 2016 ਦੀ ਦੂਸਰੀ ਤਿਮਾਹੀ ਤੋਂ 2017 ਦੀ ਦੂਸਰੀ ਤਿਮਾਹੀ ਦੌਰਾਨ ਪੈਦਾ ਕੀਤੀ ਗਈ ਸੰਪਤੀ ਵਿਚੋਂ 82 ਫੀਸਦ ਹਿੱਸਾ ਇਨ੍ਹਾਂ ਮੁੱਠੀ ਭਰ ਅਤਿ ਦੇ ਅਮੀਰ ਲੋਕਾਂ ਨੂੰ ਗਿਆ ਹੈ ਅਤੇ ਇਸ ਸਮੇਂ ਦੌਰਾਨ ਹੀ ਮੁਲਕ ਵਿਚ ਅਰਬਪਤੀਆਂ ਦੀ ਗਿਣਤੀ ਵਿਚ ਸਭ ਤੋਂ ਵੱਡਾ ਵਾਧਾ ਹੋਇਆ ਹੈ। 2016-17 ਦੌਰਾਨ ਭਾਰਤ ਵਿਚ ਹਰ ਦੋ ਦਿਨਾਂ ਵਿਚ ਇਕ ਅਤਿ ਦਾ ਅਮੀਰ ਅਰਬਪਤੀ ਬਣਿਆ ਹੈ। ਜਨਵਰੀ 2018 ਨੂੰ ਵਿਸ਼ਵ ਆਰਥਿਕ ਮੰਚ (ਡਬਲਿਊ.ਈ.ਐਫ.) ਦੀ ਸ਼ੁਰੂਆਤ ਮੌਕੇ ਖੁਲਾਸਾ ਕੀਤਾ ਗਿਆ ਕਿ ਸਭ ਲਈ ਆਰਥਿਕ ਵਿਕਾਸ ਦੇ ਆਧਾਰ ਉਪਰ ਉਭਰ ਰਹੀਆਂ ਅਰਥਵਿਵਸਥਾਵਾਂ ਵਿਚੋਂ ਭਾਰਤ ਫਾਡੀ ਰਿਹਾ ਹੈ। ਦੁਨੀਆਂ ਦੀਆਂ 79 ਅਰਥਵਿਵਸਥਾਵਾਂ ਦੀ ਦਰਜਾਬੰਦੀ ਕੀਤੀ ਗਈ ਜਿਸ ਵਿਚੋਂ ਭਾਰਤ ਦਾ ਸਥਾਨ 62ਵਾਂ ਆਇਆ ਹੈ, ਜਦੋਂ ਕਿ ਪਾਕਿਸਤਾਨ 47ਵੇਂ, ਸ੍ਰੀਲਕਾ 40ਵੇਂ, ਬਰਾਜ਼ੀਲ 39ਵੇਂ, ਬੰਗਲਾਦੇਸ਼ 34ਵੇਂ, ਚੀਨ 26ਵੇਂ ਅਤੇ ਰੂਸ 19 ਵੇਂ ਸਥਾਨ ਉਪਰ ਰਹੇ। ਵਿਸ਼ਵ ਆਰਥਿਕ ਮੰਚ ਦਾ ਕੁੰਜੀਵਤ ਭਾਸ਼ਨ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਹੋਣ ਨੂੰ ਮੁਲਕ ਲਈ ਮਾਣ ਵਾਲੀ ਗੱਲ ਵਜੋਂ ਦੱਸਿਆ ਜਾ ਰਿਹਾ ਸੀ, ਪਰ ਸਭ ਲਈ ਆਰਥਿਕ ਵਿਕਾਸ ਦੇ ਸਬੰਧ ਵਿਚ ਉਭਰ ਰਹੀਆਂ ਅਰਥਵਿਵਸਥਾਵਾਂ ਵਿਚੋਂ ਭਾਰਤ ਸਿਰਫ ਫਾਡੀ ਹੀ ਨਹੀਂ ਰਿਹਾ, ਸਗੋਂ ਪਾਕਿਸਤਾਨ, ਸ੍ਰੀਲੰਕਾ, ਬਰਾਜ਼ੀਲ ਅਤੇ ਬੰਗਲਾਦੇਸ਼ ਤੋਂ ਪਿੱਛੇ ਹੈ। ਇਸ ਤੋਂ ਪਿਛਲੇ ਸਾਲ ਭਾਰਤ ਦਾ ਇਹ ਦਰਜਾ 60ਵਾਂ ਅਤੇ ਪਾਕਿਸਤਾਨ ਦਾ 52ਵਾਂ ਸੀ।

'ਔਕਸਫੈਮ ਇੰਡੀਆ' ਦੀ ਸੀ.ਈ.ਓ. ਨਿਸ਼ਾ ਅਗਰਵਾਲ ਅਨੁਸਾਰ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਵਿਚ ਵਾਧੇ ਦੀ ਗੂੰਜ ਭਾਰਤੀ ਅਰਥਵਿਵਸਥਾ ਦੇ ਹਰਿਆ-ਭਰਿਆ ਹੋਣ ਦੀ ਨਿਸ਼ਾਨੀ ਨਾ ਹੋ ਕੇ, ਮੁਲਕ ਦੇ ਆਰਥਿਕ ਪ੍ਰਬੰਧ ਦੀ ਅਸਫਲਤਾ ਹੈ। ਮੁਲਕ ਵਿਚ ਜਿਹੜੇ ਲੋਕ ਬਹੁਤ ਸਖ਼ਤ ਮਿਹਨਤ ਕਰਦੇ ਹਨ, ਅਨਾਜ ਪੈਦਾ ਕਰਦੇ ਹਨ, ਬੁਨਿਆਦੀ ਢਾਂਚਾ ਬਣਾਉਂਦੇ ਹਨ ਅਤੇ ਉਦਯੋਗਾਂ ਵਿਚ ਕੰਮ ਕਰਦੇ ਹਨ, ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣ, ਟੱਬਰ ਦੇ ਜੀਆਂ ਲਈ ਦਵਾਈਆਂ ਖ਼ਰੀਦਣ ਅਤੇ ਸਿਰਫ ਦੋ ਡੰਗਾਂ ਦੀ ਰੋਟੀ ਦਾ ਇੰਤਜ਼ਾਮ ਕਰਨ ਲਈ ਸੰਘਰਸ਼ ਕਰ ਰਹੇ ਹਨ।

ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਸਥਾ, ਵਿਸ਼ਵ ਮੁਦਰਾ ਕੋਸ਼, ਬਹੁਕੌਮੀ ਕਾਰਪੋਰੇਸ਼ਨਾਂ ਅਤੇ ਹੋਰ ਬਹੁਤ ਸਾਰੀਆਂ ਸਰਮਾਏਦਾਰ/ਕਾਰਪੋਰੇਟ ਜਗਤ ਪੱਖੀ ਸੰਸਥਾਵਾਂ ਅਤੇ ਇਨ੍ਹਾਂ ਦੇ ਝਾੜੂਬਰਦਾਰ ਅਰਥਵਿਗਿਆਨੀ ਖੁਲ੍ਹੇ ਵਿਸ਼ਵ ਵਪਾਰ ਦੀ ਵਕਾਲਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੇ ਹਨ। ਇਨ੍ਹਾਂ ਸੰਸਥਾਵਾਂ ਅਤੇ ਇਨ੍ਹਾਂ ਦੇ ਸੇਵਕ ਅਰਥਵਿਗਿਆਨੀਆਂ ਵੱਲੋਂ ਉਨ੍ਹਾਂ ਮੁਲਕਾਂ ਦੀਆਂ ਪ੍ਰਾਪਾਤੀਆਂ/ਸੰਭਾਵਨਾਵਾਂ ਦੀ ਅਸਲੀਅਤ ਨੂੰ ਲੁਕਾਉਂਦੇ ਹੋਏ ਉਨ੍ਹਾਂ ਨੂੰ ਵਧਾ-ਚੜ੍ਹਾਅ ਕੇ ਪ੍ਰਚਾਰਿਆ ਜਾਂਦਾ ਹੈ ਜਿਥੇ ਉਨ੍ਹਾਂ ਨੂੰ ਖੁੱਲ੍ਹੀ ਮੰਡੀ ਦਿਖਾਈ ਦਿੰਦੀ ਹੋਵੇ। ਇਹ ਸੰਸਥਾਵਾਂ ਅਤੇ ਇਨ੍ਹਾਂ ਦੇ ਝਾੜੂਬਰਦਾਰ ਅਰਥਵਿਗਿਆਨੀ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਖੁੱਲ੍ਹੀ ਮੰਡੀ ਦੀਆਂ ਸੰਭਾਵਨਾਵਾਂ ਵਾਲੇ ਮੁਲਕਾਂ ਨੂੰ 'ਸ਼ੇਰ' ਦਾ ਰੁਤਬਾ ਦੇਣ ਵਿਚ ਭੋਰਾ ਵੀ ਦੇਰੀ ਨਹੀਂ ਕਰਦੇ। ਖੁੱਲ੍ਹੀ ਮੰਡੀ ਵਾਲੇ ਮੁਲਕਾਂ ਦੇ ਹੁਕਮਰਾਨ 'ਸ਼ੇਰ' ਦੇ ਮਿਲੇ ਰੁਤਬੇ ਨੂੰ ਪ੍ਰਾਪਤੀਆਂ ਵਜੋਂ ਪ੍ਰਚਾਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ ਹਨ।

ਭਾਰਤ ਵਿਚ ਆਰਥਿਕ ਵਿਕਾਸ ਦੇ ਅਪਣਾਏ ਗਏ ਮਾਡਲ ਵਿਚੋਂ ਅਨੇਕਾਂ ਸਮੱਸਿਆਵਾਂ ਉਪਜੀਆਂ ਹਨ। ਇਨ੍ਹਾਂ ਵਿਚੋਂ ਇਕ ਅਹਿਮ ਸਮੱਸਿਆ ਗ਼ਰੀਬੀ ਦੀ ਹੈ। ਮੁਲਕ ਵਿਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਫੀਸਦੀ ਨੂੰ ਘਟਾਉਣ ਲਈ ਵੱਖ ਵੱਖ ਤਿਕੜਮਬਾਜ਼ੀਆਂ ਵਰਤੀਆਂ ਜਾਂਦੀਆਂ ਹਨ। ਭਾਰਤ ਦੇ ਯੋਜਨਾ ਕਮਿਸ਼ਨ, ਜਿਸ ਦਾ ਹੁਣ ਭੋਗ ਪਾ ਕੇ ਨੀਤੀ ਆਯੋਗ ਬਣਾ ਦਿੱਤਾ ਗਿਆ ਹੈ, ਨੇ ਜਿਹੜਾ ਮੰਤਰ ਵਰਤਿਆ ਸੀ, ਉਸ ਅਨੁਸਾਰ ਸ਼ਹਿਰੀ ਇਲਾਕਿਆਂ ਵਿਚ 32 ਰੁਪਏ ਅਤੇ ਪੇਂਡੂ ਇਲਾਕਿਆਂ ਵਿਚ 26 ਰੁਪਏ ਪ੍ਰਤੀ ਜੀਅ, ਪ੍ਰਤੀ ਦਿਨ ਖ਼ਰਚਣ ਵਾਲਿਆਂ ਨੂੰ ਗ਼ਰੀਬ ਨਹੀਂ ਮੰਨਿਆ ਗਿਆ। ਇਕ ਤੱਥ ਧਿਆਨ ਮੰਗਦਾ ਹੈ ਕਿ 26-32 ਰੁਪਏ ਵਿਚ ਤਾਂ ਸਿਰਫ ਇਕ ਡੰਗ ਦਾ ਖਾਣਾ ਵੀ ਨਹੀਂ ਮਿਲ ਸਕਦਾ। ਭਾਰਤ ਵਿਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ/ਫੀਸਦੀ ਬਾਰੇ ਅਰਜਨ ਸੇਨਗੁਪਤਾ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਉਘੀ ਅਰਥਵਿਗਿਆਨੀ ਉਤਸਾ ਪਟਨਾਇਕ ਦੇ ਅਧਿਐਨ ਠੀਕ ਰੋਸ਼ਨੀ ਪਾਉਂਦੇ ਹਨ ਜਿਨ੍ਹਾਂ ਅਨੁਸਾਰ ਮੁਲਕ ਦੇ ਤਿੰਨ-ਚੌਥਾਈ ਦੇ ਕਰੀਬ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।

ਮੁਲਕ ਵਿਚ ਅਪਣਾਏ ਗਏ ਸਰਮਾਏਦਾਰ/ਕਾਰਪੋਰੇਟ ਆਰਥਿਕ ਵਿਕਾਸ ਮਾਡਲ ਨੇ ਮੁਲਕ ਦੀ ਚਾਦਰ (ਆਮ ਲੋਕ) ਦੀ ਗੋਟਾ-ਕਿਨਾਰੀ (ਅਤਿ ਦੇ ਅਮੀਰ ਲੋਕ) ਨੂੰ ਕੁਝ ਸਮੇਂ ਲਈ ਖ਼ੂਬ ਚਮਕਾਇਆ, ਪਰ ਮਾਡਲ ਵਿਚੋਂ ਉਪਜੇ ਅਸਾਵੇਂਪਣ ਨੇ ਵਿਚਾਰੀ ਚਾਦਰ ਵਿਚ ਵੱਡੇ ਵੱਡੇ ਮਘੋਰੇ ਕਰ ਦਿੱਤੇ ਹਨ। ਲੇਖਕ ਅਤੇ ਉਸ ਦੀ ਨਿਗਰਾਨੀ ਹੇਠ ਕੀਤੇ ਗਏ ਵਖ-ਵਖ ਖੋਜ ਕਾਰਜ ਇਹ ਤੱਥ ਸਾਹਮਣੇ ਲਿਆਏ ਹਨ ਕਿ ਮੁਲਕ ਦੇ ਨਿਮਨ ਕਿਸਾਨ, ਖੇਤ ਮਜ਼ਦੂਰ ਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਤੇ ਗ਼ਰੀਬੀ ਵਿਚ ਔਖੀ ਦਿਨਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡ ਕੇ ਜਾਂ ਤਾਂ ਉਹ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁੱਕ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਦੇ ਰਾਹ ਵੀ ਪੈਣ ਲੱਗੇ ਹਨ।

ਮੁਲਕ ਦੇ ਉਦਯੋਗਿਕ ਵਿਕਾਸ ਵਿਚ ਘਰੇਲੂ, ਲਘੂ, ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਅਣਗੋਲਿਆਂ ਛੱਡਣ ਦੇ ਨਾਲ-ਨਾਲ ਸੇਵਾਵਾਂ ਦੇ ਖੇਤਰ ਵਿਚ ਦੋ ਅਹਿਮ ਸੇਵਾਵਾਂ ਸਿੱਖਿਆ ਅਤੇ ਸਿਹਤ ਸੰਭਾਲ ਨੂੰ ਵੀ ਵੱਡੇ ਪੱਧਰ ਉਪਰ ਸਰਮਾਏਦਾਰ/ਕਾਰਪੋਰੇਟ ਜਗਤ ਦੇ ਹਵਾਲੇ ਕਰ ਦਿੱਤਾ ਗਿਆ ਹੈ ਜਿਸ ਦੇ ਨਤੀਜੇ ਵਜੋਂ ਇਨ੍ਹਾਂ ਬੁਨਿਆਦੀ ਸੇਵਾਵਾਂ ਤੱਕ ਪਹੁੰਚ ਸਿਰਫ ਅਮੀਰ ਲੋਕਾਂ ਲਈ ਹੀ ਸੀਮਤ ਹੋ ਗਈ ਹੈ। ਇਸ ਤੋਂ ਬਿਨਾਂ ਭਾਰਤ ਦੀ ਕੁੱਲ ਸ਼ਕਤੀ ਦਾ 93 ਫੀਸਦ ਹਿੱਸਾ ਗ਼ੈਰ-ਰਸਮੀ ਖੇਤਰ ਵਿਚ ਕੰਮ ਕਰਨ ਲਈ ਮਜਬੂਰ ਹੈ, ਜਿਥੇ ਉਹ ਹਰ ਤਰ੍ਹਾਂ ਦੇ ਨਪੀੜਨ ਦਾ ਸ਼ਿਕਾਰ ਹੈ।

ਭਾਰਤ ਦੇ 'ਸਾਰੇ ਲੋਕਾਂ ਲਈ ਕੋਈ ਬੁਨਿਆਦੀ ਆਮਦਨ' ਨੂੰ ਯਕੀਨੀ ਬਣਾਉਣ ਦੀ ਬਜਾਇ ਇਥੋਂ ਦੇ ਸਾਰੇ ਕਿਰਤੀ ਲੋਕਾਂ ਦੀਆਂ ਰੋਟੀ, ਕੱਪੜੇ, ਮਕਾਨ, ਸਿੱਖਿਆ, ਸਿਹਤ ਸੰਭਾਲ, ਸਾਫ ਵਾਤਾਵਰਨ ਤੇ ਸਮਾਜਕ ਸੁਰੱਖਿਆ ਬਾਰੇ ਬੁਨਿਆਦੀ ਲੋੜਾਂ ਨੂੰ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ। ਅਜਿਹਾ ਕਰਨ ਲਈ ਸਰਮਾਏਦਾਰ/ਕਾਰਪੋਰੇਟ ਜਗਤ ਪੱਖੀ ਆਰਥਿਕ ਵਿਕਾਸ ਦੀ ਮਾਡਲ ਥਾਂ ਲੋਕ ਪੱਖੀ ਆਰਥਿਕ ਵਿਕਾਸ ਮਾਡਲ ਅਪਨਾਉਣਾ ਪਵੇਗਾ ਅਤੇ ਇਸ ਦੇ ਨਾਲ-ਨਾਲ ਰਾਜਸੀ ਪੱਧਰ ਉਪਰ ਲੋਕਾਂ ਦੇ ਮਸਲੇ ਹੱਲ ਕਰਨ ਲਈ ਦਬਾ ਵਧਾਉਣਾ ਪਵੇਗਾ। ਇਸ ਸਬੰਧ ਵਿਚ ਚੋਣਾਂ ਤੋਂ ਪਹਿਲਾਂ ਵਖ-ਵਖ ਰਾਜਸੀ ਪਾਰਟੀਆਂ ਵਲੋਂ ਜਾਰੀ ਕੀਤੇ ਜਾਂਦੇ ਚੋਣ ਮੈਨੀਫੈਸਟੋਆਂ ਨੂੰ ਕਾਨੂੰਨੀ ਦਸਤਾਵੇਜ਼ ਬਣਾਇਆ ਜਾਵੇ।

# ਪੰਜਾਬੀ ਜੱਫੀ ਨਿੱਘ ਦਿੰਦੀ ਹੈ ਤੇ ਨਿੱਘ ਮੰਗਦੀ ਹੈ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬ ਸਰਕਾਰ ਦੇ ਸਭਿਆਚਾਰਕ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਪਾਕਿਸਤਾਨ ਫੌਜ ਦੇ ਮੁਖੀ ਜਾਵੇਦ ਬਾਜਵਾ ਨੂੰ ਪਾਈ ਜੱਫੀ ਬੇਲੋੜੀ ਚਰਚਾ ਵਿਚ ਹੈ। ਜੱਫੀ ਪਾ ਕੇ ਮਿਲਣਾ ਪੰਜਾਬੀਆਂ ਦਾ ਮੁਲਾਕਾਤੀ ਅੰਦਾਜ਼ ਹੈ। ਨਿੱਘ ਦੇ ਕੇ ਨਿੱਘ ਦੀ ਆਸ ਰਖਣਾ ਇਸ ਦਾ ਮੂਲ ਮੰਤਵ ਹੈ। ਜੇ ਦੂਜੀ ਧਿਰ ਦੀ ਜੱਫੀ ਠੰਢੀ ਹੈ ਤਾਂ ਉਸ ਦਾ ਅਰਥ ਸਪਸ਼ਟ ਹੈ। ਨਿੱਘ ਦਾ ਪਸਾਰਾ ਰਿਸ਼ਤੇ ਸੁਧਾਰਦਾ ਹੈ। ਜਨਾਬ ਇਮਰਾਨ ਖਾਨ ਵਲੋਂ ਆਪਣੇ ਸਹੁੰ ਚੁੱਕ ਸਮਾਗਮ ਵਿਚ ਨਵਜੋਤ ਸਿੱਧੂ ਨੂੰ ਭੇਜੇ ਗਏ ਸੱਦੇ ਦੀ ਵਖਰੀ ਅਹਿਮੀਅਤ ਹੈ। ਉਹ ਇਹ ਕਿ ਮੌਜੂਦਾ ਪਾਕਿ ਨੀਤੀ ਜਨਤਾ ਤੇ ਜਨਤਾ ਵਿਚਕਾਰ ਦੋਸਤਾਨਾ ਤੇ ਸਭਿਆਚਾਰਕ ਮੇਲ ਮਿਲਾਪ ਦੀ ਮੰਗ ਕਰਦੀ ਹੈ। ਇਸ ਨੂੰ ਫਿਰਕੂ ਤੇ ਦੁਸ਼ਮਣੀ ਵਾਲਾ ਰੰਗ ਦੇਣਾ ਅਤਿਅੰਤ ਮੰਦਭਾਗਾ ਹੈ।

ਇਸ ਬੇਲੋੜੀ ਚਰਚਾ ਨੇ ਮੈਨੂੰ ਆਪਣੀ 1998 ਵਾਲੀ ਪਾਕਿਸਤਾਨ ਫੇਰੀ ਦੀ ਇੱਕ ਘਟਨਾ ਚੇਤੇ ਕਰਵਾ ਦਿੱਤੀ ਹੈ। ਮੈਂ ਤੇ ਮੇਰੀ ਪਤਨੀ ਸੁਰਜੀਤ ਉਸ 18 ਮੈਂਬਰੀ ਟੀਮ ਦੇ ਮੈਂਬਰ ਸਾਂ ਜਿਸ ਨੂੰ ਗੋਆ ਦਾ ਸਾਬਕਾ ਰਾਜਪਾਲ ਕਰਨਲ ਪ੍ਰਤਾਪ ਸਿੰਘ ਗਿੱਲ ਸਵੈ ਸਥਾਪਤ ਭਾਰਤ-ਪਾਕਿਸਤਾਨ ਮਿਲਾਪ ਟਰਸੱਟ ਵਲੋਂ ਲੈ ਕੇ ਗਿਆ ਸੀ। ਜਦੋਂ ਅਸੀਂ ਪਾਕਪਟਨ ਦੇ ਇਲਾਕੇ ਵਿਚ ਵਾਰਿਸ ਸ਼ਾਹ ਦੇ ਮਲਕਾ ਹਾਂਸ ਪਹੁੰਚੇ ਤਾਂ ਭਾਰਤੀ ਸਿੱਖਾਂ ਨੂੰ ਵੇਖ ਕੇ ਮਲਕਾ ਹਾਂਸ ਦੇ ਵਸਨੀਕ ਸਾਡੇ ਜੱਦੀ ਟਿਕਾਣਿਆਂ ਤੋਂ ਜਾਣੂ ਹੋਣ ਪਿਛੋਂ ਆਪਣੇ ਮਾਪਿਆਂ ਕੋਲੋਂ ਸੁਣੀਆਂ ਏਧਰਲੇ ਪੰਜਾਬ ਤੋਂ ਨਿੱਘ ਦੀਆਂ ਗੱਲਾਂ ਛੇੜ ਬੈਠੇ। ਬਹੁਗਿਣਤੀ ਸੁਰਜੀਤ ਦੇ ਜੰਮਣ ਭੋਇੰ ਤਰਨਤਾਰਨ ਤੋਂ ਸੀ। ਉਨ੍ਹਾਂ ਵਲੋਂ ਸੁਰਜੀਤ ਨੂੰ ਮਿਲਣ ਵਾਲਾ ਪਿਆਰ ਵੇਖ ਕੇ ਮੇਰੇ ਮੂੰਹੋਂ ਨਿਕਲ ਗਿਆ, 'ਕੋਈ ਮੇਰੇ ਵਲ ਵੀ ਆਓ, ਮੈਂ ਹੁਸ਼ਿਆਰਪੁਰ ਦਾ ਹਾਂ।' ਇਹ ਸੁਣਦੇ ਸਾਰ ਇੱਕ ਝਾੜੂ ਦੇਣ ਵਾਲੀ ਕੁੜੀ ਝਾੜੂ ਸਮੇਤ ਮੇਰੇ ਵੱਲ ਵਧੀ ਤੇ ਮੇਰੀ ਬੁਕਲ ਵਿਚ ਆ ਕੇ ਮੈਨੂੰ ਜੱਫੀ ਪਾ ਲਈ। ਉਸ ਦੇ ਮਾਪੇ ਅਜੜਾਮ ਤੋਂ ਓਧਰ ਗਏ ਸਨ ਤੇ ਉਹ ਕੇਵਲ ਏਨਾ ਹੀ ਜਾਣਦੀ ਸੀ ਕਿ ਅਜੜਾਮ ਜ਼ਿਲਾ ਹੁਸ਼ਿਆਰਪੁਰ ਦਾ ਇਕ ਕਸਬਾ ਹੈ ਤੇ ਉਸ ਪਿੰਡ ਦੇ ਵਸਨੀਕ ਉਸ ਦੇ ਮਾਪਿਆਂ ਨੂੰ ਕੈਂਪ ਤੱਕ ਸੁਰਖਿਅਤ ਛੱਡ ਕੇ ਗਏ ਸਨ। ਉਹ ਮੇਰੇ ਨਾਲ ਏਦਾਂ ਚਿੰਬੜ ਗਈ ਜਿਵੇਂ ਮੈਂ ਉਸ ਦਾ ਬਾਪ-ਦਾਦਾ ਹੋਵਾਂ। ਮੈਂ ਉਸ ਦੇ ਸਿਰ ਉਤੇ ਪਿਆਰ ਦਿੱਤਾ ਤਾਂ ਮੈਨੂੰ ਵੀ ਜਾਪਿਆ ਜਿਵੇਂ ਉਹ ਮੇਰੇ ਪਿੰਡ ਦੀ ਧੀ ਹੋਵੇ।

ਇਸ ਤੋਂ ਪਹਿਲਾਂ 1965 ਦੀ ਭਾਰਤ-ਪਾਕਿ ਜੰਗ ਸਮੇਂ ਅਸੀਂ ਰਾਤੀਂ ਨਦੀ ਦੇ ਕੰਢੇ ਤਾਇਨਾਤ ਆਪਣੇ ਭਤੀਜੇ ਮੇਜਰ ਪੰਨੂੰ ਨੂੰ ਮਿਲਣ ਗਏ ਤਾਂ ਕੀ ਵੇਖਦੇ ਹਾਂ ਕਿ ਪਾਕਿਸਤਾਨੀ ਸੈਨਿਕ ਨਦੀ ਵਿਚੋਂ ਤੈਰਦੇ ਸਾਡੇ ਵਲ ਆ ਰਹੇ ਹਨ। ਪਤਾ ਲੱਗਾ ਕਿ ਅਖਰੋਟ ਤੇ ਬਦਾਮ ਲੈ ਕੇ ਆ ਰਹੇ ਸਨ ਅਤੇ ਉਨ੍ਹਾਂ ਨੇ ਸਾਡੇ ਜਵਾਨਾਂ ਨੂੰ ਖੁਸ਼ਕ ਫਲ ਦੇ ਕੇ ਇਨ੍ਹਾਂ ਕੋਲੋਂ ਰਮ ਦੀਆਂ ਬੋਤਲਾਂ ਲੈ ਜਾਣੀਆਂ ਸਨ। ਲੜਾਈ ਦਾ ਬਿਗਲ ਵਜਦੇ ਸਾਰ, ਏਧਰ ਤੇ ਓਧਰ ਦੇ ਫੌਜੀਆਂ ਨੇ ਇੱਕ ਦੂਜੇ ਦੇ ਦੁਸ਼ਮਣ ਹੋ ਜਾਣਾ ਸੀ। ਇਤਿਹਾਸ ਦੇ ਟਿੱਪਣੀਕਾਰ ਤਾਂ ਇਹ ਵੀ ਕਹਿੰਦੇ ਹਨ ਕਿ ਸੁਲਾਹ ਹੋਣ ਤੱਕ ਮਹਾਂ ਸਿਕੰਦਰ ਰਾਜਾ ਪੋਰਸ ਦਾ ਦੁਸ਼ਮਣ ਸੀ ਤੇ ਰਾਜ਼ੀਨਾਮਾ ਹੋਣ ਉਪਰੰਤ ਪੋਰਸ ਨੇ ਉਹਦੇ ਕੋਲੋਂ ਉਹੀਓ ਸਲੂਕ ਮੰਗਿਆ ਸੀ ਜੋ ਇੱਕ ਬਾਦਸ਼ਾਹ ਦੂਜੇ ਬਾਦਸ਼ਾਹ ਨੂੰ ਦਿੰਦਾ ਹੈ। ਸਿੱਧੂ-ਬਾਜਵਾ ਗਲਵਕੜੀ ਨੂੰ ਏਸੇ ਪਿਛੋਕੜ ਵਿਚ ਵੇਖਣ ਦੀ ਲੋੜ ਹੈ।

**ਦੁੱਬਈ ਜਾਣ ਵਾਲਿਆਂ ਦਾ ਕੱਚ-ਸੱਚ:** 1978 ਵਿਚ ਅੰਗਰੇਜ਼ੀ ਰਸਾਲੇ 'ਇਲਸਟ੍ਰੇਟਿਡ ਵੀਕਲੀ' ਦਾ ਸੰਪਾਦਕ ਐਮ. ਵੀ. ਕਾਮਤ ਪੰਜਾਬ ਐਗਰੀਕਲਚਰਲ ਯੂਨੀਵਰਸਟੀ ਲੁਧਿਆਣਾ ਦੀ ਫੇਰੀ ਉਤੇ ਆਇਆ ਤਾਂ ਉਸ ਨੇ ਪੰਜਾਬ ਦੇ ਪਿੰਡ ਤੇ ਲੋਕ ਵੇਖਣੇ ਚਾਹੇ। ਮੈਂ ਉਸ ਨੂੰ ਖੁਲ੍ਹੀ ਛੁੱਟ ਦਿੱਤੀ ਕਿ ਜਿੱਥੇ ਚਾਹੇ ਗੱਡੀ ਰੁਕਵਾ ਲਵੇ। ਅਸੀਂ ਨੀਲੋਂ ਦਾ ਪੁਲ ਲੰਘ ਕੇ ਇੱਕ ਪਿੰਡ ਵਿਚ ਰੁਕੇ ਤਾਂ ਤਾਸ਼ ਖੇਡਦੀਆਂ ਢਾਣੀਆਂ ਸਮੇਤ 25-30 ਬੰਦੇ ਇਕਠੇ ਹੋ ਗਏ। ਉਹ ਸਾਨੂੰ ਕੁਰਸੀਆਂ ਉਤੇ ਬਿਠਾ ਕੇ ਆਪ ਸਾਹਮਣੇ ਬਹਿ ਗਏ। ਇੱਕ ਦੋ ਗੱਲਾਂ ਪੁੱਛਣ ਪਿਛੋਂ ਕਾਮਤ ਨੇ ਬਹੁਤ ਪਿੱਛੇ ਬੈਠੇ ਇੱਕ ਮੰਡਾਸਾ ਮਾਰੀ ਬੈਠੇ ਇਕ ਨੌਜਵਾਨ ਨੂੰ ਪੁੱਛਿਆ ਕਿ ਉਹ ਆਪਣੇ ਪਿੰਡ ਤੋਂ ਬਾਹਰ ਕਿੰਨੀ ਕੁ ਦੂਰ ਗਿਆ ਹੈ। ਉਸ ਨੂੰ ਕਾਮਤ ਦਾ ਸਵਾਲ ਸਮਝਾਇਆ ਤਾਂ ਉਹ ਖੜਾ ਹੋ ਕੇ ਬੋਲਿਆ, 'ਮੈਂ ਜੀ? ਮੈਂ ਤਾਂ ਕੇਵਲ ਦੁੱਬਈ ਤੱਕ ਹੀ ਗਿਆ ਹਾਂ।' ਕਾਮਤ ਨੇ ਸੋਚਿਆ ਸੀ ਕਿ ਉਹ ਲੁਧਿਆਣਾ ਜਾਂ ਚੰਡੀਗੜ੍ਹ ਤੱਕ ਗਿਆ ਹੋਵੇਗਾ। ਉਸ ਦੇ ਮੂੰਹੋਂ ਦੁੱਬਈ ਸੁਣ ਕੇ ਕਾਮਤ ਦੀਆਂ ਅੱਖਾਂ ਹੈਰਾਨੀ ਦੇ ਪਾਣੀ ਨਾਲ ਭਰ ਗਈਆਂ।

ਪਿਛਲੇ ਦਿਨੀਂ ਮੇਰੀ ਮਾਸੀ ਦੀ ਧੀ ਤਰਲੋਚਨ ਕੌਰ ਲੰਡਨ ਤੋਂ ਸੰਸਾਰ ਸਫਰ 'ਤੇ ਨਿਕਲੀਆਂ ਆਪਣੀਆਂ ਭੈਣਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦੁੱਬਈ ਮਿਲ ਕੇ ਆਈ ਹੈ। ਸਾਰੇ ਇਕ ਹਫਤਾ ਉਥੇ ਰਹੇ। ਤਰਲੋਚਨ ਵਾਲੀ ਟੋਲੀ ਨੂੰ ਦੁਨੀਆਂ ਦੀ ਸਭ ਤੋਂ ਉਚੀ 163 ਮੰਜ਼ਲੀ ਇਮਾਰਤ ਬੁਰਜ ਖਲੀਫਾ ਦੀ 125ਵੀਂ ਮੰਜ਼ਿਲ ਤੱਕ ਵੀ ਲਿਜਾਇਆ ਗਿਆ ਜਿਥੋਂ ਉਹ ਸਾਰੀ ਦੁੱਬਈ ਦਾ ਨਜ਼ਾਰਾ ਵੇਖ ਸਕਦੇ ਹਨ। ਉਸ ਨੇ ਦੱਸਿਆ ਕਿ ਉਨ੍ਹਾਂ ਨੇ ਦੁੱਬਈ ਵਿਖੇ ਸ਼ੇਖਾਂ ਦੇ ਸੁਨਹਿਰੀ ਰੰਗਾਂ ਵਾਲੇ ਕਾਰਾਂ ਦੇ ਪਹੀਏ ਹੀ ਨਹੀਂ ਵੇਖੇ, ਉਨ੍ਹਾਂ ਗੱਡੀਆਂ ਵਿਚ ਦੂਰ ਤੱਕ ਫੈਲੇ ਰੇਤ ਦੇ ਟਿੱਬਿਆਂ ਦੀ ਸੈਰ ਵੀ ਕੀਤੀ ਜਿਨ੍ਹਾਂ ਦੇ ਪਹੀਆਂ ਵਿਚ ਏਨੀ ਥੋੜ੍ਹੀ ਹਵਾ ਭਰੀ ਹੋਈ ਸੀ ਕਿ ਗੱਡੀਆਂ ਰੇਤ ਦੇ ਟਿੱਬਿਆਂ ਉਤੇ ਤੈਰਦੀਆਂ ਜਾਪਦੀਆਂ ਸਨ। ਉਥੇ ਸਭ ਦੀਆਂ ਸਭ ਮੋਟਰ ਗੱਡੀਆਂ ਪੂਰੇ ਤੌਰ 'ਤੇ ਏਅਰਕੰਡੀਸ਼ਨਡ ਹਨ ਪਰ ਉਨ੍ਹਾਂ ਗੱਡੀਆਂ ਵਿਚ ਇਹ ਸੁਵਿਧਾ ਉਕਾ ਹੀ ਨਹੀਂ ਜੋ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ, ਚੀਨੀ, ਜਪਾਨੀ ਆਦਿ ਮਜ਼ਦੂਰਾਂ ਨੂੰ 30-35 ਮੀਲ ਦੀ ਦੂਰੀ ਤੋਂ ਚੁੱਕ ਕੇ ਲਿਆਉਂਦੀਆਂ ਹਨ। ਇਹ ਕਾਮੇ ਦੁੱਬਈ ਤੋਂ ਬਹੁਤ ਦੂਰ ਤੰਬੂਆਂ ਵਾਲੇ ਕੈਂਪਾਂ ਵਿਚ ਰਹਿੰਦੇ ਹਨ ਤੇ ਰਾਤ ਨੂੰ ਰੇਤ ਤੋਂ ਪੈਦਾ ਹੋਈਆਂ ਹਵਾਵਾਂ 'ਚ ਸੌਂਦੇ ਹਨ। ਠੀਕ ਹੀ ਨੀਲੋਂ ਇਲਾਕੇ ਵਾਲਾ ਨੌਜਵਾਨ ਮੁੜ ਆਪਣੇ ਪਿੰਡ ਆ ਗਿਆ ਸੀ।

**ਅੰਤਿਕਾ: ਸਾਧੂ ਸਿੰਘ ਹਮਦਰਦ**

ਆਪ ਵੀ ਤਾਂ ਪਿਆਰ ਕਰਦੈ ਹੂਰ ਨੂੰ
ਸ਼ੇਖ ਫਿਰ ਮੈਨੂੰ ਹੀ ਕਿਉਂ ਹੈ ਘੂਰਦਾ?

# ਹਿੰਦੋਸਤਾਨ ਜੀਵੇ, ਪਾਕਿਸਤਾਨ ਜੀਵੇ, ਜੀਵੇ ਸਾਰਾ ਜਹਾਨ

ਪ੍ਰਿੰ. ਸਰਵਣ ਸਿੰਘ

ਸਰਬਤ ਦੇ ਭਲੇ ਦਾ ਪੈਗ਼ਾਮ ਲੈ ਕੇ ਪਾਕਿਸਤਾਨ ਗਏ ਨਵਜੋਤ ਸਿੰਘ ਸਿੱਧੂ ਨੇ ਜੋ ਕੁਝ ਕਿਹਾ, ਉਹ ਸਰਹੱਦ ਦੇ ਦੋਹੀਂ ਪਾਸੀਂ ਵਸਦੇ ਪੰਜਾਬੀਆਂ ਦੇ ਦਿਲਾਂ ਦੀ ਆਵਾਜ਼ ਸੀ। ਵਾਹਗਾ ਬਾਰਡਰ ਲੰਘਦਿਆਂ ਇਸ ਆਵਾਜ਼ ਦੇ ਪਹਿਲੇ ਬੋਲ ਸਨ, "ਹਿੰਦੋਸਤਾਨ ਜੀਵੇ, ਪਾਕਿਸਤਾਨ ਜੀਵੇ, ਅਮਨ ਅਮਾਨ ਨਾਲ ਸਾਰਾ ਜਹਾਨ ਜੀਵੇ।" ਕਥਿਤ 'ਰਾਸ਼ਟਰਵਾਦੀ' ਦੱਸਣ, ਕੀ ਗਲਤ ਕਿਹਾ ਸਿੱਧੂ ਨੇ? ਕਿਹੜਾ ਦੇਸ਼ ਧ੍ਰੋਹ ਹੈ, ਇਹਦੇ ਵਿਚ? ਦੋਹਾਂ ਦੇਸ਼ਾਂ ਦੇ ਆਮ ਤੇ ਖਾਸ ਕਰ ਪੰਜਾਬੀ ਲੋਕ ਹਿੰਦ/ਪਾਕਿ ਵਿਚ ਦੋਸਤੀ ਤੇ ਅਮਨ ਚਾਹੁੰਦੇ ਹਨ।

ਦੇਸ਼ ਦੀ ਵੰਡ ਵੇਲੇ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਦਾ ਹੋਇਆ। 'ਆਜ਼ਾਦੀ' ਦੋਹਾਂ ਪਾਸਿਆਂ ਦੇ ਪੰਜਾਬੀਆਂ ਦੀਆਂ ਲੱਖਾਂ ਜਾਨਾਂ ਲੈ ਗਈ, ਉਨ੍ਹਾਂ ਦੇ ਘਰ-ਬਾਰ ਉਜੜ ਗਏ, ਅਜ਼ਮਤਾਂ ਲੁੱਟੀਆਂ ਗਈਆਂ ਤੇ ਹਜ਼ਾਰਾਂ ਪਰਿਵਾਰ ਆਰ-ਪਾਰ ਵਿਛੜ ਗਏ। ਬਾਜਵੇ, ਸਿੱਧੂ ਅਤੇ ਹੋਰ ਬਰਾਦਰੀਆਂ ਦੇ ਪਰਿਵਾਰ ਓਧਰ ਵੀ ਹਨ ਤੇ ਏਧਰ ਵੀ। ਵਰ੍ਹਿਆਂ ਤੋਂ ਵਿਛੜੇ ਲਹੂ ਦੇ ਰਿਸ਼ਤੇ ਮੁੜ ਮਿਲਣ ਲਈ ਤਰਸ ਰਹੇ ਹਨ।

ਬਰਲਿਨ ਦੀ ਦੀਵਾਰ ਢੱਠ ਗਈ। ਦੋਵੇਂ ਕੋਰੀਆ ਇਕ ਹੋ ਰਹੇ ਹਨ। ਦਿੱਲੀ ਵਾਲੇ ਕਦੇ ਤਾਂ ਪੰਜਾਬੀਆਂ ਦਾ ਦੁੱਖ ਸਮਝਣ, ਕਦੇ ਤਾਂ ਦੁਖੀਆਂ ਦੀ ਸਾਰ ਲੈਣ। ਹਿੰਦ-ਪਾਕਿ ਦੁਸ਼ਮਣੀ ਦੀ ਅੱਗ ਬਾਲੀ ਰੱਖਣ ਨਾਲ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਦਾ ਹੋ ਰਿਹੈ। ਕਦੇ ਸਰਹੱਦੀ ਝੜਪ, ਕਦੇ ਜੰਗ। ਹਿੰਦ-ਪਾਕਿ ਦੁਸ਼ਮਣੀ ਪੰਜਾਬੀਆਂ ਨੂੰ ਲੈ ਬੈਠੀ ਹੈ। ਸਿੱਧੂ ਸ਼ਾਂਤੀ ਦਾ ਦੂਤ ਬਣ ਕੇ ਪਾਕਿਸਤਾਨ ਗਿਆ ਸੀ ਤਾਂ ਕਿ ਦੋਹਾਂ ਦੇਸ਼ਾਂ ਵਿਚ ਦੁਸ਼ਮਣੀ ਤੇ ਵੈਰ ਵਿਰੋਧ ਦੀ ਅੱਗ ਠੰਢੀ ਪਵੇ।

ਅਜੇ ਕੱਲ੍ਹ ਦੀ ਗੱਲ ਹੈ। ਕਥਿਤ 'ਸਰਜੀਕਲ ਸਟਰਾਈਕ' ਦੇ ਨਾਂ 'ਤੇ ਪੰਜਾਬੀਆਂ ਦਾ ਬੇਲੋੜਾ ਨੁਕਸਾਨ ਹੋਇਆ। ਦਿੱਲੀ ਤੋਂ ਫੌਰੀ ਹੁਕਮ ਆਇਆ ਕਿ ਪਾਕਿਸਤਾਨ ਦੀ ਸਰਹੱਦ ਨਾਲ ਦਸ ਕਿਲੋਮੀਟਰ ਤਕ ਵਸਦੇ ਪੰਜਾਬ ਦੇ 987 ਪਿੰਡ ਚਾਰ ਘੰਟਿਆਂ ਵਿਚ ਖਾਲੀ ਕਰਾ ਦਿੱਤੇ ਜਾਣ। ਕਿਸੇ ਨਾ ਪੁੱਛਿਆ ਪਈ ਕਿਉਂ? ਗੁਰਦੁਆਰਿਆਂ ਦੇ ਲਾਊਡ ਸਪੀਕਰਾਂ ਤੋਂ ਬੁਲਾ ਦਿੱਤਾ ਗਿਆ ਕਿ ਤੁਰਤ ਖਾਲੀ ਕਰ ਦਿਓ ਬਾਰਡਰ ਨਾਲ ਦਾ ਇਲਾਕਾ। ਹਜ਼ਾਰ ਪਿੰਡਾਂ 'ਚ ਵਸਦੇ ਲੱਖਾਂ ਇਨਸਾਨਾਂ, ਪਸ਼ੂਆਂ, ਲੱਖਾਂ ਏਕੜ ਪੱਕੀਆਂ ਫਸਲਾਂ, ਖੇਤੀ, ਸਹਾਇਕ ਧੰਦਿਆਂ ਤੇ ਅਰਬਾਂ ਖਰਬਾਂ ਦੀ ਜਾਇਦਾਦ ਨੂੰ ਚਾਰ ਘੰਟਿਆਂ 'ਚ ਖਾਲੀ ਕਰ ਦੇਣਾ ਤੇ ਉਹ ਵੀ ਬਿਨਾ ਕਿਸੇ ਅਗਾਊਂ ਸੂਚਨਾ ਅਤੇ ਰਿਹਾਇਸ਼ੀ ਪ੍ਰਬੰਧ ਦੇ, ਏਦੂੰ ਵੱਡਾ ਉਜਾੜਾ ਹੋਰ ਕੀ ਹੋ ਸਕਦੈ? ਜਿਨ੍ਹਾਂ 'ਤੇ ਬੀਤੀ ਉਹਦਾ ਦੁੱਖ ਉਹੀ ਜਾਣਦੇ ਹਨ।

ਖੜ੍ਹੇ ਪੈਰ ਪੱਕੀਆਂ ਫਸਲਾਂ, ਖੇਤੀਬਾੜੀ ਦੇ ਸੰਦ, ਬੰਬੀਆਂ, ਲਵੇਰੇ ਤੇ ਭਰੇ ਭਰਾਏ ਘਰ ਬਾਰ ਸੁੰਨੇ ਛੱਡ, ਜਿਨ੍ਹਾਂ ਨੂੰ ਭੱਜਣਾ ਪੈਣਾ ਸੀ, ਉਨ੍ਹਾਂ ਦਾ ਜੰਗ ਨਾਲ ਕੋਈ ਲਾਗਾ-ਦੇਗਾ ਨਹੀਂ ਸੀ। ਕੋਈ ਕਸੂਰ ਨਹੀਂ ਸੀ ਉਨ੍ਹਾਂ ਦਾ। ਦੋਨਾਂ ਪਾਸਿਆਂ ਦੇ ਵੀਹ-ਤੀਹ ਬੰਦੇ ਮਰਨ/ਮਾਰਨ ਦੀ ਸਜ਼ਾ ਪੰਜਾਬ ਦੇ ਲੱਖਾਂ ਲੋਕਾਂ ਨੂੰ ਦੇ ਦਿੱਤੀ ਗਈ। ਦਿੱਲੀ ਵਾਲੇ ਬਾਘੀਆਂ ਪਾਉਂਦੇ ਰਹੇ। ਕੀ ਇਹ ਸੱਚਮੁੱਚ ਭਾਰਤ ਦੀ 'ਜਿੱਤ' ਸੀ? ਜੇ 'ਜਿੱਤ' ਸੀ ਤਾਂ ਹਜ਼ਾਰ ਪਿੰਡ ਕਾਹਦੇ ਲਈ ਖਾਲੀ ਕਰਾਉਣੇ ਸਨ?

ਸੋਚੋ, ਜੇ ਦਿੱਲੀ ਵਾਲਿਆਂ ਨੂੰ ਬਿਨਾ ਅਗਾਊਂ ਸੂਚਨਾ ਦੇ ਅਚਾਨਕ ਹੁਕਮ ਚਾੜ੍ਹ ਦਿੱਤਾ ਜਾਵੇ ਕਿ ਚਹੁੰ ਘੰਟਿਆਂ ਵਿਚ ਦਿੱਲੀ ਖਾਲੀ ਕਰ ਦਿਓ ਤਾਂ ਕੀ ਉਹ ਦਿੱਲੀ ਖਾਲੀ ਕਰ ਦੇਣਗੇ? ਹਾਲਾਂ ਕਿ ਦਿੱਲੀ ਵਾਲਿਆਂ ਕੋਲ ਨਾ ਪਸ਼ੂਆਂ, ਨਾ ਫਸਲਾਂ ਤੇ ਨਾ ਹੀ ਖੇਤੀ ਦੇ ਸੰਦਾਂ ਦਾ ਖਿਲਾਰਾ ਹੈ। ਉਨ੍ਹਾਂ ਕੋਲ ਘਰਾਂ 'ਚੋਂ ਚੁੱਕਿਆ ਜਾਣ ਵਾਲਾ ਛੋਟਾ ਮੋਟਾ ਸਮਾਨ ਹੀ ਹੈ ਤੇ ਸਮਾਨ ਲੈ ਜਾਣ ਲਈ ਬਹੁਤਿਆਂ ਕੋਲ ਆਪਣੀਆਂ ਗੱਡੀਆਂ ਹਨ। ਫਿਰ ਵੀ ਦਿੱਲੀ ਵਾਲੇ ਦੱਸਣ, ਕੀ ਉਹ ਚਾਰ ਘੰਟਿਆਂ ਵਿਚ ਦਿੱਲੀ ਖਾਲੀ ਕਰ ਦੇਣਗੇ? ਅਜਿਹੇ ਚੰਭਲੇਵੇਂ ਦਾ ਜਵਾਬ ਅੱਗ ਲਾਊ ਮੀਡੀਆ ਵੀ ਦੇਵੇ।

ਜੰਗ ਦੀ ਬਲਾ ਹਿੰਦ-ਪਾਕਿ ਦੇ ਲੋਕਾਂ, ਖਾਸ ਕਰ ਦੋਹਾਂ ਦੇਸ਼ਾਂ ਦੇ ਪੰਜਾਬੀਆਂ ਦੇ ਗਲ ਵਾਰ ਵਾਰ ਕਿਉਂ ਪਾਈ ਜਾ ਰਹੀ ਹੈ? ਦਿੱਲੀ ਵੱਲੋਂ ਪੰਜਾਬ ਨਾਲ ਵਾਰ ਵਾਰ ਅਨਿਆਂ ਕਰਨ ਦੇ ਫੈਸਲੇ ਮੰਨਦੇ ਆ ਰਹੇ ਪੰਜਾਬ ਦੇ ਸਿਆਸੀ ਆਗੂ ਪੰਜਾਬ ਨੂੰ ਪਹਿਲਾਂ ਹੀ ਕੰਗਾਲ ਕਰ ਚੁੱਕੇ ਹਨ। ਜੇ ਪੰਜਾਬੀ ਹੁਣ ਵੀ ਨਾ ਜਾਗੇ ਤਾਂ ਪੰਜਾਬ ਦਾ ਜੋ ਕੁਝ ਵੀ ਬਚਿਆ ਹੈ, ਉਹ ਵੀ ਬੰਨੇ ਲੱਗਾ ਸਮਝੋ। ਪੰਜਾਬ ਨੂੰ ਰੇਗਿਸਤਾਨ ਬਣਾਉਣਾ ਤਾਂ ਤੈਅ ਹੋ ਹੀ ਗਿਐ!

ਕਿਸੇ ਨਹੀਂ ਸੋਚਿਆ ਕਿ ਹਜ਼ਾਰ ਪਿੰਡ ਤੁਰੰਤ ਖਾਲੀ ਕਰਾਉਣੇ ਕਾਹਦੇ ਲਈ ਜ਼ਰੂਰੀ ਹੋ ਗਏ? ਉਜੜਨ ਵਾਲੇ ਲੋਕ ਸੁਆਲ ਕਰਦੇ ਰਹੇ, ਜੇ ਖੜ੍ਹੇ ਪੈਰ ਸੈਂਕੜੇ ਪਿੰਡ ਖਾਲੀ ਕਰਾਉਣੇ ਸਨ ਤਾਂ ਫੌਜਾਂ ਕਾਹਦੇ ਲਈ ਹਨ? ਕਿਸੇ ਥਾਂ ਦੂਜਿਆਂ ਦੇ ਦਸ ਵੀਹ ਬੰਦੇ ਮਾਰ ਕੇ ਆਪਣੇ ਲੱਖਾਂ ਲੋਕਾਂ ਨੂੰ ਭਾਜੜਾਂ ਪਾ ਦੇਣੀਆਂ, ਕਿਧਰਲੀ ਸਿਆਣਪ ਸੀ ਤੇ ਕਿਧਰ ਦੀ ਬਹਾਦਰੀ? ਬਹਾਦਰੀ ਤਦ ਸੀ ਜੇ ਸਿਆਸੀ ਨੇਤਾ ਸਰਹੱਦਾਂ 'ਤੇ ਆਪ ਕੰਧ ਬਣ ਕੇ ਖੜ੍ਹਦੇ।

ਪੁੱਛੋ ਵਿਚਾਰੇ ਬਿਪਤਾ ਦੇ ਮਾਰੇ ਸਰਹੱਦੀ ਲੋਕਾਂ ਨੂੰ, ਜਿਨ੍ਹਾਂ 'ਤੇ ਅਚਾਨਕ ਮੁਸੀਬਤਾਂ ਦੇ ਪਹਾੜ ਢਾਹ ਦਿੱਤੇ ਗਏ। 1400 ਸਕੂਲ ਬੰਦ ਕਰ ਦਿੱਤੇ ਗਏ, ਹਨੇਰੇ 'ਚ ਕੋਈ ਚਾਨਣ ਨਹੀਂ ਸੀ ਕਰ ਸਕਦਾ ਤੇ ਉਚੀ ਸਾਹ ਵੀ ਨਹੀਂ ਸੀ ਲੈ ਸਕਦਾ। ਅਜਿਹੇ ਮਾਹੌਲ ਵਿਚ ਕੌਣ ਸਾਂਭਦਾ ਪੱਕੀਆਂ ਫਸਲਾਂ? ਕੀ ਬਣਿਆ ਉਨ੍ਹਾਂ ਬੀਮਾਰਾਂ ਦਾ ਜੋ ਮੰਜਿਆਂ ਤੋਂ ਉਠ ਵੀ ਨਹੀਂ ਸੀ ਸਕਦੇ। ਨਿੱਕੇ ਨਿਆਣਿਆਂ ਦਾ, ਅਪਾਹਜਾਂ ਦਾ, ਉਨ੍ਹਾਂ ਦੀ ਖਾਧ ਖੁਰਾਕ ਦਾ, ਸਾਂਭ ਸੰਭਾਲ ਦਾ, ਵਿਆਹ ਸਾਹਿਆਂ ਦਾ, ਜਣੇਪਿਆਂ ਦਾ, ਸੂਣ ਵਾਲੇ ਤੇ ਸੂਏ ਲਵੇਰਿਆਂ ਦਾ, ਪੋਲਟਰੀ ਫਾਰਮਾਂ ਦਾ ਤੇ ਪਾਲੀਆਂ ਫਸਲਾਂ ਦਾ? ਬਿਪਤਾ ਇਕ ਨਹੀਂ ਹਜ਼ਾਰਾਂ ਸਨ। ਕੀ ਕਦੇ ਪੁਣ ਛਾਣ ਕੀਤੀ ਹੈ ਕਿ ਕੀਹਨੇ ਅਮਨ ਅਮਾਨ ਚਾਹੁੰਦੇ ਲੋਕਾਂ ਨੂੰ ਬਲਦੀ ਦੇ ਬੂਥੇ ਦਿੱਤਾ?

ਪੰਜਾਬ ਪਹਿਲਾਂ ਹੀ ਕੇਂਦਰ ਦਾ ਦੋ ਲੱਖ ਕਰੋੜ ਰੁਪਏ ਦਾ ਕਰਜ਼ਈ ਹੈ। ਪੰਜਾਬ ਨੂੰ ਨਾ ਕਦੇ ਤਬਾਹ ਹੋਈਆਂ ਫਸਲਾਂ ਦਾ ਯੋਗ ਮੁਆਵਜ਼ਾ ਮਿਲਿਆ, ਨਾ ਖੇਤੀ ਜਿਣਸਾਂ ਦਾ ਬਣਦਾ ਭਾਅ ਤੇ ਨਾ ਦਰਿਆਈ ਪਾਣੀਆਂ ਦੀ ਰਾਇਲਟੀ। ਨਾ ਚੰਡੀਗੜ੍ਹ, ਨਾ ਦਰਿਆਈ ਹੈਡ ਵਰਕਸ, ਨਾ ਪੰਜਾਬੀ ਬੋਲਦੇ ਇਲਾਕੇ ਤੇ ਨਾ ਸੂਬਾਈ ਖੁਦਮੁਖਤਾਰੀ। ਨਾ ਭਾਰਤ-ਪਾਕਿ ਜੰਗਾਂ ਦੇ ਉਜਾੜੇ ਦੀ ਅਤੇ ਨਾ ਦਰਿਆਈ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਕਦੇ ਪੂਰਤੀ ਕੀਤੀ। ਦਰਿਆਈ ਪਾਣੀਆਂ ਦਾ ਫਾਇਦਾ ਲਈ ਜਾਣਾ ਪਰ ਦਰਿਆਈ ਹੜ੍ਹਾਂ ਨਾਲ ਹੁੰਦੇ ਪੰਜਾਬੀਆਂ ਦੇ ਨੁਕਸਾਨ ਤੋਂ ਪਾਸਾ ਵੱਟੀ ਜਾਣਾ! ਦਰਿਆਵਾਂ ਪੇਟੇ ਪਈ ਕੀਮਤੀ ਜਮੀਨ ਬਦਲੇ ਕੀ ਦਿੱਤਾ ਹੁਣ ਤਕ ਪੰਜਾਬ ਨੂੰ?

ਜਿਹੜੇ 'ਦੇਸ਼ ਭਗਤ', ਸਿੱਧੂ ਦੇ ਹਿੰਦ-ਪਾਕਿ ਵਿਚਾਲੇ ਗਲਵੱਕੜੀ ਪੁਆਉਂਦੇ ਅਤੇ ਪਿਆਰ ਮੁਹੱਬਤ ਜਤਾਉਂਦੇ ਬੋਲਾਂ 'ਤੇ ਔਖੇ ਹੋ ਰਹੇ ਹਨ, ਉਹ ਦੱਸਣ ਕੀ ਸਿੱਧੂ ਪਾਕਿਸਤਾਨ ਪਹੁੰਚ ਕੇ ਪ੍ਰਾਹੁਣਚਾਰੀ ਕਰਦੇ ਮੇਜ਼ਬਾਨਾਂ ਨੂੰ ਮਿਹਣੇ ਮਾਰਦਾ? ਉਨ੍ਹਾਂ ਨੂੰ ਹਮਲਾਵਰ ਗਰਦਾਨਦਾ? ਗੁਰੂ ਨਾਨਕ ਦੇਵ ਦੇ ਵਰੋਸਾਏ ਨਗਰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਦੋਂ ਜਰਨੈਲ ਬਾਜਵਾ ਬਾਬੇ ਨਾਨਕ ਦੇ ਪੈਰੋਕਾਰਾਂ ਨੂੰ ਲਾਂਘਾ ਦੇਣ ਦੀ ਗੱਲ ਕਰਦਾ ਤਾਂ ਕੀ ਉਸ ਦੇ ਗਲੇ ਲੱਗਣ ਦੀ ਥਾਂ ਉਹਦੇ ਗਲ ਪੈਂਦਾ? ਕਹਿ ਦਿੰਦਾ, ਕੋਈ ਲੋੜ ਨਹੀਂ ਲਾਂਘੇ ਦੀ! ਕੈਸੇ 'ਰਾਸ਼ਟਰਵਾਦੀ' ਹਨ ਸਿੱਧੂ ਨੂੰ ਦੇਸ਼ ਧ੍ਰੋਹੀ ਕਹਿਣ ਵਾਲੇ?

ਐਸੇ 'ਰਾਸ਼ਟਰਵਾਦੀਆਂ' ਨੂੰ ਯਾਦ ਕਰਾਉਣਾ ਬਣਦੈ ਕਿ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਅਜੋਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਖੁਦ ਪਾਕਿਸਤਾਨ ਗਏ ਸਨ। ਕੀ ਉਨ੍ਹਾਂ ਉਥੇ ਪਾਕਿਸਤਾਨੀਆਂ ਨਾਲ ਦੁਆ ਸਲਾਮ ਨਹੀਂ ਕੀਤੀ, ਹੱਥ ਨਹੀਂ ਮਿਲਾਏ, ਗਲੇ ਨਹੀਂ ਲੱਗੇ? ਜੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਉਤੇ ਜਨਮ ਸਥਾਨ ਨਨਕਾਣਾ ਸਾਹਿਬ ਵਿਖੇ ਪਧਾਰਨ ਦਾ ਸੱਦਾ ਆਵੇ ਤਾਂ ਕੀ ਉਹ ਨਾ ਜਾਣ? ਜੇ ਉਨ੍ਹਾਂ ਦੇ ਜਨਮ ਪਿੰਡ ਗਾਹ ਦੇ ਲੋਕ ਆਪਣੇ ਗਰਾਈਂ ਨੂੰ ਮਿਲਣਾ ਚਾਹੁਣ ਤਾਂ ਕੀ ਉਹ ਇਨਕਾਰ ਕਰ ਦੇਣ? ਕੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਲਾਹੌਰ ਜਾਣਾ ਅਤੇ ਪਿਆਰ ਮੁਹੱਬਤ ਦੇ ਤੋਹਫੇ ਲੈਣੇ ਦੇਣੇ ਦੇਸ਼ ਧ੍ਰੋਹ ਸੀ? ਪਟਿਆਲੇ ਦੇ ਕੈਪਟਨ ਅਮਰਿੰਦਰ ਸਿੰਘ ਸਿੱਧੂ ਨੂੰ ਪਟਿਆਲੇ ਦੇ ਹੀ ਨਵਜੋਤ ਸਿੰਘ ਸਿੱਧੂ ਦਾ ਜਰਨੈਲ ਬਾਜਵੇ ਦੇ ਗਲੇ ਮਿਲਣਾ ਚੰਗਾ ਨਹੀਂ ਲੱਗਾ। ਉਹ ਦਿਲ 'ਤੇ ਹੱਥ ਰੱਖ ਕੇ ਦੱਸਣ ਕਿ ਕਰਤਾਰਪੁਰ ਲਾਂਘੇ ਦੀ ਪੇਸ਼ਕਸ਼ ਸਮੇਂ ਸਿੱਧੂ ਤੇ ਬਾਜਵਾ ਹੋਰ ਕਿਵੇਂ ਮਿਲਦੇ?


ਪਹਿਲੀਆਂ ਭਾਰਤ-ਪਾਕਿ ਪੰਜਾਬ ਖੇਡਾਂ ਦਸੰਬਰ 2004 'ਚ ਪਟਿਆਲੇ ਹੋਈਆਂ। ਪੱਛਮੀ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪਰਵੇਜ਼ ਇਲਾਹੀ ਨੇ ਪਟਿਆਲੇ ਪਹੁੰਚ ਕੇ ਖੇਡਾਂ ਦੀ ਮਸ਼ਾਲ ਜਗਾਈ ਸੀ। ਉਦੋਂ ਪੂਰਬੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ। ਉਸ ਨੇ ਚੌਧਰੀ ਸਾਹਿਬ ਨੂੰ ਜੀ ਆਇਆਂ ਆਖਦਿਆਂ ਜਜ਼ਬਾਤੀ ਰੌਂਅ 'ਚ ਕਿਹਾ ਸੀ, "ਇਕ ਦਿਨ ਇਹ ਬਾਡਰ ਸ਼ਾਡਰ ਖਤਮ ਹੋ ਜਾਣਗੇ ਤੇ ਸਭ ਗੇਟ ਸ਼ੇਟ ਖੁੱਲ੍ਹ ਜਾਣਗੇ। ਜੇ ਸਾਡੇ ਸਬੰਧ ਇਸੇ ਤਰ੍ਹਾਂ ਮਿੱਠੇ ਹੁੰਦੇ ਰਹੇ ਤਾਂ ਦੁਨੀਆਂ ਦੀ ਕੋਈ ਤਾਕਤ 57 ਸਾਲ ਪਹਿਲਾਂ ਵਿਛੜੇ ਭਰਾਵਾਂ ਦੇ ਮਿਲਾਪ 'ਚ ਅੜਿੱਕਾ ਨਹੀਂ ਬਣ ਸਕੇਗੀ।"

ਕੈਪਟਨ ਦੇ ਬੋਲਣ ਪਿੱਛੋਂ ਪੱਛਮੀ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪਰਵੇਜ਼ ਇਲਾਹੀ ਨੇ ਬੜੇ ਵਿਸ਼ਵਾਸ ਨਾਲ ਕਿਹਾ ਸੀ, "ਆਪਾਂ ਸਦੀਵੀ ਅਮਨ ਤੇ ਮਿਲਾਪ ਦੀ ਮੰਜ਼ਿਲ ਦਾ ਰਾਹ ਲੱਭ ਲਿਆ ਏ। ਲੋੜ ਸਿਰਫ ਇਸ ਉਤੇ ਇਕਜੁੱਟ ਹੋ ਕੇ ਤੁਰਨ ਦੀ ਏ, ਜਿਸ ਦੀ ਬਦੌਲਤ ਆਪਾਂ ਆਪਣੀ ਮੰਜ਼ਿਲ ਸਰ ਕਰ ਸਕਾਂਗੇ।"

ਚੌਧਰੀ ਸਾਹਿਬ ਨੇ ਪੰਜਾਬੀ 'ਚ ਬੋਲਦਿਆਂ ਪੰਜਾਬੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਇਕਮੁੱਠ ਹੋ ਕੇ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਦੋਸਤੀ ਕਰਨ ਲਈ ਮਜਬੂਰ ਕਰ ਦੇਣ। ਉਨ੍ਹਾਂ ਚੜ੍ਹਦੇ ਪੰਜਾਬ ਦੇ ਵਾਸੀਆਂ ਨੂੰ ਨਿੱਘਾ ਸੱਦਾ ਦਿੱਤਾ ਸੀ ਕਿ ਅਗਲੇ ਸਾਲ ਲਾਹੌਰ ਦੀਆਂ ਹਿੰਦ-ਪਾਕਿ ਪੰਜਾਬ ਖੇਡਾਂ 'ਤੇ ਹੁਮ ਹੁਮਾ ਕੇ ਆਉਣਾ। ਅਗਲੇ ਸਾਲ ਲਾਹੌਰ ਵਿਚ ਦੂਜੀਆਂ ਭਾਰਤ-ਪਾਕਿ ਖੇਡਾਂ ਰੱਖ ਵੀ ਲਈਆਂ ਸਨ ਪਰ ਕਸ਼ਮੀਰ 'ਚ ਭੁਚਾਲ ਆਉਣ ਕਾਰਨ ਮੁਲਤਵੀ ਕਰਨੀਆਂ ਪਈਆਂ। ਮੀਡੀਏ ਦਾ ਫਰਜ਼ ਹੈ, ਸਿਆਸਤਦਾਨਾਂ ਨੂੰ ਉਨ੍ਹਾਂ ਦੇ ਕਥਨ ਚੇਤੇ ਕਰਵਾਉਂਦਾ ਰਹੇ।

ਭਾਰਤ ਤੇ ਪਾਕਿਸਤਾਨ ਦੇ ਲੋਕ ਜੰਗ ਉਕਾ ਨਹੀਂ ਚਾਹੁੰਦੇ। ਜੰਗ ਕਿਸੇ ਮਸਲੇ ਦਾ ਹੱਲ ਵੀ ਨਹੀਂ। ਵੱਡੀਆਂ ਤੋਂ ਵੱਡੀਆਂ ਜੰਗਾਂ ਪਿੱਛੋਂ ਵੀ ਮਸਲੇ ਮੇਜ਼ 'ਤੇ ਹੀ ਹੱਲ ਹੋਏ ਹਨ। ਜੰਗ, ਹਥਿਆਰ ਵੇਚਣ ਵਾਲੇ ਤੇ ਧੌਂਸ ਜਮਾਉਣ ਵਾਲੇ ਮੁਲਕ ਲੁਆਉਂਦੇ ਹਨ। ਜਾਂ ਉਹ ਹਾਕਮ ਜੋ ਲੋਕਾਂ ਦਾ ਧਿਆਨ ਲੋਕ ਹਿਤੈਸ਼ੀ ਮੁੱਦਿਆਂ ਵੱਲੋਂ ਹਟਾਉਣ ਲਈ ਅਜਿਹੇ ਕਮੀਨੇ ਕਾਰੇ ਕਰਦੇ ਹਨ। ਇਹ ਭਾਰਤ ਤੇ ਪਾਕਿਸਤਾਨ ਦੇ ਹਾਕਮਾਂ ਲਈ ਵੰਗਾਰ ਹੈ ਕਿ ਆਪਸੀ ਮਸਲੇ ਲੜੇ ਬਿਨਾ ਹੱਲ ਕਰਨ, ਨਾ ਕਿ ਜੰਗ 'ਚ ਲੜ ਮਰ ਕੇ। ਜੰਗ ਦੀ ਅੱਗ ਅੰਨੀ, ਪਾਗਲ ਤੇ ਮੂੰਹ ਜ਼ੋਰ ਹੁੰਦੀ ਹੈ। ਜੰਗਬਾਜ਼ੋ, ਅਜੇ ਵੀ ਸੰਭਲੋ, ਮਰਨ ਮਾਰਨ ਦੀਆਂ ਗੱਲਾਂ ਨਾ ਕਰੋ। ਭੜਕਾਈ ਜਾ ਰਹੀ ਅੱਗ ਦਾ ਪਤਾ ਨਹੀਂ ਕਦੋਂ ਹਾਕਮਾਂ ਵੱਲ ਹੀ ਮੂੰਹ ਕਰ ਲਵੇ! ਇਮਰਾਨ ਖਾਨ ਤੇ ਨਵਜੋਤ ਸਿੱਧੂ ਦੀ ਦੋਸਤੀ ਦੋਹਾਂ ਦੇਸ਼ਾਂ ਵਿਚਾਲੇ ਦੋਸਤੀ ਦਾ ਪੁਲ ਉਸਾਰ ਸਕਦੀ ਹੈ। ਜੀਵੇ ਹਿੰਦੋਸਤਾਨ, ਜੀਵੇ ਪਾਕਿਸਤਾਨ। ਸਾਡਾ ਖਾਬ, ਵਸੇ ਪੰਜਾਬ, ਵਧੇ ਪੰਜਾਬ!

# ਸਿੱਧੂ, ਸਿਆਸਤ ਅਤੇ ਸਿੱਖ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਸਿੱਧੂ ਦੀ ਜੱਫੀ ਦੀ ਸਿਆਸਤ ਕੋਈ ਨਹੀਂ ਹੋਣੀ ਚਾਹੀਦੀ ਸੀ, ਪਰ ਜਿਨ੍ਹਾਂ ਨੇ ਸਿਆਸਤ ਬਣਾ ਦਿੱਤੀ ਹੈ, ਉਨ੍ਹਾਂ ਦੇ ਸਾਹਮਣੇ ਇਸ ਨਾਲ ਜੁੜ ਜਾਣ ਵਾਲੀਆਂ ਅਜਿਹੀਆਂ ਸਿਆਸੀ ਪਰਤਾਂ ਵੀ ਧਿਆਨ ਵਿਚ ਰੱਖ ਲੈਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨੂੰ ਲੈ ਕੇ ਸਿੱਖਾਂ ਵਰਗੀਆਂ ਭਾਰਤੀ ਘੱਟ ਗਿਣਤੀਆਂ ਭਾਰਤ ਵਿਚ ਲਗਾਤਾਰ ਸਿਆਸਤ ਦਾ ਸ਼ਿਕਾਰ ਹੁੰਦੀਆਂ ਰਹੀਆਂ ਹਨ। ਜੱਫੀ ਦੀ ਸਿਆਸਤ ਨੂੰ ਪੰਜਾਬੀ ਅਤੇ ਸਿੱਖ ਦੀ ਦ੍ਰਿਸ਼ਟੀ ਤੋਂ ਵੇਖ ਸਕਣ ਦੀ ਅਸਮਰੱਥਾ ਵਾਲਿਆਂ ਨੂੰ ਪਤਾ ਲੱਗ ਗਿਆ ਹੈ ਕਿ ਇਸ ਨਾਲ ਸਿੱਧੂ ਦਾ ਕੋਈ ਨੁਕਸਾਨ ਹੋਣ ਵਾਲਾ ਨਹੀਂ ਹੈ। ਇਸ ਕਰਕੇ ਇਸ ਮਸਲੇ ਨੂੰ ਪਹਿਲਾਂ ਕਾਂਗਰਸ ਦੇ ਗੱਲ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਅਤੇ ਹੁਣ ਜਾਂਦੇ ਚੋਰ ਦੀ ਲੰਗੋਟੀ ਵਾਂਗ ਰਾਹੁਲ ਗਾਂਧੀ ਦੇ ਗਲ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਸ ਨੂੰ ਕੌਣ ਦੱਸੇ ਕਿ ਜੋ ਕੁਝ ਉਥੇ ਹੋਇਆ, ਉਹ ਸਿਆਸਤ ਕਰਕੇ ਨਹੀਂ, ਸੁਤੰਤਰ ਦੇਸ਼ ਦੇ ਪ੍ਰੋਟੋਕੋਲ ਕਰਕੇ ਹੋਇਆ ਹੈ। ਜਨਰਲ ਬਾਜਵਾ ਨੂੰ ਕਿਸ ਨੇ ਮਿਲਣਾ ਹੈ, ਕਿਸ ਨੂੰ ਨਹੀਂ ਮਿਲਣਾ, ਇਸ ਦਾ ਫੈਸਲਾ ਸਿੱਧੂ ਨੇ ਨਹੀਂ, ਉਥੋਂ ਦੀ ਸਰਕਾਰ ਨੇ ਕਰਨਾ ਸੀ। ਸਿੱਧੂ ਉਥੇ ਬੈਠ ਗਏ ਸਨ, ਜਿਥੇ ਉਸ ਨੇ ਬੈਠਣਾ ਠੀਕ ਸਮਝਿਆ ਪਰ ਮਹਿਮਾਨ ਦੇਸ਼ ਦੇ ਪ੍ਰਬੰਧਕਾਂ ਨੇ ਜਿਥੇ ਉਸ ਨੂੰ ਬਿਠਾਇਆ, ਉਥੇ ਉਸ ਨੂੰ ਬੈਠਣਾ ਪੈਣਾ ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸਰੀਫ ਨੂੰ ਉਥੇ ਹੀ ਬੈਠਣਾ ਪਿਆ ਸੀ, ਜਿਥੇ ਮੋਦੀ ਦੇ ਸਹੁੰ ਚੁੱਕ ਸਮਾਗਮ ਵਿਚ ਪ੍ਰਬੰਧਕਾਂ ਨੇ ਬਿਠਾਇਆ ਸੀ। ਇਹੋ ਜਿਹੇ ਹਵਾਲਿਆਂ ਨੂੰ ਲੈ ਕੇ ਜਿਹੜੇ ਲੋਕ ਕਹਿ ਰਹੇ ਹਨ ਕਿ ਸਿੱਧੂ ਪ੍ਰਧਾਨ ਮੰਤਰੀ ਨਹੀਂ, ਉਨ੍ਹਾਂ ਨੂੰ ਕੌਣ ਦੱਸੇ ਕਿ ਇਸੇ ਸੁਰ ਵਿਚ ਉਹ ਕਾਂਗਰਸ ਵੀ ਨਹੀਂ ਹੈ। ਉਹ ਉਥੇ ਮਨਿਸਟਰ ਵਜੋਂ ਭਾਵ ਸਰਕਾਰੀ ਤੌਰ 'ਤੇ ਨਹੀਂ ਸੀ ਗਿਆ ਕਿਉਂਕਿ ਇਸ ਵਾਸਤੇ ਉਸ ਨੇ ਭਾਰਤ ਸਰਕਾਰ ਤੋਂ ਅਤੇ ਨਾ ਹੀ ਪੰਜਾਬ ਸਰਕਾਰ ਤੋਂ ਆਗਿਆ ਲਈ ਸੀ, ਕਿਉਂਕਿ ਆਗਿਆ ਲੈਣ ਦੀ ਲੋੜ ਨਹੀਂ ਸੀ ਪਈ। ਸਿੱਧੂ ਬਾਕੀ ਕ੍ਰਿਕਟਰਾਂ ਵਾਂਗ ਜਵਾਬ ਵੀ ਨਹੀਂ ਸੀ ਦੇ ਸਕਦਾ ਕਿਉਂਕਿ ਪੰਜਾਬੀਆਂ ਨੂੰ ਏਧਰਲੇ ਪੰਜਾਬ ਵਾਂਗ ਉਧਰਲਾ ਪੰਜਾਬ ਵੀ ਆਪਣਾ ਹੀ ਲੱਗਦਾ ਹੈ, ਬਿਲਕੁਲ ਉਵੇਂ ਹੀ ਜਿਵੇਂ ਦੋ ਭਰਾਵਾਂ ਵਿਚਕਾਰ ਕੰਧ ਕੱਢ ਕੇ ਬਣਾਏ ਇਕ ਦੇ ਦੋ ਘਰ ਆਪਣੇ ਹੀ ਲੱਗਦੇ ਰਹਿੰਦੇ ਹਨ।

ਪਾਕਿਸਤਾਨ ਨੇ ਵੀ ਇਸ ਵਿਚ ਕਦੇ ਰੁਕਾਵਟ ਨਹੀਂ ਪਾਈ ਅਤੇ ਸਿੱਖਾਂ ਨੂੰ ਉਨ੍ਹਾਂ ਗੁਰਦੁਆਰਿਆਂ ਤੱਕ ਪਹੁੰਚਣ ਦੇ ਮੌਕੇ ਦੇਈ ਰੱਖੇ ਹਨ, ਜਿਨ੍ਹਾਂ ਨੂੰ 1947 ਦੀ ਵੰਡ ਨੇ ਸਿੱਖਾਂ ਤੋਂ ਵਿਛੋੜਿਆ ਹੋਇਆ ਹੈ। ਸਿੱਧੂ ਦੇ ਛਿੱਡੋਂ ਨਿਕਲੀ ਕਰਤਾਰਪੁਰ ਦੇ ਲਾਂਘੇ ਵਾਲੀ ਗੱਲ ਨੂੰ ਜਿਸ ਤਰ੍ਹਾਂ ਜਰਨੈਲ ਬਾਜਵਾ ਨੇ ਹੁੰਗਾਰਾ ਭਰਿਆ, ਉਸ ਨਾਲ ਹਰ ਸਿੱਖ ਉਸ ਨੂੰ ਜੱਫੀ ਪਾਉਣ ਵਿਚ ਫਖਰ ਮਹਿਸੂਸ ਕਰੇਗਾ। 1947 ਦੀ ਵੰਡ ਦਾ ਜੋ ਸੇਕ ਪੰਜਾਬੀਆਂ ਨੂੰ ਲੱਗਾ ਹੈ, ਉਸ ਦੀ ਚੀਸ ਏਧਰਲੇ ਪੰਜਾਬ ਤੇ ਉਧਰਲੇ ਪੰਜਾਬ ਨੂੰ ਸਿਆਸੀ ਮੌਸਮਾਂ ਦੀ ਬਦਲੀ ਵੇਲੇ ਚਸਕਦੀ ਰਹਿੰਦੀ ਹੈ। ਇਸ ਅਹਿਸਾਸ ਨਾਲ ਜੁੜਨ ਲਈ ਉਸਤਾਦ ਚਿਰਾਗ ਦੀਨ ਦਾਮਨ ਨੂੰ ਧਿਆਨ ਨਾਲ ਸੁਣੋ:

ਇਸ ਮੁਲਕ ਦੀ ਵੰਡ ਕੋਲੋਂ ਯਾਰੋ,
ਖੋਏ ਤੁਸੀਂ ਵੀ ਹੋ, ਖੋਏ ਅਸੀਂ ਵੀ ਹਾਂ।
ਭਾਵੇਂ ਮੂੰਹੋਂ ਨ ਕਹੀਏ, ਪਰ ਵਿਚੋਂ ਵਿਚੀ,
ਖੋਏ ਤੁਸੀਂ ਵੀ ਹੋ, ਖੋਏ ਅਸੀਂ ਵੀ ਹਾਂ।
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਰੋਏ ਤੁਸੀਂ ਵੀ ਹੋ, ਰੋਏ ਅਸੀਂ ਵੀ ਹਾਂ।
ਕੁਝ ਉਮੀਦ ਹੈ, ਜ਼ਿੰਦਗੀ ਮਿਲ ਜਾਏਗੀ,
ਮੋਏ ਤੁਸੀਂ ਵੀ ਹੋ, ਮੋਏ ਅਸੀਂ ਵੀ ਹਾਂ।
ਜਿਉਂਦੀ ਜਾਨ ਦੀ ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਹੋ, ਢੋਏ ਅਸੀਂ ਵੀ ਹਾਂ।
ਜਾਗਣ ਵਾਲਿਆਂ ਰੱਜ ਕੇ ਲੁਟਿਆ ਏ,
ਸੋਏ ਤੁਸੀਂ ਵੀ ਹੋ, ਸੋਏ ਅਸੀਂ ਵੀ ਹਾਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਹੈ,
ਰੋਏ ਤੁਸੀਂ ਵੀ ਹੋ, ਰੋਏ ਅਸੀਂ ਵੀ ਹਾਂ।

ਸਿੱਧੂ ਨੂੰ ਲੈ ਕੇ ਜੋ ਲੋਕ ਕੱਪੜਿਓਂ ਬਾਹਰ ਹੋਏ ਫਿਰਦੇ ਹਨ, ਉਹ ਇਸ ਦਰਦ ਨੂੰ ਕਿਵੇਂ ਮਹਿਸੂਸ ਕਰ ਸਕਦੇ ਹਨ, ਕਿਉਂਕਿ ਇਹ ਜ਼ਬਾਨ ਦੇਣ ਨਾਲੋਂ ਬਹੁਤਾ ਰੂਹ ਨਾਲ ਮਹਿਸੂਸ ਕਰਨ ਵਾਲਾ ਮਸਲਾ ਹੈ। 2015 ਵਿਚ ਜੈਪੁਰ ਲਿਟਰੇਰੀ ਫੈਸਟੀਵਲ ਵਿਚ ਆਈ ਇਕ ਪਾਕਿਸਤਾਨੀ ਅਦੀਬਾ ਨੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਸੁਆਲ ਕੀਤਾ ਸੀ ਕਿ ਅਸੀਂ ਸੁੱਖ ਦਾ ਸਾਹ ਲੈਣ ਲਈ ਭਾਰਤ ਆਉਂਦੇ ਹਾਂ। ਤੁਸੀਂ ਭਾਰਤ ਨੂੰ ਪਾਕਿਸਤਾਨ ਬਣਾਉਣ ਦੀ ਕੋਸ਼ਿਸ਼ ਕਿਉਂ ਕਰ ਰਹੇ ਹੋ? ਨਹੀਂ ਰੁਕੋਗੇ ਤਾਂ ਇਹ ਭਾਵਨਾ ਕਿਸ ਨਾਲ ਸਾਂਝੀ ਕਰਾਂਗੇ? ਇਹੀ ਭਾਵਨਾ ਜਦੋਂ ਸਰੂਰ ਨੇ ਪ੍ਰਗਟ ਕੀਤੀ ਤਾਂ ਭਾਜਪਾਈਆਂ ਨੇ ਉਸ ਨੂੰ ਬਿਲਕੁਲ ਸਿੱਧੂ ਵਾਂਗ ਹੀ ਸਿਆਸੀ ਘੇਰਾ ਪਾਉਣ ਦੀ ਕੋਸ਼ਿਸ਼ ਕੀਤੀ ਸੀ।

ਪਹਿਲਾਂ ਆਈਅਰ ਨਾਲ ਇਹੋ ਵਾਪਰਿਆ ਸੀ। ਹੁਣ ਕਿਸੇ ਨੂੰ ਭੁਲੇਖਾ ਨਹੀਂ ਰਹਿ ਗਿਆ ਕਿ ਭਾਰਤ ਮੋਦੀ ਦੀ ਅਗਵਾਈ ਵਿਚ ਕਿਹੜੇ ਰਾਹ ਪੈ ਗਿਆ ਹੈ? ਜਿਵੇਂ ਆਈਅਰ ਅਤੇ ਸਰੂਰ ਦੀ ਟਿੱਪਣੀ ਵਾਲੀ ਸਿਆਸਤ ਸਮੇਂ ਨਾਲ ਠੰਢੀ ਪੈ ਗਈ ਸੀ, ਉਵੇਂ ਸਿੱਧੂ ਦੀ ਜੱਫੀ ਵਾਲੀ ਸਿਆਸਤ ਵੇਲੇ ਸਿਰ ਜੇ ਨਾ ਸੰਭਾਲੀ ਤਾਂ ਮਹਿੰਗੀ ਪੈ ਸਕਦੀ ਹੈ। ਪੰਜਾਬ ਵਿਚ ਇਕ ਭਾਜਪਾ ਲੀਡਰ ਨੇ ਜਦੋਂ ਕਿਹਾ ਕਿ ਸਿੱਧੂ ਨੂੰ ਪਾਕਿਸਤਾਨ ਚਲਾ ਜਾਣਾ ਚਾਹੀਦਾ ਹੈ, ਤਾਂ ਭਾਜਪਾ ਦੀ ਸਿਆਸੀ ਬਿੱਲੀ ਥੈਲਿਓਂ ਬਾਹਰ ਆ ਗਈ ਸੀ। ਹੁਣ ਤਾਂ ਸਾਰਾ ਪੰਜਾਬ ਸਿੱਧੂ ਦੀ ਪਿੱਠ 'ਤੇ ਆ ਗਿਆ ਹੈ, ਅਤੇ ਭਾਜਪਾ ਨਾਲ ਜੁੜੇ ਰਹਿਣ ਦੇ ਲਾਲਚ ਵਿਚ ਹੋ ਰਿਹਾ ਵਿਰੋਧ ਵੀ ਮੀਡੀਆ ਚੈਨਲਾਂ ਤੱਕ ਮਹਿਦੂਦ ਹੁੰਦਾ ਜਾ ਰਿਹਾ ਹੈ। ਸਿੱਧੂ ਦੀ ਜੱਫੀ ਵਾਲੀ ਸਿਆਸਤ ਵਿਚ ਜਦੋਂ ਉਹ ਲੋਕ ਕੁੱਦ ਪਏ, ਜਿਨ੍ਹਾਂ ਨੂੰ ਭਾਰਤ ਦੇ ਸਿੱਖ, ਹਿੰਦੂ, ਬਹੁ-ਗਿਣਤੀ ਵਾਲੀ ਸਿਆਸਤ ਦਾ ਸ਼ਿਕਾਰ ਲੱਗਦੇ ਹਨ ਤਾਂ ਜਿਵੇਂ ਇਸ ਮਸਲੇ ਦੀ ਸਿਆਸਤ ਭਾਜਪਾਈ ਕਰ ਰਹੇ ਹਨ, ਉਵੇਂ ਹੀ ਪਾਕਿਸਤਾਨੀ ਵੀ ਕਰਨ ਲੱਗ ਪੈਣਗੇ। ਇਸ ਪਾਸੇ ਸਥਿਤੀ ਨੂੰ ਧੱਕਣ ਵਾਲਿਆਂ ਨੂੰ ਕੌਣ ਸਮਝਾਵੇ ਕਿ ਸਿੱਖਾਂ ਵਲੋਂ ਭਾਰਤ ਨੂੰ ਬਚਾਈ ਰੱਖਣ ਵਾਸਤੇ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਜਰਾ ਸੋਚੋ ਕਿ ਜੇ ਕਸ਼ਮੀਰੀ ਪੰਡਿਤਾਂ ਵਾਂਗ ਸਿੱਖ ਵੀ ਜੰਮੂ ਕਸ਼ਮੀਰ ਵਿਚੋਂ ਨਿਕਲ ਜਾਣ ਦਾ ਫੈਸਲਾ ਕਰ ਲੈਣ ਤਾਂ ਭਾਰਤੀ ਕਸ਼ਮੀਰ ਅਤੇ ਪਾਕਿਸਤਾਨੀ ਕਸ਼ਮੀਰ ਵਿਚ ਕੀ ਫਰਕ ਰਹਿ ਜਾਵੇਗਾ? ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਸਿੱਖ ਪਾਕਿਸਤਾਨ ਵੱਲ ਪਿੱਠ ਕਰਕੇ ਨਹੀਂ ਖਲੋ ਸਕਦੇ ਕਿਉਂਕਿ ਇਸ ਨਾਲ ਪਾਕਿਸਤਾਨ 'ਚ ਰਹਿ ਗਏ ਗੁਰਦੁਆਰੇ ਗੁਰਧਾਮਾਂ ਵੱਲ ਪਿੱਠ ਹੋ ਜਾਂਦੀ ਹੈ। ਇਸ ਦੇ ਬਾਵਜੂਦ ਪਾਕਿਸਤਾਨ ਨੂੰ ਲੈ ਕੇ ਜਦੋਂ ਦੇਸ਼ ਦੀ ਰਾਖੀ ਦਾ ਸਵਾਲ ਪੈਦਾ ਹੁੰਦਾ ਰਿਹਾ ਹੈ, ਸਿੱਖ, ਜੀ-ਜਾਨ ਨਾਲ ਦੇਸ਼ ਦੀ ਰਾਖੀ ਕਰਦੇ ਰਹੇ ਹਨ।

ਭਾਜਪਾਈਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਿਹੜੇ ਸਿੱਖਾਂ ਨੂੰ ਭਾਰਤ ਆਪਣਾ ਨਹੀਂ ਸਮਝਦਾ ਰਿਹਾ, ਉਨ੍ਹਾਂ ਨੂੰ ਪਾਕਿਸਤਾਨ, ਭਾਰਤ ਵਿਰੁਧ ਕੀਤੀ ਜਾਣ ਵਾਲੀ ਸਿਆਸਤ ਵਾਸਤੇ ਵਰਤਦਾ ਰਿਹਾ ਹੈ। ਪੈਦਾ ਹੁੰਦੀਆਂ ਰਹੀਆਂ ਸਾਰੀਆਂ ਸਥਿਤੀਆਂ ਵਿਚ ਭਾਰਤ ਨੂੰ ਸਿੱਖਾਂ ਨੇ ਕਦੇ ਪਿੱਠ ਨਹੀਂ ਵਿਖਾਈ। ਅਜਿਹੀ ਹਾਲਤ ਵਿਚ ਜੇ ਸਿੱਧੂ ਦੀ ਮੁਹੱਬਤੀ ਫੇਰੀ ਨੂੰ ਭਾਰਤ ਵਿਚਲੀ ਸੌੜੀ ਸਿਆਸਤ ਲਈ ਵਰਤਣ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਇਸ ਦਾ ਲਾਭ ਭਾਰਤ ਵਿਰੋਧੀਆਂ ਨੂੰ ਹੀ ਮਿਲੇਗਾ। ਇਸ ਵਾਸਤੇ ਜਿਵੇਂ ਨੈਸ਼ਨਲ ਮੀਡੀਆ ਸਿੱਧੂ ਦੀ ਜੱਫੀ ਨੂੰ ਉਛਾਲ ਰਿਹਾ ਹੈ, ਉਸ ਨਾਲ ਵੋਟ ਬੈਂਕ ਪ੍ਰਭਾਵਿਤ ਹੋ ਵੀ ਜਾਵੇ ਤਾਂ ਵੀ ਦੇਸ਼ ਨੂੰ ਕੋਈ ਲਾਭ ਨਹੀਂ ਹੋਣ ਵਾਲਾ। ਸਿੱਧੂ ਨੇ ਇਸ ਨੂੰ ਸੌੜੇ ਦਿਲਾਂ ਵਾਲੀ ਪਹੁੰਚ ਕਿਹਾ ਹੈ।

ਨਵੇਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅਜੇ ਤੱਕ ਭਾਰਤ ਬਾਰੇ ਉਹੋ ਜਿਹੀ ਕੋਈ ਟਿੱਪਣੀ ਨਹੀਂ ਕੀਤੀ ਜਿਹੋ ਜਿਹੀਆਂ ਟਿੱਪਣੀਆਂ ਸਾਰਾ ਨੈਸ਼ਨਲ ਮੀਡੀਆ ਲਗਾਤਾਰ ਕਰੀ ਜਾ ਰਿਹਾ ਹੈ। ਅਜਿਹੀ ਹਾਲਤ ਵਿਚ ਸਿੱਧੂ ਨੂੰ ਭਾਰਤੀ ਸ਼ਹਿਰੀ ਦੀ ਥਾਂ ਪੰਜਾਬ ਦੇਸ਼ ਦੇ ਵਾਸੀ ਵਾਂਗ ਲੈਣ ਦੀ ਵਧੀਕੀ ਜਿਵੇਂ ਕੀਤੀ ਜਾ ਰਹੀ ਹੈ, ਉਵੇਂ ਨਹੀਂ ਕਰਨੀ ਚਾਹੀਦੀ। ਭਾਜਪਾ ਜਿਵੇਂ ਅਕਾਲੀਆਂ ਨੂੰ ਆਪਣੇ ਨਾਲ ਤੋਰਨ ਦੀ ਕੋਸ਼ਿਸ਼ ਕਰ ਰਹੀ ਹੈ, ਉਸ ਨਾਲ ਭਾਜਪਾ ਨੂੰ ਕਿੰਨਾ ਕੁ ਲਾਭ ਹੋਵਗਾ, ਪਤਾ ਨਹੀਂ। ਪਰ ਇਸ ਨਾਲ ਅਕਾਲੀਆਂ ਦੀ ਸਿੱਖਾਂ ਵਿਚਕਾਰ ਸਾਖ਼ ਨੂੰ ਸੱਟ ਜਰੂਰ ਵੱਜੇਗੀ।

ਹੁਣ ਜਦੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਸਿੱਧੂ ਨੂੰ ਸ਼ਾਂਤੀ ਦੂਤ ਕਹਿ ਦਿੱਤਾ ਹੈ ਤਾਂ ਭਾਜਪਾਈਆਂ ਅਰਥਾਤ ਭਾਰਤ ਮਾਤਾ ਦੇ ਸਿਆਸੀ ਲਾਡਲਿਆਂ ਦੇ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਮਾਪਿਆਂ ਦੀ ਮੁਹੱਬਤ ਨਹੀਂ ਮਿਲਦੀ, ਉਨ੍ਹਾਂ ਨੂੰ ਸ਼ਰੀਕਾਂ ਦੀ ਸ਼ਰਨ ਲੈਣ ਦੀ ਮਜਬੂਰੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਮਸਲਾ ਸਿੱਧੂ ਦੀ ਜੱਫੀ ਦਾ ਨਹੀਂ, 2019 ਵਿਚ ਹੋ ਰਹੀਆਂ ਚੋਣਾਂ ਦਾ ਹੈ। ਇਸ ਵਾਸਤੇ ਸਿਆਸੀ ਸੁਰ ਵਿਚ ਕੀ ਕੀ ਕੀਤਾ ਜਾ ਸਕਦਾ ਹੈ, ਉਸੇ ਦੀ ਮਿਸਾਲ ਸਿੱਧੂ ਦੀ ਜੱਫੀ ਵਾਲੀ ਸਿਆਸਤ ਹੈ। ਇਸ ਨੂੰ ਜਿੰਨੀ ਛੇਤੀ ਸਮਝ ਲਈਏ, ਉਨ੍ਹਾਂ ਹੀ ਚੰਗਾ ਹੈ।

---

*ਪ੍ਰੋਫੈਸਰ ਆਫ ਐਮੀਨੈਂਸ
ਡਾਇਰੈਕਟਰ ਵਰਲਡ ਪੰਜਾਬੀ ਸੈਂਟਰ
ਪਟਿਆਲਾ।*

ਗੁਰਮਤਿ

# ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੁਨੀਆਂ ਦੇ ਧਰਮ ਗ੍ਰੰਥਾਂ ਵਿਚ ਇੱਕ ਅਦੁੱਤੀ ਸਥਾਨ ਹੈ। ਇਹ ਨਾ ਹੀ ਇਤਿਹਾਸ ਹੈ, ਨਾ ਹੀ ਮਿਥਿਹਾਸ; ਨਾ ਹੀ ਮੰਤਰਾਂ ਦਾ ਸੰਗ੍ਰਿਹ। ਇਸ ਦਾ ਵਿਸ਼ਾ ਅਧਿਆਤਮਕ ਅਨੁਭਵ ਹੈ ਜਿਸ ਨੂੰ ਕਾਵਿ-ਮਾਧਿਅਮ ਰਾਹੀਂ ਪ੍ਰਗਟ ਕੀਤਾ ਗਿਆ ਹੈ। ਇਹ ਬ੍ਰਹਿਮੰਡੀ ਪ੍ਰਬੰਧ ਦਾ ਦਰਸ਼ਨ ਅਤੇ ਉਚੇ ਜੀਵਨ ਦਾ ਪ੍ਰਬੋਧਨ ਹੈ। ਇਹ ਵਿਲੱਖਣ ਹੈ ਕਿਉਂਕਿ ਇਸ ਵਿਚ ਰੱਬ ਦੇ ਭਗਤਾਂ ਦੀ ਭਗਤੀ ਸ਼ਾਮਲ ਹੈ, ਜਿਨ੍ਹਾਂ ਨੇ ਦੈਵੀ ਸ਼ਬਦ ਨੂੰ ਅਤਿ ਦੀ ਹਲੀਮੀ ਅਤੇ ਮਾਨਵਤਾ ਪ੍ਰਤੀ ਦਇਆ ਵਿਚ ਸੰਚਾਰ ਕੀਤਾ।

ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਮਹਿਜ਼ ਧਰਮ ਗ੍ਰੰਥ ਨਹੀਂ ਹੈ ਬਲਕਿ ਬਹੁਤ ਹੀ ਸਤਿਕਾਰਤ ਦਸਾਂ ਗੁਰੂਆਂ ਦਾ ਪ੍ਰਗਟ ਸਰੂਪ ਹੈ, 'ਪਰਗਟ ਗੁਰਾਂ ਕੀ ਦੇਹਿ।' ਨਾਮ ਦਾ, ਸ਼ਬਦ ਦਾ ਭੰਡਾਰ ਹੋਣ ਦੇ ਨਾਤੇ ਇਹ ਸਿਰਫ ਆਮ ਸਤਿਕਾਰਯੋਗ ਹੀ ਨਹੀਂ ਬਲਕਿ ਇਸ ਦੀ ਉਪਾਸਨਾ ਕੀਤੀ ਜਾਂਦੀ ਹੈ। ਸਿੱਖ ਸੰਗਤਾਂ ਦੇ ਧਾਰਮਿਕ ਇਕੱਠ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਸ਼੍ਰੋਮਣੀ ਹੁੰਦੀ ਹੈ, ਜਿਸ ਕਰਕੇ ਅੰਦਰ



ਡਾ. ਗੁਰਨਾਮ ਕੌਰ, ਕੈਨੇਡਾ

ਆਉਣ ਵਾਲਾ ਹਰ ਵਿਅਕਤੀ ਗੁਰੂ ਅੱਗੇ ਸਿਰ ਝੁਕਾਉਂਦਾ ਹੈ ਅਤੇ ਆਪਣੀ ਸਮਰੱਥਾ ਅਨੁਸਾਰ ਭੇਟਾ ਚੜ੍ਹਾਉਂਦਾ ਹੈ, ਜੋ ਸ਼ਰਧਾ ਅਨੁਸਾਰ ਇੱਕ ਪੈਸੇ ਦੀ ਨਿਮਾਣੀ ਜਿਹੀ ਭੇਟ ਤੋਂ ਲੈ ਕੇ, ਕੋਈ ਵਸਤੂ ਜਾਂ ਬਹੁਤ ਵੱਡੀ ਰਕਮ ਵੀ ਹੋ ਸਕਦੀ ਹੈ ਅਤੇ ਜਿਸ ਦਾ ਮਕਸਦ ਧਾਰਮਿਕ ਕੰਮਾਂ ਤੇ ਪਰਉਪਕਾਰੀ ਕਾਰਜਾਂ ਲਈ ਖਰਚਿਆ ਜਾਣਾ ਹੁੰਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਭੇਟਾ ਗੁਰੂ ਲਈ ਹੈ।

ਜਿੱਥੇ ਵੀ ਕਿਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੁੰਦਾ ਹੈ, ਗੁਰੂ ਨੂੰ ਚੌਰ ਕੀਤਾ ਜਾਂਦਾ ਹੈ, ਕੀਰਤਨ ਕੀਤਾ ਜਾਂਦਾ ਹੈ ਅਤੇ ਗੁਰ-ਮਰਿਆਦਾ ਅਨੁਸਾਰ ਬਾਕੀ ਧਾਰਮਿਕ ਰਸਮਾਂ ਨਿਭਾਈਆਂ ਜਾਂਦੀਆਂ ਹਨ, ਉਸ ਖਾਸ ਸਮੇਂ ਲਈ ਉਹ ਸਥਾਨ ਗੁਰਦੁਆਰਾ ਹੁੰਦਾ ਹੈ, ਗੁਰੂ ਦਾ ਸਥਾਨ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਹਾਜ਼ਰ ਸੰਗਤਾਂ ਨੇ ਹੱਥ ਜੋੜ ਕੇ ਇਕਾਗਰ-ਚਿੱਤ ਹੋ ਕੇ ਬੈਠਣਾ ਹੁੰਦਾ ਹੈ ਤਾਂਕਿ ਸ਼ਬਦ 'ਤੇ ਧਿਆਨ ਧਰਿਆ ਜਾਵੇ, ਗੁਰੂ ਦੇ ਸ਼ਬਦ ਨੂੰ ਸਤਿਕਾਰ ਸਹਿਤ ਸੁਣਿਆ ਤੇ ਮਨ ਵਿਚ ਵਸਾਇਆ ਜਾ ਸਕੇ। ਕਿਉਂਕਿ ਇਹ ਮਹਿਜ਼ ਧਾਰਮਿਕ ਗ੍ਰੰਥ ਨਹੀਂ ਹੈ, 'ਜਾਗਤ ਜੋਤਿ' ਹੈ, ਇਸ ਲਈ ਗੁਰੂ ਦੀ ਹਾਜ਼ਰੀ ਵਿਚ ਪੂਰਾ ਸਤਿਕਾਰ ਕਾਇਮ ਰੱਖਣਾ ਹੁੰਦਾ ਹੈ। ਗੁਰੂ ਅੱਗੇ ਦੋਵੇਂ ਹੱਥ ਜੋੜ ਕੇ ਖੜੇ ਹੋ ਕੇ ਸ਼ੁਕਰਾਨੇ ਦੀ ਅਰਦਾਸ ਕੀਤੀ ਜਾਂਦੀ ਹੈ, ਭਾਵੇਂ ਖੁਸ਼ੀ ਦਾ ਮੌਕਾ ਹੋਵੇ ਤੇ ਭਾਵੇਂ ਕਿਸੇ ਵਿਛੜ ਗਈ ਰੂਹ ਦੀ ਆਤਮਾ ਦੀ ਸ਼ਾਂਤੀ ਮੰਗਣੀ ਹੋਵੇ। ਸਿੱਖ ਵਿਆਹ ਦੀ ਰਸਮ ਨੂੰ ਸੰਪੂਰਨ ਨਹੀਂ ਮੰਨਿਆ ਜਾਂਦਾ ਜੇ ਉਹ ਗੁਰੂ ਦੀ ਹਾਜ਼ਰੀ ਵਿਚ ਨਹੀਂ ਹੁੰਦੀ। ਲਾਵਾਂ ਦੇ ਪਾਠ ਵਿਚੋਂ ਗ੍ਰਿਹਸਥੀ ਜੀਵਨ ਵਿਚ ਆਉਣ ਵਾਲੇ ਹਰ ਤਰ੍ਹਾਂ ਦੇ ਹਾਲਾਤ ਨਾਲ ਸਿੱਝਣ ਲਈ 'ਏਕ ਜੋਤਿ ਦੁਇ ਮੂਰਤੀ' ਦੀ ਇੱਕਸੁਰਤਾ ਨਾਲ ਮਿਲ ਬੈਠ ਕੇ ਜੀਵਨ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਦਾ ਉਪਦੇਸ਼ ਮਿਲਦਾ ਹੈ। ਜਿੱਥੇ ਵੀ ਸਿੱਖ ਭਾਈਚਾਰਾ ਸਾਂਝੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਜਾਂ ਭਾਈਚਾਰੇ ਦੇ ਸਾਂਝੇ ਭਲਾਈ ਦੇ ਕਾਰਜਾਂ ਲਈ ਇਕੱਠਾ ਹੁੰਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ, ਜਿਸ ਦਾ ਅਰਥ ਹੈ, ਗੁਰੂ ਦੀ ਬਾਣੀ ਦਾ ਓਟ-ਆਸਰਾ ਲੈਣਾ ਤੇ ਗੁਰੂ ਸ਼ਬਦ ਦੀ ਅਗਵਾਈ ਅਨੁਸਾਰ ਫੈਸਲਾ ਕਰਨਾ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਨੂੰ ਰੱਬੀ ਬਾਣੀ ਜਾਂ 'ਧੁਰਿ ਕੀ ਬਾਣੀ' ਮੰਨਿਆ ਗਿਆ ਹੈ। ਇਹ ਸ਼ੁਰੂ ਤੋਂ ਅਖੀਰ ਤੱਕ ਤੁਕਾਂਤ ਜਾਂ ਛੰਦਾਂ ਦੇ ਰੂਪ ਵਿਚ ਹੈ, ਜਿਸ ਨੂੰ ਉਤਰੀ ਭਾਰਤ ਵਿਚ ਪ੍ਰਚਲਿਤ ਭਾਰਤੀ ਰਾਗਾਂ ਦੇ ਸਿਧਾਂਤਾਂ ਅਨੁਸਾਰ ਆਧੁਨਿਕ ਸ਼ਾਸਤਰੀ ਰਾਗਾਂ ਵਿਚ ਨਿਰਧਾਰਤ ਕੀਤਾ ਹੋਇਆ ਹੈ। ਇਸ ਦੀ ਬੋਲੀ ਮੱਧਯੁਗੀ ਸੰਧੂਕੜੀ ਭਾਸ਼ਾ ਹੈ ਜਿਸ ਵਿਚ ਪੰਜਾਬੀ ਦੇ ਬੋਲੇ ਜਾਣ ਵਾਲੇ ਵੱਖਰੇ ਵੱਖਰੇ ਰੂਪ ਹਨ। ਇਸ ਵਿਚ ਵਰਤੀ ਗਈ ਸ਼ਬਦਾਵਲੀ ਵਿਚ ਭਾਰਤ ਦੀਆਂ ਭਾਸ਼ਾਈ-ਰਵਾਇਤਾਂ ਸ਼ਾਮਲ ਹਨ ਜਿਸ ਵਿਚ ਭਾਰਤ ਦੇ ਵੱਖ ਵੱਖ ਇਲਾਕਿਆਂ ਦੀਆਂ ਬੋਲੀਆਂ ਵਿਚੋਂ ਆਏ ਸ਼ਬਦਾਂ ਦੇ ਨਾਲ ਨਾਲ ਕਈ ਫਾਰਸੀ ਅਤੇ ਅਰਬੀ ਦੇ ਸ਼ਬਦ ਵੀ ਹਨ ਜੋ 15ਵੀਂ, 16ਵੀਂ ਅਤੇ 17ਵੀਂ ਸਦੀ ਵਿਚ ਗੁਰੂ ਸਾਹਿਬਾਨ ਦੇ ਸਮੇਂ ਆਮ ਬੋਲੀ ਦਾ ਹਿੱਸਾ ਬਣ ਚੁਕੇ ਸਨ। ਅਰਬੀ ਤੇ ਫਾਰਸੀ ਦੋਵੇਂ ਬੋਲੀਆਂ ਬਾਹਰੋਂ ਆਏ ਮੁਸਲਿਮ ਹਮਲਾਵਰਾਂ ਤੇ ਬਾਦਸ਼ਾਹਾਂ ਨਾਲ ਆਈਆਂ ਜੋ ਆਮ ਭਾਰਤੀ ਮੁਹਾਵਰੇ ਵਿਚ ਸਥਾਪਤ ਹੋ ਗਈਆਂ ਅਤੇ ਜਿਨ੍ਹਾਂ ਦੇ ਸ਼ਬਦਾਂ ਦੀ ਵਰਤੋਂ ਗੁਰੂ ਸਾਹਿਬਾਨ ਨੇ ਆਪਣੇ ਰੱਬੀ ਸੁਨੇਹੇ ਦੇ ਸਰਬਵਿਆਪਕ ਚਰਿਤਰ ਨੂੰ ਦਰਸਾਉਣ ਲਈ ਕੀਤੀ, ਜੋ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇੱਕੋ ਜਿਹਾ ਸੰਬੋਧਿਤ ਸੀ।

ਗੁਰੂ ਨਾਨਕ ਸਾਹਿਬ (1469-1539) ਨੂੰ ਸਮੇਂ ਸਮੇਂ ਰੱਬੀ ਇੱਕਸੁਰਤਾ ਵਿਚ ਸੱਚ ਦਾ ਜੋ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਬਾਣੀ ਦੇ ਰੂਪ ਵਿਚ ਪ੍ਰਗਟ ਕੀਤਾ ਅਤੇ ਲਿਖਤੀ ਰੂਪ ਵਿਚ ਸਾਂਭਿਆ। ਮੰਨਿਆ ਜਾਂਦਾ ਹੈ ਕਿ ਆਪਣੀਆਂ ਚਾਰ ਉਦਾਸੀਆਂ ਦੌਰਾਨ ਉਨ੍ਹਾਂ ਨੇ ਕੁਝ ਭਗਤ ਬਾਣੀ ਵੀ ਇਕੱਠੀ ਕੀਤੀ। ਜਦੋਂ 1539 ਵਿਚ ਉਨ੍ਹਾਂ ਨੇ ਇਸ ਸੰਸਾਰ ਨੂੰ ਛੱਡਣ ਤੋਂ ਪਹਿਲਾਂ ਭਾਈ ਲਹਿਣਾ ਜੀ ਨੂੰ ਆਪਣਾ ਉਤਰਾਧਿਕਾਰੀ ਥਾਪ ਕੇ ਭਾਈ ਲਹਿਣਾ ਤੋਂ ਗੁਰੂ ਅੰਗਦ ਬਣਾਇਆ ਤਾਂ ਗੁਰਗੱਦੀ ਸੌਂਪਣ ਦੇ ਨਾਲ ਹੀ ਬਾਣੀ ਦੀ ਵੀ ਪੋਥੀ ਦੇ ਰੂਪ ਵਿਚ ਉਨ੍ਹਾਂ ਨੂੰ ਸੌਂਪਣਾ ਕੀਤੀ ਤਾਂ ਕਿ ਉਹ ਇਸ ਨੂੰ ਵਿਰਾਸਤ ਰੂਪ 'ਚ ਸਾਂਭਣ ਅਤੇ ਪ੍ਰਾਪਤ ਉਪਦੇਸ਼ਾਂ ਨੂੰ ਸਮੁੱਚੀ ਮਾਨਵਤਾ ਵਿਚ ਪ੍ਰਚਾਰਨ।

ਇਸ ਤਰ੍ਹਾਂ ਇਸ ਪਰੰਪਰਾ ਜ਼ਰੀਏ ਬਾਣੀ ਗੁਰੂ ਅੰਗਦ ਦੇਵ (1503 ਤੋਂ 1552 ਈ.), ਗੁਰੂ ਅਮਰਦਾਸ (1476-1574), ਗੁਰੂ ਰਾਮਦਾਸ (1534-1581) ਅਤੇ ਗੁਰੂ ਅਰਜਨ ਦੇਵ (1563-1606) ਤੱਕ ਪਹੁੰਚੀ। ਗੁਰੂ ਅਮਰਦਾਸ ਗੁਰਗੱਦੀ 'ਤੇ 1552 ਈਸਵੀ ਤੋਂ 1574 ਈ. ਤੱਕ ਬਿਰਾਜਮਾਨ ਰਹੇ ਅਤੇ ਉਨ੍ਹਾਂ ਨੇ ਆਪਣੇ ਅਧਿਆਤਮਕ ਅਨੁਭਵ ਵਿਚ ਬਾਣੀ ਦੀ ਕਾਫੀ ਰਚਨਾ ਕੀਤੀ ਤੇ ਭਗਤ ਬਾਣੀ ਵੀ ਇਕੱਠੀ ਕੀਤੀ। ਇਸ ਤਰ੍ਹਾਂ ਗੁਰੂ ਅਮਰਦਾਸ ਤੋਂ ਚੌਥੇ ਗੁਰੂ ਰਾਮਦਾਸ ਤੱਕ ਅਤੇ ਗੁਰੂ ਰਾਮ ਦਾਸ ਤੋਂ ਪੰਜਵੇਂ ਗੁਰੂ ਅਰਜਨ ਦੇਵ ਤੱਕ ਸਮੇਤ ਉਨ੍ਹਾਂ ਦੀ ਆਪਣੀ ਬਾਣੀ ਦੇ ਗੁਰਗੱਦੀ ਦੇ ਨਾਲ ਹੀ ਪੋਥੀਆਂ ਦੇ ਰੂਪ ਵਿਚ ਬਾਣੀ ਸੌਂਪੀ ਜਾਂਦੀ ਰਹੀ।

ਗੁਰੂ ਅਰਜਨ ਦੇਵ ਨੇ ਆਪ ਬਾਣੀ ਰਚੀ, ਆਪਣੇ ਪੂਰਵਜ ਗੁਰੂਆਂ ਅਤੇ ਉਨ੍ਹਾਂ ਰਾਹੀਂ ਇਕੱਤਰ ਕੀਤੀ ਭਗਤ ਬਾਣੀ ਦੇ ਨਾਲ ਨਾਲ ਭੱਟਾਂ ਦੇ ਸਵਈਏ ਸ਼ਾਮਲ ਕਰਕੇ ਭਾਈ ਗੁਰਦਾਸ ਦੇ ਹੱਥੀਂ ਲਿਖਵਾ ਕੇ 'ਗ੍ਰੰਥ ਸਾਹਿਬ' ਦੀ ਪਹਿਲੀ ਬੀੜ ਤਿਆਰ ਕੀਤੀ ਜਿਸ ਨੂੰ ਪਹਿਲਾਂ ਪਹਿਲ 'ਪੋਥੀ ਸਾਹਿਬ' ਵੀ ਕਿਹਾ ਜਾਂਦਾ ਸੀ। ਇਸ ਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ 1604 ਈਸਵੀ ਵਿਚ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਸੇਵਾ-ਸੰਭਾਲ ਦਾ ਕਾਰਜ ਸੌਂਪ ਕੇ ਪਹਿਲਾ ਗ੍ਰੰਥੀ ਥਾਪਿਆ। ਗੁਰੂ ਗ੍ਰੰਥ ਸਾਹਿਬ ਦੀ ਸੰਸਾਰ ਧਰਮ ਗ੍ਰੰਥਾਂ ਵਿਚ ਇਹ ਇੱਕ ਵਿਲੱਖਣਤਾ ਹੈ ਕਿ ਸਾਰੀ ਬਾਣੀ ਨੂੰ ਉਤਰੀ ਭਾਰਤ ਵਿਚ ਪ੍ਰਚਲਿਤ ਇਕੱਤੀ ਰਾਗਾਂ ਵਿਚ ਤਰਤੀਬ ਦਿੱਤੀ ਗਈ ਹੈ। ਗੁਰੂ ਅਰਜਨ ਦੇਵ ਨੇ ਆਪ 'ਗ੍ਰੰਥ ਸਾਹਿਬ' ਤੋਂ ਹਮੇਸ਼ਾ ਨੀਵਾਂ ਆਸਣ ਗ੍ਰਹਿਣ ਕੀਤਾ ਜਿਸ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਨੇ ਗੁਰੂ-ਸਰੀਰ ਨਾਲੋਂ ਗੁਰੂ-ਸ਼ਬਦ ਨੂੰ ਵੱਧ ਮਹੱਤਤਾ ਦਿੱਤੀ। ਗੁਰੂ ਗੋਬਿੰਦ ਸਿੰਘ ਨੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ (1622-1675) ਦੀ ਬਾਣੀ ਸ਼ਾਮਲ ਕਰਕੇ 'ਗ੍ਰੰਥ ਸਾਹਿਬ' ਨੂੰ ਸੰਪੂਰਨ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਦੇ ਸਲੋਕਾਂ ਵਿਚ ਸ਼ਾਮਲ ਇੱਕ ਸਲੋਕ ਬਾਰੇ ਕਿਹਾ ਜਾਂਦਾ ਹੈ ਕਿ ਇਹ ਦਸਵੇਂ ਗੁਰੂ ਦਾ ਹੈ।

ਦਸਵੇਂ ਅਤੇ ਆਖਰੀ ਸਰੀਰਕ ਗੁਰੂ ਗੋਬਿੰਦ ਸਿੰਘ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਨਾਂਦੇੜ ਵਿਖੇ 1708 ਈਸਵੀ ਨੂੰ ਆਉਣ ਵਾਲੇ ਸਦੀਵ ਸਮਿਆਂ ਵਾਸਤੇ ਬਾਕਾਇਦਾ ਪਰੰਪਰਾ ਅਨੁਸਾਰ ਗੁਰਗੱਦੀ 'ਗ੍ਰੰਥ ਸਾਹਿਬ' ਨੂੰ ਸੌਂਪ ਕੇ ਸਿੱਖ ਪੰਥ ਦਾ ਗੁਰੂ ਥਾਪ ਦਿੱਤਾ। ਇਸ ਤਰ੍ਹਾਂ 'ਗ੍ਰੰਥ ਸਾਹਿਬ' ਨੂੰ 'ਗੁਰੂ ਗ੍ਰੰਥ ਸਾਹਿਬ' ਦਾ ਦਰਜਾ ਗੁਰਗੱਦੀ ਦੇ ਕੇ ਪ੍ਰਦਾਨ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਹੈ ਕਿ ਇਸ ਦਾ ਸੰਕਲਨ ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਕਾਲ ਵਿਚ ਕੀਤਾ ਅਤੇ ਆਪਣੇ ਹੱਥੀਂ ਦਸਵੇਂ ਅਤੇ ਆਖਰੀ ਸਰੀਰਕ ਗੁਰੂ ਨੇ ਗੁਰਗੱਦੀ ਸੌਂਪੀ। ਇਸ ਤਰ੍ਹਾਂ ਸਿੱਖ ਪੰਥ ਨੂੰ ਇਹ ਵੀ ਹੁਕਮ ਕੀਤਾ ਕਿ ਭਵਿੱਖ ਵਿਚ ਅਗਵਾਈ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਲੈਣੀ ਹੈ।

ਗੁਰੂ ਗ੍ਰੰਥ ਸਾਹਿਬ ਹੀ ਇੱਕੋ ਇੱਕ ਅਜਿਹਾ ਧਰਮ ਗ੍ਰੰਥ ਹੈ ਜਿਸ ਵਿਚ ਇਸ ਦੇ ਬਾਨੀ ਗੁਰੂਆਂ ਤੋਂ ਇਲਾਵਾ ਭਗਤ ਕਬੀਰ, ਨਾਮਦੇਵ, ਤ੍ਰਿਲੋਚਨ, ਰਵਿਦਾਸ, ਸਧਨਾ, ਸੈਣ, ਬਾਬਾ ਸੁੰਦਰ, ਸੂਰਦਾਸ, ਜੈਦੇਵ, ਧੰਨਾ, ਪਰਮਾਨੰਦ, ਪੀਪਾ, ਸ਼ੇਖ ਫਰੀਦ, ਸੱਤਾ ਤੇ ਬਲਵੰਡ, ਭਿੱਖਾ, ਮਰਦਾਨਾ, ਰਾਮਾ ਨੰਦ ਅਤੇ ਭੱਟਾਂ ਦੀ ਬਾਣੀ ਸ਼ਾਮਲ ਕੀਤੀ ਗਈ ਹੈ, ਜਿਨ੍ਹਾਂ ਦੀ ਵਿਚਾਰਧਾਰਾ ਗੁਰੂਆਂ ਦੀ ਆਪਣੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ ਅਤੇ ਉਨ੍ਹਾਂ ਸੰਤਾਂ-ਭਗਤਾਂ ਦੀ ਬਾਣੀ ਨੂੰ ਵੀ ਸ਼ਬਦ ਗੁਰੂ ਦਾ ਹਿੱਸਾ ਹੋਣ ਕਰਕੇ ਉਨਾ ਹੀ ਸਤਿਕਾਰ ਪ੍ਰਾਪਤ ਹੈ। ਇਹ ਸੰਤ ਅਤੇ ਭਗਤ ਭਗਤੀ ਵਿਚਾਰਕ ਤੌਰ 'ਤੇ ਹਿੰਦੂ ਅਤੇ ਮੁਸਲਮਾਨ-ਦੋਵਾਂ ਧਰਮਾਂ, ਵੈਸ਼ਨਵ ਭਗਤੀ ਪਰੰਪਰਾ ਅਤੇ ਇਸਲਾਮ ਦੀ ਸੂਫੀ ਪਰੰਪਰਾ ਨਾਲ ਸਬੰਧਤ ਹਨ। ਇਹ ਬਹੁਤ ਵਿਲੱਖਣ ਤੱਥ ਹੈ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਦਾ। ਇਨ੍ਹਾਂ ਸੰਤਾਂ ਅਤੇ ਭਗਤਾਂ ਵਿਚੋਂ ਕਈਆਂ ਦਾ ਸਮਾਂ ਸਿੱਖ ਗੁਰੂ ਸਹਿਬਾਨ ਤੋਂ ਬਹੁਤ ਪਹਿਲਾਂ ਦਾ ਹੈ। ਇਸ ਤਰ੍ਹਾਂ ਇਨ੍ਹਾਂ ਭਗਤਾਂ ਅਤੇ ਸੰਤਾਂ ਦਾ ਸਮਾਂ ਇਤਿਹਾਸਕ ਤੌਰ 'ਤੇ ਕਾਫੀ ਲੰਬਾ ਹੈ; ਭਗਤ ਜੈਦੇਵ (1170) ਤੋਂ ਸ਼ੁਰੂ ਹੋ ਕੇ ਕਬੀਰ ਤੱਕ (1440-1518) ਅਤੇ ਬਾਬਾ ਸ਼ੇਖ ਫਰੀਦ (1173-1266) ਅਤੇ ਇਸ ਤੋਂ ਬਿਨਾ ਹੋਰ ਸੰਤ-ਭਗਤ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਦੇ ਸਹੀ ਸਮੇਂ ਦੀ ਸਾਡੇ ਕੋਲ ਜਾਣਕਾਰੀ ਨਹੀਂ ਹੈ। ਸਿਰਫ ਤੇ ਸਿਰਫ ਵਿਚਾਰਧਾਰਕ ਸਾਂਝ ਦੇ ਆਧਾਰ 'ਤੇ ਬਾਣੀ ਸ਼ਾਮਲ ਕੀਤੀ ਗਈ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਵੇਲੇ ਦੇ ਹੋਰ ਵੀ ਬਹੁਤ ਸਾਰੇ ਸੰਤ ਜਾਂ ਭਗਤ ਹਨ ਜਿਨ੍ਹਾਂ ਦੀ ਬਾਣੀ ਸ਼ਾਮਲ ਨਹੀਂ ਕੀਤੀ ਗਈ, ਜਿਸ ਦਾ ਅਰਥ ਇਹੀ ਹੈ ਕਿ ਉਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਫਲਸਫੇ ਨਾਲ ਮੇਲ ਨਹੀਂ ਸੀ ਖਾਂਦੀ।

ਭਗਤੀ ਕਾਲ ਇੱਕ ਤਰ੍ਹਾਂ ਨਾਲ ਉਹ ਸਮਾਂ ਹੈ ਜਦੋਂ ਪੁਰਾਣੀਆਂ ਰੂੜ੍ਹੀਵਾਦੀ ਅਤੇ ਕਰਮਕਾਂਡੀ ਪਰੰਪਰਾਵਾਂ ਖੋਰੂੰ ਖੋਰੂੰ ਹੋ ਰਹੀਆਂ ਸਨ ਅਤੇ ਨਵੇਂ ਉਠ ਰਹੇ ਮਾਨਵਤਾਵਾਦ ਦਾ ਧਾਰਮਿਕ ਪੁਨਰਜਾਗਰਣ ਕਾਇਮ ਹੋ ਰਿਹਾ ਸੀ। ਇਸ ਦੀ ਵਜ੍ਹਾ ਇਹ ਜਾਪਦੀ ਹੈ ਕਿ ਪੁਰਾਣੀ ਪਰੰਪਰਾ ਵਿਚੋਂ ਜਿਸ ਖੋਖਲੀ ਅਤੇ ਜੜ੍ਹ ਹੋ ਚੁਕੀ ਪਰੰਪਰਾ ਦਾ ਉਹ ਆਦੀ ਹੋ ਗਿਆ ਸੀ, ਮਨੁੱਖ ਦੀ ਅਗਵਾਈ ਕਰਨ ਅਤੇ ਸਾਂਤਵਨਾ ਦੇਣ ਦੀ ਉਪਯੋਗਤਾ ਅਤੇ ਪ੍ਰਭਾਵਿਕਤਾ ਦੀ ਉਮੀਦ ਖਤਮ ਹੋ ਗਈ ਸੀ। ਨਵੀਂ ਭਗਤੀ ਪਰੰਪਰਾ ਵਿਚ ਭਾਵੇਂ ਧੁੰਦਲਾ ਜਿਹਾ ਹੀ ਸੀ, ਪਰ ਅਚੁੱਕ ਅਤੇ ਨਵਾਂ ਅਤੇ ਵੱਧ ਪੁਨਰਸਥਾਪਤੀ ਵਾਲਾ ਮਾਨਵਤਾਵਾਦੀ ਜਾਗ੍ਰਿਤੀ ਦੀ ਆਸ਼ਾ ਦਾ ਨਾਦ ਸੁਣਾਈ ਦੇ ਰਿਹਾ ਸੀ। ਇਹ ਰੂੜੀਵਾਦੀ ਪਰੰਪਰਾਵਾਂ, ਕਰਮਕਾਂਡੀ ਧਾਰਮਿਕ ਜ਼ੰਜੀਰਾਂ ਤੋਂ ਮਨੁੱਖ ਦੀ ਆਜ਼ਾਦੀ ਦਾ ਅਰੰਭ ਸੀ। ਇਸੇ ਲਈ ਇਸ ਸਮੇਂ ਦੀ ਵਿਚਾਰਧਾਰਕ ਸਾਂਝ ਵਾਲੀ ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਗਿਆ। ਪੰਜਵੇਂ ਗੁਰੂ ਅਰਜਨ ਦੇਵ ਨੇ 'ਪੋਥੀ' ਅਰਥਾਤ 'ਬਾਣੀ' ਅਰਥਾਤ ਗ੍ਰੰਥ ਸਾਹਿਬ ਨੂੰ ਪਰਮਾਤਮਾ ਦਾ ਸਥਾਨ ਕਿਹਾ ਹੈ, ਜਿੱਥੇ ਮਨੁੱਖ ਦਾ ਵਾਹਿਗੁਰੂ ਨਾਲ ਮੇਲ ਹੋ ਸਕਦਾ ਹੈ, ਇਹ ਉਸ ਦੇ ਮਿਲਾਪ ਦੀ ਥਾਂ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੋ ਸੰਗਤਿ ਵਿਚ ਰਹਿ ਕੇ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦੇ ਹਨ, ਉਸ ਦੀ ਸਿਫਤਿ-ਸਾਲਾਹ ਕਰਦੇ ਹਨ, ਉਹ ਮਨੁੱਖ ਉਸ ਨਾਲ ਆਪਣੀ ਸਾਂਝ ਬਣਾ ਲੈਂਦੇ ਹਨ; ਉਨ੍ਹਾਂ ਨੂੰ ਰੱਬੀ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ:

ਪੋਥੀ ਪਰਮੇਸਰ ਕਾ ਥਾਨੁ॥  
ਸਾਧਸੰਗਿ ਗਾਵਹਿ ਗੁਣ ਗੋਬਿੰਦ  
ਪੂਰਨ ਬ੍ਰਹਮ ਗਿਆਨੁ॥ (ਪੰਨਾ 1226)

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾਂ 'ਮੂਲ ਮੰਤ੍ਰ' ਹੈ ਜੋ 'ੴ' ਤੋਂ ਸ਼ੁਰੂ ਹੋ ਕੇ 'ਗੁਰ ਪ੍ਰਸਾਦਿ' 'ਤੇ ਮੁੱਕ ਜਾਂਦਾ ਹੈ। ਮੂਲ ਮੰਤ੍ਰ ਰਾਹੀਂ ਮਨੁੱਖ ਨੂੰ ਇੱਕੋ ਇੱਕ ਪਰਮ ਹਸਤੀ ਨਾਲ ਜੋੜਿਆ ਹੈ। ਉਹ ਅਕਾਲ ਪੁਰਖ ਕੇਵਲ ਇੱਕੋ ਇੱਕ ਪਰਮ ਸ਼ਕਤੀ ਹੈ ਜਿਸ ਦੀ ਹੋਂਦ ਸਦੀਵੀ ਹੈ, ਉਹ ਇਕ-ਰਸ ਵਿਆਪਕ ਹੈ। ਉਹ ਇਸ ਸੰਸਾਰ ਦਾ ਕਰਤਾ ਪੁਰਖ ਵੀ ਹੈ ਅਰਥਾਤ ਇਸ ਦਾ ਸਿਰਜਣਹਾਰ ਹੈ। ਉਹ ਸਮੇਂ ਅਤੇ ਸਥਾਨ ਤੋਂ ਉਪਰ ਹੈ ਅਤੇ ਇਹ ਸੰਸਾਰ ਉਸ ਦਾ ਪ੍ਰਗਟ ਰੂਪ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਧਰਮ ਨੂੰ ਇਕਾਂਤ ਜੰਗਲਾਂ, ਗੁਫਾਵਾਂ ਵਿਚੋਂ ਕੱਢ ਕੇ ਸਮਾਜ ਨਾਲ ਜੋੜਿਆ ਕਿਉਂਕਿ ਉਸ ਅਕਾਲ ਪੁਰਖ ਨੂੰ ਪਾਉਣ ਲਈ ਘਰ-ਸੰਸਾਰ ਛੱਡ ਕੇ ਕਿਸੇ ਇਕਾਂਤ ਸਥਾਨ 'ਤੇ ਜਾ ਕੇ ਤਪੱਸਿਆ ਕਰਨ ਦੀ ਲੋੜ ਨਹੀਂ ਹੈ, ਉਹ ਹਰ ਥਾਂ ਵਿਆਪਕ ਹੈ। ਮਨੁੱਖ ਨੇ ਉਸ ਨੂੰ ਆਪਣੇ ਅੰਦਰ ਲੱਭਣਾ ਹੈ। ਇਹ ਸਾਰਾ ਸੰਸਾਰ ਉਸ ਦਾ ਪ੍ਰਗਟ ਰੂਪ ਹੈ। ਬਾਣੀ ਨੇ ਧਰਮ ਨੂੰ ਕਰਮਕਾਂਡੀ ਰੂੜ੍ਹੀਵਾਦ ਵਿਚੋਂ ਕੱਢ ਕੇ ਉਸ ਨੂੰ ਪਾਉਣ ਦਾ ਰਸਤਾ ਉਸ ਅਕਾਲ ਪੁਰਖ ਦੇ ਮੂਲ ਮੰਤ੍ਰ ਵਿਚ ਦੱਸੇ ਗਏ ਗੁਣਾਂ ਦੀ ਵਿਚਾਰ ਕਰਕੇ, ਉਸ ਦੇ ਗੁਣਾਂ ਨੂੰ ਸਿਮਰਨ ਰਾਹੀਂ ਆਪਣੇ ਅੰਦਰ ਵਸਾਉਣ ਰਾਹੀਂ ਦੱਸਿਆ ਹੈ। ਇਸ ਤਰ੍ਹਾਂ ਉਸ ਦੇ ਗੁਣਾਂ ਦਾ ਗਾਇਨ ਕਰਦਿਆਂ ਆਪਣੀ ਸ਼ਖਸੀਅਤ ਅੰਦਰ ਨੈਤਿਕ ਗੁਣ ਜਿਵੇਂ ਸਤਿ, ਸੰਤੋਖ, ਪਰਉਪਕਾਰ, ਦਇਆ ਅਤੇ ਹਲੀਮੀ ਆਦਿ ਪੈਦਾ ਕਰਕੇ ਉਸ ਨੂੰ ਗੁਰੂ ਦੀ ਕਿਰਪਾ ਰਾਹੀਂ ਪਾ ਸਕੀਦਾ ਹੈ। ਗੁਰੂ ਦੀ ਮਿਹਰ ਪ੍ਰਾਪਤ ਕਰਨ ਲਈ, ਉਸ ਨੂੰ ਪਾਉਣ ਲਈ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਦੀ ਲੋੜ ਹੈ। ਬਾਣੀ ਅਨੁਸਾਰ ਉਸ ਨੂੰ ਪਾਉਣ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹਉਮੈ ਹੈ, ਜਿਸ ਦਾ ਜ਼ਿਕਰ ਜਪੁਜੀ ਦੇ ਅਰੰਭ ਵਿਚ ਹੀ ਕੀਤਾ ਹੋਇਆ ਹੈ। ਬਾਣੀ ਵਿਚ ਵਾਰ ਵਾਰ ਇਸ ਦਾ ਜ਼ਿਕਰ ਹੈ ਕਿ ਹਉਮੈ ਦੀ ਝੂਠੀ ਕੰਧ ਨੂੰ ਤੋੜ ਕੇ ਹੀ ਉਸ ਵੱਲ ਜਾਂਦੇ ਰਸਤੇ 'ਤੇ ਤੁਰਿਆ ਜਾ ਸਕਦਾ ਹੈ:

ਭੋਲਿਆ ਹਉਮੈ ਸੁਰਤਿ ਵਿਸਾਰਿ॥  
ਹਉਮੈ ਮਾਰਿ ਬੀਚਾਰਿ ਮਨ  
ਗੁਣ ਵਿਚਿ ਗੁਣ ਲੈ ਸਾਰਿ॥1॥ ਰਹਾਉ॥  
ਅਖੀ ਕੁਦਰਤਿ ਕੰਨੀ ਬਾਣੀ  
ਮੁਖਿ ਆਖਣੁ ਸਚੁ ਨਾਮੁ॥  
ਪਤਿ ਕਾ ਧਨੁ ਪੂਰਾ ਹੋਆ  
ਲਾਗਾ ਸਹਜਿ ਧਿਆਨਿ॥3॥  
(ਪੰਨਾ 1168)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਪਹਿਲੀ ਵਾਰ ਧਰਮ ਨੂੰ ਕਿਰਤ ਨਾਲ ਜੋੜਦਿਆਂ ਉਚ-ਵਰਗ ਦੀ ਇਜ਼ਾਰੇਦਾਰੀ ਵਿਚੋਂ ਕੱਢ ਕੇ ਆਮ ਲੋਕਾਂ ਦਾ ਧਰਮ ਬਣਾਇਆ। ਉਸ ਨੂੰ ਪਾਉਣ ਦੇ ਰਸਤੇ ਦੀ ਪਛਾਣ ਦਸਾਂ ਨਹੁੰਆਂ ਦੀ ਸੁੱਚੀ ਕਿਰਤ-ਕਮਾਈ ਕਰਨ ਅਤੇ ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਖਾਣ ਨਾਲ ਹੋਣੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਇਸ ਸੰਸਾਰ ਦੀ ਉਤਪਤੀ ਦਾ ਸੋਮਾ ਇੱਕੋ-ਇੱਕ ਅਕਾਲ ਪੁਰਖ ਹੈ ਜਿਸ ਨੇ ਸੰਸਾਰ ਦੀ ਰਚਨਾ ਆਪਣੇ ਆਪ ਤੋਂ ਕੀਤੀ ਹੈ। ਇਹ ਸੰਸਾਰ ਵੰਨ-ਸੁਵੰਨਾ ਹੋਣ 'ਤੇ ਵੀ ਇਸ ਦਾ ਸੋਮਾ ਇੱਕ ਹੈ। ਸੋਮਾ ਇੱਕ ਹੋਣ ਦੇ ਨਾਤੇ ਸੰਸਾਰ ਦੀ ਵੰਨ-ਸੁਵੰਨਤਾ ਅਤੇ ਮਨੁੱਖੀ ਭਾਈਚਾਰਕ ਸਾਂਝ ਨੂੰ ਸਵੀਕਾਰ ਕੀਤਾ ਹੈ। ਇਸ ਤਰ੍ਹਾਂ ਮਨੁੱਖ ਨੂੰ ਨਸਲ, ਜਨਮ-ਜ਼ਾਤਿ ਅਤੇ ਇਸਤਰੀ-ਪੁਰਸ਼ ਹੋਣ ਦੇ ਨਾਤੇ ਉਚਾ ਜਾਂ ਨੀਵਾਂ ਤਸੱਵਰ ਕਰਨਾ ਨੈਤਿਕ ਅਤੇ ਕੁਦਰਤੀ-ਦੋਵੇਂ ਤਰ੍ਹਾਂ ਹੀ ਗਲਤ ਹੈ। ਬਾਣੀ ਅਨੇਕਤਾ 'ਚ ਏਕਤਾ, ਵੰਨ-ਸੁਵੰਨਤਾ 'ਚ ਏਕਾਤਮਕਤਾ ਨੂੰ ਪ੍ਰਵਾਨ ਕਰਦੀ ਹੈ। ਅਜਿਹੇ ਕਿਸੇ ਵੀ ਆਧਾਰ 'ਤੇ ਮਨੁੱਖਤਾ ਨੂੰ ਵੰਡਣਾ ਗੈਰ-ਕੁਦਰਤੀ ਅਤੇ ਗੈਰ-ਇਖਲਾਕੀ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਇੱਕ ਅਜਿਹਾ ਧਰਮ ਗ੍ਰੰਥ ਹੈ ਜੋ ਸਹਿਜ ਤੇ ਸੁਹਜਮਈ ਸਾਂਝੀਵਾਲਤਾ ਦਾ ਸੁਨੇਹਾ ਦ੍ਰਿੜ ਕਰਵਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਰਬਵਿਆਪੀ ਹੈ ਜੋ ਸੰਸਾਰ ਭਰ ਦੇ ਲੋਕਾਂ ਅਤੇ ਧਰਮਾਂ ਲਈ ਸਾਂਝਾ ਹੈ। ਗੁਰੂ ਗ੍ਰੰਥ ਸਾਹਿਬ ਨੇ ਸਮੱਸਿਆਵਾਂ ਦੇ ਸਾਂਝੇ ਹੱਲ ਲਈ ਮਨੁੱਖ ਨੂੰ ਪੰਚ-ਪ੍ਰਧਾਨੀ ਪ੍ਰਬੰਧ ਦਿੱਤਾ ਹੈ ਜਿਸ ਅਨੁਸਾਰ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ  
ਦੁਬਿਧਾ ਦੂਰਿ ਕਰਹੁ ਲਿਵ ਲਾਇ॥  
(ਪੰਨਾ 1185)

ਇਸ ਅਨੁਸਾਰ ਹਰ ਤਰ੍ਹਾਂ ਦੀਆਂ ਮਨੁੱਖੀ ਵੰਡੀਆਂ ਜਿਵੇਂ ਜਨਮ-ਜ਼ਾਤਿ, ਮਜ਼ਹਬ, ਰੰਗ, ਨਸਲ ਆਦਿ ਦੇ ਭੇਦ-ਭਾਵ ਅਤੇ ਇਲਾਕਾਈ ਹੱਦਬੰਦੀਆਂ ਤੋਂ ਉਤੇ ਉਠ ਇੱਕ ਨਵੇਂ ਅਤੇ ਸਰਬਸਾਂਝੇ ਸਮਾਜ ਦੀ ਸਿਰਜਣਾ ਵਾਸਤੇ ਉਪਰਾਲੇ ਕਰਨੇ ਚਾਹੀਦੇ ਹਨ। ਇਹੀ ਗੁਰੂ ਦਾ ਮਾਰਗ ਹੈ, ਜਿਸ ਅਨੁਸਾਰ:

ਨਾ ਕੋ ਬੈਰੀ ਨਹੀ ਬਿਗਾਨਾ  
ਸਗਲ ਸੰਗਿ ਹਮ ਕਉ ਬਨਿ ਆਈ॥

ਗੁਰਬਾਣੀ ਗਿਆਨ

# ਨਾਮੁ ਨਿਰੰਜਨੁ ਨੀਰਿ ਨਰਾਇਣ

ੴ ਸਤਿਗੁਰ ਪ੍ਰਸਾਦਿ  
ਗੋਂਡ ਮਹਲਾ ੫  
ਨਾਮੁ ਨਿਰੰਜਨੁ ਨੀਰਿ ਨਰਾਇਣ॥  
ਰਸਨਾ ਸਿਮਰਤ ਪਾਪ ਬਿਲਾਇਣ॥ਰਹਾਉ॥  
ਨਾਰਾਇਣ ਸਭ ਮਾਹਿ ਨਿਵਾਸ॥  
ਨਾਰਾਇਣ ਘਟਿ ਘਟਿ ਪਰਗਾਸ॥  
ਨਾਰਾਇਣ ਕਹਤੇ ਨਰਕਿ ਨ ਜਾਹਿ॥  
ਨਾਰਾਇਣ ਸੇਵਿ ਸਗਲ ਫਲ ਪਾਹਿ॥  
ਨਾਰਾਇਣ ਮਨ ਮਾਹਿ ਅਧਾਰ॥  
ਨਾਰਾਇਣ ਬੋਹਿਥ ਸੰਸਾਰ॥  
ਨਾਰਾਇਣ ਕਹਤ ਜਮੁ ਭਾਗਿ ਪਲਾਇਣ॥  
ਨਾਰਾਇਣ ਦੰਤ ਭਾਨੇ ਡਾਇਣ॥  
ਨਾਰਾਇਣ ਸਦ ਸਦ ਬਖਸਿੰਦ॥  
ਨਾਰਾਇਣ ਕੀਨੇ ਸੂਖ ਅਨੰਦ॥  
ਨਾਰਾਇਣ ਪ੍ਰਗਟ ਕੀਨੋ ਪਰਤਾਪ॥  
ਨਾਰਾਇਣ ਸੰਤ ਕੋ ਮਾਈ ਬਾਪ॥  
ਨਾਰਾਇਣ ਸਾਧ ਸੰਗਿ ਨਾਰਾਇਣ॥  
ਬਾਰੰ ਬਾਰ ਨਰਾਇਣ ਗਾਇਣ॥  
ਬਸਤੁ ਅਗੋਚਰ ਗੁਰ ਮਿਲਿ ਲਹੀ॥  
ਨਾਰਾਇਣ ਓਟ ਨਾਨਕ ਦਾਸ ਗਹੀ॥

ਗੁਰੂ ਅਰਜਨ ਦੇਵ ਮਿਹਰਬਾਨ ਕਰਤਾ ਪੁਰਖ ਪਰਮਾਤਮਾ ਦੀ ਸਿਫਤਿ ਸਾਲਾਹ ਕਰਦਿਆਂ ਆਖਦੇ ਹਨ, ਹੇ ਭਾਈ! ਨਾਰਾਇਣ ਦਾ ਨਾਮ ਮਾਇਆ ਰੂਪੀ ਕਾਲਖ ਤੋਂ ਬਚਾਉਣ ਵਾਲਾ ਹੈ, ਇਸ ਨੂੰ ਆਪਣੇ ਹਿਰਦੇ ਵਿਚ ਸਿੰਜ। ਇਸ ਨਾਮ ਨੂੰ ਰਸਨਾ ਨਾਲ ਜਪਦਿਆਂ ਜੀਵ ਦੇ ਸਾਰੇ ਹੀ ਪਾਪ ਦੂਰ ਹੋ ਜਾਂਦੇ ਹਨ।

ਨਾਰਾਇਣ ਸਭ ਮਾਹਿ ਨਿਵਾਸ॥  
ਨਾਰਾਇਣ ਘਟਿ ਘਟਿ ਪਰਗਾਸ॥  
ਨਾਰਾਇਣ ਕਹਤੇ ਨਰਕਿ ਨ ਜਾਹਿ॥  
ਨਾਰਾਇਣ ਸੇਵਿ ਸਗਲ ਫਲ ਪਾਹਿ॥

ਗੁਰਦੇਵ ਆਖਦੇ ਹਨ, ਹੇ ਭਾਈ, ਸਾਰੇ ਹੀ ਜੀਵਾਂ ਵਿਚ ਉਸ ਨਾਰਾਇਣ ਪ੍ਰਭੂ ਦਾ ਨਿਵਾਸ ਹੈ। ਹਰ ਇਕ ਸਰੀਰ ਅੰਦਰ ਨਾਰਾਇਣ ਦੀ ਜੋਤਿ ਦਾ ਹੀ ਪ੍ਰਕਾਸ਼ ਹੈ; ਹੇ ਭਾਈ, ਨਾਰਾਇਣ ਦਾ ਨਾਮ ਜਪਣ ਵਾਲੇ ਕਦੀ ਨਰਕ ਵਿਚ ਨਹੀਂ ਜਾਂਦੇ। ਨਾਰਾਇਣ ਦੀ ਅਰਾਧਨਾ ਕਰਨ ਵਾਲੇ ਸਾਰੇ ਫਲ ਪ੍ਰਾਪਤ ਕਰ ਲੈਂਦੇ ਹਨ।

ਨਾਰਾਇਣ ਮਨ ਮਾਹਿ ਅਧਾਰ॥  
ਨਾਰਾਇਣ ਬੋਹਿਥ ਸੰਸਾਰ॥  
ਨਾਰਾਇਣ ਕਹਤ ਜਮੁ ਭਾਗਿ ਪਲਾਇਣ॥  
ਨਾਰਾਇਣ ਦੰਤ ਭਾਨੇ ਡਾਇਣ॥

ਸਤਿਗੁਰੂ ਆਖਦੇ ਹਨ, ਹੇ ਭਾਈ! ਨਾਰਾਇਣ ਦੇ ਨਾਮ ਨੂੰ ਆਪਣੇ ਜੀਵਨ ਦਾ ਆਧਾਰ ਆਸਰਾ ਬਣਾ ਲੈ। ਨਾਰਾਇਣ ਦਾ ਨਾਮ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਲਿਜਾਣ ਵਾਲਾ ਜਹਾਜ਼ ਹੈ। ਨਾਰਾਇਣ ਦਾ ਨਾਮ ਜਪਣ ਵਾਲਿਆਂ ਕੋਲੋਂ ਜਮ ਭੱਜ ਕੇ ਪਰਾਂ ਤੁਰ ਜਾਂਦਾ ਹੈ। ਨਾਰਾਇਣ ਪ੍ਰਭੂ ਦਾ ਨਾਮ ਮਾਇਆ ਰੂਪੀ ਡਾਇਣ ਦੇ ਦੰਦ ਭੰਨ ਦਿੰਦਾ ਹੈ।

ਨਾਰਾਇਣ ਸਦ ਸਦ ਬਖਸਿੰਦ॥  
ਨਾਰਾਇਣ ਕੀਨੇ ਸੂਖ ਅਨੰਦ॥  
ਨਾਰਾਇਣ ਪ੍ਰਗਟ ਕੀਨੋ ਪਰਤਾਪ॥  
ਨਾਰਾਇਣ ਸੰਤ ਕੋ ਮਾਈ ਬਾਪ॥

ਗੁਰੂ ਅਰਜਨ ਦੇਵ ਉਪਦੇਸ਼ ਕਰਦੇ ਹਨ, ਹੇ ਭਾਈ, ਉਹ ਜਗਤ ਦਾ ਮਾਲਕ ਨਾਰਾਇਣ ਤਾਂ ਸਦਾ ਸਦਾ ਹੀ ਬਖਸ਼ਣਹਾਰ ਹੈ। ਨਾਰਾਇਣ ਆਪਣੇ ਸੇਵਕਾਂ ਦੇ ਹਿਰਦਿਆਂ ਵਿਚ ਸੁਖ ਅਤੇ ਅਨੰਦ ਪੈਦਾ ਕਰਦਾ ਹੈ। ਨਾਰਾਇਣ ਆਪਣੇ ਸੇਵਕਾਂ ਅੰਦਰ ਆਪਣਾ ਤੇਜ-ਪ੍ਰਤਾਪ ਪ੍ਰਗਟ ਕਰਦਾ ਹੈ। ਹੇ ਭਾਈ, ਨਾਰਾਇਣ ਤਾਂ ਆਪਣੇ ਸੇਵਕਾਂ ਸੰਤਾਂ ਦਾ ਮਾਂ-ਪਿਓ ਵਾਂਗ ਰਾਖਾ ਹੈ।

ਨਾਰਾਇਣ ਸਾਧ ਸੰਗਿ ਨਾਰਾਇਣ॥  
ਬਾਰੰ ਬਾਰ ਨਰਾਇਣ ਗਾਇਣ॥  
ਬਸਤੁ ਅਗੋਚਰ ਗੁਰ ਮਿਲਿ ਲਹੀ॥  
ਨਾਰਾਇਣ ਓਟ ਨਾਨਕ ਦਾਸ ਗਹੀ॥

ਗੁਰਦੇਵ ਆਖਦੇ ਹਨ, ਭਾਈ! ਜੋ ਮਨੁੱਖ ਸਾਧ ਸੰਗਤ 'ਚ ਟਿਕ ਕੇ ਸਦਾ ਨਾਰਾਇਣ ਦਾ ਨਾਮ ਜਪਦੇ ਹਨ ਅਤੇ ਮੁੜ ਮੁੜ ਪ੍ਰਭੂ ਦੀ ਸਿਫਤਿ ਸਾਲਾਹ ਦਾ ਗੀਤ ਗਾਉਂਦੇ ਹਨ, ਉਹ ਮਨੁੱਖ ਗੁਰੂ ਨੂੰ ਮਿਲ ਕੇ ਪ੍ਰਭੂ ਮਿਲਾਪ ਰੂਪ ਕੀਮਤੀ ਚੀਜ਼ ਲੱਭ ਲੈਂਦੇ ਹਨ, ਜੋ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ। ਹੇ ਨਾਨਕ, ਨਾਰਾਇਣ ਦੇ ਦਾਸ ਸਦਾ ਹੀ ਉਸ ਦੇ ਆਸਰੇ ਵਿਚ ਰਹਿੰਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਏਕਤਾ ਦਾ ਮੁਜੱਸਮਾ ਮੌਲਾਨਾ ਮੁਹੰਮਦ ਬਰਕਤ ਉੱਲਾ



ਕਿਰਪਾਲ ਸਿੰਘ ਸੰਧੂ
ਫੋਨ: 559-259-4844

ਮਹਾਨ ਗਦਰੀ, ਅਣਥਕ, ਮੁਲਕ-ਦਰ-ਮੁਲਕ ਗਾਹੁਣ ਵਾਲਾ ਸੂਰਮਾ ਮੌਲਾਨਾ ਮੁਹੰਮਦ ਬਰਕਤ ਉੱਲਾ ਨੇ 1860 'ਚ (ਇਕ ਸਾਲ ਅੱਗੇ ਜਾਂ ਪਿੱਛੇ) ਭੁਪਾਲ ਸ਼ਹਿਰ ਵਿਚ ਜਨਮ ਲਿਆ। ਉਹ ਹਿੰਦੁਸਤਾਨ ਦੀ ਆਜ਼ਾਦੀ ਲਈ ਲੜ ਰਹੀਆਂ ਸਾਰੀਆਂ ਲਹਿਰਾਂ ਦੇ ਮੋਹਰੀ ਆਗੂਆਂ 'ਚੋਂ ਇਕ ਸਨ। ਉਨ੍ਹਾਂ ਦੀ ਸਰਗਰਮੀ ਹਿੰਦੋਸਤਾਨ ਤੋਂ ਸ਼ੁਰੂ ਹੋ ਕੇ ਇੰਗਲੈਂਡ, ਫਰਾਂਸ, ਜਰਮਨੀ, ਤੁਰਕੀ, ਰੂਸ, ਜਾਪਾਨ, ਅਮਰੀਕਾ ਅਤੇ ਅਫਗਾਨਿਸਤਾਨ ਤਕ ਸੀ। ਬਰਤਾਨਵੀ ਬਸਤੀਵਾਦ ਵਲੋਂ ਗਲ ਪਾਏ ਗੁਲਾਮੀ ਦੇ ਜੂਲੇ ਤੋਂ ਹਿੰਦੁਸਤਾਨ ਨੂੰ ਮੁਕਤ ਕਰਾਉਣ ਲਈ ਇਨਕਲਾਬੀ ਜੋਸ਼ ਉਨ੍ਹਾਂ ਦੇ ਰੋਮ-ਰੋਮ ਵਿਚ ਲਟ-ਲਟ ਬਲ ਰਿਹਾ ਸੀ। ਉਹ ਜਿਥੇ ਇਸਲਾਮ ਦੇ ਖੋਜੀ ਸਨ, ਨਾਲ ਹੀ ਕੌਮਪ੍ਰਸਤ ਵੀ ਰੱਜ ਕੇ ਸਨ। ਨਿਧੜਕ ਪੱਤਰਕਾਰੀ ਦੇ ਨਾਲ-ਨਾਲ ਉਨ੍ਹਾਂ ਨੇ ਕਈ ਕਿਤਾਬਾਂ ਵੀ ਲਿਖੀਆਂ ਅਤੇ ਉਹ ਸੱਤ ਜ਼ਬਾਨਾਂ ਜਾਣਦੇ ਸਨ।

ਅਫਗਾਨਿਸਤਾਨ ਵਿਚ ਮੌਲਾਨਾ ਮੁਹੰਮਦ ਬਰਕਤ ਉੱਲਾ ਇਕ ਇਨਕਲਾਬੀ ਗਰੁਪ ਜਿਸ ਵਿਚ ਰਾਜਾ ਮਹਿੰਦਰ ਪ੍ਰਤਾਪ, ਡਾ. ਮਥਰਾ ਸਿੰਘ, ਹਰਨਾਮ ਸਿੰਘ ਤੇ ਕੁਝ ਹੋਰ ਸਾਥੀ ਵੀ ਸਨ, ਨਾਲ ਕਾਬਲ ਪੁੱਜੇ। ਅਫਗਾਨਿਸਤਾਨ ਵਿਚ ਬਾਗਾਂ-ਏ-ਬਹਾਰ ਦੇ ਸਥਾਨ 'ਤੇ ਪਹਿਲੀ ਦਸੰਬਰ 1915 ਨੂੰ ਹਿੰਦੁਸਤਾਨ ਦੀ ਆਜ਼ਾਦ, ਆਰਜ਼ੀ ਹਕੂਮਤ ਦਾ ਐਲਾਨ ਕੀਤਾ ਗਿਆ। ਸਰਬਸੰਮਤੀ ਨਾਲ ਮੌਲਾਨਾ ਮੁਹੰਮਦ ਬਰਕਤ ਉੱਲਾ ਨੂੰ ਇਸ ਆਜ਼ਾਦ ਆਰਜ਼ੀ ਹਕੂਮਤ ਦਾ ਪ੍ਰਧਾਨ ਮੰਤਰੀ ਅਤੇ ਮਥਰਾ ਸਿੰਘ ਨੂੰ ਵਿਦੇਸ਼ ਮੰਤਰੀ ਬਣਾਇਆ ਗਿਆ। ਅਫਗਾਨਿਸਤਾਨ ਦੇ ਮੌਕੇ ਦੇ ਹਾਕਮ ਅਮਾਨ ਉੱਲਾ, ਜੋ ਅੰਗਰੇਜ਼ ਸਾਮਰਾਜ ਦੇ ਖਿਲਾਫ ਸੀ, ਨਾਲ ਮੁਆਇਦਾ ਕੀਤਾ ਗਿਆ। ਇਸੇ ਮੁਆਇਦੇ ਮੁਤਾਬਕ ਹੀ ਗਦਰੀ 1920 ਤਕ ਆਪਣੀ ਸਰਗਰਮੀਆਂ ਅਫਗਾਨਿਸਤਾਨ ਵਿਚ ਰਹਿ ਕੇ ਚਲਾਉਂਦੇ ਰਹੇ।

ਬਰਤਾਨਵੀ ਸਾਮਰਾਜ ਵੱਲੋਂ 'ਪਾੜੋ ਤੇ ਰਾਜ ਕਰੋ' ਵਾਲੀ ਪਾਲਿਸੀ ਨੂੰ ਸਮਝਦਿਆਂ ਹਿੰਦੂ, ਮੁਸਲਿਮ ਅਤੇ ਸਿੱਖਾਂ ਵਿਚ ਪਾਏ ਜਾਂਦੇ ਪਾੜੇ ਨੂੰ ਖਤਮ ਕਰਨ ਵਿਚ ਮੁਹੰਮਦ ਬਰਕਤ ਉੱਲਾ ਕਾਮਯਾਬ ਵੀ ਹੋਇਆ। ਇਸ ਦਾ ਪ੍ਰਤੱਖ ਸਬੂਤ ਇਹ ਮਿਲਦਾ ਹੈ ਕਿ ਉਨ੍ਹਾਂ ਨੇ ਵਿਦੇਸ਼ਾਂ ਵਿਚ ਰਹਿ ਰਹੇ ਹਿੰਦੂ, ਮੁਸਲਿਮ, ਸਿੱਖ ਅਤੇ ਹੋਰ ਵਿਰਕਿਆਂ ਦੇ ਭਾਈਚਾਰੇ ਇਕ ਲੜੀ ਵਿਚ ਪਰੋਏ ਅਤੇ ਇਹ ਸਾਰੇ ਇਕਜੁਟ ਹੋ ਕੇ ਲੜੇ। ਇਹ ਕਾਰਨਾਮੇ ਮਹਾਨ ਗਦਰ ਦੇ ਘੋਲ 'ਚ ਦੇਖੇ ਜਾ ਸਕਦੇ ਹਨ।

ਮੌਲਾਨਾ ਮੁਹੰਮਦ ਬਰਕਤ ਉੱਲਾ ਦਾ ਪਰਿਵਾਰਕ ਪਿਛੋਕੜ ਪਠਾਣ ਅਫ਼ਗਾਨੀ ਕਬੀਲੇ ਨਾਲ ਤੁਅੱਲਕ ਰੱਖਦਾ ਸੀ। ਇਨ੍ਹਾਂ ਦਾ ਬਜ਼ੁਰਗ ਬਾਬਰ ਦੇ ਹਮਲੇ ਵੇਲੇ ਹਿੰਦੁਸਤਾਨ ਆਇਆ ਤੇ ਫਿਰ ਇਥੋਂ ਦਾ ਹੀ ਵਸਨੀਕ ਬਣ ਗਿਆ। ਉਨ੍ਹਾਂ ਦੇ ਬਾਪ ਦਾ ਨਾਂ ਮੌਲਾਨਾ ਮੁਹੰਮਦ ਸੁਜਾਤ ਉੱਲਾ ਸੀ, ਜੋ ਕਿੱਤੇ ਵਜੋਂ ਪਹਿਲਾਂ ਪ੍ਰਾਇਮਰੀ ਸਕੂਲ ਦਾ ਮਾਸਟਰ ਸੀ ਅਤੇ ਫਿਰ ਕੁਝ ਸਮਾਂ ਪੁਲਿਸ ਦੀ ਨੌਕਰੀ ਵੀ ਕੀਤੀ। ਮੌਲਾਨਾ ਦੀ ਇਕ ਭੈਣ ਵੀ ਸੀ। ਪਰਿਵਾਰ ਦਾ ਗੁਜ਼ਾਰਾ ਮੁਸ਼ਕਿਲ ਨਾਲ ਹੀ ਚਲਦਾ ਸੀ। ਜਦੋਂ ਮੁਹੰਮਦ ਬਰਕਤ ਉੱਲਾ ਅਜੇ ਸਕੂਲ ਦਾ ਵਿਦਿਆਰਥੀ ਹੀ ਸੀ ਤਾਂ ਉਨ੍ਹਾਂ ਦੇ ਬਾਪ ਦੀ ਮੌਤ ਹੋ ਗਈ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਉਨ੍ਹਾਂ ਨੂੰ ਵਜ਼ੀਫਾ ਮਿਲਦਾ ਸੀ, ਜਿਸ ਨਾਲ ਉਹ ਆਪਣਾ ਗੁਜ਼ਾਰਾ ਕਰਦੇ। ਫਿਰ ਇਕ ਵਕਤ ਅਜਿਹਾ ਆਇਆ ਕਿ ਮੁਹੰਮਦ ਬਰਕਤ ਉੱਲਾ ਨੂੰ ਆਪਣੇ ਦੋਸਤ ਦੇ ਬਾਪ ਦੇ ਘਰ ਇਕ ਕਮਰੇ ਵਿਚ ਰਹਿਣਾ ਪਿਆ ਅਤੇ ਆਪਣੀ ਪੜ੍ਹਾਈ ਜਾਰੀ ਰੱਖੀ। 1878 ਵਿਚ ਉਨ੍ਹਾਂ ਨੇ ਮੈਟ੍ਰਿਕ ਪਾਸ ਕਰ ਲਈ। ਫਿਰ 1879 ਤੋਂ 1881 ਤਕ ਦੋ ਸਾਲ ਉਸੇ ਸਕੂਲ ਵਿਚ ਬਤੌਰ ਮਾਸਟਰ ਸੇਵਾ ਨਿਭਾਈ।

1883 ਵਿਚ ਉਹ ਮੁੰਬਈ ਚਲੇ ਗਏ, ਜਿਥੇ ਉਨ੍ਹਾਂ ਨੂੰ ਕੋਈ ਖਾਸ ਮੁਲਾਜ਼ਮਤ ਨਾ ਮਿਲੀ।



*ਮੌਲਾਨਾ ਮੁਹੰਮਦ ਬਰਕਤ ਉੱਲਾ*

ਆਖਰ ਉਹ 1887 ਵਿਚ ਲੰਡਨ ਚਲੇ ਗਏ। ਉਥੇ ਉਹ ਜ਼ਰੂਰਤਮੰਦਾਂ ਨੂੰ ਅਰਬੀ, ਫਾਰਸੀ ਤੇ ਉਰਦੂ ਪੜ੍ਹਾਉਂਦੇ ਰਹੇ ਅਤੇ ਆਪਣਾ ਗੁਜ਼ਾਰਾ ਚਲਾਉਂਦੇ ਰਹੇ। ਲੰਡਨ ਵਿਚ ਰਹਿ ਕੇ ਉਨ੍ਹਾਂ ਜਰਮਨ, ਫਰੈਂਚ, ਜਾਪਾਨੀ ਭਾਸ਼ਾਵਾਂ ਸਿੱਖ ਲਈਆਂ। ਇੰਗਲੈਂਡ ਰਹਿੰਦਿਆਂ ਉਨ੍ਹਾਂ ਨੇ ਲਿਵਰਪੂਲ ਮੁਸਲਿਮ ਇੰਸਟੀਚਿਊਟ ਵਿਚ ਵੀ ਕੰਮ ਕੀਤਾ। ਇਥੇ ਹੀ ਲਿਵਰਪੂਲ ਇੰਡੀਅਨ ਹਾਊਸ ਵਿਚ ਰਹਿੰਦੇ ਇਨਕਲਾਬੀਆਂ ਨਾਲ ਸੰਪਰਕ ਬਣ ਗਿਆ। ਉਹ ਹਕੂਮਤ ਦੀਆਂ ਨੀਤੀਆਂ ਖਿਲਾਫ ਡਟ ਗਏ ਅਤੇ ਇਸ ਹਕੂਮਤ ਦੀ ਆਲੋਚਨਾ ਲੇਖਾਂ ਅਤੇ ਭਾਸ਼ਣਾਂ ਦੁਆਰਾ ਕਰਨੀ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਸਰਕਾਰ ਸਖਤੀ ਨਾਲ ਪੂਰੀ ਨਜ਼ਰ ਇਸ ਦੇ ਕੰਮਕਾਰ 'ਤੇ ਰੱਖਣ ਲੱਗੀ। ਫਿਰ ਆਪਣੇ ਇਕ ਦੋਸਤ ਦੇ ਮਸ਼ਵਰੇ 'ਤੇ ਉਹ ਇੰਗਲੈਂਡ ਛੱਡ ਕੇ ਅਮਰੀਕਾ ਦੇ ਸ਼ਹਿਰ ਨਿਊ ਯਾਰਕ ਚਲੇ ਗਏ। ਇਥੇ ਵੀ ਛੇ ਸਾਲ ਤਕ ਲੋੜਵੰਦਾਂ ਨੂੰ ਅਰਬੀ, ਫਾਰਸੀ ਤੇ ਉਰਦੂ ਪੜ੍ਹਾ ਕੇ ਆਪਣਾ ਗੁਜ਼ਾਰਾ ਚਲਾਇਆ। ਇਥੇ ਰਹਿੰਦਿਆਂ ਉਨ੍ਹਾਂ ਦੇ ਅਮਰੀਕਾ, ਕੈਨੇਡਾ ਵਿਚ ਰਹਿੰਦੇ ਹਿੰਦੁਸਤਾਨੀ ਭਾਈਚਾਰੇ ਨਾਲ ਚੰਗੇ ਸਬੰਧ ਬਣ ਗਏ। ਉਹ ਇਨ੍ਹਾਂ ਅੰਦਰ ਇਨਕਲਾਬੀ ਜਜ਼ਬਾ ਭਰਨ ਦੀ ਜਿਥੇ ਲਗਾਤਾਰ ਵਾਹ ਲਾਉਂਦੇ ਰਹੇ, ਉਥੇ ਨਾਲੋ-ਨਾਲ ਹਿੰਦੂ, ਮੁਸਲਿਮ, ਸਿੱਖ ਏਕਤਾ 'ਤੇ ਵੀ ਜ਼ੋਰ ਦਿੰਦੇ ਰਹੇ ਤਾਂ ਜੋ ਆਜ਼ਾਦੀ ਦੇ ਘੋਲ ਵਿਚ ਸਾਂਝਾ ਹਿੱਸਾ ਪਾਇਆ ਜਾ ਸਕੇ।

1909 ਵਿਚ ਮੌਲਾਨਾ ਜਾਪਾਨ ਪਹੁੰਚ ਗਏ, ਜਿਥੇ ਉਨ੍ਹਾਂ ਟੋਕੀਓ ਯੂਨੀਵਰਸਿਟੀ ਵਿਚ ਪੂਰਬੀ ਜ਼ਬਾਨ ਦੇ ਪ੍ਰੋਫੈਸਰ ਵਜੋਂ ਸੇਵਾਵਾਂ ਦਿੱਤੀਆਂ। ਜਾਪਾਨ ਵਿਚ 'ਅਲ ਇਸਲਾਮ' ਨਾਂ ਦਾ ਅਖਬਾਰ ਸ਼ੁਰੂ ਕੀਤਾ। ਉਸ ਅਖਬਾਰ 'ਤੇ ਹਿੰਦੁਸਤਾਨ ਵਿਚ ਪਾਬੰਦੀ ਲੱਗੀ ਹੋਈ ਸੀ। ਬਰਤਾਨੀਆ ਸਰਕਾਰ ਦੇ ਦਬਾਅ ਪਾਉਣ ਕਾਰਨ ਉਨ੍ਹਾਂ ਨੂੰ ਯੂਨੀਵਰਸਿਟੀ ਵਿਚੋਂ ਬਰਖਾਸਤ ਕਰ ਦਿੱਤਾ ਗਿਆ। ਇਸ ਮਗਰੋਂ ਮੌਲਾਨਾ ਮੁਹੰਮਦ ਬਰਕਤ ਉੱਲਾ ਅਮਰੀਕਾ ਆ ਗਏ। ਉਦੋਂ ਤੱਕ ਗਦਰ ਪਾਰਟੀ ਜਨਮ ਲੈ ਚੁਕੀ ਸੀ, ਜਿਸ ਨਾਲ ਜੁੜ ਕੇ ਮੌਲਾਨਾ ਕੰਮ ਕਰਨ ਲੱਗੇ।

1919 ਵਿਚ ਉਹ ਰਾਜਾ ਮਹਿੰਦਰ ਪ੍ਰਤਾਪ ਨਾਲ ਰੂਸ ਵੀ ਗਏ ਅਤੇ ਕਾਮਰੇਡ ਲੈਨਿਨ ਨਾਲ ਮੁਲਾਕਾਤ ਕਰਕੇ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਮਦਦ ਮੰਗੀ। 1920 ਵਿਚ ਆਜ਼ਾਦ ਹਿੰਦੁਸਤਾਨ ਦੀ ਆਰਜ਼ੀ ਹਕੂਮਤ ਦੇ ਪ੍ਰਧਾਨ ਮੰਤਰੀ ਵਜੋਂ ਜਰਮਨੀ, ਤੁਰਕੀ, ਰੂਸ ਅਤੇ ਹੋਰ ਦੇਸ਼ਾਂ ਦੇ ਦੌਰੇ ਕੀਤੇ ਅਤੇ ਸਬੰਧਤ ਸਰਕਾਰਾਂ ਨੂੰ ਮਦਦ ਦੀ ਅਪੀਲ ਕੀਤੀ। ਉਸ ਵਕਤ ਉਨ੍ਹਾਂ ਨਾਲ ਵਿਦੇਸ਼ ਮੰਤਰੀ ਵਜੋਂ ਡਾ. ਮਥਰਾ ਸਿੰਘ ਵੀ ਸਨ। ਉਹ ਇਕ ਵੀ ਦਿਨ ਆਰਾਮ ਨਾਲ ਨਾ ਬੈਠੇ। ਫਿਰ 1927 ਵਿਚ ਦੁਬਾਰਾ ਇਨ੍ਹਾਂ ਮੁਲਕਾਂ ਦਾ ਗੇੜਾ ਲਾਇਆ। ਇਨ੍ਹਾਂ ਦਿਨਾਂ ਵਿਚ ਮੌਲਾਨਾ ਮੁਹੰਮਦ ਬਰਕਤ ਉੱਲਾ ਨੂੰ ਸ਼ੂਗਰ ਦੀ ਬਿਮਾਰੀ ਹੋ ਗਈ ਜਿਸ ਨਾਲ ਉਹ ਦਿਨ-ਬ-ਦਿਨ ਕਮਜ਼ੋਰ ਹੁੰਦੇ ਗਏ। ਆਪਣੀ ਸਿਹਤ ਨੂੰ ਦੇਖਦਿਆਂ ਉਨ੍ਹਾਂ ਆਪਣੇ ਹਮਵਤਨੀ ਹਿੰਦੁਸਤਾਨੀਆਂ ਨੂੰ ਇਹ ਸ਼ਬਦ ਆਖੇ ਜੋ ਅੱਜ ਇਤਿਹਾਸ ਦੇ ਸੁਨਹਿਰੀ ਪੰਨੇ ਹਨ: "ਮੈਂ ਸਾਰੀ ਉਮਰ ਆਪਣੇ ਪਿਆਰੇ ਵਤਨ ਦੀ ਆਜ਼ਾਦੀ ਲਈ ਸੰਜੀਦਗੀ ਨਾਲ ਸੰਘਰਸ਼ ਕਰਦਾ ਰਿਹਾ ਹਾਂ, ਹੁਣ ਜਦੋਂ ਇਸ ਦੁਨੀਆਂ ਤੋਂ ਜਾਣ ਦਾ ਸਮਾਂ ਨਜ਼ਦੀਕ ਆ ਗਿਆ ਹੈ, ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਮੈਂ ਆਪਣੇ ਮਿਸ਼ਨ ਵਿਚ ਕਾਮਯਾਬ ਨਹੀਂ ਹੋ ਸਕਿਆ। ਪਰ ਮੈਨੂੰ ਪੂਰਨ ਵਿਸ਼ਵਾਸ ਤੇ ਤਸੱਲੀ ਹੈ ਕਿ ਹਜ਼ਾਰਾਂ ਇਨਕਲਾਬੀ, ਬਹਾਦਰ ਤੇ ਇਮਾਨਦਾਰ ਮੇਰੇ ਰਾਹ 'ਤੇ ਚਲ ਰਹੇ ਹਨ। ਮੈਂ ਇਸ ਤਸੱਲੀ ਨਾਲ ਆਪਣੇ ਪਿਆਰੇ ਮੁਲਕ ਦਾ ਮੁਕੱਦਰ ਉਨ੍ਹਾਂ ਬਹਾਦਰ ਇਨਕਲਾਬੀ ਸੂਰਮਿਆਂ ਦੇ ਹਵਾਲੇ ਕਰਦਾ ਹਾਂ ਜੋ ਆਜ਼ਾਦੀ ਹਾਸਲ ਕਰਨ ਤਕ ਇਸ ਸੰਘਰਸ਼ ਨੂੰ ਜਾਰੀ ਰੱਖਣਗੇ।"

ਏਕਤਾ ਦਾ ਮੁਜੱਸਮਾ ਮੌਲਾਨਾ ਮੁਹੰਮਦ ਬਰਕਤ ਉੱਲਾ ਆਖਰ 20 ਸਤੰਬਰ 1927 ਨੂੰ ਸੈਨ ਫਰਾਂਸਿਸਕੋ ਦੇ ਹਸਪਤਾਲ ਵਿਚ ਇਸ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ। ਉਨ੍ਹਾਂ ਦੇ ਸਰੀਰ ਨੂੰ ਸੈਕਰਾਮੈਂਟੋ ਦੇ ਓਲਡ ਸਿਟੀ ਕਬਰਸਤਾਨ ਵਿਚ ਦਫਨਾ ਦਿੱਤਾ ਗਿਆ। ਉਨ੍ਹਾਂ ਦੇ ਜਨਾਜ਼ੇ ਵਿਚ ਹਿੰਦੁਸਤਾਨੀਆਂ ਦੇ ਨਾਲ ਅਮਰੀਕਨ ਲੋਕ ਵੀ ਸ਼ਾਮਲ ਹੋਏ। ਮੌਲਾਨਾ ਮੁਹੰਮਦ ਬਰਕਤ ਉੱਲਾ ਇਸ ਇਤਿਹਾਸਕ ਕਬਰਸਤਾਨ ਦੇ ਇਕ ਖ਼ੂਬਸੂਰਤ ਹਿੱਸੇ ਵਿਚ ਸਾਰੀ ਉਮਰ ਦੇ ਸੰਘਰਸ਼ ਦੀ ਥਕਾਵਟ ਨੂੰ ਦੂਰ ਕਰਨ ਲਈ ਲੇਟੇ ਹੋਏ ਹਨ।

---

**ਪੁਸਤਕ ਸਮੀਖਿਆ**

# ਚਰਨਜੀਤ ਸਿੰਘ ਪੰਨੂ ਦਾ ਕਹਾਣੀ ਸੰਗ੍ਰਹਿ 'ਬੰਦ ਦਰਵਾਜ਼ਾ'

ਗੁਰਦੀਪ ਕੌਰ

ਕਹਾਣੀਕਾਰ ਚਰਨਜੀਤ ਸਿੰਘ ਪੰਨੂ ਨੇ ਇਕ ਨਾਵਲ, ਤਿੰਨ ਸਫਰਨਾਮੇ, ਪੰਜ ਕਾਵਿ ਸੰਗ੍ਰਿਹ ਤੇ ਕਹਾਣੀ ਸੰਗ੍ਰਹਿ 'ਬੰਦ ਦਰਵਾਜ਼ਾ' (ਮੁੱਲ 200 ਰੁਪਏ, ਪੰਨੇ 176, ਏਸ਼ੀਆ ਵਿਜ਼ਨਜ਼) ਸਮੇਤ ਸੱਤ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ ਹਨ। 'ਬੰਦ ਦਰਵਾਜ਼ਾ' ਕਹਾਣੀ ਸੰਗ੍ਰਹਿ ਦੀ ਸਿਰਜਣਾ ਦਾ ਮੁੱਖ ਆਧਾਰ 1984 ਵਿਚ ਪੰਜਾਬ ਦਾ ਅਤਿਵਾਦੀ ਦੌਰ ਅਤੇ 2001 ਵਿਚ ਅਮਰੀਕਾ ਦੇ 9/11 ਦੇ ਹਮਲੇ ਪਿਛੋਂ ਕਹਾਣੀਕਾਰ ਦੇ ਕੌੜੇ ਅਨੁਭਵ ਬਣਦੇ ਹਨ।

ਇਸ ਸੰਗ੍ਰਹਿ ਵਿਚ 'ਬੰਦ ਦਰਵਾਜ਼ਾ' ਅਤੇ 'ਕਿਸਮਤ ਦੇ ਕੜਛੇ' ਨਾਂ ਦੀਆਂ ਕਹਾਣੀਆਂ ਅਮਰੀਕਾ ਤੇ ਦੂਜੇ ਦੇਸ਼ਾਂ ਵਿਚ ਪਗੜੀਧਾਰੀ ਸਿੱਖਾਂ ਨੂੰ ਵੀ ਤਾਲਿਬਾਨ ਸਮਝ ਕੇ ਉਨ੍ਹਾਂ ਨਾਲ ਹੋਣ ਵਾਲੇ ਨਸਲੀ ਵਿਤਕਰਿਆਂ ਬਾਰੇ ਹਨ। ਅਮਰੀਕਾ ਵਰਗੇ ਦੇਸ਼ ਵਿਚ ਭੁਲੇਖੇ ਵੱਸ ਕਈ ਲੋਕ ਸਿੱਖਾਂ ਨੂੰ ਵੀ 9/11 ਦੇ ਪੈਂਟਾਗਨ ਹਮਲੇ ਦੇ ਜ਼ਿੰਮੇਵਾਰ ਓਸਾਮਾ ਬਿਨ ਲਾਦੇਨ ਦੇ ਹੁਲੀਏ ਨਾਲ ਜੋੜ ਕੇ ਵੇਖਦੇ ਰਹੇ, ਜਿਸ ਕਰਕੇ ਕਈ ਵਾਰ ਸਿੱਖਾਂ ਨਾਲ ਪਰਦੇਸਾਂ ਵਿਚ ਮਾੜਾ ਵਿਹਾਰ ਹੁੰਦਾ ਰਿਹਾ ਹੈ।

'ਬੰਦ ਦਰਵਾਜ਼ਾ' ਕਹਾਣੀ ਵਿਚ ਲੇਖਕ ਸਿੱਖ ਧਰਮ ਦੀ ਵੱਖਰੀ ਪਛਾਣ ਬਣਾਉਣ ਵਾਲੇ ਧਰਮ ਦੇ ਉਨ੍ਹਾਂ ਠੇਕੇਦਾਰਾਂ ਉਤੇ ਵਿਅੰਗ ਕਰਦਾ ਹੈ, ਜੋ ਸਿੱਖਾਂ ਦੀ ਇਕ ਵੱਖਰੀ ਪਛਾਣ ਸਥਾਪਤ ਕਰਨ ਦੇ ਨਾਂ 'ਤੇ ਪਰਵਾਸੀ ਭਾਰਤੀਆਂ ਤੋਂ ਮੋਟੀਆਂ ਰਕਮਾਂ ਤਾਂ ਇਕੱਠੀਆਂ ਕਰ ਲੈਂਦੇ ਹਨ ਪਰ ਇਸ ਦੇ ਪ੍ਰਚਾਰ ਲਈ ਯੋਗ ਪ੍ਰਬੰਧ ਨਹੀਂ ਕਰ ਪਾਉਂਦੇ। ਨਤੀਜੇ ਵਜੋਂ ਪਰਦੇਸਾਂ ਵਿਚ ਸਿੱਖਾਂ ਉਤੇ ਜਬਰ ਤੇ ਜ਼ੁਲਮ ਹੁੰਦੇ ਹਨ ਤੇ ਉਨ੍ਹਾਂ ਨੂੰ ਨਸਲੀ ਵਿਤਕਰਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

'ਬੰਦ ਦਰਵਾਜ਼ਾ' ਕਹਾਣੀ ਵਿਚ ਮੈਂ-ਪਾਤਰ, ਉਸ ਦਾ ਪਰਿਵਾਰ ਤੇ ਲਾਸ ਏਂਜਲਸ ਤੋਂ ਉਸ ਦਾ ਦੋਸਤ ਸਿੱਧੂ ਲਾਸ ਵੇਗਸ ਦੇ ਓਸ਼ੋ ਥੀਏਟਰ ਵਿਚ ਨੱਚਦੇ-ਗਾਉਂਦੇ ਪਾਣੀਆਂ ਦਾ ਤਮਾਸ਼ਾ ਦੇਖਣ ਦਾ ਪ੍ਰੋਗਰਾਮ ਬਣਾਉਂਦੇ ਹਨ, ਜਿਸ ਦੀਆਂ ਉਨ੍ਹਾਂ ਨੇ ਪਹਿਲਾਂ ਹੀ ਆਨ-ਲਾਈਨ ਟਿਕਟਾਂ ਬੁੱਕ ਕਰਵਾ ਲਈਆਂ ਸਨ। ਸ਼ੋਅ ਵੇਖਣ ਵਾਲੇ ਦਿਨ ਸੱਤ ਵਜੇ ਦੇ ਸ਼ੋਅ ਲਈ ਉਹ ਆਪਣੇ ਸਾਥੀਆਂ ਨਾਲੋਂ ਵਿਛੜ ਗਿਆ। ਇਹ ਸੋਚਦਿਆਂ ਕਿ ਸੱਤ ਵੱਜਣ ਵਾਲੇ ਹਨ, ਉਹ ਅੰਦਾਜ਼ੇ ਨਾਲ ਹੀ ਥੀਏਟਰ ਵੱਲ ਚੱਲ ਪੈਂਦਾ ਹੈ। ਸ਼ੋਅ ਸ਼ੁਰੂ ਹੋ ਚੁਕਾ ਸੀ ਪਰ ਉਸ ਦੀ ਟਿਕਟ ਉਸ ਦੇ ਸਾਥੀਆਂ ਕੋਲ ਹੋਣ ਕਰਕੇ ਉਸ ਨੇ ਥੀਏਟਰ ਦੇ ਪਹਿਰੇਦਾਰ ਨੂੰ ਆਪਣੀ ਸਮੱਸਿਆ ਦੱਸ ਕੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਪਰ ਗਾਰਡ ਨੇ ਉਸ ਨੂੰ ਰੋਕ ਲਿਆ। ਸਿੱਖ ਹੋਣ ਕਰਕੇ ਉਥੇ ਖੜ੍ਹੇ ਲੋਕ ਉਸ ਵੱਲ ਇੰਜ ਝਾਕਣ ਲੱਗੇ ਜਿਵੇਂ ਉਹ ਕਿਸੇ ਗੈਬੀ-ਮਹਾਂਦੀਪ ਦਾ ਏਲੀਅਨ ਹੋਵੇ। ਉਹ ਨਿਰਾਸ਼ ਹੋ ਕੇ ਉਥੋਂ ਚਲਾ ਗਿਆ। ਕੁਝ ਮਿੰਟਾਂ ਵਿਚ ਹੀ ਸ਼ਹਿਰ ਵਿਚ ਖਤਰੇ ਦੇ ਸਾਇਰਨ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਕਿ ਕੋਈ ਭਿਆਨਕ ਵਾਰਦਾਤ ਹੋਈ ਹੈ, ਹਾਦਸਾ ਜਾਂ ਕੋਈ ਡਾਕਾ। ਫਾਇਰ ਬ੍ਰਿਗੇਡ ਅਤੇ ਐਂਬੂਲੈਂਸਾਂ ਦੇ ਧੂਤੂਆਂ ਦੀਆਂ ਆਵਾਜ਼ਾਂ ਕਈ ਪਾਸਿਆਂ ਤੋਂ ਉਭਰੀਆਂ। ਪੁਲਿਸ ਦੀ ਹਰਕਤ ਵਿਚ ਤੇਜ਼ੀ ਆ ਗਈ ਤੇ ਆਕਾਸ਼ ਵਿਚ ਹੈਲੀਕਾਪਟਰ ਮੰਡਰਾਉਣ ਲੱਗੇ।

ਮਿਰਾਜ ਹੋਟਲ ਦੀ ਨੁੱਕਰੇ ਸੜਕ ਵੱਲ ਨੁਮਾਇਸ਼ ਕਰਦੀ ਵੱਡੀ ਟੀ. ਵੀ. ਸਕਰੀਨ 'ਤੇ ਚਿੱਟੀ ਪਗੜੀ ਦਾੜੀ ਵਾਲੀ ਬਿਨ ਲਾਦੇਨ ਦੀ ਫੋਟੋ ਵਾਰ ਵਾਰ ਉਜਾਗਰ ਕੀਤੀ ਜਾ ਰਹੀ ਸੀ। ਟੀ. ਵੀ. ਸਕਰੀਨ ਤੋਂ ਪਾਸੇ ਹਟਦੀਆਂ ਤੀਰਾਂ ਵਿੰਨ੍ਹਦੀਆਂ ਨਜ਼ਰਾਂ ਉਸ ਵੱਲ ਖੁੱਭੀਆਂ ਵੇਖ ਕੇ ਉਹ ਘਬਰਾ ਗਿਆ, ਜਿਵੇਂ ਉਹ ਹੀ ਬਿਨ ਲਾਦੇਨ ਹੋਵੇ। ਮੋਟਰਸਾਈਕਲ ਵਾਲੇ ਸਿਪਾਹੀਆਂ ਦੀ ਜੋੜੀ ਉਸ ਵੱਲ ਝਪਟੀ ਤੇ ਇਕ ਹੋਰ ਹੂਟਰ ਮਾਰਦੀ ਪੁਲਿਸ ਕਾਰ ਆ ਪਹੁੰਚੀ। ਸਿਪਾਹੀਆਂ ਨੇ ਪਟੇ ਨਾਲ ਉਸ ਦੇ ਹੱਥ ਬੰਨ੍ਹ ਦਿੱਤੇ, ਉਸ ਦਾ ਹੈਂਡ-ਬੈਗ ਉਨ੍ਹਾਂ ਝਪਟ ਲਿਆ, ਅੱਖਾਂ 'ਤੇ ਪੱਟੀ ਬੰਨ੍ਹ ਕੇ ਉਸ ਨੂੰ ਕਾਰ ਵਿਚ ਸੁੱਟ ਲਿਆ ਤੇ ਕਿਸੇ ਅਣਦੱਸੀ ਥਾਂ ਉਤੇ ਲੈ ਗਏ। ਲੇਖਕ ਨੂੰ ਥੀਏਟਰ ਦੇ ਸਿਕਿਉਰਿਟੀ ਗਾਰਡ ਦੇ ਚਿੱਟੇ ਡੇਲੇ ਯਾਦ ਕਰਕੇ ਯਕੀਨ ਹੋ ਗਿਆ ਕਿ ਪੁਲਿਸ ਨੂੰ ਇਤਲਾਹ ਦੇ ਕੇ ਇਹ ਪੰਗਾ ਉਸ ਨੇ ਹੀ ਪਾਇਆ ਹੋਵੇਗਾ।

ਬਿਜਲਈ ਜੰਤਰਾਂ ਨਾਲ ਉਸ ਦੀ ਜਾਮਾ ਤਲਾਸ਼ੀ ਲਈ ਗਈ। ਕਈ ਤਰ੍ਹਾਂ ਦੀਆਂ ਸਕਰੀਨਿੰਗ ਮਸ਼ੀਨਾਂ ਵਿਚ ਦੀ ਲੰਘਾ ਕੇ ਇਕ ਹਨੇਰੇ ਭੋਰੇ ਵਿਚ ਤਾੜ ਕੇ ਉਸ ਦੀਆਂ ਮਸ਼ਕਾਂ ਖੋਲ੍ਹ ਦਿੱਤੀਆਂ। ਕਈ ਤਰ੍ਹਾਂ ਦੇ ਸਵਾਲ ਪੁੱਛੇ ਜਿਵੇਂ, ਬਿਨ ਲਾਦੇਨ ਨੂੰ ਕਦੋਂ ਮਿਲੇ ਸੀ? ਖੁਮੀਨੀ ਸੱਦਾਮ ਹੁਸੈਨ ਦੀ ਖਬਰ ਹੈ? ਕੀ ਤੁਸੀਂ ਈਰਾਨੀ, ਅਫਗਾਨੀ, ਸ਼ੀਆ ਜਾਂ ਸੁੰਨੀ ਹੋ? ਉਹ ਉਸ ਦਾ ਸ਼ਨਾਖਤੀ ਬਿੱਲਾ ਫੜ ਕੇ ਉਸ ਦੀ ਸ਼ਕਲ ਨਾਲ ਮਿਲਾ ਰਿਹਾ ਸੀ। ਠੀਕ ਉਸੇ ਸਮੇਂ ਆਏ ਇਕ ਫੋਨ ਨੇ ਉਸ ਨੂੰ ਬਚਾ ਲਿਆ ਜੋ ਉਸ ਦੇ ਵਿਛੜੇ ਸਾਥੀਆਂ ਵੱਲੋਂ ਪੁਲਿਸ ਵਿਚ ਉਸ ਦੀ ਗੁੰਮਸ਼ੁਦਗੀ ਦੀ ਦਿੱਤੀ





ਰਿਪੋਰਟ ਤੋਂ ਬਾਅਦ ਉਸ ਦੇ ਲੱਭ ਜਾਣ ਬਾਰੇ ਸੀ। ਉਸ ਦੀ ਅਸਲੀ ਪਛਾਣ ਉਸ ਦੇ ਸਾਥੀਆਂ ਵਲੋਂ ਦੱਸੇ ਜਾਣ 'ਤੇ ਉਸ ਦੀ ਖਲਾਸੀ ਹੋਈ।

'ਕਿਸਮਤ ਦੇ ਕੜਛੇ' ਕਹਾਣੀ 1984 ਦੇ ਗੇੜ ਵਿਚ ਭਾਰਤ ਸਰਕਾਰ ਦੀ 'ਅਤਿਵਾਦੀਆਂ ਦੇ ਨਾਂ 'ਤੇ ਸਿੱਖ ਗੱਭਰੂ ਮਾਰੋ ਤੇ ਤਰੱਕੀਆਂ ਪਾਓ' ਪਾਲਿਸੀ ਦਾ ਪਰਦਾ ਫਾਸ਼ ਕਰਦੀ ਹੈ ਕਿ ਕਿਵੇਂ ਬਹੁਤ ਸਾਰੇ ਸਰਕਾਰੀ ਅਫਸਰਾਂ ਨੇ ਇਸ ਵਗਦੀ ਗੰਗਾ ਵਿਚ ਹੱਥ ਧੋਤੇ ਤੇ ਸਮਾਜ-ਵਿਰੋਧੀ ਅਨਸਰਾਂ ਨੇ ਆਪਣੇ ਵੱਤਰ ਵਾਹੇ। ਇਸ ਸਮੇਂ ਪੰਜਾਬ ਤੇ ਕਸ਼ਮੀਰ ਦੇ ਸਿੱਖਾਂ 'ਤੇ ਸਰਕਾਰ ਦੀ ਕਰੋਪੀ ਅਸਮਾਨੀ ਬਿਜਲੀ ਵਾਂਗ ਝਪਟੀ।

ਇਵੇਂ ਹੀ 'ਮੰਜੀ ਠੋਕ' ਕਹਾਣੀ ਵਿਚ ਉਨੀ ਸੌ ਚੁਰਾਸੀ ਦੇ ਦੌਰ ਵਿਚ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਪੈਦਾ ਹੋਏ ਡਰ, ਭੈਅ ਅਤੇ ਦਹਿਸ਼ਤ ਦੇ ਮਾਹੌਲ ਬਾਰੇ ਲੇਖਕ ਦਾ ਅਨੁਭਵੀ ਯਥਾਰਥ ਪੇਸ਼ ਹੋਇਆ ਹੈ। ਇਹ ਕਹਾਣੀ ਜਿਥੇ ਇਕ ਪਾਸੇ ਗਵਾਂਢੀ ਮੁਲਕ ਵੱਲੋਂ ਹਮਸਾਇਆਂ ਦੇ ਘਰ ਹਫੜਾ-ਦਫੜੀ ਫੈਲਾਉਣ ਹਿਤ ਵਰਤੇ ਜਾ ਰਹੇ ਨਵੇਂ ਤੋਂ ਨਵੇਂ ਹਥਕੰਡਿਆਂ ਬਾਰੇ ਜਾਣਕਾਰੀ ਦਿੰਦੀ ਹੈ, ਉਥੇ ਇਸ ਅਨੁਭਵ ਨੂੰ ਵੀ ਸਾਂਝਾ ਕਰਦੀ ਹੈ ਕਿ ਅਤਿਵਾਦ ਦੇ ਦੌਰ ਵਿਚ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਇਸ ਕਦਰ ਭਾਰੂ ਸੀ ਕਿ ਉਹ ਰੱਸੀ ਨੂੰ ਵੀ ਸੱਪ ਸਮਝ ਕੇ ਡਰਨ ਲੱਗੇ ਸਨ। ਕਈ ਵਾਰ ਸਫਰ ਦੌਰਾਨ ਗੱਡੀਆਂ ਅਤੇ ਬੱਸਾਂ ਵਿਚ ਬੰਬ ਦੀਆਂ ਝੂਠੀਆਂ ਅਫਵਾਹਾਂ ਲੋਕਾਂ ਦੀ ਖੱਜਲ ਖੁਆਰੀ ਦਾ ਕਾਰਨ ਬਣਦੀਆਂ ਸਨ। ਜਿਵੇਂ ਕਿ ਅੰਮ੍ਰਿਤਸਰ-ਦਿੱਲੀ 'ਸ਼ਾਨੇ ਪੰਜਾਬ' ਯਾਤਰੀ ਟਰੇਨ ਵਿਚ ਸਫਰ ਕਰਨ ਵਾਲਾ ਇਕ ਸਿੱਧਾ ਤੇ ਸ਼ਰੀਫ ਦਿਸਣ ਵਾਲਾ ਨੌਜਵਾਨ ਮੈਂ-ਪਾਤਰ ਨੂੰ ਕੋਈ ਹੋਰ ਹੀ ਸ਼ੈ ਜਾਪਿਆ, ਜੋ ਆਪਣੇ ਆਪ ਨੂੰ, ਜੋ ਉਹ ਸੀ, ਤੋਂ ਵੱਖਰਾ ਪੇਸ਼ ਕਰ ਰਿਹਾ ਸੀ। ਦੇਖਦਿਆਂ ਹੀ ਉਸ ਨੌਜਵਾਨ ਨੇ ਜਦੋਂ ਗੁਰਗਾਬੀ ਦਾ ਤਲਾ ਚੁੱਕ ਕੇ ਇਕ ਪੈਨ ਵਰਗਾ ਪਿਸਤੌਲ ਬਾਹਰ ਕੱਢ ਲਿਆ ਤਾਂ ਮੈਂ-ਪਾਤਰ ਡਰ ਗਿਆ ਤੇ ਉਸ ਨੂੰ ਫਲਾਉਣੀ ਦਿੰਦਿਆਂ ਇਹ ਕਹਿ ਕੇ ਕੁਝ ਫਾਸਲੇ ਉਤੇ ਖੜੋ ਗਿਆ, 'ਮੈਂ ਸਮਝ ਗਿਆ ਕਿ ਤੂੰ ਪੰਥ ਦਾ ਸੇਵਾਦਾਰ ਹੈਂ।'

'ਓਵਰ ਟਾਈਮ' ਕਹਾਣੀ ਵਿਚ ਲੇਖਕ ਨੇ ਅਤਿਵਾਦ ਦੇ ਇਸੇ ਦਹਿਸ਼ਤ ਤੇ ਭੈਅ ਵਾਲੇ ਮਾਹੌਲ ਵਿਚ ਆਵਾਜਾਈ ਦੇ ਸਾਧਨਾਂ ਦੀ ਅਨਿਸ਼ਚਿਤਤਾ ਕਰਕੇ ਅੰਮ੍ਰਿਤਸਰ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਦੇ ਨੌਕਰੀਪੇਸ਼ਾ ਤੇ ਕੰਮਕਾਜੀ ਲੋਕਾਂ ਦੇ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਬੜੇ ਸੰਵੇਦਨਸ਼ੀਲ ਤਰੀਕੇ ਨਾਲ ਪੇਸ਼ ਕੀਤਾ ਹੈ। ਇਹ ਕਹਾਣੀ ਲੁਟੇਰਾ ਗ੍ਰੋਹਾਂ ਵੱਲੋਂ ਅਤਿਵਾਦ ਦੀ ਆੜ ਵਿਚ ਕੀਤੀਆਂ ਜਾਂਦੀਆਂ ਲੁੱਟਾਂ-ਖੋਹਾਂ ਅਤੇ ਖਾੜਕੂ ਜਥੇਬੰਦੀਆਂ ਦੇ ਨਾਂ 'ਤੇ ਦਿੱਤਿਆਂ ਜਾਣ ਵਾਲੀਆਂ ਧਮਕੀਆਂ ਦਾ ਵੀ ਪਰਦਾ ਫਾਸ਼ ਕਰਦੀ ਹੈ।

'ਭਲੇ ਲੋਕ' ਕਹਾਣੀ ਹਿੰਦੁਸਤਾਨ ਦੀ ਸਰਕਾਰੀ ਮਸ਼ੀਨਰੀ ਦੇ ਪ੍ਰਬੰਧਕੀ ਢਾਂਚੇ ਦੀ ਤਹਿ ਤਕ ਪਹੁੰਚਦੀ ਹੈ ਅਤੇ ਇਸ ਵਿਚ ਚੱਲ ਰਹੀ ਘਪਲੇਬਾਜ਼ੀ, ਰਿਸ਼ਵਤਖੋਰੀ ਤੇ ਜੰਗਲੀ ਰਾਜ ਦੀਆਂ ਕਈ ਪਰਤਾਂ ਖੋਲ੍ਹਦੀ ਦੋ ਤੱਥ ਪੇਸ਼ ਕਰਦੀ ਹੈ-ਪਹਿਲਾ, ਇਸ ਸਾਰੇ ਵਰਤਾਰੇ ਵਿਚ ਬਹੁਤ ਵੱਡਾ ਹੱਥ ਦੇਸ਼ ਦੇ ਐਨ. ਆਰ. ਆਈ. ਲੋਕਾਂ ਦਾ ਹੈ, ਜੋ ਸਿੱਧੇ-ਅਸਿੱਧੇ ਤਰੀਕੇ ਨਾਲ ਕਈ ਲੜਕੇ-ਲੜਕੀਆਂ ਨੂੰ ਵਰਗਲਾ ਕੇ ਵਿਦੇਸ਼ ਭੇਜਣ ਦੇ ਬਹਾਨੇ ਲੱਖਾਂ-ਕਰੋੜਾਂ ਰੁਪਏ ਬਟੋਰਦੇ ਹਨ; ਖਿਡਾਰੀ, ਗਾਇਕ ਤੇ ਕਲਾਕਾਰ ਬਣਾ ਕੇ ਲੋਕਾਂ ਨੂੰ ਬਾਹਰ ਭੇਜਦੇ ਹਨ। ਦੂਸਰਾ, ਜੇ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਅੱਜ ਦੇ ਮਹਿੰਗਾਈ ਦੇ ਦੌਰ ਵਿਚ ਉਨ੍ਹਾਂ ਦੇ ਗੁਜ਼ਾਰੇ ਜੋਗੀਆਂ ਹੋਣ ਜਿਸ ਨਾਲ ਉਹ ਟੈਲੀਫੋਨ, ਬਿਜਲੀ ਤੇ ਪਾਣੀ ਦੇ ਲੱਕ-ਤੋੜਵੇਂ ਬਿੱਲ ਭੁਗਤਾ ਸਕਣ ਤੇ ਆਪਣੇ ਪਰਿਵਾਰ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰ ਸਕਦੇ ਹੋਣ ਤਾਂ ਉਹ ਰਿਸ਼ਵਤ ਲੈਣ ਹੀ ਕਿਉਂ!

ਦੋ ਕਹਾਣੀਆਂ 'ਵਾਕਾ ਫਾਲ' ਅਤੇ 'ਕੀ ਮੈਂ ਝੂਠ ਬੋਲਿਆ' ਦੋ ਵਿਭਿੰਨ ਵਿਸ਼ਿਆਂ 'ਤੇ ਹਨ। 'ਵਾਕਾ ਫਾਲ' ਕਹਾਣੀ ਭਾਰਤ ਤੇ ਪਾਕਿਸਤਾਨ ਦੇ ਲੜਾਈ ਝਗੜਿਆਂ ਕਾਰਨ ਪੰਜਾਬ ਦੇ ਸਰਹੱਦੀ ਵਸਨੀਕਾਂ ਅਤੇ ਕਿਸਾਨਾਂ ਦੇ ਜੀਵਨ 'ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਨੂੰ ਦਰਸਾਉਂਦੀ ਹੈ। ਜਦਕਿ 'ਕੀ ਮੈਂ ਝੂਠ ਬੋਲਿਆ' ਕਹਾਣੀ ਡੇਵਿਡ, ਜੈਸਿਕਾ ਤੇ ਜੇਮਜ਼ ਨਾਮੀ ਪਾਤਰਾਂ ਦੇ ਤਿਕੋਣੇ ਰਿਸ਼ਤਿਆਂ ਦੇ ਯਥਾਰਥ ਰਾਹੀਂ ਪੱਛਮੀ ਦੇਸ਼ਾਂ ਵਿਚਲੇ ਟੁੱਟਦੇ-ਭੱਜਦੇ ਪਰਿਵਾਰਕ ਤੇ ਦੰਪਤੀ ਰਿਸ਼ਤਿਆਂ ਦਾ ਪ੍ਰਗਟਾਵਾ ਕਰਦੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖ ਜਥੇਬੰਦੀਆਂ ਭਾਵੇਂ ਸਿੱਖਾਂ ਦੀ ਇਕ ਵੱਖਰੀ ਪਛਾਣ ਬਣਾਉਣ ਵਿਚ ਅਸਫਲ ਰਹੀਆਂ ਹੋਣ ਪਰ ਇਹ ਪੁਸਤਕ ਸਿੱਖਾਂ ਦੀ ਇਹ ਪਛਾਣ ਸਥਾਪਤ ਕਰਦੀ ਹੈ ਕਿ ਗੁਰੂ ਦਾ ਅਸਲੀ ਸਿੱਖ ਉਹ ਹੈ ਜੋ ਸੰਸਾਰ ਪੱਧਰ ਤੇ ਧਰਮ-ਯੁੱਧਾਂ ਦੇ ਨਾਂ ਉਤੇ ਡੁੱਲ੍ਹ ਰਹੇ ਮਾਨਵਤਾ ਦੇ ਲਹੂ ਦਾ ਹਮੇਸ਼ਾ ਵਿਰੋਧ ਕਰਦਾ ਹੈ।

---

*(ਸਿਰਜਣਾ ਜੁਲਾਈ-ਸਤੰਬਰ 2018 'ਚੋਂ ਧੰਨਵਾਦ ਸਹਿਤ)*

## ਸਿਹਤ ਸੰਭਾਲ

# ਚਾਹ ਅਤੇ ਕੌਫੀ ਮਿੱਠਾ ਜ਼ਹਿਰ

ਦੁਨੀਆਂ ਵਿਚ 99% ਤੋਂ ਵੱਧ ਲੋਕ ਚਾਹ ਜਾਂ ਕੌਫੀ ਦੇ ਆਦੀ ਹੋ ਚੁਕੇ ਹਨ। ਇੰਡੀਆ ਵਿਚ ਕੋਈ ਘਰ ਨਹੀਂ, ਜਿਥੇ ਚਾਹ ਨਹੀਂ ਬਣਦੀ। ਹੁਣ ਤਾਂ ਗੁਰੂ ਘਰਾਂ ਵਿਚ ਵੀ ਚਾਹ ਦੇ ਲੰਗਰ ਚਲਦੇ ਹਨ। ਚਾਹ ਦਾ ਕੱਪ ਪੀ ਲਿਆ, ਥਕਾਵਟ ਦੂਰ, ਸਰੀਰ ਤਰੋ ਤਾਜ਼ਾ। ਫਿਰ ਕਿਸ ਤਰ੍ਹਾਂ ਚਾਹ ਮਿੱਠਾ ਜ਼ਹਿਰ ਅਤੇ ਸਰੀਰ ਲਈ ਹਾਨੀਕਾਰਕ ਹੋ ਸਕਦੀ ਹੈ? ਆਓ, ਵੇਖਦੇ ਹਾਂ। ਚਾਹ ਦੇ ਆਦੀ ਨੂੰ ਸਮੇਂ ਸਿਰ ਚਾਹ ਨਾ ਮਿਲੇ, ਸਿਰ ਪੀੜ ਹੁੰਦੀ ਹੈ, ਸੁਸਤੀ ਪੈ ਜਾਂਦੀ ਹੈ ਅਤੇ ਕੋਈ ਕੰਮ ਕਰਨ ਨੂੰ ਦਿਲ ਨਹੀਂ ਕਰਦਾ। ਚਾਹ ਦਾ ਕੱਪ ਮਿਲ ਗਿਆ, ਸਰੀਰ ਫਿਰ ਤਰੋ ਤਾਜ਼ਾ। ਕੀ ਫਿਰ ਚਾਹ ਨਸ਼ਾ ਨਹੀਂ ਹੈ?



**ਨਿਰਮਲ ਸਿੰਘ ਕਾਹਲੋਂ**
ਫੋਨ: 91-94781-33517

ਚਾਹ ਪੱਤੀ ਦੇ ਰਸਾਇਣਕ ਤੱਤ ਹਨ: ਪਾਣੀ 6%, ਕੈਫਿਨ 2%, ਹੋਰ ਜ਼ਹਿਰੀਲੇ ਤੱਤ 8%, ਅਲਬੂਮਿਨ 17%, ਟੌਨਿਕ ਐਸਿਡ 17%, ਪੈਕਟਿਨ 2%, ਡਿਕਟਾਈਨ 2%, ਸੈਲੂਲੋਸ 26%, ਪੈਪਟਿਕ ਐਸਿਡ 3%, ਕਲੋਰੋਫਿਲ ਤੇ ਰੇਸਾ 4% ਅਤੇ ਲੂਣ 7%।

ਚਾਹ ਨਾਲ ਪੀਤੀ ਕੈਫਿਨ ਅਤੇ ਹੋਰ ਜ਼ਹਿਰੀਲੇ ਤੱਤ ਖੂਨ ਵਿਚ ਰਲ ਕੇ ਸਰੀਰ ਦੇ ਸਾਰੇ ਅੰਗਾਂ-ਦਿਲ, ਗੁਰਦੇ, ਤਿੱਲੀ, ਲਿਵਰ ਅਤੇ ਦਿਮਾਗ ਵਿਚ ਚਲੇ ਜਾਂਦੇ ਹਨ। ਸਮਾਂ ਪਾ ਕੇ ਇਨ੍ਹਾਂ ਅੰਗਾਂ ਵਿਚ ਕੈਫਿਨ ਅਤੇ ਹੋਰ ਜ਼ਹਿਰਾਂ ਦੀ ਮਾਤਰਾ ਵੱਧਦੀ ਹੀ ਜਾਂਦੀ ਹੈ, ਖੂਨ ਦੂਸ਼ਿਤ ਤੇ ਗਾੜ੍ਹਾ ਹੋ ਜਾਂਦਾ ਹੈ ਅਤੇ ਖੂਨ ਦੀਆਂ ਨਾੜਾਂ ਵਿਚ ਵੀ ਕੈਫਿਨ ਤੇ ਜ਼ਹਿਰ ਜੰਮ ਜਾਂਦੇ ਹਨ, ਜਿਸ ਕਾਰਨ ਖੂਨ ਦੀਆਂ ਨਾੜਾਂ ਸਖਤ ਅਤੇ ਤੰਗ ਹੋ ਜਾਂਦੀਆਂ ਹਨ। ਸਖਤ ਅਤੇ ਤੰਗ ਨਾੜਾਂ ਵਿਚ ਗਾੜ੍ਹੇ ਖੂਨ ਦੇ ਸੰਚਾਰ ਨਾਲ ਦਿਲ ਦਾ ਵੱਧ ਜੋਰ ਲਗਦਾ ਹੈ, ਜਿਸ ਕਾਰਨ ਦਿਲ ਦੀਆਂ ਮਾਸਪੇਸ਼ੀਆਂ ਸਖਤ ਹੋ ਜਾਂਦੀਆਂ ਹਨ। ਮਾਸਪੇਸ਼ੀਆਂ ਨੂੰ ਖੂਨ ਦਾ ਸੰਚਾਰ ਕਰਨ ਵਾਲੀਆਂ ਨਾੜਾਂ, ਦਿਲ ਦੀਆਂ ਸਖਤ ਮਾਸਪੇਸ਼ੀਆਂ ਵਿਚ ਘੁਟੀਆਂ ਜਾਂਦੀਆਂ ਹਨ, ਜਿਸ ਕਾਰਨ ਦਿਲ ਨੂੰ ਖੂਨ ਤੇ ਆਕਸੀਜਨ ਦਾ ਸੰਚਾਰ ਘੱਟ ਜਾਂਦਾ ਹੈ, ਕੁਝ ਸੈਲ ਮਰ ਜਾਂਦੇ ਹਨ ਅਤੇ ਦਿਲ ਕਮਜੋਰ ਹੋ ਜਾਂਦਾ ਹੈ।

ਦੂਸ਼ਿਤ ਖੂਨ ਦੇ ਕਾਰਨ ਤਿੱਲੀ ਅਤੇ ਗੁਰਦੇ ਵੀ ਖਰਾਬ ਹੋ ਜਾਂਦੇ ਹਨ। ਨਜ਼ਰ ਕਮਜੋਰ ਹੋ ਜਾਂਦੀ ਹੈ, ਨੀਂਦ ਘੱਟ ਜਾਂਦੀ ਹੈ, ਗੋਡੇ ਪੀੜ ਕਰਦੇ ਹਨ, ਸੂਗਰ ਅਤੇ ਦਿਲ ਦੇ ਭਿਆਨਕ ਤੇ ਲਾ-ਇਲਾਜ਼ ਰੋਗ ਲੱਗ ਜਾਂਦੇ ਹਨ, ਸਰੀਰ ਵੀ ਕਮਜੋਰ ਹੋ ਜਾਂਦਾ ਹੈ। ਇੰਨੇ ਰੋਗ ਲੱਗਣ ਕਾਰਨ ਡਾਕਟਰਾਂ ਦੀਆਂ ਫੀਸਾਂ ਤੇ ਦਵਾਈਆਂ ਉਤੇ ਵਾਧੂ ਖਰਚ ਹੁੰਦਾ ਹੈ। ਸਮਾਂ ਵੀ ਬਰਬਾਦ ਹੁੰਦਾ ਹੈ। ਕੰਮ ਕੋਈ ਹੁੰਦਾ ਨਹੀਂ, ਆਮਦਨ ਘਟ ਜਾਂਦੀ ਹੈ ਅਤੇ ਖਰਚਾ ਵਧ ਜਾਂਦਾ ਹੈ।

ਕਈ ਤਾਂ ਕਹਿ ਦਿੰਦੇ ਹਨ, ਸਾਡੀ ਚਾਹ ਕਾਹਦੀ ਚਾਹ ਹੈ, ਦੁੱਧ ਵਿਚ ਹੀ ਪੱਤੀ ਪਾਈ ਹੁੰਦੀ ਹੈ। ਖੰਡ ਅਤੇ ਦੁੱਧ ਵਿਚ ਜ਼ਹਿਰੀਲੇ ਤੱਤ ਨਹੀਂ ਹਨ। ਜ਼ਹਿਰੀਲੇ ਤੱਤ ਚਾਹ ਪੱਤੀ ਵਿਚ ਹਨ। ਹੋ ਸਕਦਾ ਹੈ, ਚਾਹ ਪੱਤੀ ਵਿਚ ਤੰਬਾਕੂ ਦੀ ਮਿਲਾਵਟ ਹੋਏ। ਬਿਨਾ ਮਿਲਾਵਟ ਵਾਲੀ ਚਾਹ ਪੱਤੀ ਵੀ ਸਰੀਰ ਲਈ ਹਾਨੀਕਾਰਕ ਹੈ। ਚਾਹ ਇੱਕ ਮਿੱਠਾ ਜ਼ਹਿਰ ਹੈ ਅਤੇ ਹੌਲੀ ਹੌਲੀ ਸਰੀਰ ਨੂੰ ਰੋਗੀ ਕਰ ਦਿੰਦੀ ਹੈ। ਨਿੱਕੇ ਨਿੱਕੇ ਬੱਚਿਆਂ ਨੂੰ ਵੀ ਮਾਂਵਾਂ ਚਾਹ ਪਿਲਾਉਂਦੀਆਂ ਹਨ, ਜਾਂ ਫਿਰ ਬੱਚੇ ਦੇ ਦੁੱਧ ਵਿਚ ਚਾਹ ਪੱਤੀ ਪਾ ਦਿੰਦੀਆਂ ਹਨ। ਬੱਚੇ ਬੜੇ ਹੀ ਕੋਮਲ ਹੁੰਦੇ ਹਨ, ਚਾਹ ਪੱਤੀ ਵਿਚ ਬੜ੍ਹੇ ਹੀ ਭਿਆਨਕ ਜ਼ਹਿਰ ਹਨ।

ਵਿਸ਼ਵ ਸਿਹਤ ਸੰਸਥਾ ਦੇ ਸਰਵੇਖਣ ਅਨੁਸਾਰ ਭਾਰਤ ਵਿਚ 5,00,000 ਤੋਂ ਵੱਧ ਬੱਚੇ (8 ਤੋਂ 14 ਸਾਲ ਉਮਰ) ਸੂਗਰ ਰੋਗ ਤੋਂ ਪੀੜਤ ਹਨ ਅਤੇ ਕਈ ਬੱਚੇ ਜੰਮਦੇ ਹੀ ਦਿਲ ਦੇ ਰੋਗੀ ਹਨ। ਮਾਂ ਦੇ ਪੇਟ ਵਿਚ ਪੱਲ ਰਿਹਾ ਬੱਚਾ ਬੜਾ ਹੀ ਕੋਮਲ ਹੁੰਦਾ ਹੈ। ਜੇ ਮਾਂ ਚਾਹ ਪੀਵੇਗੀ ਜਾਂ ਹੋਰ ਨਸ਼ੇ ਕਰੇਗੀ ਤਾਂ ਦੂਸ਼ਿਤ ਹੋਏ ਖੂਨ ਦਾ ਮਾਂ ਦੇ ਪੇਟ ਵਿਚ ਪਲ ਰਹੇ ਬੱਚੇ ਉਤੇ ਜਰੂਰ ਹੀ ਮਾੜਾ ਅਸਰ ਪਵੇਗਾ।

ਕਈ ਲੋਕ ਤਾਂ ਇੱਕ ਦਿਨ ਵਿਚ 10 ਤੋਂ 15 ਕੱਪ ਚਾਹ ਪੀ ਜਾਂਦੇ ਹਨ। ਜੇ ਇੱਕ ਕੱਪ ਵਿਚ 15 ਗ੍ਰਾਮ ਖੰਡ ਹੈ, ਤਾਂ ਇੱਕ ਦਿਨ ਵਿਚ 150 ਤੋਂ 225 ਗ੍ਰਾਮ ਤੱਕ ਖੰਡ ਖਾ ਜਾਂਦੇ ਹਨ। ਕੀ ਹਰ ਰੋਜ ਇੰਨੀ ਖੰਡ ਖਾਣ ਨਾਲ ਦੰਦ ਪੀੜ ਨਹੀਂ ਕਰਨਗੇ? ਕੀ ਸੂਗਰ ਜਿਹੇ ਭਿਆਨਕ ਰੋਗ ਨਹੀਂ ਲੱਗਣਗੇ? ਇੱਕ ਦਿਨ ਵਿਚ 40-50 ਗ੍ਰਾਮ ਤੋਂ ਵੱਧ ਖੰਡ ਨਹੀਂ ਖਾਣੀ ਚਾਹੀਦੀ।

ਸੂਗਰ ਦੇ ਰੋਗੀ ਮਿੱਠੀ ਕਰਨ ਲਈ ਚਾਹ ਵਿਚ ਸੂਗਰ ਫ੍ਰੀ ਗੋਲੀ ਪਾਉਂਦੇ ਹਨ। ਕਈ ਤਾਂ ਬਿਲਕੁਲ ਹੀ ਫਿੱਕੀ ਚਾਹ ਪੀਂਦੇ ਹਨ। ਹੈਰਾਨੀ ਵਾਲੀ ਗੱਲ ਹੈ, ਚਾਹ ਪੀਣ ਦੇ ਕਾਰਨ ਸੂਗਰ ਦਾ ਰੋਗ ਲੱਗਾ ਹੈ, ਚਾਹ ਪੀਣੀ ਨਹੀਂ ਛੱਡੀ, ਮਿੱਠੀ ਨਹੀਂ ਤੇ ਫਿੱਕੀ ਹੀ ਸਹੀ। ਚਾਹ ਪੀਣ ਦੀ ਆਦਤ ਛੱਡਣੀ ਬੜੀ ਹੀ ਔਖੀ ਹੈ। ਰੋਗ ਲੱਗ ਜਾਏ ਤਾਂ ਵੀ ਚਾਹ ਪੀਣੀ ਨਹੀਂ ਛਡਦੇ।



ਸਾਨੂੰ ਅਰੋਗ ਅਤੇ ਤੰਦਰੁਸਤ ਰੱਖਣ ਲਈ ਕੁਦਰਤ ਨੇ ਚਾਹ ਅਤੇ ਤੰਬਾਕੂ ਦੇ ਬੂਟੇ ਪੈਦਾ ਨਹੀਂ ਸਨ ਕੀਤੇ। ਯੂਰਪ ਦੇ ਲੋਕ ਜਿਸ ਦੇਸ਼ ਵਿਚ ਗਏ, ਤੰਬਾਕੂ ਅਤੇ ਚਾਹ ਨਾਲ ਲੈ ਗਏ। ਇਹ ਹੀ ਰੋਗਾਂ ਦਾ ਕਾਰਨ ਹਨ। ਭਾਰਤ ਦੀ ਰਿਸ਼ੀਆਂ, ਮੁਨੀਆਂ, ਗੁਰੂਆਂ ਪੀਰਾਂ ਦੀ ਪਵਿੱਤਰ ਧਰਤੀ ਨੂੰ ਸ਼ਰਾਬ, ਤੰਬਾਕੂ ਅਤੇ ਚਾਹ ਨੇ ਦੂਸ਼ਿਤ ਕਰ ਕੇ ਲੋਕਾਂ ਨੂੰ ਰੋਗੀ ਕਰ ਦਿੱਤਾ ਹੈ। ਰੋਗੀ ਵਿਅਕਤੀ ਲੰਮੀ ਉਮਰ ਨਹੀਂ ਭੋਗ ਸਕਦਾ।

ਜਿਥੇ ਵੀ ਕੁਝ ਲੋਕ ਇੱਕਠੇ ਹੁੰਦੇ ਹਨ, ਇੱਕੋ ਹੀ ਗੱਲ ਚਲਦੀ ਹੈ, ਕੋਈ ਕਹਿੰਦਾ ਹੈ, ਮੈਂ ਬੀ. ਪੀ. ਦਾ ਰੋਗੀ ਹਾਂ; ਕੋਈ ਕਹਿੰਦਾ ਹੈ, ਮੈਨੂੰ ਸੂਗਰ ਹੈ ਅਤੇ ਕੋਈ ਗੋਡਿਆਂ ਦੀ ਪੀੜ ਦੱਸਦਾ ਹੈ। ਕਿਸੇ ਵੀ ਹਸਪਤਾਲ ਜਾਂ ਡਾਕਟਰ ਦੀ ਦੁਕਾਨ ਵਿਚ ਜਾਓ, ਰੋਗੀਆਂ ਦੀ ਭਰਮਾਰ ਹੈ। ਕਈ ਲੋਕ ਖਾਣ ਪੀਣ ਦਾ ਬੜੀ ਸਖਤੀ ਨਾਲ ਪਰਹੇਜ ਕਰਦੇ ਹਨ, ਮਾਸ ਨਹੀਂ ਖਾਂਦੇ, ਸ਼ਰਾਬ ਨਹੀਂ ਪੀਂਦੇ ਅਤੇ ਕਿਸੇ ਕਿਸਮ ਦਾ ਨਸ਼ਾ ਵੀ ਨਹੀਂ ਕਰਦੇ, ਉਹ ਵੀ ਸੂਗਰ, ਬੀ. ਪੀ. ਅਤੇ ਗੋਡਿਆਂ ਦੇ ਦਰਦ ਦਾ ਸ਼ਿਕਾਰ ਹਨ। ਕਿਉਂ? ਇਹ ਲੋਕ ਚਾਹ ਪੀਂਦੇ ਹਨ ਅਤੇ ਚਾਹ ਹੀ ਇਨ੍ਹਾਂ ਰੋਗਾਂ ਦਾ ਕਾਰਨ ਹੈ।

ਕੌਫੀ-ਕੌਫੀ ਪੀਣਾ ਵਡਪਣ ਮੰਨਿਆ ਜਾਂਦਾ ਹੈ। ਕੌਫੀ ਵਿਚ ਕੋਈ ਵੀ ਖੁਰਾਕੀ ਤੱਤ ਨਹੀਂ ਹੈ, ਪਰ ਇਸ ਵਿਚ ਚਾਹ ਪੱਤੀ ਨਾਲੋਂ ਵੀ ਦੋ ਗੁਣਾ ਵੱਧ ਜ਼ਹਿਰੀਲੇ ਤੱਤ ਹਨ।

ਜੀਵਨ ਤਾਂ ਪਹਿਲਾਂ ਹੀ ਬੜਾ ਛੋਟਾ ਹੈ, ਨਸ਼ੇ ਅਤੇ ਬਦਪਰਹੇਜੀ ਕਰਕੇ ਜੀਵਨ ਨੂੰ ਹੋਰ ਛੋਟਾ ਕਰਨ ਦਾ ਕੀ ਲਾਭ! ਧਰਤੀ ਉਤੇ ਫਿਰ ਜਨਮ ਲੈਣ ਦੀ ਕੋਈ ਸੰਭਾਵਨਾ ਨਹੀਂ ਹੈ। ਆਪਣੇ ਪਹਿਲੇ ਜਨਮ ਦਾ ਕੋਈ ਪਤਾ ਨਹੀਂ ਕਿਸ ਤਰ੍ਹਾਂ ਦਾ ਸੀ, ਅਗਲਾ ਜਨਮ ਕਿਸ ਤਰ੍ਹਾਂ ਦਾ ਮਿਲੇਗਾ, ਕੋਈ ਪਤਾ ਨਹੀਂ। ਇਹ ਜਨਮ ਬੜਾ ਹੀ ਦੁਰਲਭ ਹੈ, ਮੁੱਲ ਨਹੀਂ ਮਿਲਦਾ, ਚਾਹ ਅਤੇ ਹੋਰ ਨਸ਼ੇ ਕਰਕੇ ਜੀਵਨ ਵਿਅਰਥ ਨਹੀਂ ਗਵਾਉਣਾ ਚਾਹੀਦਾ। ਇਸ ਨੂੰ ਸੁਚੱਜੇ ਤਰੀਕੇ ਨਾਲ ਬਤੀਤ ਕਰਨਾ ਹੀ ਅਕਲਮੰਦੀ ਹੈ। ਚੰਗੀ ਸਲਾਹ ਦਾ ਕੀ ਲਾਭ ਜੇ ਉਸ ਉਤੇ ਅਮਲ ਨਾ ਕੀਤਾ ਜਾਏ?

ਸ਼ਾਹਵੇਲਾ ਅਤੇ ਬ੍ਰੇਕ ਫਾਸਟ: ਪੁਰਾਣੇ ਸਮੇਂ ਵਿਚ ਲੋਕ ਸਵੇਰੇ ਸ਼ਾਹਵੇਲਾ ਕਰਦੇ ਸਨ। ਸ਼ਾਹਵੇਲੇ ਵਿਚ ਦਹੀਂ, ਲੱਸੀ, ਮੱਖਣ, ਰੋਟੀ ਅਤੇ ਅੰਬ ਦਾ ਅਚਾਰ ਹੁੰਦਾ ਸੀ। ਅੱਜ ਕਲ ਸ਼ਾਹਵੇਲੇ ਦੀ ਥਾਂ ਚਾਹ ਅਤੇ ਬਿਸਕੁਟ ਆ ਗਏ ਹਨ।

ਸੰਨ 1965 ਤੋਂ ਪਹਿਲਾਂ ਭਾਰਤ ਵਿਚ ਬੜੇ ਘੱਟ ਲੋਕ ਚਾਹ ਪੀਂਦੇ ਸਨ ਅਤੇ ਸ਼ਾਹਵੇਲਾ ਕਰਦੇ ਸਨ। ਸੂਗਰ ਅਤੇ ਦਿਲ ਦੇ ਰੋਗਾਂ ਦਾ ਤਾਂ ਕਿਸੇ ਨੂੰ ਪਤਾ ਹੀ ਨਹੀਂ ਸੀ ਅਤੇ ਨਾ ਕਿਸੇ ਦੇ ਗੋਡੇ ਪੀੜ ਕਰਦੇ ਸਨ। ਸਰਕਾਰੀ ਹਸਪਤਾਲ ਵਿਚ ਸਿਰਫ ਇੱਕ ਡਾਕਟਰ (ਸਿਵਲ ਸਰਜਨ) ਹੁੰਦਾ ਸੀ ਅਤੇ ਡਾਕਟਰਾਂ ਦੀਆਂ ਦੁਕਾਨਾਂ ਉਤੇ ਰੋਗੀਆਂ ਦੀ ਭੀੜ ਵੀ ਨਹੀਂ ਸੀ ਹੁੰਦੀ। ਇਸ ਸਮੇਂ ਕਿਸੇ ਹਸਪਤਾਲ ਵਿਚ ਜਾਓ, ਰੋਗੀਆਂ ਦੀ ਭੀੜ ਲੱਗੀ ਹੁੰਦੀ ਹੈ। ਰੋਗੀਆਂ ਦੀ ਗਿਣਤੀ ਕਿਉਂ ਇੰਨੀ ਵੱਧ ਗਈ ਹੈ?

ਚਾਹ ਭਾਵੇਂ ਸਿਹਤ ਲਈ ਹਾਨੀਕਾਰਕ ਹੈ, ਫਿਰ ਵੀ ਇਸ ਨੇ ਬੜੇ ਥੋੜ੍ਹੇ ਜਿਹੇ ਸਮੇਂ ਵਿਚ ਸਾਰੀ ਹੀ ਦੁਨੀਆਂ ਨੂੰ ਆਪਣੀ ਪਕੜ ਵਿਚ ਲੈ ਲਿਆ ਹੈ। ਕੌਫੀ ਇੱਕ ਨਵੀਂ ਖੋਜ ਹੈ, ਅੱਗੇ ਵੇਖੋ ਸਿਹਤ ਲਈ ਹਾਨੀਕਾਰਕ ਹੋਰ ਨਵੀਂ ਖੋਜ ਕੀ ਹੁੰਦੀ ਹੈ?

ਚਾਹ ਪੀਣੀ ਛੱਡਣੀ: ਚਾਹ ਨੂੰ ਨਸ਼ਾ ਤਾਂ ਨਹੀਂ ਮੰਨਿਆ ਗਿਆ, ਪਰ ਇੱਕਦਮ ਚਾਹ ਪੀਣੀ ਛੱਡਣ ਨਾਲ 6-7 ਦਿਨ ਸਰੀਰ ਨੂੰ ਤਕਲੀਫ ਹੁੰਦੀ ਹੈ। ਬਿਨਾ ਤਕਲੀਫ ਚਾਹ ਪੀਣੀ ਛੱਡਣੀ ਹੈ, ਤਾਂ ਹੇਠਾਂ ਦਿੱਤੀ ਵਿਧੀ ਅਪਨਾਓ:

ਦੇਸੀ ਚਾਹ (ਗਰਮ ਜਲ) ਦੇ 5 ਚਮਚ ਵਿਚ ਚਾਹ ਪੱਤੀ ਦੇ 5 ਚਮਚ ਰਲਾ ਕੇ ਸਮੇਂ ਸਿਰ ਸੇਵਨ ਕਰੋ। ਇਸ ਦੇ ਖਤਮ ਹੋਣ ਦੇ ਬਾਅਦ ਚਾਹ ਪੱਤੀ ਦੀ ਮਾਤਰਾ ਘੱਟ ਕਰਦੇ ਜਾਓ ਅਤੇ ਦੇਸੀ ਚਾਹ ਦੀ ਮਾਤਰਾ ਵਧਾਈ ਜਾਓ। ਕੁਝ ਹੀ ਦਿਨਾਂ ਵਿਚ ਚਾਹ ਪੀਣ ਦੀ ਆਦਤ ਬਿਨਾ ਤਕਲੀਫ ਖਤਮ ਹੋ ਜਾਏਗੀ। ਫਿਰ ਚਾਹ ਨੂੰ ਘਰ ਵਿਚੋਂ ਹੀ ਕੱਢ ਦਿਓ। ਦੇਸੀ ਚਾਹ ਸਾਰੀ ਉਮਰ ਪੀ ਸਕਦੇ ਹੋ, ਗੁਣਕਾਰੀ ਹੈ। ਇੱਕ ਵਾਰੀ ਚਾਹ ਪੀਣ ਦੀ ਆਦਤ ਛੱਡ ਕੇ ਤਾਂ ਵੇਖੋ, ਜੀਵਨ ਹੀ ਬਦਲ ਜਾਏਗਾ ਅਤੇ ਕਈ ਭਿਆਨਕ ਅਤੇ ਲਾਇਲਾਜ ਰੋਗਾਂ ਦਾ ਖਤਰਾ ਵੀ ਘੱਟ ਜਾਏਗਾ।

ਚਾਹ ਪੀਣ ਦੀ ਆਦਤ ਛੱਡਣ ਲਈ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ, ਜਾਂ ਫਿਰ ਆਪਣੇ ਰਿਸਕ ਉਤੇ ਚਾਹ ਪੀਣੀ ਛੱਡ ਸਕਦੇ ਹੋ।

---

# ਪਿਆਸੇ ਨੈਣ

***ਮਾਪੇ ਬੱਚਿਆਂ ਨੂੰ ਬੜੇ ਚਾਅ ਮਲ੍ਹਾਰ ਨਾਲ ਪਾਲਦੇ ਹਨ। ਮਾਪਿਆਂ ਨੂੰ ਬੱਚਿਆਂ ਤੋਂ ਆਸਾਂ ਵੀ ਬਹੁਤ ਹੁੰਦੀਆਂ ਹਨ ਕਿ ਬੁਢਾਪੇ ਵਿਚ ਉਹ ਉਨ੍ਹਾਂ ਦੀ ਸਾਰ ਲੈਣਗੇ ਪਰ ਅਜੋਕੇ ਯੁਗ ਵਿਚ ਮਾਹੌਲ ਕੁਝ ਅਜਿਹਾ ਬਣ ਗਿਆ ਹੈ ਕਿ ਬੱਚਿਆਂ ਕੋਲ ਸਮਾਂ ਹੀ ਨਹੀਂ ਹੁੰਦਾ ਤੇ ਉਹ ਮਾਪਿਆਂ ਨੂੰ ਵਿਸਾਰ ਹੀ ਬੈਠਦੇ ਹਨ। ਅਜਿਹੇ ਵਿਚ ਮਾਪਿਆਂ ਦੇ ਦਿਲ 'ਤੇ ਕੀ ਗੁਜ਼ਰਦੀ ਹੈ, ਇਹ ਲਿਖਤ ਇਸੇ ਦੀ ਵਾਰਤਾ ਹੈ। -ਸੰਪਾਦਕ***

"ਕਿਵੇਂ ਜਾਣ ਜਾਣ ਕਰੀ ਜਾਨਾਂ, ਲੰਗਰ ਨਹੀਂ ਛਕਣਾ? ਆਪਣੇ ਘਰ ਕਿਹੜਾ ਪਕਾਉਣ ਵਾਲੀ ਬੈਠੀ ਆ।" ਬੇਅੰਤ ਸਿੰਘ ਨੇ ਰਘਬੀਰ ਸਿੰਘ ਦੀ ਛੇਤੀ ਜਾਣ ਦੀ ਗੱਲ ਸੁਣ ਕੇ ਪੁੱਛ ਲਿਆ।

"ਨਹੀਂ ਮੈਂ ਛੇਤੀ ਜਾਣਾ, ਬੱਸ ਸਾਰਿਆਂ ਨੂੰ ਸੁਨੇਹਾ ਦੇਣਾ, ਤਿੰਨ ਵਜੇ ਪੱਬ ਵਿਚ ਮਿਲਣਾ, ਯਾਦ ਰੱਖੀਂ। ਨਾਲੇ ਬਾਕੀਆਂ ਨੂੰ ਵੀ ਯਾਦ ਕਰਵਾ ਦੇਣਾ। ਬਾਕੀ ਮੈਂ ਡੇ ਸੈਂਟਰ ਆਉਣਾ, ਦੂਸਰੇ ਦੋਸਤਾਂ ਨੂੰ ਉਥੇ ਮਿਲਦੇ ਆਂ।" ਰਘਬੀਰ ਸੁਨੇਹਾ ਦਿੰਦਾ ਬੋਲਿਆ।

"ਲਗਦਾ ਜਿਵੇਂ ਅੱਜ ਤਾਂ ਭੁੱਖ ਹੀ ਮਰ ਗਈ ਆ!" ਬੇਅੰਤ ਸਿੰਘ ਰਘਬੀਰ ਦੀ ਕਾਹਲ ਵੇਖ ਬੋਲਿਆ।

"ਹਾਂ ਦੋਸਤ ਵਾਕਿਆ ਹੀ, ਅੱਜ ਭੁੱਖ ਤ੍ਰੇਹ ਕੁਝ ਵੀ ਮਹਿਸੂਸ ਨਹੀਂ ਹੁੰਦਾ। ਅੱਖਾਂ ਦੀ ਲਮੇਰੀ ਪਿਆਸ ਬੁਝਣ ਵਾਲੀ ਆ, ਆਪਣੇ ਬੱਚਿਆਂ ਨੂੰ

**ਗੁਰਮੀਤ ਸਿੰਘ ਮਰਾੜ੍ਹ**

ਵੇਖ ਕੇ। ਇਸ ਪਿਆਸ ਅੱਗੇ ਸਭ ਤੁਛ ਆ। ਚੰਗਾ ਯਾਦ ਰੱਖੀਂ, ਠੀਕ ਤਿੰਨ ਵਜੇ।" ਕਹਿੰਦਾ ਰਘਬੀਰ ਮੱਥਾ ਟੇਕ ਵਾਪਿਸ ਤੁਰ ਗਿਆ।

ਰਘਬੀਰ ਦੇ ਚਿਹਰੇ 'ਤੇ ਖੁਸ਼ੀ ਡੁੱਲ੍ਹ ਡੁੱਲ੍ਹ ਪੈ ਰਹੀ ਸੀ। ਕੱਲ੍ਹ ਉਸ ਦਾ ਜਨਮ ਦਿਨ ਹੈ। ਖੁਸ਼ੀ ਜਨਮ ਦਿਨ ਦੀ ਨਹੀਂ ਸੀ ਸਗੋਂ ਇਸ ਬਹਾਨੇ ਉਸ ਦੀ ਧੀ ਤੇ ਪੁਤ ਸਣੇ ਬੱਚਿਆਂ ਮਿਲਣ ਆ ਰਹੇ ਸਨ। ਉਹ ਛੇਤੀ ਛੇਤੀ ਸਾਰੀਆਂ ਤਿਆਰੀਆਂ ਕਰਨੀਆਂ ਚਾਹੁੰਦਾ ਸੀ। ਗੁਰਦੁਆਰੇ ਤੇ ਡੇ ਸੈਂਟਰ ਜਾ ਕੇ ਉਹ ਆਪਣੇ ਦੋਸਤਾਂ ਨੂੰ ਸੁਨੇਹਾ ਦੇ ਸਭ ਨਾਲ ਖੁਸ਼ੀ ਦੇ ਪਲ ਸਾਂਝੇ ਕਰਨਾ ਚਾਹੁੰਦਾ ਸੀ।

ਰਘਬੀਰ ਆਪਣੀ ਜਵਾਨੀ ਵੇਲੇ ਕਮਾਈ ਕਰਨ ਦੇ ਮਨਸ਼ੇ ਨਾਲ ਇੰਗਲੈਂਡ ਆਇਆ ਸੀ। ਇੱਥੇ ਹੀ ਵਿਆਹ ਹੋ ਗਿਆ ਅਤੇ ਇੱਥੇ ਜੋਗਾ ਹੀ ਰਹਿ ਗਿਆ। ਬੱਚੇ ਵੱਡੇ ਹੋ ਇਸ ਮੁਲਕ ਦੇ ਸਭਿਆਚਾਰ ਅਨੁਸਾਰ ਮਰਜ਼ੀ ਨਾਲ ਵਿਆਹ ਕਰਵਾ ਉਡਾਰੀ ਮਾਰ ਗਏ ਜਿਨ੍ਹਾਂ ਨਾਲ ਮੁਲਾਕਾਤ ਕਦੇ ਖੁਸ਼ੀ ਗਮੀ ਵੇਲੇ ਹੀ ਹੁੰਦੀ ਸੀ, ਨਹੀਂ ਤਾਂ ਫੋਨ 'ਤੇ ਮਾੜੀ ਮੋਟੀ ਹੈਲੋ ਹੈਲੋ ਹੀ ਸੀ। ਘਰ ਵਾਲੀ ਵੀ ਦਸ ਬਾਰਾਂ ਸਾਲ ਪਹਿਲਾਂ ਚਲ ਵਸੀ ਸੀ ਅਤੇ ਰਹਿ ਗਿਆ ਸੀ ਰਘਬੀਰ ਇਕੱਲਾ। ਉਹ ਆਪਣਾ ਬਹੁਤਾ ਸਮਾਂ ਗੁਰੂ ਘਰ ਗੁਜਾਰਦਾ ਅਤੇ ਲੰਗਰ ਪਾਣੀ ਵੀ ਉਥੋਂ ਹੀ ਛਕ ਲੈਂਦਾ। ਦੁਪਹਿਰ ਬਾਅਦ ਆਪਣੇ ਬਜੁਰਗ ਸਾਥੀਆਂ ਨਾਲ ਡੇ ਸੈਂਟਰ ਵਿਚ ਦੁੱਖ ਸੁੱਖ ਕਰਦਿਆਂ ਲੰਘ ਜਾਂਦਾ ਅਤੇ ਸ਼ਾਮ ਨੂੰ ਸਾਥੀ ਇਕੱਠੇ ਹੋ ਪੱਬ ਵਿਚ ਤਿੱਤਰ ਮਾਰਕਾ ਦੀ ਗਲਾਸੀ ਲਾ ਲੈਂਦੇ। ਘਰ ਆ ਰਘਬੀਰ ਕਈ ਦਿਨਾਂ ਦੀਆਂ ਬਣੀਆਂ ਰੋਟੀਆਂ ਫਰਿੱਜ ਵਿਚੋਂ ਕੱਢ ਗਰਮ ਕਰਕੇ ਖਾ ਲੈਂਦਾ ਜਾਂ ਫਿਰ ਤਕੜੀ ਗਲਾਸੀ ਹੋਰ ਲਾ ਸਵੇਰ 'ਤੇ ਖਾਣ ਦਾ ਛੱਡ ਸੌਂ ਜਾਂਦਾ। ਇਹੋ ਨਿੱਤ ਦਾ ਰੁਟੀਨ ਸੀ। ਪੈਸੇ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਸੀ। ਸਰਕਾਰ ਵੱਲੋਂ ਚੰਗੀ ਪੈਨਸ਼ਨ ਮਿਲ ਜਾਂਦੀ ਅਤੇ ਆਉਣ ਜਾਣ ਲਈ ਵੀ ਬੱਸ ਸਰਵਿਸ ਮੁਫਤ ਸੀ, ਜੇ ਕੋਈ ਘਾਟ ਸੀ ਤਾਂ ਆਪਣੇ ਜੀਆਂ ਦੀ। ਜੇ ਕਦੇ ਦਿਲ ਉਦਾਸ ਹੋਣਾ ਜਾਂ ਬਿਮਾਰ ਸ਼ੁਮਾਰ ਹੋਣਾ ਤਾਂ ਧੀ ਪੁੱਤ ਨੂੰ ਫੋਨ ਕਰਨਾ ਤਾਂ ਅੱਗੋਂ ਜੁਆਬ ਮਿਲਣਾ, "ਪਾਪਾ ਬਹੁਤ ਬਿਜੀ ਆਂ, ਆ ਨਹੀਂ ਹੋਣਾ...ਟੇਕ ਕੇਅਰ।" ਤੇ ਫੋਨ ਠੱਪ। ਉਦੋਂ ਰਘਬੀਰ ਨੂੰ ਇੰਡੀਆ ਬਹੁਤ ਯਾਦ ਆਉਣਾ ਜਿੱਥੇ ਬਹੁਤਾ ਨਹੀਂ ਤਾਂ ਬਜੁਰਗਾਂ ਦੀ ਕੁਝ ਤਾਂ ਪੁੱਛ ਦੱਸ ਹੈ। ਆਂਢ-ਗੁਆਂਢ ਅਤੇ ਰਿਸ਼ਤੇਦਾਰ ਗੇੜਾ ਮਾਰ ਜਾਂਦੇ ਹਨ ਪਰ ਇੱਥੇ ਤਾਂ ਇੱਕੋ ਰਾਗ ਆ, 'ਬਿਜੀ ਆਂ।'

ਰਘੁਬੀਰ ਨੂੰ ਆਪਣਾ ਭਰਾ ਯਾਦ ਆਉਣਾ ਪਰ ਭਰਾ ਨੇ ਵੀ ਉਸ ਨਾਲ ਚੰਗੀ ਨਹੀਂ ਸੀ ਕੀਤੀ। ਉਹ ਹਰ ਸਾਲ ਕੋਸ਼ਿਸ਼ ਕਰਦਾ ਕਿ ਇੰਡੀਆ ਆਪਣਿਆਂ ਨੂੰ ਮਿਲਿਆ ਜਾਵੇ। ਆਉਂਦਾ ਹੋਇਆ ਸਭ ਲਈ ਕੁਝ ਨਾ ਕੁਝ ਲੈ ਕੇ ਆਉਂਦਾ ਪਰ ਉਨ੍ਹਾਂ ਦੀ ਭੁੱਖ ਕਦੀ ਵੀ ਪੂਰੀ ਨਾ ਹੁੰਦੀ। ਹਰ ਕੋਈ ਆਪਣੇ ਬੱਚੇ ਇੰਗਲੈਂਡ ਸੈਟ ਕਰਨ ਲਈ ਜੋਰ ਪਾਉਂਦਾ।

ਭਤੀਜਿਆਂ ਨੇ ਤਾਂ ਕਮਾਲ ਹੀ ਕਰ ਦਿੱਤੀ ਜਦੋਂ ਖਾਨਦਾਨੀ ਜਮੀਨ ਧੱਕੇ ਨਾਲ ਪਟਵਾਰੀ, ਤਹਿਸੀਲਦਾਰ ਅਤੇ ਇੱਕ ਲੋਕਲ ਲੀਡਰ ਦੀ ਮਦਦ ਨਾਲ ਆਪਣੇ ਨਾਂ ਲਵਾ ਲਈ। ਉਹ ਤਾਂ ਭਲਾ ਹੋਵੇ ਪੁਰਾਣੇ ਕਾਮੇ ਨਾਜਰ ਅਤੇ ਉਸ ਦੇ ਮੁੰਡੇ ਦਾ, ਜਿਨ੍ਹਾਂ ਮੌਕੇ ਸਿਰ ਉਸ ਨੂੰ ਦਿੱਲੀ ਵਾਲੀ ਗੱਡੀ ਚੜ੍ਹਾ ਦਿੱਤਾ। ਸਾਰਾ ਸਮਾਨ ਉਥੇ ਹੀ ਛੱਡ ਸਿਰਫ ਹੈਂਡ ਬੈਗ ਲੈ ਉਹ ਭੱਜ ਨਿਕਲਿਆ ਸੀ। ਇੰਡੀਆ ਤੋਂ ਆਉਣ ਪਿਛੋਂ ਉਹ ਕਈ ਦਿਨ ਸ਼ਰਾਬ ਵਿਚ ਹੀ ਡੁਬਿਆ ਰਿਹਾ। ਉਹ ਕੁਝ ਵੀ ਨਹੀਂ ਸੀ ਕਰ ਸਕਿਆ। ਉਹ ਜਾਣਦਾ ਸੀ, ਭਾਰਤ ਵਿਚ ਸਭ ਕੁਝ ਪੈਸੇ ਨਾਲ ਚਲਦਾ, ਮੇਰੀ ਗੱਲ ਕਿਸੇ ਨੇ ਨਹੀਂ ਸੁਣਨੀ। ਇਸ ਤੋਂ ਬਾਅਦ ਭਾਰਤ ਨਾਲੋਂ ਨਾਤਾ ਹੀ ਤੋੜ ਲਿਆ। ਭਰਾ ਜਿਉਂਦਾ ਜਾਂ ਮਰ ਗਿਆ, ਕੁਝ ਵੀ ਨਹੀਂ ਸੀ ਪਤਾ।

ਫੋਨ ਦੀ ਟਰਨ ਟਰਨ ਨੇ ਉਸ ਨੂੰ ਆਪਣੇ ਖਿਆਲਾਂ ਵਿਚੋਂ ਬਾਹਰ ਲਿਆਂਦਾ। ਉਸ ਨੇ ਆਪਣੇ ਦੋਸਤਾਂ ਨੂੰ ਬੱਚਿਆਂ ਲਈ ਗਿਫਟ ਖਰੀਦਣ ਵਾਸਤੇ ਨਾਲ ਚੱਲਣ ਲਈ ਕਿਹਾ ਸੀ, ਉਨ੍ਹਾਂ ਦਾ ਹੀ ਫੋਨ ਸੀ। ਉਹ ਟੈਕਸੀ ਲੈ ਦੋਸਤਾਂ ਕੋਲ ਪਹੁੰਚਿਆ ਅਤੇ ਫਿਰ ਉਹ ਬਾਜਾਰ ਵੱਲ ਚੱਲ ਪਏ। ਅੱਜ ਉਸ ਨੂੰ ਕੋਈ ਵੀ ਗਿਫਟ ਪਸੰਦ ਨਹੀਂ ਸੀ ਆ ਰਿਹਾ, ਉਹ ਹੋਰ ਮਹਿੰਗੇ ਤੇ ਵਧੀਆ ਗਿਫਟ ਦੀ ਮੰਗ ਕਰ ਰਿਹਾ ਸੀ।

"ਕੀ ਇਹ ਆਖਰੀ ਵਾਰ ਗਿਫਟ ਦੇਣੇ ਆ ਜੋ ਪਸੰਦ ਨਹੀਂ ਆ ਰਹੇ ਮਿਸਟਰ ਰਘਬੀਰ।" ਬਸੰਤ ਨੇ ਹਸਦਿਆਂ ਛੇੜਿਆ।

"ਨਹੀਂ ਯਾਰ, ਪਤਾ ਨਹੀਂ ਕਿਉਂ ਜਚ ਨਹੀਂ ਰਹੇ, ਬੱਚਿਆਂ ਨੂੰ ਤਾਂ ਸਦਾ ਹੀ ਦਿੰਦੇ ਰਹਿਣਾ।" ਰਘਬੀਰ ਆਪਣੇ ਆਪ 'ਤੇ ਹੈਰਾਨ ਸੀ। ਦੋ ਚਾਰ ਦੁਕਾਨਾਂ ਘੁੰਮਣ ਬਾਅਦ ਕਾਫੀ ਮਹਿੰਗੇ ਗਿਫਟ ਖਰੀਦ ਉਹ ਡੇ ਸੈਂਟਰ ਪਹੁੰਚ ਗਏ ਅਤੇ ਰਹਿੰਦੇ ਦੋਸਤਾਂ ਨੂੰ ਸੱਦਾ ਦੇ ਘਰ ਆ ਗਿਆ। ਪੱਗ ਨਾਲ ਮੈਚਿੰਗ ਟਾਈ ਲਾ ਉਹ ਪੂਰੀ ਤਰ੍ਹਾਂ ਤਿਆਰ ਹੋ ਸਮੇਂ ਤੋਂ ਪਹਿਲਾਂ ਹੀ ਪੱਬ ਪਹੁੰਚ ਗਿਆ। ਹੌਲੀ ਹੌਲੀ ਉਸ ਦੇ ਦੋਸਤ ਵੀ ਪੁਜਣੇ ਸ਼ੁਰੂ ਹੋ ਗਏ।

ਜਸਵੰਤ ਨੇ ਆਉਂਦੇ ਹੀ ਉਸ ਨੂੰ ਜੱਫੀ ਪਾ ਕਿਹਾ, "ਅੱਜ ਤਾਂ ਰਘਬੀਰ ਪੂਰਾ ਲਾੜਾ ਲੱਗਦਾ, ਜਨਮ ਦਿਨ ਨਾ ਮਨਾ, ਜਿਵੇਂ ਸ਼ਾਦੀ ਕਰਾਉਣ ਜਾ ਰਿਹਾ ਹੋਵੇ।"

"ਗੱਲ ਤਾਂ ਤੇਰੀ ਠੀਕ ਸੁ, ਕਾਲਾ ਟਿੱਕਾ ਲਗਾ ਦਿਓ, ਕਿਤੇ ਨਜ਼ਰ ਹੀ ਨਾ ਲੱਗ ਜਾਵੇ!" ਕਿਰਪਾ ਰਾਮ ਨੇ ਗੱਲਬਾਤ ਵਿਚ ਸ਼ਾਮਿਲ ਹੁੰਦਿਆਂ ਕਿਹਾ।

"ਸ਼ਾਦੀ ਵੇਲੇ ਤਾਂ ਕਮਾਈ ਨੇ ਮੱਤ ਮਾਰ ਰੱਖੀ ਤੀ, ਸ਼ਾਦੀ ਦਾ ਸੁਆਦ ਤਾਂ ਹੁਣ ਆਊ ਵਿਹਲੇ ਹੋ ਕੇ।" ਹਾਕਮ ਸੰਗਰੂਰੀਆ ਉਸ ਵੇਲੇ ਦੇ ਹਾਲਾਤ ਦਸ ਰਿਹਾ ਸੀ।

"ਨਿੱਕੇ ਹੁੰਦਿਆਂ ਨੂੰ ਛੇੜਦੇ ਹੁੰਦੇ ਸੀ, ਤੂੰ ਆਪਣੇ ਬਾਪੂ ਦੇ ਵਿਆਹ ਵੇਲੇ ਕਿੱਥੇ ਸੀ, ਬਰਾਤ ਗਿਆ ਸੀ...ਹੁਣ ਬੱਚਿਆਂ ਨੂੰ ਬਰਾਤੇ ਖੜ ਕੇ ਉਹ ਸੁਪਨਾ ਵੀ ਸੱਚ ਕਰ ਦੇਈਏ।" ਭਾਊ ਹਰਨਾਮ ਮੁੱਛਾਂ ਸਵਾਰਦਿਆਂ ਬੋਲਿਆ।

ਹੌਲੀ ਹੌਲੀ ਸਾਰੇ ਦੋਸਤ ਪਹੁੰਚ ਗਏ। ਡੱਟ ਖੁੱਲ੍ਹ ਗਏ, ਗਲਾਸ ਟਕਰਾਏ। ਸਲਾਦ ਅਤੇ ਨਮਕੀਨ ਨਾਲ ਗੱਲਾਂ ਵੀ ਨਮਕੀਨ ਹੋਣ ਲੱਗੀਆਂ। ਜਵਾਨੀ ਵੇਲੇ ਦੇ ਕਿੱਸੇ, ਕਹਾਣੀਆਂ ਛੋਹੀਆਂ ਜਾਣ ਲੱਗੀਆਂ। ਸਰੂਰ ਆਇਆ ਤਾਂ ਵੇਖ ਜੁਆਨਾਂ ਖੜ੍ਹ ਕੇ...ਵਾਲੀ ਕਹਾਵਤ ਵੀ ਸੱਚ ਹੋਣ ਲੱਗੀ। ਬੁੱਢੀਆਂ ਹੱਡੀਆਂ ਖੂੰਡੀਆਂ ਪਾਸੇ ਰੱਖ ਥਿਰਕਣ ਲੱਗੀਆਂ। ਗੋਰੇ ਵੀ ਤਾੜੀਆਂ ਮਾਰ ਜਸ਼ਨਾਂ ਵਿਚ ਸ਼ਾਮਿਲ ਹੋਣ ਲੱਗੇ। ਕਾਫੀ ਦੇਰ ਤੱਕ ਖੁਸ਼ੀਆਂ ਸਾਝੀਆਂ ਹੁੰਦੀਆਂ ਰਹੀਆਂ ਜਿਵੇਂ ਅੱਜ ਹੀ ਖੁਸ਼ੀਆਂ ਦੀ ਔੜ ਟੁੱਟੀ ਹੋਵੇ।

ਜਨਮ ਦਿਨ 'ਤੇ ਸਭ ਦੋਸਤ ਮਿੱਥੇ ਪ੍ਰੋਗਰਾਮ ਅਨੁਸਾਰ ਸਵੇਰੇ ਹੀ ਰਘਬੀਰ ਦੇ ਘਰ ਜਾ ਪਹੁੰਚੇ ਆਪਣੇ-ਆਪਣੇ ਤੋਹਫੇ ਨਾਲ ਲੈ ਕੇ। ਗੇਟ ਖੋਲ੍ਹ ਅੰਦਰ ਗਏ, ਅੰਦਰਲੇ ਬੂਹੇ ਵੀ ਖੁੱਲ੍ਹੇ ਸਨ। ਪਰ ਆਹ ਕੀ...ਰਘਬੀਰ ਫਰਸ਼ 'ਤੇ ਪਿਆ ਸੀ, ਅਹਿੱਲ। ਟੋਹ ਕੇ ਵੇਖਿਆ, ਸਭ ਖਤਮ ਸੀ। ਕੋਲ ਹੀ ਬੜੇ ਸਲੀਕੇ ਨਾਲ ਸਜਾ ਕੇ ਰੱਖੇ ਬੱਚਿਆਂ ਨੂੰ ਦੇਣ ਵਾਲੇ ਤੋਹਫੇ ਪਏ ਸਨ, ਪਰ ਇਹ ਸਭ ਕਿਵੇਂ ਹੋ ਗਿਆ! ਸਮਝ ਤੋਂ ਬਾਹਰਾ ਸੀ। ਬੱਚਿਆਂ ਨੂੰ ਫੋਨ ਕਰਨ ਲਈ ਰਘਬੀਰ ਦਾ ਫੋਨ ਲੱਭਣ ਲੱਗੇ, ਜੋ ਖੂੰਜੇ ਪਿਆ ਹੋਇਆ ਸੀ। ਨੰਬਰ ਵੇਖਣ ਲਈ ਫੋਨ ਖੋਲ੍ਹਿਆ ਤਾਂ ਸਭ ਹੈਰਾਨ ਹੋ ਗਏ। ਬੱਚਿਆਂ ਦੇ ਆਏ ਹੋਏ ਸੁਨੇਹੇ ਵੇਖ ਸਭ ਕਹਾਣੀ ਸਮਝ ਆ ਗਈ। ਧੀ ਨੇ ਲਿਖਿਆ ਸੀ, "ਪਾਪਾ ਬਿਜੀ ਹੋਣ ਕਰਕੇ ਆ ਨਹੀਂ ਹੋਣਾ, ਅਗਲੇ ਵਾਰੀ ਮਿਲਾਂਗੇ, ਹੈਪੀ ਬਰਥ ਡੇ।" ਪੁੱਤਰ ਨੇ ਵੀ ਮਜਬੂਰੀ ਦਸੀ ਸੀ, "ਕੈਥੀ ਦੀ ਸਿਹਤ ਠੀਕ ਨਾ ਹੋਣ ਕਰਕੇ ਆ ਨਹੀਂ ਸਕਦੇ...ਹੈਪੀ...!"

"ਚਲੋ ਭਰਾਵੋ, ਦੇਹ ਸੰਭਾਲੀਏ। ਮੂੰਹ ਅਤੇ ਅੱਖਾਂ ਚੰਗੀ ਤਰ੍ਹਾਂ ਬੰਦ ਕਰ ਦਿਓ। ਕਿੰਨੇ ਦਿਨਾਂ ਤੋਂ ਬੂਹੇ ਵੱਲ ਟਿਕਾ ਕੇ ਰੱਖੀਆਂ ਸਨ, ਬੱਚੇ ਵੀ ਦੇਖਣੇ ਨਸੀਬ ਨਾ ਹੋਏ, ਦੋ ਬੂੰਦ ਪਾਣੀ ਵੀ ਨਾ ਜੁੜਿਆ ਜਾਣ ਵੇਲੇ, ਪਿਆਸ ਲਏ ਹੀ ਤੁਰ ਗਿਆ, ਆਭਾਗਾ!" ਹਰਨਾਮ ਸਿੰਘ ਸਭ ਨੂੰ ਸੰਬੋਧਨ ਕਰਦਿਆਂ ਬੋਲਿਆ।

"ਭਰਾ ਧੋਖਾ ਦੇ ਗਿਆ, ਘਰਵਾਲੀ ਅੱਧ ਵਿਚਕਾਰ ਛੱਡ ਗਈ, ਅੱਜ ਬੱਚਿਆਂ ਨੂੰ ਵੇਖਣ ਲਈ ਤਰਸਦਾ ਤੁਰ ਗਿਆ। ਕੋਈ ਵੀ ਉਸ ਦਾ ਨਾ ਹੋਇਆ।" ਬਸੰਤ ਦੀ ਧਾਹ ਨਿਕਲ ਗਈ।

## ਅੱਤਾਤੁਰਕ ਦਾ ਸੈਕੂਲਰ ਤੁਰਕੀ-2

# ਤੁਰਕੀ ਦਾ ਅਰਬ ਪਿਛੋਕੜ ਅਤੇ ਯੂਰਪ ਨਾਲ ਵਰ ਮੇਚਣਾ

*ਲੰਡਨ ਵੱਸਦਾ ਰਣਜੀਤ ਧੀਰ 1966 ਵਿਚ ਇੰਗਲੈਂਡ ਪੁੱਜਣ ਤੋਂ ਪਹਿਲਾਂ ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਪਿਛਲੇ 35 ਵਰ੍ਹਿਆਂ ਦੌਰਾਨ ਉਹ ਲੰਡਨ ਦੀ ਈਲਿੰਗ ਕੌਂਸਲ ਦੀ ਸਿਆਸਤ 'ਚ ਖੂਬ ਸਰਗਰਮ ਰਿਹਾ ਅਤੇ ਉਹ ਕੈਬਨਿਟ ਮੈਂਬਰ ਤੇ ਮੇਅਰ ਦੇ ਅਹੁਦੇ ਸੰਭਾਲ ਚੁੱਕਾ ਹੈ। ਘੁੰਮਣ-ਫਿਰਨ ਦਾ ਸ਼ੌਕੀਨ ਰਣਜੀਤ ਧੀਰ 'ਵਤਨੋਂ ਦੂਰ', 'ਪਰਦੇਸਨਾਮਾ' ਅਤੇ 'ਸਾਊਥਾਲ ਦਾ ਸੂਰਜ' ਕਿਤਾਬਾਂ ਛਪਵਾ ਚੁਕਾ ਹੈ। ਹੁਣੇ-ਹੁਣੇ ਉਨ੍ਹਾਂ ਦੀ ਚੌਥੀ ਕਿਤਾਬ 'ਜੇਰੂਸੱਲਮ ਅਜੇ ਦੂਰ ਹੈ' ਛਪੀ ਹੈ। ਇਸ ਸਫਰਨਾਮੇ ਵਿਚ ਤੁਰਕੀ ਅਤੇ ਇਸ ਦੇ ਅਹਿਮ ਆਗੂ ਅੱਤਾਤੁਰਕ ਬਾਰੇ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਸ ਦਾ ਪਹਿਲਾ ਹਿੱਸਾ ਪਾਠਕ ਪਿਛਲੇ ਅੰਕ ਵਿਚ ਪੜ੍ਹ ਚੁਕੇ ਹਨ ਜਿਸ ਵਿਚ ਲੇਖਕ ਨੇ ਤੁਰਕੀ ਦੀਆਂ ਦੇਖਣਯੋਗ ਥਾਂਵਾਂ ਦੇ ਨਾਲ-ਨਾਲ ਸਿਆਸਤ ਅਤੇ ਇਤਿਹਾਸ ਬਾਰੇ ਚਰਚਾ ਕੀਤੀ ਹੈ। ਐਤਕੀਂ ਲੇਖਕ ਨੇ ਅੱਤਾਤੁਰਕ ਦੀ ਕਿਤਾਬ ਦੇ ਆਧਾਰ ਉਤੇ ਉਸ ਦੇ ਵਿਚਾਰਾਂ ਨਾਲ ਸਾਂਝ ਪੁਆਈ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅੱਤਾਤੁਰਕ ਦੀਆਂ ਤਕਰੀਰਾਂ ਦੀ ਕਿਤਾਬ 'ਨੁਤੁਤ' ਲੱਖਾਂ ਦੀ ਗਿਣਤੀ ਵਿਚ ਛਾਪ ਕੇ ਵੰਡੀ ਗਈ। ਇਸ ਦਾ ਮਤਲਬ ਹੈ, 'ਤਕਰੀਰ'। ਇਹਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ। ਪੁਸਤਕ 'ਚ ਉਹਨੇ ਤੁਰਕੀ ਦੇ ਪੁਰਾਤਨ ਇਤਿਹਾਸ ਤੋਂ ਲੈ ਕੇ ਆਧੁਨਿਕ ਸਮਿਆਂ ਦੀ ਗੱਲ ਕੀਤੀ ਹੈ। ਆਪਣੇ ਸੁਧਾਰਾਂ ਬਾਰੇ ਸਿਫਾਰਸ਼ਾਂ ਵੀ ਲੋਕਾਂ ਅੱਗੇ ਰੱਖੀਆਂ ਤਾਂ ਕਿ ਉਨ੍ਹਾਂ ਨੂੰ ਦੇਸ਼ ਦੇ ਨਵ ਨਿਰਮਾਣ ਲਈ ਉਤਸ਼ਾਹਿਤ ਕਰ ਕੇ ਨਾਲ ਤੋਰ ਸਕੇ। ਜਿੰਨਾ ਮੈਂ ਉਹਦੀ ਕਿਤਾਬ ਤੇ ਤਕਰੀਰਾਂ ਪੜ੍ਹਦਾ, ਮਹਿਸੂਸ ਹੁੰਦਾ ਕਿ ਇਹ ਸਿਰਫ ਤੁਰਕੀ ਦੇ ਲੋਕਾਂ ਲਈ ਹੀ ਨਹੀਂ, ਇਸ ਦੀ ਮਹੱਤਤਾ ਹਰ ਪਛੜੇ ਦੇਸ਼ ਲਈ ਓਨੀ ਹੀ ਹੈ, ਜਿਨ੍ਹਾਂ ਉਤੇ ਯੂਰਪੀਨਾਂ ਨੇ ਰਾਜ ਕਰਕੇ ਲੁੱਟਿਆ। ਅਜਿਹੇ ਲੁੱਟੇ ਹੰਭੇ ਦੇਸ਼ਾਂ ਵਿਚ ਆਜ਼ਾਦੀ ਸਿਰਫ ਯੂਰਪੀਨ ਤਾਕਤਾਂ ਨੂੰ ਬਾਹਰ ਕੱਢਣ ਨਾਲ ਨਹੀਂ ਆਉਣੀ। ਇਨ੍ਹਾਂ ਦੇਸ਼ਾਂ ਦੇ ਨਵ ਨਿਰਮਾਣ ਲਈ ਜ਼ਰੂਰੀ ਹੈ ਕਿ ਸਦੀਆਂ ਪੁਰਾਣੇ ਬੋਦੇ ਹੋਏ ਸਿਆਸੀ, ਆਰਥਕ ਅਤੇ ਸਭਿਆਚਾਰਕ ਢਾਂਚੇ ਬਦਲੇ ਜਾਣ। ਰੂਸ ਦੇ ਜ਼ਾਰ ਬਾਦਸ਼ਾਹਾਂ ਦਾ ਵੀ ਇਹੀ ਫੈਸਲਾ ਸੀ। ਗਾਜ਼ੀ ਵੀ ਇਸ ਫੈਸਲੇ 'ਤੇ ਪਹੁੰਚਿਆ।



ਮੈਂ ਇਸ ਕਿਤਾਬ ਵਿਚੋਂ ਗਾਜ਼ੀ

**ਰਣਜੀਤ ਧੀਰ**

ਦੇ ਵਿਚਾਰਾਂ ਨੂੰ ਉਹਦੇ ਸ਼ਬਦਾਂ ਵਿਚ ਹੀ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਗਾਜ਼ੀ ਦੇ ਵਿਚਾਰ, ਉਹਦੇ ਸੁਧਾਰ ਹੇਠ ਲਿਖੇ ਅਨੁਸਾਰ ਹਨ:

1. ਗਾਜ਼ੀ ਮਜ਼ਹਬੀ ਸੋਚ ਦਾ ਧਾਰਨੀ ਨਹੀਂ ਸੀ। ਉਹਨੇ ਕਿਹਾ ਕਿ ਮਜ਼ਹਬ ਵਿਚ ਕੋਈ ਰੂਹਾਨੀਅਤ ਨਹੀਂ। ਇਹ ਸਾਰੇ ਸਿਆਸੀ ਸੰਗਠਨ ਹਨ। ਮਜ਼ਹਬ ਨੂੰ ਵਿਅਕਤੀ ਦੀ ਆਤਮਾ ਵਿਚ ਹੀ ਰਹਿਣਾ ਚਾਹੀਦਾ ਹੈ।

2. ਸਭ ਤੋਂ ਪਹਿਲਾਂ ਹਕੂਮਤ ਦੇ ਮਜ਼ਹਬੀ ਆਧਾਰ ਨੂੰ ਬਦਲਣਾ ਪਵੇਗਾ। ਸਦੀਆਂ ਤੋਂ ਕਾਨੂੰਨ, ਪ੍ਰਸ਼ਾਸਨ, ਅਦਾਲਤਾਂ, ਵਿਦਿਆ ਦੇ ਢਾਂਚੇ ਤੁਰਕੀ ਦੇ ਮਜ਼ਹਬ ਹੇਠਾਂ ਲੱਗੇ ਰਹੇ ਹਨ। ਸੁਲਤਾਨ ਆਪਣੇ ਤਖਤ ਦੀ ਸੁਰੱਖਿਆ ਲਈ ਇਸ ਮਜ਼ਹਬੀ ਢਾਂਚੇ ਦੇ ਹੇਠਾਂ ਲੱਗ ਕੇ ਰਾਜ ਕਰਦਾ ਸੀ।

3. ਸਾਲ 1924 ਦੀ 3 ਮਾਰਚ ਨੂੰ ਰਾਸ਼ਟਰੀ ਅਸੈਂਬਲੀ ਵਿਚ ਕਾਨੂੰਨ ਪਾਸ ਕਰ ਦਿੱਤਾ ਕਿ ਸੁਲਤਾਨ ਦੇ ਖਾਨਦਾਨ ਦੇ ਬੰਦਿਆਂ ਨੂੰ ਤੁਰਕੀ ਤੋਂ ਬਾਹਰ ਕੱਢਿਆ ਜਾਵੇ। ਧਾਰਮਿਕ ਵਿਭਾਗ ਦੀ ਮਨਿਸਟਰੀ ਤੋੜ ਦਿੱਤੀ। ਮਜ਼ਹਬੀ ਸਥਾਨਾਂ ਦੀ ਦੇਖਭਾਲ ਵਾਲਾ ਵਕਫ ਬੋਰਡ ਵੀ ਭੰਗ ਕਰ ਦਿੱਤਾ। ਮਜ਼ਹਬੀ ਮਦਰੱਸੇ ਸਕੂਲ ਬੰਦ ਕਰ ਦਿੱਤੇ। ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ। ਗਾਜ਼ੀ ਨੇ ਕਿਹਾ: "ਅੱਜ ਦੇ ਵਿਗਿਆਨਕ ਯੁਗ ਵਿਚ ਸਾਨੂੰ ਇਹ ਕਬੂਲ ਨਹੀਂ ਕਿ ਡੇਰਿਆਂ ਦੇ ਬਾਬੇ ਮੁਰਦਾ ਸਾਧਾਂ-ਸੰਤਾਂ ਤੋਂ ਰਹਿਮਤ ਮੰਗ ਕੇ ਲੋਕਾਂ ਨੂੰ ਚਮਤਕਾਰਾਂ ਵਿਚ ਉਲਝਾਈ ਰੱਖਣ।"

4. ਔਰਤਾਂ ਦੀ ਬਰਾਬਰੀ ਵਾਸਤੇ ਸਵਿਟਰਜ਼ਰਲੈਂਡ ਦਾ ਸਿਵਲ ਕੋਡ ਲਾਗੂ ਕਰ ਦਿੱਤਾ। ਕੁੜੀਆਂ ਨੂੰ ਸਕੂਲ ਭੇਜਣ ਲਈ ਕਾਨੂੰਨ ਬਣਾ ਦਿੱਤਾ। ਕੁੜੀਆਂ ਨੂੰ ਸਕੂਲ ਨਾ ਭੇਜਣਾ ਗੈਰ-ਕਾਨੂੰਨੀ ਹੋ ਗਿਆ। ਗਾਜ਼ੀ ਨੇ ਕਿਹਾ: "ਔਰਤ ਦਾ ਪਹਿਲਾ ਫਰਜ਼ ਮਾਂ ਦਾ ਹੈ। ਬੱਚਿਆਂ ਨੂੰ ਵਿਦਿਆ ਦੇਣਾ। ਮਾਂਵਾਂ ਨੇ ਹੀ ਤੁਰਕਿਸ਼ ਲੋਕਾਂ ਦੀ ਸ਼ਖਸੀਅਤ ਬਣਾਉਣੀ ਹੈ। ਇਸ ਸਮੇਂ ਸਾਡੀਆਂ ਔਰਤਾਂ ਨੂੰ ਹਰ ਤਰ੍ਹਾਂ ਦੇ ਵਿਗਿਆਨ ਦੀ ਪੜ੍ਹਾਈ ਕਰਨੀ ਪਵੇਗੀ। ਔਰਤਾਂ ਦੀ ਅਗਿਆਨਤਾ ਅਤੇ ਪੱਛੜੇਪਣ ਦਾ ਅਸਰ ਮਰਦਾਂ ਉਤੇ ਵੀ ਪੈਂਦਾ ਹੈ।"

5. ਗਾਜ਼ੀ ਨੇ ਕਿਹਾ ਕਿ ਅਸਲ ਤੁਰਕਿਸ਼ ਵਿਰਾਸਤ ਇਸਲਾਮ ਦੇ ਆਉਣ ਤੋਂ ਪਹਿਲਾਂ ਦੀ ਹੈ ਜਦ ਔਰਤ ਨੂੰ ਮਰਦਾਂ ਦੇ ਬਰਾਬਰ ਦੇ ਹੱਕ ਦਿੱਤੇ ਜਾਂਦੇ ਹਨ। ਉਹਨੇ ਮੋਰਾਕੋ ਦੇ ਸਫਰੀ ਇਬਨ ਬਤੂਤਾ ਦੀਆਂ ਲਿਖਤਾਂ ਦਾ ਹਵਾਲਾ ਦਿਤਾ ਜਿਨ੍ਹਾਂ ਵਿਚ ਇਬਨ ਬਤੂਤਾ ਨੇ ਲਿਖਿਆ ਹੈ ਕਿ ਤੁਰਕਿਸ਼ ਲੋਕ ਆਪਣੀਆਂ ਔਰਤਾਂ ਨੂੰ ਪੂਰੇ ਹੱਕ ਦਿੰਦੇ ਸਨ। ਗਾਜ਼ੀ ਨੇ ਇਹ ਵੀ ਕਿਹਾ ਕਿ ਮੂਲ ਤੁਰਕਿਸ਼ ਸਭਿਆਚਾਰ ਵਿਚ ਇਕ ਮਰਦ ਦੀ ਇਕ ਔਰਤ ਨਾਲ ਹੀ ਸ਼ਾਦੀ ਹੁੰਦੀ ਸੀ। ਇਕ ਤੋਂ ਵੱਧ ਔਰਤਾਂ ਨਾਲ ਵਿਆਹ ਇਸਲਾਮ ਦੇ ਆਉਣ ਨਾਲ ਸ਼ੁਰੂ ਹੋਇਆ। ਗਾਜ਼ੀ ਨੇ ਪੋਲੀਗਾਮੀ ਭਾਵ ਇਕ ਮਰਦ ਦੇ ਚਾਰ ਵਿਆਹਾਂ ਦਾ ਕਾਨੂੰਨ ਖਤਮ ਕਰ ਦਿੱਤਾ।

6. ਸਭਿਆਚਾਰਕ ਖੇਤਰ ਵਿਚ ਉਹਨੇ ਕਾਨੂੰਨ ਪਾਸ ਕਰਕੇ ਮਰਦਾਂ ਵਾਸਤੇ ਇਸਲਾਮੀ ਟੋਪੀ ਦੀ ਮਨਾਹੀ ਕਰ ਦਿੱਤੀ। ਮਰਦਾਂ ਨੂੰ ਕਾਨੂੰਨੀ ਤੌਰ 'ਤੇ ਹੁਕਮ ਹੋ ਗਿਆ ਕਿ ਉਹ ਯੂਰਪੀ ਹੈਟ (ਟੋਪ) ਪਹਿਨਣ। ਔਰਤਾਂ ਵਾਸਤੇ ਬੁਰਕੇ ਦੀ ਮਨਾਹੀ ਕਰ ਦਿੱਤੀ ਗਈ। ਕਾਨੂੰਨੀ ਤੌਰ 'ਤੇ ਇਹ ਲਾਜ਼ਮੀ ਕਰ ਦਿੱਤਾ ਗਿਆ ਕਿ ਔਰਤਾਂ ਪਬਲਿਕ ਥਾਂਵਾਂ 'ਤੇ ਆਪਣਾ ਮੂੰਹ-ਸਿਰ ਨਾ ਢੱਕ ਸਕਣ। ਗਾਜ਼ੀ ਨੇ ਕਿਹਾ: "ਦੋਸਤੋ, ਕੌਮਾਂਤਰੀ ਢੰਗ ਦੀ ਸਭਿਅਕ ਪੁਸ਼ਾਕ ਸਾਡੀ ਕੌਮ ਲਈ ਵੀ ਸਹੀ ਹੈ। ਇਹਨੂੰ ਅਸੀਂ ਅਪਨਾਵਾਂਗੇ। ਕਈ ਬੰਦੇ ਯੂਰਪੀ 'ਹੈਟ' ਦਾ ਵਿਰੋਧ ਕਰਦੇ ਹਨ। ਮੈਂ ਉਨ੍ਹਾਂ ਨੂੰ ਬੇਵਕੂਫ ਸਮਝਦਾ ਹਾਂ। ਜਿਹੜੇ ਲੋਕ ਮੱਧਯੁਗੀ ਸੋਚ ਅਤੇ ਪੁਰਾਤਨ ਵਹਿਮਾਂ-ਭਰਮਾਂ ਵਿਚ ਕੈਦ ਰਹਿਣਾ ਚਾਹੁੰਦੇ ਹਨ, ਉਹ ਜਾਂ ਖਤਮ ਹੋ ਜਾਣਗੇ ਜਾਂ ਕਿਸੇ ਦੇ ਗੁਲਾਮ ਹੋ ਜਾਣਗੇ।"

7. ਔਰਤਾਂ ਦੀ ਪੁਸ਼ਾਕ ਬਾਰੇ ਗਾਜ਼ੀ ਨੇ ਕਿਹਾ: "ਔਰਤਾਂ ਨੂੰ ਖੁੱਲ੍ਹ ਹੋਵੇ ਕਿ ਉਹ ਆਪਣਾ ਚਿਹਰਾ ਦੁਨੀਆਂ ਨੂੰ ਦਿਖਾ ਸਕਣ। ਉਨ੍ਹਾਂ ਦੀਆਂ ਅੱਖਾਂ ਦੁਨੀਆਂ ਦੀ ਹਰ ਚੀਜ਼ ਨੂੰ ਦੇਖ-ਪਰਖ ਸਕਣ।" 1930 ਵਿਚ ਔਰਤਾਂ ਨੂੰ ਸਥਾਨਕ ਚੋਣਾਂ ਅਤੇ 1935 ਵਿਚ ਕੇਂਦਰੀ ਪਾਰਲੀਮੈਂਟ ਚੋਣਾਂ ਵਿਚ ਵੋਟਾਂ ਪਾਉਣ ਅਤੇ ਚੋਣਾਂ ਲੜਨ ਦਾ ਹੱਕ ਦੇ ਦਿੱਤਾ ਗਿਆ। ਇਸੇ ਸਾਲ 20 ਔਰਤਾਂ ਪਾਰਲੀਮੈਂਟ ਲਈ ਮੈਂਬਰ ਚੁਣੀਆਂ ਗਈਆਂ। ਇਹ ਤੁਰਕੀ ਵਾਸਤੇ ਬਹੁਤ ਵੱਡਾ ਇਨਕਲਾਬ ਸੀ।

8. ਗਾਜ਼ੀ ਨੇ ਤੁਰਕ ਭਾਸ਼ਾ ਦੀ ਲਿਪੀ ਅਰਬੀ ਤੋਂ ਬਦਲ ਕੇ ਰੋਮਨ ਕਰ ਦਿੱਤੀ। ਭਾਸ਼ਾ ਵਿਗਿਆਨੀਆਂ ਅਤੇ ਯੂਨੀਵਰਸਿਟੀਆਂ ਵਿਚ ਖੁਦ ਬਹਿ ਕੇ ਨਵੇਂ ਸ਼ਬਦ ਤਿਆਰ ਕਰਵਾਏ। ਨਵੀਂ ਲਿਪੀ ਦੀ ਨਵੀਂ ਵਿਆਕਰਣ ਤਿਆਰ ਕਰਵਾਈ। ਗਾਜ਼ੀ ਨੇ ਕਿਹਾ: "ਅਰਬੀ ਭਾਸ਼ਾ ਦੀ ਲਿਪੀ ਬਹੁਤ ਪੇਚੀਦਾ ਹੈ। ਇਹਦੇ ਵਿਚ ਕੁਲ 612 ਅੱਖਰ ਹਨ। ਇਨ੍ਹਾਂ ਨੂੰ ਸਿੱਖਣ ਲਈ ਕਈ ਸਾਲ ਲਗਦੇ ਹਨ। ਗਰੀਬ ਲੋਕਾਂ ਵਿਚ ਇੰਨੀ ਸਮਰੱਥਾ ਨਹੀਂ ਹੁੰਦੀ ਅਤੇ ਉਹ ਅਨਪੜ੍ਹ ਰਹਿ ਜਾਂਦੇ ਹਨ। ਨਵੀਂ ਰੋਮਨ ਲਿਪੀ ਵਿਚ 70 ਅੱਖਰ ਹਨ। ਇਸ ਗਿਣਤੀ ਵਿਚ ਹਿੰਦਸੇ ਵੀ ਸ਼ਾਮਲ ਹਨ। ਰੋਮਨ ਲਿਪੀ ਹਰ ਬੰਦਾ ਕੁਝ ਦਿਨਾਂ ਵਿਚ ਸਿੱਖ ਸਕਦਾ ਹੈ।" ਜੋ ਲੋਕ ਨਵੀਂ ਲਿਪੀ ਦਾ ਵਿਰੋਧ ਕਰਦੇ, ਉਹ ਉਥੇ ਆਪਣੀ ਕਾਰ ਵਿਚ ਬਲੈਕਬੋਰਡ ਅਤੇ ਚਾਕ ਲੈ ਕੇ ਪਹੁੰਚ ਜਾਂਦਾ। ਮੁਲਕ ਦੇ ਪ੍ਰਧਾਨ ਦੀ ਸ਼ਾਨ 'ਚ ਨਹੀਂ, ਸਗੋਂ ਅਧਿਆਪਕਾਂ ਵਾਂਗ ਨਿਮਰ। ਲੋਕਾਂ ਨੂੰ ਸਮਝਾਉਂਦਾ।

9. ਗਾਜ਼ੀ ਨੇ ਸੁਲਤਾਨਾਂ ਦੇ ਜ਼ਮਾਨੇ ਦੇ ਸਾਰੇ ਰੁਤਬੇ, ਮੈਡਲ, ਟਾਈਟਲ ਖਤਮ ਕਰ ਦਿੱਤੇ ਜਿਨ੍ਹਾਂ ਵਿਚ ਹਜ਼ਰਤ, ਬੇਅ ਅਤੇ ਇਫੈਂਡੀ ਵਰਗੇ ਉਚੇ ਰੁਤਬੇ ਵੀ ਸ਼ਾਮਲ ਸਨ।

10. ਗਾਜ਼ੀ ਨੇ ਜੇਲ੍ਹਾਂ ਦੇ ਸੁਧਾਰ ਕੀਤੇ। ਕੈਦੀਆਂ ਨੂੰ ਵਿਦਿਆ ਅਤੇ ਕਿੱਤਾ-ਮੁਖੀ ਟਰੇਨਿੰਗ ਦੇਣੀ ਸ਼ੁਰੂ ਕੀਤੀ ਤਾਂਕਿ ਜੇਲ੍ਹ ਕੱਟਣ ਬਾਅਦ ਰੁਜ਼ਗਾਰ ਲੱਭ ਸਕਣ।

11. ਗਾਜ਼ੀ ਨੇ ਖੇਤੀਬਾੜੀ ਦਾ ਆਧੁਨਿਕੀਕਰਨ ਕੀਤਾ। ਕਿਸਾਨਾਂ ਦੇ ਕਰਜ਼ੇ ਮਾਫ ਕਰ ਦਿੱਤੇ। ਸਹਿਕਾਰੀ ਸਭਾਵਾਂ ਬਣਾ ਕੇ ਕਿਸਾਨਾਂ ਨੂੰ ਖੇਤੀਬਾੜੀ ਦੀ ਵਿਦਿਆ ਅਤੇ ਨਵੇਂ ਬੀਅ ਦੇਣੇ ਸ਼ੁਰੂ ਕੀਤੇ। ਖੇਤੀ ਦਾ ਮਸ਼ੀਨੀਕਰਨ ਕੀਤਾ।



*ਡੋਲਮਾਬਾਸ਼ ਸਰਾਏ (ਇਸਤੰਬੂਲ) ਜਿਥੇ ਕਮਾਲ ਪਾਸ਼ਾ ਅੱਤਾਤੁਰਕ ਰਹਿੰਦਾ ਸੀ*

12. ਪੰਜ-ਸਾਲਾ ਸਨਅਤੀ ਪਲੈਨਾਂ ਸ਼ੁਰੂ ਕਰ ਦਿੱਤੀਆਂ। ਲੋਕਾਂ ਅਤੇ ਪਸ਼ੂਆਂ ਲਈ ਸਿਹਤ ਸੇਵਾਵਾਂ ਸ਼ੁਰੂ ਕੀਤੀਆਂ। ਥਾਂ-ਥਾਂ ਹਸਪਤਾਲ ਅਤੇ ਕੁੜੀਆਂ ਲਈ ਸਕੂਲ। ਸਮਝੋ, ਤੁਰਕੀ ਦੀ ਕਾਇਆ ਹੀ ਬਦਲ ਦਿੱਤੀ। ਸਦੀਆਂ ਤੋਂ 'ਬਿਮਾਰ ਦੇਸ਼ ਵਾਲਾ' ਬਿੱਲਾ ਲਾਹ ਦਿੱਤਾ। ਵਿਦਿਆਰਥੀ ਯੂਰਪੀ ਯੂਨੀਵਰਸਿਟੀਆਂ ਵਿਚ ਭੇਜਣੇ ਸ਼ੁਰੂ ਕੀਤੇ। ਤੁਰਕੀ ਦੀ ਖੜੋਤ ਖਤਮ ਹੋ ਗਈ। ਦੇਸ਼ ਤਰੱਕੀ ਦੇ ਰਾਹ ਪੈ ਗਿਆ। ਗਾਜ਼ੀ ਦੀ ਧਾਰਨਾ ਸੀ ਕਿ ਅਰਬਾਂ ਦੇ ਅਸਰ ਕਰਕੇ ਤੁਰਕੀ ਪੱਛੜ ਗਿਆ ਸੀ। ਉਹ ਤੁਰਕੀ ਨੂੰ ਅਰਬ ਵਿਰਾਸਤ ਨਾਲੋਂ ਵੱਖ ਕਰਕੇ ਤੁਰਕੀ ਦੀ ਮੂਲ ਵਿਰਾਸਤ ਨਾਲ ਜੋੜਨਾ ਚਾਹੁੰਦਾ ਸੀ। ਅਰਬੀ ਲਿਪੀ ਨੂੰ ਬਦਲਣ ਦਾ ਕਾਰਨ ਵੀ ਇਹੋ ਸੀ। ਇਸੇ ਮੰਤਵ ਨਾਲ ਉਹਨੇ ਚੰਦਰਮਾ ਦੀ ਗਤੀ ਉਤੇ ਆਧਾਰਤ ਇਸਲਾਮੀ ਕੈਲੰਡਰ ਬਦਲ ਕੇ ਜੌਰਜੀਅਨ ਕੈਲੰਡਰ ਸ਼ੁਰੂ ਕਰਵਾ ਦਿੱਤਾ। ਸੁਲਤਾਨਾਂ ਦੇ ਸ਼ਰਾਬ ਪੀਣ ਦੀ ਪਾਬੰਦੀ ਖਤਮ ਕਰ ਦਿੱਤੀ। ਗਾਜ਼ੀ ਨੇ ਕਿਹਾ ਕਿ ਇਹ ਬੰਦੇ ਦਾ ਆਪਣਾ ਫੈਸਲਾ ਹੈ।

ਗਾਜ਼ੀ ਦੇ ਇਨ੍ਹਾਂ ਸੁਧਾਰਾਂ ਖਿਲਾਫ ਮਜ਼ਹਬੀ ਪਾਰਟੀਆਂ ਉਠ ਖੜ੍ਹੀਆਂ। ਮੁੱਲਾਂ-ਮੁਲਾਣਿਆਂ ਨੇ ਲੋਕਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ਪਰ ਗਾਜ਼ੀ ਨੇ ਭੜਕਾਹਟ ਪੈਦਾ ਕਰਨ ਵਾਲਿਆਂ ਨੂੰ ਮਸਜਿਦਾਂ ਦੇ ਬਾਹਰ ਫਾਂਸੀ 'ਤੇ ਟੰਗ ਦਿੱਤਾ। ਇਸ ਮਜ਼ਹਬੀ ਐਜੀਟੇਸ਼ਨ ਨੂੰ ਸਖਤੀ ਨਾਲ ਖਤਮ ਕਰ ਦਿੱਤਾ।

ਅੱਤਾਤੁਰਕ ਬਾਰੇ ਇਹ ਸਾਰਾ ਕੁਝ ਜਾਣ ਕੇ ਸਾਡੇ ਮਨਾਂ 'ਚ ਵੱਡੀ ਖਲਬਲੀ ਮੱਚ ਗਈ।

---


ਸਾਡਾ ਅਗਲਾ ਪੜਾਅ ਬੌਸਫੋਰਸ ਦੀ ਖਾੜੀ ਕੰਢੇ ਵੱਸੇ ਇਸਤੰਬੂਲ ਸ਼ਹਿਰ ਦਾ ਸੀ। ਇਹ ਸ਼ਹਿਰ ਜਿੰਨਾ ਸੋਹਣਾ ਹੈ, ਓਨਾ ਹੀ ਇਤਿਹਾਸਕ ਵੀ ਹੈ। ਖਾੜੀ ਦੇ ਦੋਨੋਂ ਪਾਸੇ ਵਸੇ ਹੋਣ ਦਾ ਮਤਲਬ ਹੈ ਕਿ ਬਹੁਤਾ ਹਿੱਸਾ ਖਾੜੀ ਦੇ ਪੂਰਬ ਵਿਚ ਪੈਂਦੇ ਏਸ਼ੀਅਨ ਮਹਾਂਦੀਪ ਵਿਚ ਹੈ ਤੇ ਕੁਝ ਹਿੱਸਾ ਖਾੜੀ ਦੇ ਪੱਛਮ ਵਿਚ ਪੈਂਦੇ ਯੂਰਪੀ ਮਹਾਂਦੀਪ ਵਿਚ।

ਇਸਤੰਬੂਲ ਦਾ ਨਾਂ ਕਈ ਵਾਰ ਬਦਲਿਆ ਗਿਆ। ਜਿਵੇਂ-ਜਿਵੇਂ ਨਵੇਂ ਜੇਤੂ ਹਾਕਮ ਆਉਂਦੇ ਰਹੇ, ਆਪਣੇ ਅਨੁਸਾਰ ਨਾਂ ਬਦਲ ਦਿੰਦੇ ਰਹੇ। ਇਸ ਪੱਖੋਂ ਸ਼ਹਿਰ ਦੀ ਕਿਸਮਤ ਇਨ੍ਹਾਂ ਸਭਿਅਤਾਵਾਂ ਦੇ ਉਤਰਾ-ਚੜ੍ਹਾਅ ਦਾ ਹਿੱਸਾ ਹੀ ਹੈ।

ਯੂਨਾਨੀ ਸਮਿਆਂ ਵਿਚ ਇਸ ਨੂੰ 'ਈਸ ਤਿਨ ਬੋਲੀਨ' ਕਹਿੰਦੇ ਸਨ। ਯੂਨਾਨੀ ਵਿਚ ਇਹਦਾ ਅਰਥ ਸੀ, 'ਸ਼ਹਿਰ ਵੱਲ ਜਾਣਾ'। ਇਸਾਈ ਰਾਜੇ ਆਏ ਤਾਂ ਉਨ੍ਹਾਂ ਨਾਂ 'ਬਾਈਜ਼ੈਂਟੀਅਮ' ਰੱਖ ਦਿੱਤਾ। ਮਗਰੋਂ 'ਕੌਨਸਟੈਂਟੀਨੋਪਲ' ਇਸਾਈ ਰਾਜੇ ਦੇ ਨਾਂ ਉਤੇ ਰਖਿਆ ਗਿਆ। ਸਾਲ 1453 ਵਿਚ ਇਸਲਾਮੀ ਰਾਜੇ ਪਹੁੰਚ ਗਏ ਤਾਂ ਉਨ੍ਹਾਂ ਇਸ ਦਾ ਨਾਂ 'ਇਸਤੰਬੂਲ' ਰੱਖ ਦਿੱਤਾ।

ਸਭ ਤੋਂ ਪਹਿਲਾਂ ਸਾਨੂੰ ਸੁਲਤਾਨਾਂ ਦਾ 'ਤੋਪਕਾਪੀ' ਮਹਿਲ ਦਿਖਾਇਆ। ਇਹ ਮਹਿਲ ਉਚੀ ਪਹਾੜੀ ਉਤੇ ਕਈ ਏਕੜਾਂ ਵਿਚ ਫੈਲਿਆ ਹੋਇਆ ਹੈ। ਪਿਛਲੇ ਪਾਸਿਉਂ ਇਹ ਬੌਸਫੋਰਸ ਦੀ ਖਾੜੀ ਨਾਲ ਜਾ ਲਗਦਾ ਹੈ। ਮਹਿਲ ਸੁਲਤਾਨਾਂ ਦਾ ਦਫਤਰ ਅਤੇ ਰਿਹਾਇਸ਼ ਹੁੰਦਾ ਸੀ। ਇਸੇ ਤਰ੍ਹਾਂ ਮੁਲਕ ਦਾ ਖਜ਼ਾਨਾ ਅਤੇ ਪੈਸੇ ਤੇ ਨੋਟ ਛਾਪਣ ਦਾ ਕੰਮ ਵੀ ਇਥੇ ਹੁੰਦਾ ਸੀ। ਮਹਿਲ ਨੂੰ 'ਤੋਪਕਾਪੀ ਸਰਾਇ' ਕਰਕੇ ਜਾਣਿਆ ਜਾਂਦਾ ਸੀ।

ਇਕ ਪਾਸੇ ਸੁਲਤਾਨ ਦਾ ਜ਼ਨਾਨਖਾਨਾ (ਹਰਮ) ਦੇਖਿਆ। ਇਹਦੇ ਵਿਚ ਉਹਦੀਆਂ ਚਾਰ ਸੌ ਰਖੇਲਾਂ ਛੋਟੇ-ਛੋਟੇ ਕਮਰਿਆਂ ਵਿਚ ਰਹਿੰਦੀਆਂ ਸਨ। ਕਮਰਿਆਂ ਦੇ ਬਾਹਰ ਕੈਦੀਆਂ ਦੇ ਕਮਰਿਆਂ ਵਰਗੀਆਂ ਲੋਹੇ ਦੀਆਂ ਸਲਾਖਾਂ ਹੁੰਦੀਆਂ ਸਨ। ਜ਼ਨਾਨਖਾਨੇ 'ਚ ਰਖੇਲਾਂ ਦੇ ਕਮਰਿਆਂ ਤੇ ਸੁਲਤਾਨ ਦੇ ਸੌਣ ਵਾਲੇ ਕਮਰੇ ਵਿਚਾਲੇ ਵੱਡਾ ਹਾਲ ਹੁੰਦਾ ਸੀ। ਇਥੇ ਹਰ ਸ਼ਾਮ ਰਖੇਲਾਂ ਮੁਜਰਾ ਕਰਦੀਆਂ। ਸੁਲਤਾਨ ਤੋਂ ਬਿਨਾ ਕੋਈ ਹੋਰ ਮਰਦ ਉਥੇ ਨਹੀਂ ਸੀ ਜਾ ਸਕਦਾ। ਸੁਲਤਾਨ ਦੀ ਮਾਂ ਹਰ ਰੋਜ਼ ਫੈਸਲਾ ਕਰਦੀ ਕਿ ਕਿਹੜੀਆਂ ਰਖੇਲਾਂ ਮੁਜਰਾ ਕਰਕੇ ਸੁਲਤਾਨ ਦਾ ਮਨ ਪਰਚਾਉਣਗੀਆਂ ਅਤੇ ਕਿਹੜੀ ਰਖੇਲ ਰਾਤ ਨੂੰ ਸੁਲਤਾਨ ਦੇ ਕਮਰੇ 'ਚ ਸੌਣ ਜਾਵੇਗੀ। ਜ਼ਨਾਨਖਾਨੇ ਦੇ ਚਾਰੇ ਪਾਸੇ ਅਫਰੀਕੀ ਹਿਜੜਿਆਂ ਦੀ ਗਾਰਦ ਦਾ ਪਹਿਰਾ ਹੁੰਦਾ ਸੀ। ਜ਼ਨਾਨਖਾਨੇ ਦੇ ਨੇੜੇ-ਤੇੜੇ ਸੁਲਤਾਨ ਤੋਂ ਬਿਨਾ ਕਿਸੇ ਹੋਰ ਮਰਦ ਨੂੰ ਫਟਕਣ ਤੀਕ ਨਹੀਂ ਸੀ ਦਿੱਤਾ ਜਾਂਦਾ।



*ਇਤਿਹਾਸਕ ਦਰੀਨਾ ਪੁਲ।*

ਮਹਿਲ ਦੇ ਬਾਹਰ ਸੋਹਣੀ ਵਰਦੀ ਵਾਲਾ ਸ਼ਾਹੀ ਹਥਿਆਰਬੰਦ ਦਰਬਾਨ ਡਿਊਟੀ ਉਤੇ ਸੀ। ਸਾਨੂੰ ਪਤਾ ਲੱਗਾ ਕਿ ਸੁਲਤਾਨ ਦੇ ਸਾਰੇ ਮਹਿਲਾਂ ਦੀ ਰਾਖੀ ਵਾਸਤੇ ਉਹਨੇ ਵੱਖਰੀ ਸੈਨਾ ਬਣਾਈ ਹੋਈ ਸੀ। ਇਸ ਨੂੰ 'ਜਾਨਿਸਾਰੀ' ਫੌਜ ਕਹਿੰਦੇ ਸਨ। ਭਾਰਤੀ ਉਰਦੂ ਭਾਸ਼ਾ ਵਿਚ 'ਜਾਨ ਨਿਛਾਵਰ' ਕਰਨ ਵਾਲੇ ਸ਼ਬਦ ਦਾ ਅਰਥ ਵੀ ਇਹੋ ਹੈ।

ਇਸ ਫੌਜ ਵਿਚ ਕੋਈ ਆਮ ਤੁਰਕਿਸ਼ ਸ਼ਹਿਰੀ ਭਰਤੀ ਨਹੀਂ ਸੀ ਹੋ ਸਕਦਾ। ਇਸ ਵਿਚ ਭਰਤੀ ਹੋਣ ਵਾਲੇ ਨੌਜਵਾਨ ਅਸਲ ਵਿਚ ਇਸਾਈ ਪਰਿਵਾਰਾਂ ਦੇ ਮੁੰਡੇ ਹੁੰਦੇ ਸਨ। ਤੁਰਕਿਸ਼ ਸਾਮਰਾਜ ਵਿਚ ਘੱਟ-ਗਿਣਤੀਆਂ ਨੂੰ 'ਜਜ਼ੀਆ ਟੈਕਸ' ਤਾਂ ਦੇਣਾ ਹੀ ਪੈਂਦਾ ਸੀ, ਇਸ ਤੋਂ ਬਿਨਾ ਇਸਾਈ ਪਰਿਵਾਰਾਂ ਨੂੰ ਆਪਣਾ ਇਕ ਮੁੰਡਾ ਵੀ ਸੁਲਤਾਨ ਦੀ ਫੌਜ ਲਈ ਦੇਣਾ ਪੈਂਦਾ ਸੀ। ਸੁਲਤਾਨ ਦੇ ਫੌਜੀ ਜਬਰਨ ਬੱਚਿਆਂ ਨੂੰ ਲੈ ਜਾਂਦੇ। ਉਨ੍ਹਾਂ ਦਾ ਧਰਮ ਬਦਲ ਕੇ ਮੁਸਲਮਾਨ ਬਣਾ ਕੇ ਉਨ੍ਹਾਂ ਨੂੰ ਫੌਜੀ ਟਰੇਨਿੰਗ ਦਿੱਤੀ ਜਾਂਦੀ। ਬੱਚਿਆਂ ਨੂੰ ਪਰਿਵਾਰਾਂ ਤੋਂ ਵਿਛੋੜ ਕੇ ਜ਼ਿੰਦਗੀ ਭਰ ਆਪਣੇ ਮਾਂ-ਬਾਪ ਨੂੰ ਮਿਲਣ ਦੀ ਆਗਿਆ ਨਹੀਂ ਸੀ। ਟਰੇਨਿੰਗ ਬਾਅਦ ਇਨ੍ਹਾਂ ਨੂੰ ਸੁਲਤਾਨ ਦੀ ਜ਼ਾਤੀ ਫੌਜ ਵਿਚ ਲਿਆ ਜਾਂਦਾ। ਵੱਡੇ-ਵੱਡੇ ਅਹੁਦਿਆਂ 'ਤੇ ਲਾਉਂਦੇ। ਕਈ ਵਾਰੀ 'ਜਾਨਿਸਾਰੀ ਫੌਜੀ' ਸੂਬਿਆਂ ਦੇ ਵੱਡੇ ਗਵਰਨਰ ਅਤੇ ਫੌਜੀ ਕਮਾਂਡਰ ਵੀ ਬਣਦੇ।

ਮੈਨੂੰ ਖਿਆਲ ਆਇਆ ਕਿ ਕੁਝ ਸਾਲ ਪਹਿਲਾਂ ਬਾਲਕਿਨ ਦੇਸ਼ਾਂ ਦੀ ਯਾਤਰਾ ਸਮੇਂ ਸਾਡੀ ਗਾਈਡ ਡੁਬੀ ਨੇ 'ਜਾਂਨਿਸਾਰੀਆਂ' ਦੀ ਪੂਰੀ ਕਹਾਣੀ ਸੁਣਾਈ ਸੀ। ਉਹਨੇ ਸਰਬੀਅਨ ਲੇਖਕ ਆਈਵੋ ਐਂਦਰਿਕ ਦੇ ਨਾਵਲ 'ਦਿ ਬ੍ਰਿੱਜ ਆਨ ਰਿਵਰ ਦਰੀਨਾ' ਦਾ ਜ਼ਿਕਰ ਵੀ ਕੀਤਾ ਸੀ। ਇਸ ਦੀ ਕਹਾਣੀ ਵਿਰਲਾਪ ਕਰਦੀ ਉਸ ਮਾਂ ਦੀ ਕਹਾਣੀ ਹੈ, ਜੋ ਆਪਣੇ ਪੁੱਤ ਦੀ ਜਾਨ ਦੀ ਭੀਖ ਮੰਗਦੀ ਤੁਰਕਿਸ਼ ਫੌਜੀਆਂ ਮਗਰ ਦਰੀਨਾ ਦਰਿਆ ਦੇ ਪੁਲ ਤਕ ਜਾਂਦੀ ਹੈ ਪਰ ਰੋਂਦੀ ਵਿਰਲਾਪ ਕਰਦੀ ਮੁੜ ਆਉਂਦੀ ਹੈ ਤੇ ਉਹਦਾ ਪੁੱਤ ਉਹਦੇ ਕੋਲੋਂ ਹਮੇਸ਼ਾ ਲਈ ਖੁੱਸ ਜਾਂਦਾ ਹੈ। ਇਹ ਦਰਿਆ ਬਾਲਕਿਨ ਦੇਸ਼ ਕਰੋਸ਼ੀਆ ਵਿਚ ਪੈਂਦਾ ਹੈ। ਸਾਡੀ ਯਾਤਰਾ ਸਮੇਂ ਸਾਡੀ ਕੋਚ ਇਥੇ ਖੜ੍ਹਾਈ ਗਈ ਸੀ ਅਤੇ ਅਸੀਂ ਉਹ ਪੁਲ ਦੇਖਿਆ ਸੀ।

ਇਸਤੰਬੂਲ ਵਿਚ ਸੈਂਕੜੇ ਇਤਿਹਾਸਕ ਇਮਾਰਤਾਂ ਹਨ। ਸਭ ਤੋਂ ਅਹਿਮ 537 ਵਿਚ ਬਣਾਇਆ ਵੱਡਾ ਗਿਰਜਾ 'ਹੈਗੀਆ ਸੋਫੀਆ' ਹੈ। ਇਹ ਇਸਾਈ ਰਾਜੇ ਨੇ ਆਪਣੀ ਮਾਤਾ ਸੋਫੀਆ ਦੀ ਸ਼ਾਨ ਵਿਚ ਬਣਵਾਇਆ ਸੀ ਅਤੇ ਇਹਦਾ ਨਾਂ ਰੱਖਿਆ, 'ਮਾਤਾ ਸੋਫੀਆ ਦਾ ਵਿਵੇਕ'। ਸੁਲਤਾਨਾਂ ਨੇ 1453 ਵਿਚ ਇਸ ਨੂੰ ਮਸਜਿਦ ਬਣਾ ਦਿੱਤਾ ਸੀ ਪਰ ਅੱਤਾਤੁਰਕ ਨੇ 1936 ਵਿਚ ਯੂਰਪੀ ਦੇਸ਼ਾਂ ਨਾਲ ਚੰਗੇ ਸਬੰਧ ਬਣਾਉਣ ਖਾਤਰ ਇਸ ਨੂੰ ਅਜਾਇਬਘਰ ਬਣਾ ਦਿੱਤਾ। ਉਂਜ, ਅੱਜ ਵੀ ਗਿਰਜੇ ਦੀਆਂ ਕੰਧਾਂ ਅਤੇ ਛੱਤ ਤੋਂ ਪਤਾ ਲਗਦਾ ਹੈ ਕਿ ਰੋਗਨ ਕਰਕੇ ਇਸਾਈ ਮੱਤ ਦੇ ਚਿੱਤਰ ਢਕ ਦਿੱਤੇ ਗਏ ਹਨ।

ਨੀਲੀ ਮਸਜਿਦ ਬਹੁਤ ਵੱਡੀ ਖੂਬਸੂਰਤ ਮਸਜਿਦ ਹੈ ਜਿਸ ਦੇ ਆਸੇ-ਪਾਸੇ ਬਹੁਤ ਵੱਡਾ ਪਾਰਕ ਹੈ। ਹਿੱਪੋਡਰੋਮ ਦੀ ਇਮਾਰਤ ਇਕ ਸਟੇਡੀਅਮ ਹੈ ਜਿਥੇ ਇਕ ਲੱਖ ਦਰਸ਼ਕ ਬੈਠ ਸਕਦੇ ਹਨ। ਪੰਦ੍ਹਰਵੀਂ ਸਦੀ ਵਿਚ ਤੁਰਕੀ ਦੇ ਨਵੇਂ ਹਾਕਮਾਂ ਨੇ 'ਗਰੈਂਡ ਬਾਜ਼ਾਰ' ਬਣਾਇਆ। ਇਹ ਇਮਾਰਤ ਵਾਕਿਆ ਹੀ ਸ਼ਾਹੀ ਗਰੈਂਡ ਹੈ। ਕਰੀਬ ਚਾਰ ਹਜ਼ਾਰ ਦੁਕਾਨਾਂ ਅਤੇ 65 ਗਲੀਆਂ ਵਿਚ ਫੈਲਿਆ ਹੋਇਆ ਹੈ। ਦੁਕਾਨਾਂ ਹਰ ਤਰ੍ਹਾਂ ਦੀਆਂ। ਨਾਂ ਲਵੋ, ਹਰ ਤਰ੍ਹਾਂ ਦੇ ਰੈਸਟੋਰੈਂਟ ਮਿਲਦੇ ਹਨ। ਬਾਜ਼ਾਰ ਦੀਆਂ ਭੀੜੀਆਂ ਗਲੀਆਂ ਅੰਦਰ ਤੁਰ ਪਉ ਤਾਂ ਹੌਲੀ-ਹੌਲੀ ਸਾਹ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ; ਪਤਾ ਨਹੀਂ ਲਗਦਾ ਕਿ ਕਿਹੜਾ ਪਾਸਾ ਉਤਰ ਜਾਂ ਦੱਖਣ ਹੈ, ਬਾਹਰ ਕਿਧਰ ਦੀ ਨਿਕਲਣਾ ਹੈ। ਕਈ

**(ਬਾਕੀ ਸਫਾ 27 'ਤੇ)**


## ਗਦਰ ਦੀਆਂ ਗੱਲਾਂ

# ਦੋ ਚੀਜ਼ਾਂ ਦੀ ਲੋੜ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਇਸ ਵਾਰ ਅਸੀਂ ਗਦਰ ਲਹਿਰ ਦੇ ਸਰਕਰਦਾ ਆਗੂ ਲਾਲਾ ਹਰਦਿਆਲ ਦੀਆਂ ਦੋ ਰਚਨਾਵਾਂ ਛਾਪ ਰਹੇ ਹਾਂ। ਇਨ੍ਹਾਂ ਲਿਖਤਾਂ ਵਿਚ ਉਨ੍ਹਾਂ ਭਾਰਤ ਦੇ ਲੋਕਾਂ ਨੂੰ ਅੰਗਰੇਜ਼ਾਂ ਖਿਲਾਫ ਉਠਣ ਦਾ ਸੱਦਾ ਦਿੱਤਾ ਹੈ। ਇਹ ਲੇਖ 11 ਅਗਸਤ 1914 ਦੇ ਲਿਖੇ ਹੋਏ ਹਨ। ਆਉਂਦੇ ਅੰਕਾਂ ਵਿਚ ਵੀ ਅਸੀਂ ਗਦਰ ਨਾਲ ਜੁੜੀਆਂ ਅਜਿਹੀਆਂ ਅਹਿਮ ਲਿਖਤਾਂ ਪਾਠਕਾਂ ਨਾਲ ਸਾਂਝੀਆਂ ਕਰਦੇ ਰਹਾਂਗੇ। -ਸੰਪਾਦਕ***

ਹਿੰਦੁਸਤਾਨ ਵਿਚ ਅੱਜ ਕੱਲ੍ਹ ਤਰ੍ਹਾਂ ਤਰ੍ਹਾਂ ਦੇ ਨੀਮ ਹਕੀਮ ਪਏ ਫਿਰਦੇ ਹਨ। ਹਰ ਇਕ ਵਾਹਿਯਾਤ, ਬੁਜ਼ਦਿਲ, ਬੇਵਕੂਫ ਮੁਲਕ ਦੇ ਫਾਇਦੇ ਵਾਸਤੇ ਨਵੀਆਂ ਨਵੀਆਂ ਤਜਵੀਜ਼ਾਂ ਅਤੇ ਸਮਾਜ ਬਣਾਉਂਦੇ ਹਨ, ਖੂਬ ਧੜੇਬੰਦੀ ਹੁੰਦੀ ਹੈ, ਲੈਕਚਰ ਦਿੱਤੇ ਜਾਂਦੇ ਹਨ, ਕਿਤਾਬਾਂ ਛਾਪੀਆਂ ਜਾਂਦੀਆਂ ਹਨ, ਲੋਕ ਆਖਦੇ ਹਨ, ਤਰੱਕੀ ਹੋ ਰਹੀ ਹੈ। ਇੰਜ ਆਪਣੇ ਮਨ ਨਾਲ ਸਮਝੌਤਾ ਕਰ ਲੈਂਦੇ ਹਨ।

ਅਸੀਂ ਇਹ ਸਾਬਤ ਕਰਨਾ ਚਾਹੁੰਦੇ ਹਾਂ ਕਿ ਤਰੱਕੀ ਵਾਸਤੇ ਇਸ ਵੇਲੇ ਸਿਰਫ ਦੋ ਚੀਜ਼ਾਂ ਦੀ ਲੋੜ ਹੈ, ਉਹ ਕੀ ਹਨ? ਅਖਬਾਰ ਅਤੇ ਹਥਿਆਰ, ਅਖਬਾਰ ਗਦਰ ਅਤੇ ਬੰਦੂਕ, ਜਿਸ ਤਰ੍ਹਾਂ ਅਸਮਾਨ ਵਿਚ ਸੂਰਜ ਹੈ, ਇਸ ਤਰ੍ਹਾਂ ਹਿੰਦੁਸਤਾਨ ਵਿਚ ਅਖਬਾਰ ਗਦਰ ਹੈ। ਇਸ ਵੇਲੇ ਮੁਲਕ ਵਿਚ ਹਰ ਪਾਸੇ ਡਰ ਤੇ ਝੂਠ ਦਾ ਅੰਧੇਰਾ ਖਿਲਰਿਆ ਹੋਇਆ ਹੈ। ਜ਼ੁਲਮ ਵਿਰੁਧ ਕੋਈ ਆਵਾਜ਼ ਨਹੀਂ ਉਠਾਉਂਦਾ। ਲੋਕ ਗਿਦੜਾਂ ਵਾਂਗ ਮੁੱਠੀ ਭਰ ਗੋਰਿਆਂ ਦੇ ਅੱਗੇ ਭੱਜੇ ਫਿਰਦੇ ਹਨ। ਇਸ ਬਿਪਤਾ ਦੇ ਸਮੇਂ ਅਖਬਾਰ



ਲਾਲਾ ਹਰਦਿਆਲ

ਗਦਰ ਹੀ ਇਕੱਲਾ ਸ਼ੇਰ ਵਾਂਗ ਗੱਜਦਾ ਦਿਲ ਨੂੰ ਸਹਾਰਾ ਦਿੰਦਾ ਹੈ ਅਤੇ ਜ਼ਾਲਮ ਨੂੰ ਆਜ਼ਾਦੀ ਵੱਲੋਂ ਦੀ ਮੌਤ ਦਾ ਸੁਨੇਹਾ ਸੁਣਾਉਂਦਾ ਹੈ। ਅਖਬਾਰ ਗਦਰ ਹਰ ਹਫਤੇ ਅਤੇ ਜ਼ਾਲਮ ਨੂੰ ਆਜ਼ਾਦੀ ਵੱਲੋਂ ਮੌਤ ਦਾ ਸੁਨੇਹਾ, ਲੋਕਾਂ ਨੂੰ ਆਜ਼ਾਦੀ ਦਾ ਉਪਦੇਸ਼, ਦਮ ਦਮ ਮਗਰੋਂ ਦੇਣਾ ਚਾਹੀਦਾ ਹੈ। ਚੋਟ ਉਤੇ ਚੋਟ ਵਜਣੀ ਚਾਹੀਦੀ ਹੈ ਜਦ ਤਕ ਕਿ ਆਜ਼ਾਦੀ ਦਾ ਪ੍ਰੇਮ ਉਨ੍ਹਾਂ ਦੇ ਦਿਲਾਂ ਵਿਚ ਡੂੰਘੀ ਜੜ੍ਹ ਨਾ ਪਕੜ ਲਵੇ। ਹਰ ਅਸੂਲ ਦੀ ਤਰੱਕੀ ਵਾਸਤੇ ਬਾਰ ਬਾਰ ਇਸ ਤਰ੍ਹਾਂ ਤਬੀਅਤ 'ਤੇ ਅਸਰ ਆ ਪਾਉਣਾ ਜ਼ਰੂਰੀ ਹੈ। ਅਖਬਾਰ ਗਦਰ ਅੰਮ੍ਰਿਤ ਦਾ ਪਿਆਲਾ ਹੈ ਜੋ ਗੁਲਾਮੀ ਦੀ ਮੌਤ ਪਾਸੋਂ ਬਚਾਉਣਾ ਹੈ। ਇਸ ਵੇਲੇ ਅੰਗਰੇਜ਼ੀ ਸਰਕਾਰ ਕਿਸੇ ਰਾਜੇ ਪਾਸੋਂ ਇਤਨਾ ਨਹੀਂ ਡਰਦੀ, ਜਿਤਨਾ ਅਖਬਾਰ ਗਦਰ ਤੋਂ, ਇਸ ਦੇ ਇਕ ਇਕ ਅੱਖਰ ਨਾਲ ਦੁਸ਼ਮਣ ਦੇ ਹਵਾਸ ਗੁੰਮ ਹੁੰਦੇ ਹਨ। ਅਖਬਾਰ ਗਦਰ ਆਜ਼ਾਦੀ ਦਾ ਮੁੱਢ ਹੈ, ਅਖਬਾਰ ਕਿਤਾਬ ਨਾਲੋਂ ਭੀ ਬਹੁਤ ਲਾਭਦਾਇਕ ਹੈ ਕਿਉਂਕਿ ਚੰਗੀ ਤੋਂ ਚੰਗੀ ਕਿਤਾਬ ਇਕ ਵਾਰੀ ਅਕਲ ਸਿਖਾ ਸਕਦੀ ਹੈ ਅਤੇ ਅਸੂਲ ਕਾਇਮ ਕਰਨ ਵਿਚ ਮਦਦ ਦੇ ਸਕਦੀ ਹੈ, ਮਗਰ ਪੜ੍ਹ ਕੇ ਬਾਰ ਬਾਰ ਤਬੀਅਤ ਨੂੰ ਨਹੀਂ ਉਕਸਾ ਸਕਦੀ। ਕਿਤਾਬ ਕਿਸੇ ਸਮਾਜ ਨੂੰ ਮਦਦ ਦੇ ਸਕਦੀ ਹੈ, ਸਿਰਫ ਖਿਆਲਾਂ ਦਾ ਸੋਮਾ ਹੋ ਸਕਦੀ ਹੈ। ਮਗਰ ਅਖਬਾਰ ਹਰ ਹਫਤੇ ਨਵੀਆਂ ਖਬਰਾਂ ਲਿਆਉਂਦਾ ਹੈ, ਪੁਰਾਣੇ ਪਿਆਰੇ ਸ਼ਬਦਾਂ ਨੂੰ ਦੁਹਰਾਉਂਦਾ ਹੈ, ਜਿਸ ਤਰ੍ਹਾਂ ਰਾਤ ਨੂੰ ਚੌਕੀਦਾਰ ਕਹਿੰਦਾ ਹੈ, ਜਾਗਦੇ ਰਹਿਣਾ; ਤਹਿਰੀਕ ਦੀ ਤਰੱਕੀ ਦਾ ਹਾਲ ਦੱਸਦਾ ਹੈ। ਅਖਬਾਰ ਵਗਦੇ ਦਰਿਆ ਵਾਂਗ ਹੈ ਜੋ ਹਮੇਸ਼ਾ ਚਲਦਾ ਰਹਿੰਦਾ ਹੈ। ਬਸ; ਅਖਬਾਰ ਗਦਰ ਨੂੰ ਜਾਨ ਤੋਂ ਵੀ ਪਿਆਰਾ ਰੱਖੋ।

ਮਗਰ ਅਖਬਾਰ ਨਾਲ ਹੀ ਆਜ਼ਾਦੀ ਨਹੀਂ ਮਿਲੇਗੀ। ਅਖਬਾਰ ਨਾਲ ਜ਼ੁਲਮ ਦੇ ਵਿਰੁਧ ਛੋਟਾ ਜਿਹਾ ਜੰਗ ਭੀ ਸ਼ੁਰੂ ਨਹੀਂ ਹੋ ਸਕਦਾ। ਅਖਬਾਰ ਕਾਗਜ਼ ਅਤੇ ਸਿਆਹੀ ਦੀ ਚੀਜ਼ ਨਾਲ ਜ਼ਾਲਮ ਹਾਕਮਾਂ ਨੂੰ ਗਰੀਬ ਪਰਜਾ ਦੀ ਤਾਕਤ ਦਾ ਪਤਾ ਨਹੀਂ ਲੱਗੇਗਾ। ਅਖਬਾਰ ਨਾਲ ਜ਼ਿਲ੍ਹੇ ਜ਼ਿਲ੍ਹੇ ਵਿਚ ਲਗਾਨ ਘੱਟ ਨਹੀਂ ਹੋਣਗੇ, ਤਹਿਸੀਲਦਾਰਾਂ ਦਾ ਵੱਢੀ ਲੈਣਾ ਨਹੀਂ ਬੰਦ ਹੋਵੇਗਾ, ਜਗੀਰਦਾਰਾਂ ਦੇ ਜ਼ੁਲਮ ਨਹੀਂ ਹਟਣਗੇ, ਕਿਸਾਨਾਂ ਦੇ ਲੜਕੇ ਤੇ ਲੜਕੀਆਂ ਵਾਸਤੇ ਸਕੂਲ ਨੀਅਤ ਨਹੀਂ ਹੋਣਗੇ। ਪਿੰਡਾਂ ਵਿਚ ਪੱਕੇ ਮਕਾਨ ਨਹੀਂ ਬਣ ਸਕਣਗੇ। ਇਨ੍ਹਾਂ ਸਭ ਬਰਕਤਾਂ ਅਤੇ ਨਿਆਮਤਾਂ ਨੂੰ ਪ੍ਰਾਪਤ ਕਰਨ ਵਾਸਤੇ ਇਕੋ ਹੀ ਢੰਗ ਹੈ। ਉਹ ਕੀ ਹੈ? ਉਹ ਹੈ, ਬੰਦੂਕਾਂ ਸੰਭਾਲੋ। ਯਾਦ ਰੱਖੋ, ਮਿਲ ਕੇ ਜ਼ਿਲ੍ਹੇ ਜ਼ਿਲ੍ਹੇ ਵਿਚ ਜਥੇ ਬਣਾ ਕੇ ਦੁਸ਼ਮਣ ਨਾਲ ਚਲਦੀ ਲੜਾਈ ਸ਼ੁਰੂ ਕਰਨ ਵਾਸਤੇ ਬੰਦੂਕਾਂ ਦੀ ਲੋੜ ਹੈ, ਹੋਰ ਕਿਸੇ ਚੀਜ਼ ਦੀ ਨਹੀਂ। ਦੁਨੀਆਂ ਵਿਚ ਹਥਿਆਰ ਬਹੁਤ ਹਨ: ਚਾਕੂ, ਕੈਂਚੀ, ਲਾਠੀ, ਭਾਲਾ, ਤਲਵਾਰ, ਤੋਪ ਅਤੇ ਬੰਦੂਕ ਆਦਿ। ਮਗਰ ਕਿਸਾਨ ਦਾ ਦੁੱਖ ਦੂਰ ਕਰਨ ਵਾਸਤੇ ਬੰਦੂਕਾਂ ਹੀ ਸਭ ਨਾਲੋਂ ਲਾਭਦਾਇਕ ਹਥਿਆਰ ਹਨ। ਤਲਵਾਰ ਦਾ ਜ਼ਮਾਨਾ ਗਿਆ, ਵਧੀਆ ਬੰਦੂਕਾਂ ਨਾਲ ਹੀ ਕਿਸਾਨ ਬਗਾਵਤ ਸ਼ੁਰੂ ਕਰ ਸਕਦੇ ਹਨ।


ਲੋਕ ਆਖਦੇ ਹਨ ਕਿ ਕਿਸਾਨਾਂ ਵਿਚ ਹਿੰਮਤ ਨਹੀਂ ਹੈ। ਬੰਦੋਬਸਤ ਵਿਚ ਚੂੰ ਨਹੀਂ ਕਰਦੇ। ਹਰ ਇਕ ਚਪੜਾਸੀ ਅੱਗੇ ਡਰ ਜਾਂਦੇ ਹਨ। ਵਗਾਰਾਂ ਸਹਿੰਦੇ ਹਨ। ਜ਼ਮੀਨੋਂ ਬੇਦਖਲ ਕੀਤੇ ਜਾਂਦੇ ਹਨ। ਮਗਰ ਫਸਾਦ ਨਹੀਂ ਕਰਦੇ। ਅਸੀਂ ਇਸ ਸਵਾਲ ਉਤੇ ਬਹੁਤ ਵਿਚਾਰ ਕੀਤਾ ਅਤੇ ਇਹ ਡੂੰਘਾ ਅਸੂਲ ਦਰਆਫਤ ਕੀਤਾ ਹੈ ਕਿ ਹਿੰਮਤ ਪੈਦਾ ਕਰਨ ਵਾਸਤੇ ਨਜ਼ਮਾਂ ਤੇ ਲੈਕਚਰ ਹੀ ਕਾਫੀ ਨਹੀਂ ਹਨ, ਸਗੋਂ ਘਰ ਵਿਚ ਬੰਦੂਕਾਂ ਭੀ ਹੋਣੀਆਂ ਚਾਹੀਦੀਆਂ ਹਨ। ਹਥਿਆਰ ਰੱਖਣਾ ਹੀ ਹਿੰਮਤ ਹੈ। ਜਿਸ ਕੋਲ ਦੋ ਬੰਦੂਕਾਂ ਹੋਣ, ਉਹ ਕਦੀ ਨਾ ਕਦੀ ਜ਼ਰੂਰ ਗੁੱਸੇ ਵਿਚ ਆ ਜਾਵੇਗਾ, ਮਗਰ ਜਦ ਉਹ ਵਿਚਾਰੇ ਸਭ ਬੇ-ਹਥਿਆਰੇ ਹਨ ਅਤੇ ਜਾਣਦੇ ਹਨ ਕਿ ਅਸੀਂ ਬੇਵਸ ਹਾਂ ਤੇ ਹਿੰਮਤ ਭੀ ਇਥੇ ਕੀ ਕਰ ਸਕਦੀ ਹੈ। ਅੰਗਰੇਜ਼ਾਂ ਨੇ ਸੰਨ 1857 ਦੇ ਗਦਰ ਪਿੱਛੋਂ ਹਥਿਆਰ ਕੋਲ ਨਾ ਰੱਖਣ ਦਾ ਕਾਨੂੰਨ ਪਾਸ ਕੀਤਾ, ਕੌਮ ਦੀ ਸਮਝੋ ਜਾਨ ਕੱਢ ਲਈ। ਅਗਰ ਅਫਗਾਨਿਸਤਾਨ ਵਿਚ ਬੰਦੂਕਾਂ ਨਾ ਆਉਂਦੀਆਂ ਰਹੀਆਂ ਤਾਂ ਦੱਸੋ ਕਿ ਪਠਾਣਾਂ ਦੀ ਬਹਾਦਰੀ ਕਦ ਤਕ ਕਾਇਮ ਰਹੇਗੀ, ਹਿੰਮਤ ਨੂੰ ਹਥਿਆਰ ਦਾ ਆਸਰਾ ਜ਼ਰੂਰੀ ਹੈ। ਬੰਦੂਕ ਬਹਾਦਰੀ ਸਿਖਾਉਣ ਦੀ ਕਲਾ ਹੈ। ਇਤਨਾ ਹੀ ਨਹੀਂ ਕਿ ਬਹਾਦਰ ਆਦਮੀ ਬੰਦੂਕ ਚਲਾਉਂਦੇ ਹਨ, ਸਗੋਂ ਇਹ ਭੀ ਸੱਚ ਹੈ ਕਿ ਬੰਦੂਕ ਹੱਥ ਵਿਚ ਲੈਣ ਨਾਲ ਹੀ ਡਰਪੋਕ ਆਦਮੀ ਬਹਾਦਰ ਬਣ ਜਾਂਦੇ ਹਨ। ਇਹ ਸਭ ਹਥਿਆਰ ਦੀ ਕਰਾਮਾਤ ਹੈ।

ਹਿੰਦੁਸਤਾਨ ਦੇ ਹਰ ਜ਼ਿਲ੍ਹੇ ਵਿਚ ਕਿਸਾਨਾਂ ਨੂੰ ਆਪਣੀਆਂ ਛੋਟੀਆਂ ਛੋਟੀਆਂ ਸਭਾਵਾਂ ਬਣਾਉਣੀਆਂ ਚਾਹੀਦੀਆਂ ਹਨ, ਜੋ ਹਰ ਤਰ੍ਹਾਂ ਦੇ ਜ਼ੁਲਮ ਦੇ ਵਿਰੁਧ ਲੜਾਈ ਕਰੇ। ਜਦ ਕਿਸੇ ਜ਼ਿਲ੍ਹੇ ਵਿਚ ਬੰਦੋਬਸਤ ਹੋਵੇ ਜਾਂ ਕੋਈ ਮੁਕੱਦਮਾ ਹੋਵੇ ਤਾਂ ਝਟਪਟ ਇਹ ਸਭਾ ਬਲਵਾ ਫਸਾਦ ਕਰਾ ਦੇਵੇ ਤਾਂ ਕਿ ਹਾਕਮਾਂ ਨੂੰ ਪਤਾ ਹੋ ਜਾਵੇ ਕਿ ਇਨ੍ਹਾਂ ਕਿਸਾਨਾਂ ਵਿਚ ਭੀ ਏਕਾ ਅਤੇ ਹਿੰਮਤ ਹੈ, ਮਗਰ ਇਸ ਤਰ੍ਹਾਂ ਸਭਾ ਦਾ ਸਭ ਤੋਂ ਵੱਡਾ ਕੰਮ ਇਹ ਹੋਣਾ ਚਾਹੀਦਾ ਹੈ ਕਿ ਜ਼ਿਲ੍ਹੇ ਜ਼ਿਲ੍ਹੇ ਵਿਚ ਬੰਦੂਕਾਂ ਦੀ ਵਰਖਾ ਕਰ ਦੇਵੇ। ਬੰਦੂਕਾਂ ਖਰੀਦ ਕੇ ਘਰ ਘਰ ਵੰਡ ਦੇਵੇ, ਜਿਸ (ਤਰ੍ਹਾਂ) ਖੁਸ਼ੀ ਦੇ ਵੇਲੇ ਲੱਡੂ ਵੰਡੇ ਜਾਂਦੇ ਹਨ। ਇਸ ਕੰਮ ਤੋਂ ਵਧ ਕੇ ਅੱਜ ਭਾਰਤ ਵਰਸ਼ ਵਿਚ ਹੋਰ ਕੋਈ ਕੰਮ ਨਹੀਂ ਹੈ।

ਮਗਰ ਸਵਾਲ ਇਹ ਹੈ ਕਿ ਗਰੀਬ, ਅਨਪੜ੍ਹ ਕਿਸਾਨ ਕਿਥੋਂ ਬੰਦੂਕਾਂ ਲਿਆਉਣ? ਹਿੰਦੁਸਤਾਨ ਵਿਚ ਤਾਂ ਅੰਗਰੇਜ਼ ਜਾਂ ਥੋੜ੍ਹੇ ਖੁਸ਼ਾਮਦੀ ਰਈਸ ਹੀ ਬੰਦੂਕਾਂ ਮੁੱਲ ਲੈ ਸਕਦੇ ਹਨ। ਦੁਕਾਨਾਂ ਭੀ ਸਾਰੀਆਂ ਅੰਗਰੇਜ਼ਾਂ ਦੀਆਂ ਹੀ ਹਨ। ਇਹ ਫਰਜ਼ ਲਿਖੇ ਪੜ੍ਹੇ ਆਦਮੀਆਂ ਦਾ ਹੈ ਕਿ ਕਿਸਾਨਾਂ ਨੂੰ ਬੰਦੂਕਾਂ ਪਹੁੰਚਾਈਆਂ ਜਾਣ। ਜਿਸ ਤਰ੍ਹਾਂ ਪੜ੍ਹੇ ਲਿਖੇ ਪੁਰਸ਼ ਅਖਬਾਰ ਛਾਪਦੇ ਹਨ, ਇਸੇ ਤਰ੍ਹਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਹਿੰਦੁਸਤਾਨ ਵਿਚ ਬੇਇੰਤਹਾ ਬੰਦੂਕਾਂ ਵੰਡਣ ਦਾ ਪ੍ਰਬੰਧ ਕਰਨ।

ਅਗਰ ਸਿਰਫ ਅਖਬਾਰ ਤੇ ਕਿਤਾਬਾਂ ਪੜ੍ਹ ਕੇ ਬੈਠੇ ਰਹੇ ਤਾਂ ਉਹ ਗੱਲ ਹੋਈ ਕਿ ਡਾਕਟਰ ਦਵਾਈ ਤਾਂ ਦੱਸ ਦੇਵੇ, ਮਗਰ ਦੁਕਾਨ ਦਾ ਪਤਾ ਨਾ ਦੱਸੇ ਜਿਥੋਂ ਕਿ ਉਹ ਦਵਾ ਬਣ ਸਕਦੀ ਹੋਵੇ। ਬੰਦੂਕਾਂ ਅਖਬਾਰ ਨਾਲੋਂ ਵੀ ਭੀ ਜ਼ਿਆਦਾ ਜ਼ਰੂਰੀ ਹਨ, ਕਿਉਂਕਿ ਜਿਸ ਕਿਸਾਨ ਕੋਲ ਬੰਦੂਕ ਹੈ, ਉਹ ਅਖਬਾਰ ਪੜ੍ਹੇ ਬਿਨਾ ਹੀ ਲੜ ਲਵੇਗਾ, ਮਗਰ ਜਿਸ ਕਿਸਾਨ ਕੋਲ ਬੰਦੂਕ ਨਹੀਂ ਹੈ, ਉਹ ਅਖਬਾਰ ਪੜ੍ਹ ਕੇ ਵੀ ਫਸਾਦ ਕਰਨ ਨੂੰ ਤਿਆਰ ਨਾ ਹੋਵੇਗਾ ਸਗੋਂ ਨਿਰਾ ਦਿਲ ਹੀ ਦਿਲ ਵਿਚ ਕੁੜ੍ਹਦਾ ਰਹੇਗਾ।

ਇਸ ਵਾਸਤੇ ਮੈਂ ਤਮਾਮ ਭਾਰਤ ਵਰਸ਼ ਦੇ ਨੌਜਵਾਨਾਂ ਨੂੰ ਆਖਦਾ ਹਾਂ ਕਿ ਸਾਰੇ ਫਜ਼ੂਲ ਅਤੇ ਨਿਕੰਮੇ ਖਿਆਲ ਛੱਡ ਕੇ ਆਜ਼ਾਦੀ ਦੀ ਤਹਿਰੀਕ ਦੀ ਸੇਵਾ ਕਰੋ। ਸਿਰਫ ਦੋ ਹੀ ਢੰਗ ਹਨ, ਇਸ ਸੇਵਾ ਕਰਨ ਦੇ; ਕਾਗਜ਼ ਦੁਆਰਾ ਉਪਦੇਸ਼ ਅਤੇ ਜੰਗੀ ਅਮਲ। ਇਨ੍ਹਾਂ ਦੇ ਦੋ ਤਰੀਕੇ ਹਨ, ਅਖਬਾਰ ਅਤੇ ਬੰਦੂਕ। ਇਸ ਸੇਵਾ ਵਿਚ ਤਕਲੀਫ ਬਹੁਤ ਹੈ, ਮਗਰ ਜੋ ਆਦਮੀ ਆਪਣੀ ਜਾਨ ਨੂੰ ਖਤਰੇ ਵਿਚ ਪਾਉਣ ਨੂੰ ਤਿਆਰ ਨਹੀਂ ਹੈ, ਉਹ ਗਦਰ ਦੇ ਸਿਪਾਹੀ ਨਹੀਂ ਬਣ ਸਕਦੇ। ਆਜ਼ਾਦੀ ਦੇ ਸੇਵਕ




***ਰਾਮ ਚੰਦਰ ਵੱਲੋਂ 1916 ਵਿਚ ਲਿਖੀ ਕਿਤਾਬ 'ਇੰਡੀਆ ਅਗੇਂਸਟ ਬ੍ਰਿਟੇਨ' ਦਾ ਮੁਖੜਾ। ਇਹ ਕਿਤਾਬ ਗਦਰ ਪਾਰਟੀ ਨੇ ਸੈਨ ਫਰਾਂਸਿਸਕੋ ਵਿਚ ਛਾਪੀ ਸੀ।***

ਨੂੰ ਹਰ ਵੇਲੇ ਝਗੜੇ ਬਖੇੜੇ ਵਾਸਤੇ ਦਿਲ ਮਜ਼ਬੂਤ ਰੱਖਣਾ ਚਾਹੀਦਾ ਹੈ। ਕੀ ਪਤਾ, ਕਦੋਂ ਕੋਈ ਮੁਸ਼ਕਲ ਆ ਬਣੇ। ਮੁਕੱਦਮਾ ਬਣ ਜਾਵੇ, ਕੈਦ ਹੋ ਜਾਵੇ, ਫਾਂਸੀ ਚੜ੍ਹ ਜਾਵੇ। ਇਸੇ ਤਰ੍ਹਾਂ ਜਾਨ ਨੂੰ ਹਥੇਲੀ 'ਤੇ ਰੱਖ ਕੇ ਗਦਰ ਦਾ ਖੇਲ ਖੇਲਿਆ ਜਾਂਦਾ ਹੈ। ਫਰੰਗੀਆਂ ਦੇ ਸ਼ਿਕਾਰ ਵਿਚ ਖਤਰਾ ਜ਼ਰੂਰ ਹੈ, ਕਿਉਂਕਿ ਫਰੰਗੀ ਸ਼ੇਰ ਅਤੇ ਚੀਤੇ ਤੋਂ ਘੱਟ ਤਾਂ ਨਹੀਂ। ਬਸ ਇਸ ਦਿਲ ਖਿਚਵੇਂ ਅਤੇ ਖੁਸ਼ੀ ਦੇਣ ਵਾਲੇ ਖੇਲ ਵਿਚ ਦਲੇਰ ਅਤੇ ਨਿਡਰ ਨੌਜਵਾਨਾਂ ਨੂੰ ਮੈਦਾਨ ਵਿਚ ਆਉਣਾ ਚਾਹੀਦਾ ਹੈ। ਜੋ ਆਦਮੀ ਕਿਸੇ ਗੁਲਾਮ ਨੂੰ ਹਥਿਆਰ ਦਿੰਦਾ ਹੈ, ਉਹ ਸਭ ਤੋਂ ਵੱਡਾ ਪੁੰਨ ਦਾ ਕੰਮ ਕਰਦਾ ਹੈ। ਇਹ ਦਾਨ ਸਭ ਤੋਂ ਅੱਛਾ ਦਾਨ ਹੈ। ਅੰਨ ਦਾਨ, ਵਿਦਿਆ ਦਾਨ, ਹੋਰ ਸਭ ਤਰ੍ਹਾਂ ਦੇ ਦਾਨ ਜਗਤ ਨੂੰ ਇਤਨਾ ਸੁੱਖ ਨਹੀਂ ਦਿੰਦੇ, ਇਤਨਾ ਸੁੱਖ ਗੁਲਾਮ ਨੂੰ ਅਸਤਰ ਸ਼ਾਸਤਰ ਦਾ ਦਾਨ। ਇਸ ਦਾਨ ਪਿੱਛੇ ਜਾਨ ਭੀ ਚਲੀ ਜਾਵੇ ਤਾਂ ਪ੍ਰਵਾਹ ਨਹੀਂ ਕਰਨੀ ਚਾਹੀਦੀ ਕਿਉਂਕਿ ਜਿਸ ਨੇ ਗੁਲਾਮ ਦੇ ਹੱਥ ਵਿਚ ਹਥਿਆਰ ਦੇ ਦਿੱਤਾ, ਸਮਝੋ ਉਹ ਜ਼ੁਲਮ ਦੇ ਵਿਰੁਧ ਇਕ ਚੋਟ ਤਾਂ ਮਾਰ ਗਿਆ। ਫਿਰ ਮਰ ਭੀ ਗਿਆ ਤਾਂ ਕੀ ਹੋਇਆ, ਮਰਦੇ ਤਾਂ ਲੋਕ ਰੋਜ਼ ਹਨ।

ਪਹਿਲਾਂ ਮਰਨਾ, ਪਿੱਛੋਂ ਮਰਨਾ, ਫਿਰ ਮਰਨੇ ਤੋਂ ਕੀ ਡਰਨਾ, ਅਸੀਂ ਤਾਰੀਖ ਅਤੇ ਰਾਜਨੀਤੀ ਹੋਰ ਬਹੁਤ ਸ਼ਾਸਤਰ ਪੜ੍ਹ ਕੇ ਇਹੋ ਨਤੀਜਾ ਕਢਿਆ ਹੈ ਕਿ ਗੁਲਾਮ ਨੂੰ ਹਥਿਆਰ ਦੇਣਾ ਜੀਵਨ ਨੂੰ ਪਵਿੱਤਰ ਕਰਨ ਦਾ ਸਭ ਤੋਂ ਵੱਡਾ ਸਾਧਨ ਹੈ। ਪਠਾਣ, ਅੰਗਰੇਜ਼, ਫਰਾਂਸੀਸੀ, ਜਰਮਨ ਆਦਿਕ ਆਜ਼ਾਦ ਲੋਕ ਇਸ ਸੱਚਾਈ ਨੂੰ ਖੂਬ ਸਮਝਦੇ ਹਨ। ਹੁਣ ਹਿੰਦੁਸਤਾਨ ਦੇ ਲੋਕ ਆਪਣੇ ਵਿਦਵਾਨ ਲੀਡਰਾਂ ਕੋਲੋਂ ਇਹ ਨਿਆਮਤ ਮੰਗਣ, ਲਿਆਉ ਬੰਦੂਕ-ਲਿਆਉ ਬੰਦੂਕ।

### ਗੁਲਾਮ ਦੀ ਆਤਮਾ

ਜਗਤ ਵਿਚ ਗੁਲਾਮੀ ਦਾ ਰਾਜ ਹੈ। ਮਨੁੱਖ ਦੀ ਆਤਮਾ ਗੁਲਾਮੀ ਨਾਲ ਨਾਸ਼ ਹੋ ਰਹੀ ਹੈ। ਆਤਮਾ ਗੁੰਗੀ, ਬੋਲੀ, ਕਮਜ਼ੋਰ ਤੇ ਬੇਬਸ ਹੈ। ਜਦ ਆਤਮਾ ਮਰ ਗਈ ਤਾਂ ਬਾਕੀ ਕੀ ਰਿਹਾ? ਸਰੀਰ ਬੁੱਧੀ, ਰੂਪ ਸਭ ਉਪਰ ਦੀਆਂ ਚੀਜ਼ਾਂ ਹਨ ਜੋ ਆਤਮਾ ਦੀ ਮਦਦ ਨਾਲ ਹੀ ਸੁੱਖ ਦੇ ਸਕਦੀਆਂ ਹਨ। ਆਤਮਾ ਦੇ ਬਿਨਾ ਇਹ ਸਭ ਅਜਿਹੀਆਂ ਹਨ ਜਿਵੇਂ ਗ੍ਰਹਿਣ ਵਿਚ ਸੂਰਜ।

ਪਰ ਫੇਰ ਜਦ ਮੈਂ ਪੁੱਛਿਆ ਕਿ ਆਤਮਾ ਤੂੰ ਕਿੱਥੇ ਹੈਂ ਤਾਂ ਜੁਆਬ ਨਾ ਆਇਆ- ਹਾਂ, ਇਕ ਬਹੁਤ ਹੀ ਹੌਲੀ ਆਵਾਜ਼ ਸੁਣੀ, ਜਿਵੇਂ ਮਰਦੇ ਹੋਏ ਬੋਲੀ। ਇਕ ਪਲ ਸੁਣਾਈ ਦਿੱਤੀ ਅਤੇ ਫੇਰ ਗਾਇਬ। ਤਦ ਕੁਝ ਮਤਲਬ ਸਮਝ ਵਿਚ ਨਾ ਆਇਆ। ਆਤਮਾ ਤੇ ਮੁਰਾਦ ਕੋਈ ਗੈਰ ਸਾਦੀ ਚੀਜ਼ ਜਾਂ ਅਸੂਲ ਨਹੀਂ ਹੈ ਜੋ ਸਰੀਰ ਤੋਂ ਜੁਦਾ ਹੈ ਅਤੇ ਆਵਾਗਵਣ ਵਿਚ ਬੰਨੀ ਹੋਈ ਹੈ। ਆਤਮਾ 'ਚ ਇਸ ਮੌਕੇ ਕੇਵਲ ਧਰਮ ਅਤੇ ਅਧਰਮ ਵਿਚ ਫਰਕ ਜਾਣਨ ਵਾਲੀ ਸ਼ਕਤੀ ਨੂੰ ਕਹਿੰਦਾ ਹਾਂ। ਜ਼ਮੀਰ ਫਾਰਸੀ ਲਫਜ਼ ਹੈ, ਕਾਨਸ਼ੀਅਸ ਅੰਗਰੇਜ਼ੀ। ਪੁਰਾਣੇ ਫਲਸਫੇ ਦੀ ਆਤਮਾ ਨਾਲ ਮੇਰਾ ਲਗਾਅ ਨਹੀਂ ਹੈ। ਮੇਰੀ ਉਸ ਆਤਮਾ ਅਤੇ ਮੁਕਤੀ ਤੋਂ ਇਥੇ ਮੁਰਾਦ ਨਹੀਂ ਹੈ। ਨਵੇਂ ਵਿਚਾਰ ਵਿਚ ਆਤਮਾ ਦੇ ਹੋਰ ਮਹਿਣੇ ਹਨ, ਯਾਨਿ ਪਾਪ, ਪੁੰਨ, ਸੱਚ, ਝੂਠ ਨੂੰ ਪਰਖਣ ਵਾਲੀ ਸ਼ਕਤੀ ਅਤੇ ਧਰਮ ਦੇ ਰਸਤੇ ਵਿਚ ਸਾਨੂੰ ਲਿਜਾਣ ਵਾਲੀ ਅੰਦਰ ਦੀ ਤਾਕਤ, ਭਾਰਤ ਵਰਸ਼ ਵਿਚ ਆਤਮਾ ਨੂੰ ਢੂੰਡਿਆਂ, ਪਰ ਕਿਤੇ ਨਾ ਪਾਇਆ। ਰਾਜਿਆਂ ਦੇ ਦਰਬਾਰਾਂ ਵਿਚ, ਪੰਡਿਤਾਂ ਦੀਆਂ ਸਭਾਵਾਂ ਵਿਚ, ਸਮਾਜਾਂ, ਪਾਠਸ਼ਾਲਾਵਾਂ ਵਿਚ, ਕਾਂਗਰਸ ਦੇ ਪੰਡਾਲਾਂ ਵਿਚ, ਲੀਡਰਾਂ ਦੇ ਦਿਲਾਂ ਵਿਚ, ਪਰਜਾ ਦੀ ਆਵਾਜ਼ ਵਿਚ ਕਿਤੇ ਆਤਮਾ ਦੀ ਝਲਕ ਨਹੀਂ ਮਿਲੀ। ਤਦ ਮੈਂ ਰੰਜ ਨਾਲ ਚਿਲਾਇਆ, 'ਆਤਮਾ! ਤੂੰ ਕਿਥੇ ਹੈਂ?' ਬਹੁਤ ਹੌਲੀ ਜੁਆਬ ਆਇਆ, 'ਮੈਂ ਇਥੇ ਹਾਂ, ਮੈਂ ਇਥੇ ਹਾਂ।' ਜਿਸ ਪਾਸੇ ਤੋਂ ਆਈ ਸੀ, ਉਸ ਪਾਸੇ ਮੁੜ ਕੇ ਵੇਖਿਆ ਤਾਂ ਹਨੇਰਾ ਪਾਇਆ, ਤੇ ਲੋਹੇ ਦੇ ਦਰਵਾਜ਼ਿਆਂ ਦੀ ਖੜ ਖੜ ਸੁਣਾਈ ਦਿੱਤੀ ਅਤੇ ਖਾਲੀ ਸਮੁੰਦਰ ਦੀਆਂ ਲਹਿਰਾਂ ਦਾ ਸ਼ੋਰ ਆਤਮਾ ਦੇ ਸ਼ਬਦ ਦੇ ਨਾਲ ਆਇਆ ਤੇ ਮੈਂ ਸਮਝਿਆ, ਭਾਰਤ ਦੀ ਆਤਮਾ ਜੇਲ੍ਹਖਾਨਿਆਂ 'ਚ ਹੈ ਅਤੇ ਸਮੁੰਦਰ ਪਾਰ ਹੈ ਤੇ ਇਕ ਛੋਟੇ ਜਿਹੇ ਟਾਪੂ ਵਿਚ ਬੰਦ ਹੈ ਤਾਂ ਭੀ ਉਥੇ ਬੋਲ ਤਾਂ ਸਕੀ।

ਗੁਲਾਮ ਦੀ ਆਤਮਾ ਦਾ ਕੀ ਢੂੰਡਣਾ। ਮੂਰਖ ਹੈ ਉਹ ਜੋ ਇਸ ਦੀ ਖੋਜ ਵਿਚ ਚੱਲੇ। ਪੱਥਰ ਵਿਚੋਂ ਤੇਲ ਨਿਕਲ ਆਵੇਗਾ, ਪਰ ਗੁਲਾਮ ਦੀ ਆਤਮਾ ਨਹੀਂ ਮਿਲੇਗੀ। ਉਹ ਆਤਮਾ ਅਧਰਮੀ, ਜ਼ਖਮੀ, ਬਿਮਾਰ, ਬੇਜ਼ੁਬਾਨ, ਇਤਨਿਆਂ ਦੁਸ਼ਮਣਾਂ ਦੇ ਪੰਜੇ ਵਿਚ ਹੈ ਕਿ ਹੋਈ, ਨਾ ਹੋਈ ਬਰਾਬਰ ਹੈ। ਗੁਲਾਮ ਦੀ ਆਤਮਾ ਬਚ ਕੇ ਕਿਥੇ ਜਾਵੇਗੀ। ਹਰ ਪਾਸੇ ਉਥੇ ਡਰ ਹੈ। ਹਿੰਦੁਸਤਾਨ ਵਿਚ ਤਾਂ ਹਵਾ ਵੀ ਮਾਰਨ ਵਾਲੀ ਜ਼ਹਿਰ ਹੈ।

ਭੈ, ਡਰ, ਖੌਫ ਆਤਮਾ ਦਾ ਦੁਸ਼ਮਣ ਹੈ ਜੋ ਹਰ ਵੇਲੇ ਘਾਤ ਲਾ ਕੇ ਬੈਠਾ ਰਹਿੰਦਾ ਹੈ। ਹਿੰਦੁਸਤਾਨ ਵਿਚ ਅੱਜ ਕਲ੍ਹ ਇਸ ਦਾ ਰਾਜ ਹੈ। 'ਡਰ'-'ਡਰ'-'ਡਰ' ਸਭ ਦਾ ਮਾਈ ਬਾਪ ਹੈ। 'ਦੇਵਤਾ ਹੈ' ਅੱਜ ਪੰਡਿਤਾਂ ਦਾ ਸ਼ਾਸਤਰ ਹੈ ਤਾਂ ਇਹ ਹੈ। ਰਾਜਿਆਂ ਦੀ ਨੀਤੀ ਹੈ ਤਾਂ ਇਹ ਹੈ। ਧਾਰਮਿਕ ਪ੍ਰਚਾਰਕਾਂ ਦਾ ਮਤ ਹੈ ਤਾਂ ਇਹ ਹੈ। ਸੁਆਮੀਆਂ ਦਾ ਸਿਧਾਂਤ ਹੈ ਤਾਂ ਇਹ ਹੈ। 'ਡਰ-ਡਰ-ਡਰ' ਲਿਖਣ ਵਾਲਿਆਂ ਦੀ ਕਲਮ ਇਸ ਸਿਆਹੀ ਵਿਚ ਭਰੀ ਜਾਂਦੀ ਹੈ। ਪੜ੍ਹੇ ਲਿਖੇ ਲੀਡਰਾਂ ਦੀ ਜ਼ੁਬਾਨ ਇਸ ਕਲਾ ਨਾਲ ਚਲਦੀ ਹੈ। ਕਵੀ ਦੀ ਕਵਿਤਾ, ਵਿਦਵਾਨ ਦੀ ਵਿਦਿਆ, ਸਨਿਆਸੀਆਂ ਦਾ ਸਨਿਆਸ-ਸਭ ਡਰ ਦੇ ਰੰਗੇ ਹੋਏ ਹਨ। ਡਰ ਤੇ ਝੂਠ ਸਭ ਭਾਈ-ਭੈਣ ਹੈ। ਡਰ ਦਾ ਉਪਰੀ ਨਿਸ਼ਾਨ ਝੂਠ ਹੈ। ਡਰ ਤੇ ਦਿਲ ਵਿਚ ਹੋਵੇਗਾ। ਝੂਠ ਜ਼ੁਬਾਨ ਤੇ ਝੂਠ ਡਰ ਦੀ ਆਵਾਜ਼ ਹੈ, ਝੂਠ ਭੀ ਕਿਦਾਂ ਦਾ ਝੂਠ-ਕਾਲਾ ਝੂਠ, ਮੈਲਾ, ਗੰਦਾ ਨਾਪਾਕ, ਝੂਠ ਜਿਸ ਨਾਲ ਸੂਰ ਦਾ ਭੀ ਦਿਲ ਘਬਰਾਵੇ, ਜਿਸ ਨਾਲ ਨਫਰਤ ਕਰਕੇ ਨਸ ਜਾਵੇ।

ਝੂਠ ਭੀ ਕਿਸ ਗੱਲ ਵਿਚ ਝੂਠ। ਸਭ ਤੋਂ ਪਿਆਰੇ ਅਸੂਲਾਂ ਵਿਚ ਝੂਠ। ਸਮਾਜਕ ਤਰੱਕੀ ਦੇ ਸਿਧਾਂਤਾਂ ਵਿਚ ਝੂਠ। ਮਨ ਦੀਆਂ ਉਮੰਗਾਂ ਅਤੇ ਮੁਰਾਦਾਂ ਵਿਚ ਝੂਠ। ਦੇਸ਼ ਦੇ ਸੂਰਬੀਰਾਂ ਦੇ ਜ਼ਿਕਰ ਵਿਚ ਝੂਠ। ਧਰਮ ਦੇ ਪ੍ਰਚਾਰ ਵਿਚ ਝੂਠ। ਸ਼ਾਸਤਰਾਂ ਦੇ ਤਜਰਬੇ ਵਿਚ ਝੂਠ। ਗਰਜ਼ ਮਨ ਵਿਚ ਝੂਠ, ਬਚਨ ਵਿਚ ਝੂਠ, ਚਲਣ ਵਿਚ ਝੂਠ, ਝੂਠ ਵਿਚ ਮਗਨ ਰਹਿਣਾ, ਜਿਵੇਂ ਕੀੜਾ ਮੋਰੀ ਵਿਚ ਰਹਿੰਦਾ ਹੈ। ਇਹ ਭਾਰਤ ਦੇ ਅੱਛੇ ਕਹਾਉਣ ਵਾਲੇ ਆਦਮੀਆਂ ਦਾ ਚਾਲ ਚਲਣ ਹੈ।

ਬੁਨਿਆਦੀ ਅਸੂਲ ਉਹ ਰਤਨ ਹੈ ਕਿ ਝੂਠ ਦੇ ਸਾਏ ਨਾਲ ਹੀ ਉਨ੍ਹਾਂ ਦੀ ਚਮਕ ਮੱਧਮ ਪੈ ਜਾਂਦੀ ਹੈ। ਮਤ ਅਤੇ ਸਮਾਜਕ ਵਿਹਾਰ ਵਿਚ ਇਹ ਅਸੂਲ ਆਪਣਾ ਜਲਵਾ ਵਿਖਾਉਂਦੇ ਹਨ। ਦੋ ਵੱਡੇ ਸੁਆਲਾਂ ਦਾ ਹਰ ਮਨੁੱਖ ਨੂੰ ਜਵਾਬ ਦੇਣਾ ਪੈਂਦਾ ਹੈ। ਇਕ ਇਹ ਕਿ ਜਗਤ ਅਤੇ ਮਨੁੱਖ ਦੀ ਜ਼ਿੰਦਗੀ ਦਾ ਕੀ ਭੇਤ ਹੈ? ਦੂਜਾ, ਕਿਦਾਂ ਸਮਾਜ (ਦਾ) ਸਭ ਤੋਂ ਜ਼ਿਆਦਾ ਸੁੱਖ ਮਿਲ ਸਕਦਾ ਹੈ? ਇਨ੍ਹਾਂ ਸਵਾਲਾਂ ਦਾ ਜੁਆਬ ਬੁੱਧੀ ਦਿੰਦੀ ਹੈ, ਪਰ ਆਤਮਾ ਉਸ ਜੁਆਬ ਨੂੰ ਜ਼ਬਾਨ ਨਾਲ ਅਦਾ ਕਰਦੀ ਹੈ ਅਤੇ ਚਲਣ ਵਿਚ ਜਾਹਰ ਕਰਾਉਂਦੀ ਹੈ। ਜੇ ਆਤਮਾ ਜ਼ਿੰਦਾ ਨਹੀਂ ਹੈ ਤਾਂ ਬੁੱਧੀ, ਸੋਚ, ਵਿਚਾਰ ਕਰਕੇ ਰਹਿ ਜਾਂਦੀ ਹੈ, ਪਰ ਉਸ ਦਾ ਕੁਝ ਫਲ ਨਹੀਂ ਹੁੰਦਾ ਹੈ, ਜਿਵੇਂ ਕਿਸੇ ਦੇ ਮੁਰਦਾ ਬੱਚਾ ਪੈਦਾ ਹੁੰਦਾ ਹੈ। ਹਿੰਦੁਸਤਾਨੀ ਵਿਦਵਾਨਾਂ ਦੇ ਅਜਿਹੀ ਸੰਤਾਨ ਬਹੁਤ ਪੈਦਾ ਹੁੰਦੀ ਹੈ। ਜੋ ਮਨੁੱਖ ਇਨ੍ਹਾਂ ਦੋ ਸਿਧਾਂਤਾਂ ਵਿਚ ਝੂਠ ਬੋਲਦਾ ਹੈ, ਉਸ ਦੀ ਆਤਮਾ ਮਰੀ ਹੋਈ ਹੈ। ਇਹ ਠੀਕ ਪਛਾਣ ਹੈ ਅਤੇ ਆਤਮਾ ਨੂੰ ਕੌਣ ਮਾਰਦਾ ਹੈ, 'ਡਰ-ਡਰ-ਡਰ'। ਕਾਹਦਾ ਡਰ, ਕਿਸ ਦਾ ਡਰ? ਰਾਜ ਦਾ ਡਰ, ਹਾਕਮ ਦਾ ਡਰ, ਸਿਪਾਹੀ ਦਾ ਡਰ, ਗੌਰਮਿੰਟ ਦਾ ਡਰ- ਆਤਮਾ ਲਈ ਜ਼ਹਿਰ ਹੈ। ਆਤਮਕ ਤਰੱਕੀ ਦਾ ਪਹਿਲਾ ਅਸੂਲ ਇਹ ਹੈ ਕਿ ਗੌਰਮਿੰਟਾਂ ਦੇ ਡਰ ਦਿਲ ਤੋਂ ਦੂਰ ਕਰੇ। ਕਿਸੇ ਗੌਰਮਿੰਟ ਦੀ ਤਲਵਾਰ, ਕਿਸੇ ਗੌਰਮਿੰਟ ਦੀਆਂ ਗਿੱਦੜ ਭਬਕੀਆਂ, ਕਿਸੇ ਗੌਰਮਿੰਟ ਦੀਆਂ ਚਾਲਾਕੀਆਂ, ਇਨ੍ਹਾਂ ਤੋਂ ਜਿਹੜਾ ਨਹੀਂ ਡਰਦਾ, ਉਸ ਨੇ ਆਤਮਾ ਦੇ ਜੀਵਨ ਦਾ ਮਜ਼ਾ ਚੱਖਣਾ ਸ਼ੁਰੂ ਕੀਤਾ ਹੈ।

ਗੌਰਮਿੰਟਾਂ ਸਦਾ ਸੱਚ ਅਤੇ ਧੀਰਜ ਦੀਆਂ ਦੁਸ਼ਮਣ ਰਹੀਆਂ ਹਨ ਅਤੇ ਰਹਿਣਗੀਆਂ। ਗੌਰਮਿੰਟਾਂ ਦਾ ਸਹਾਰਾ ਦਗਾਬਾਜ਼ੀ, ਲੁੱਟਮਾਰ, ਜ਼ਬਰਦਸਤੀ 'ਤੇ ਰਿਹਾ ਅਤੇ ਰਹੇਗਾ। ਗੌਰਮਿੰਟਾਂ ਹਰ ਸੱਚੇ ਅਸੂਲ ਨੂੰ ਪੈਦਾ ਹੁੰਦੇ ਹੀ ਚਿੱਥ ਦੇਣਾ ਚਾਹੁੰਦੀਆਂ ਹਨ। ਗੌਰਮਿੰਟਾਂ ਵਿਚਾਰਸ਼ੀਲ ਲੋਕਾਂ ਦੇ ਪਿੱਛੇ ਸਦਾ ਲਾਠੀ ਲੈ ਕੇ ਫਿਰਦੀਆਂ ਹਨ। ਜੋ ਸ਼ਖਸ ਰਾਜਿਆਂ, ਵਜ਼ੀਰਾਂ, ਖੁਸ਼ਾਮਦੀਆਂ ਅਤੇ ਦੌਲਤਮੰਦ ਦੇ ਜ਼ੁਲਮ ਤੋਂ ਪਰਜਾ ਨੂੰ ਬਚਾਉਣਾ ਚਾਹੁੰਦਾ ਹੈ, ਉਸ ਦਾ ਕਿਸੇ ਨਾ ਕਿਸੇ ਗੌਰਮਿੰਟ ਨਾਲ ਵਾਸਤਾ ਜ਼ਰੂਰ ਪੈਂਦਾ ਹੈ। ਜੋ ਸ਼ਖਸ ਕਿਸੇ ਰਾਜ ਦੇ ਤੋੜਨ ਦੀ ਕੋਸ਼ਿਸ਼ ਕਰਦਾ ਹੈ, ਉਸ ਦੀ ਕਿਸੇ ਨਾ ਕਿਸੇ ਗੌਰਮਿੰਟ ਨਾਲ ਲੜਾਈ ਜ਼ਰੂਰ ਹੋਵੇਗੀ। ਜੋ ਬਹਾਦਰ ਦੁਨੀਆਂ ਦੀ ਤਰੱਕੀ ਵਾਸਤੇ ਕੁਝ ਵੀ ਯਤਨ ਕਰਦਾ ਹੈ, ਉਸ ਦੇ ਰਸਤੇ ਵਿਚ ਕੋਈ ਨਾ ਕੋਈ ਗੌਰਮਿੰਟ ਕੰਡੇ ਬੀਜਣ ਨੂੰ ਤਿਆਰ ਖੜ੍ਹੀ ਹੋਵੇਗੀ। ਗੌਰਮਿੰਟਾਂ ਹਨੇਰੇ ਵਿਚ ਹੀ ਫਲਦੀਆਂ ਫੁਲਦੀਆਂ ਹਨ। ਉਜਾਲਾ ਅਤੇ ਸੁੱਖ ਉਨ੍ਹਾਂ ਦੇ ਕੰਮ ਦੀ ਜੜ੍ਹ ਕੱਟਦੇ ਹਨ। ਜੇ ਕੋਈ ਕੰਮ ਅਜਿਹਾ ਹੈ ਕਿ ਗੌਰਮਿੰਟ ਉਸ ਦਾ ਵਿਰੋਧ ਨਹੀਂ ਕਰਦੀ ਤਾਂ ਜਾਣ ਲਉ ਕਿ ਉਸ ਦਾ ਬਹੁਤ ਜ਼ਿਆਦਾ ਫਾਇਦਾ ਨਹੀਂ ਹੋਵੇਗਾ। ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਜੋ ਆਦਮੀ ਗੌਰਮਿੰਟਾਂ ਦਾ ਡਰ ਦਿਲ ਵਿਚੋਂ ਦੂਰ ਨਹੀਂ ਕਰਦਾ, ਉਹ ਜਗਤ ਦਾ ਬਹੁਤ ਉਪਕਾਰ ਨਹੀਂ ਕਰ ਸਕਦਾ।

ਹਿੰਦੁਸਤਾਨ ਵਿਚ ਡਰ ਲੋਕਾਂ ਦੇ ਰਗ

***(ਬਾਕੀ ਅਗਲੇ ਸਫੇ 'ਤੇ)***

# ਜ਼ਮਾਨਾ ਬਦਲ ਗਿਆ...

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਉਂਜ ਤਾਂ ਅਸੀਂ ਹਮੇਸ਼ਾ ਨਵੇਂ ਜ਼ਮਾਨੇ ਵਿਚ ਦੀ ਹੀ ਗੁਜ਼ਰਦੇ ਹਾਂ ਪਰ ਦੇਸ਼ ਦੀ ਆਜ਼ਾਦੀ ਦੀ ਲਹਿਰ ਦੌਰਾਨ ਇਸ ਦੀ ਖੂਬ ਚਰਚਾ ਹੋਣ ਲੱਗੀ ਸੀ। ਰਾਜਸੀ ਆਜ਼ਾਦੀ ਨੂੰ ਨਵੇਂ ਜ਼ਮਾਨੇ ਦੇ ਆਗਾਜ਼ ਵਜੋਂ ਚਿਤਵਿਆ ਜਾ ਰਿਹਾ ਸੀ। ਜ਼ਮਾਨੇ ਵਿਚ ਪ੍ਰਗਤੀ ਦੀ ਤਾਂਘ ਸੀ-ਰਾਜਸੀ ਚੇਤਨਾ ਵਿਚ, ਤੌਰ-ਤਰੀਕਿਆਂ ਵਿਚ, ਵਰਤੋਂ ਵਿਹਾਰ ਵਿਚ ਨਵੇਂ ਜ਼ਮਾਨੇ ਦੀ ਰੱਟ ਲੱਗਿਆ ਕਰਦੀ ਸੀ। ਠੰਡੇ ਜਿਹੇ ਯੁੱਗ ਦੇ ਮੁਕਾਬਲੇ ਜ਼ਮਾਨਾ ਇੱਕ ਗਰਮਾ ਗਰਮ ਸ਼ਬਦ ਮਲੂਮ ਹੁੰਦਾ ਸੀ। ਇੰਜ ਲਗਦਾ ਸੀ ਜਿਵੇਂ ਯੁੱਗ ਬੀਤੇ ਸਮੇਂ ਦੇ ਹੁੰਦੇ ਸਨ ਤੇ ਜ਼ਮਾਨਾ ਭਵਿਖਮੁਖੀ ਹੈ। ਪਰ ਹੁਣ 'ਉਲਟੇ ਹੋਰ ਜ਼ਮਾਨੇ ਆਏ' ਹਨ, ਜ਼ਮਾਨੇ ਦਾ ਜ਼ਮਾਨਾ ਬੀਤ ਗਿਆ ਹੈ ਅਤੇ ਕਦੋਂ ਦਾ 'ਯੁੱਗ' ਸ਼ੁਰੂ ਹੋ ਚੁਕਾ ਹੈ। ਆਜ਼ਾਦੀ ਪਿਛੋਂ ਭਾਰਤੀ ਭਾਸ਼ਾਵਾਂ ਨੇ ਨਵੇਂ ਸ਼ਬਦਾਂ ਲਈ ਸੰਸਕ੍ਰਿਤ ਵੱਲ ਮੂੰਹ ਕਰ ਲਿਆ। ਸੋ ਜ਼ਮਾਨਾ ਸ਼ਬਦ ਦੀ ਥਾਂ ਯੁੱਗ/ਜੁੱਗ ਵਧੇਰੇ ਪ੍ਰਚਲਿਤ ਕੀਤਾ ਜਾਣ ਲੱਗਾ, ਹਾਲਾਂ ਕਿ ਜ਼ਮਾਨੇ ਤੋਂ ਪਹਿਲਾਂ ਯੁੱਗ ਹੀ ਚਲਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਜੁੱਗ ਤੇ ਇਸ ਦੇ ਰੁਪਾਂਤਰਾਂ ਦੀ ਢੇਰ ਵਰਤੋਂ ਮਿਲਦੀ ਹੈ ਪਰ ਜ਼ਮਾਨੇ ਦੀ ਭਿਣਕ ਨਹੀਂ।


ਐਪਰ ਆਮ ਬੋਲਚਾਲ ਵਿਚ ਜ਼ਮਾਨਾ ਸ਼ਬਦ ਖੂਬ ਰਚਮਿਚ ਚੁਕਾ ਹੈ। ਇਕ ਮਸ਼ਹੂਰ ਗੀਤ ਰਿਹਾ ਹੈ, 'ਜ਼ਮਾਨਾ ਬਦਲ ਗਿਆ, ਤੂੰ ਨਾ ਬਦਲਿਓਂ ਜੱਟਾ।' ਪੰਜਾਬੀ ਵਿਚ ਜ਼ਮਾਨਾ ਸ਼ਬਦ ਇਨ੍ਹਾਂ ਅਰਥਾਂ ਵਿਚ ਵਰਤਿਆ ਜਾਂਦਾ ਹੈ: ਯੁੱਗ, ਮੁਦਤ, ਦੌਰ, ਵੇਲਾ, ਅਰਸਾ; ਮਾਹੌਲ, ਰਸਮੋ ਰਿਵਾਜ, ਪ੍ਰਚਲਨ; ਲੋਕਾਚਾਰ, ਦੁਨੀਆਂ, ਜੱਗ ਜਹਾਨ। ਦਿਲਚਸਪ ਗੱਲ ਹੈ ਕਿ ਯੁੱਗ ਦੇ ਅਰਥ ਵਾਲਾ ਸ਼ਬਦ ਦੁਨੀਆਂ ਦਾ ਅਰਥਾਵਾਂ ਵੀ ਬਣ ਗਿਆ ਹੈ। ਮਾਨੋ ਸਮਾਂ ਤੇ ਪੁਲਾੜ ਇੱਕ-ਮਿੱਕ ਹੋ ਗਏ ਹਨ। ਉਂਜ ਅਜਿਹੇ ਅਰਥ ਇਕ ਸੀਮਿਤ ਸੰਦਰਭ ਵਿਚ ਹੀ ਵਰਤੇ ਜਾ ਸਕਦੇ ਹਨ। ਹਿੰਦੀ ਗੀਤ ਹੈ, 'ਜ਼ਮਾਨੇ ਸੇ ਕਹੋ, ਅਕੇਲੇ ਨਹੀਂ ਹਮ।' ਜ਼ਮਾਨਾ ਦੇਖੋ ਦਾ ਭਾਵ ਹੈ, 'ਦੁਨੀਆਂਦਾਰੀ ਦਾ ਅਨੁਭਵ ਕਰੋ।' ਕਿਸੇ ਨੇ ਕਿਹਾ ਹੈ, 'ਇਸ਼ਕ ਬਿਨਾ ਲੋਕੋ ਕਿਆ ਖਾਕ ਜ਼ਮਾਨਾ ਹੈ।' ਸ਼ਿਵ ਕੁਮਾਰ ਬਟਾਲਵੀ ਨੇ ਵੀ ਇਸ ਸ਼ਬਦ ਦੀ ਦੁਨੀਆਂ ਜਾਂ ਲੋਕਾਈ ਦੇ ਅਰਥਾਂ ਵਿਚ ਵਰਤੋਂ ਕੀਤੀ ਹੈ,

ਦੁਨੀਆਂ ਦੇ ਆਸ਼ਕਾਂ ਨੂੰ ਵੀ  
ਉਤਰ ਜੇ ਤੂੰ ਨਾ ਮੋੜਿਆ,  
ਤਾਂ ਦੋਸ਼ ਮੇਰੀ ਮੌਤ ਦਾ  
ਤੇਰੇ ਸਿਰ ਜ਼ਮਾਨਾ ਮੜ੍ਹੇਗਾ।  
ਤੇ ਜੱਗ ਮੇਰੀ ਮੌਤ ਦਾ  
ਸੋਗੀ ਸੁਨੇਹਾ ਪੜ੍ਹੇਗਾ।

ਜਦ ਦੁਨੀਆਂ ਨਿੱਤ ਨਵੀਆਂ ਉਲਟੀਆਂ-ਸਿੱਧੀਆਂ ਕਰਨ ਲਗਦੀ ਹੈ ਤਾਂ ਜ਼ਮਾਨੇ ਨੂੰ ਅੱਗ ਵੀ ਲੱਗ ਜਾਂਦੀ ਹੈ। ਬੁਲ੍ਹੇ ਸ਼ਾਹ ਜਿਹਾ ਸੂਫੀ ਕਵੀ ਨਵੇਂ ਜ਼ਮਾਨੇ ਦੀ ਹਨੇਰ-ਗਰਦੀ (ਦਰਅਸਲ ਯੁਗਗਰਦੀ) 'ਤੇ ਸ਼ੋਕ ਮਨਾਉਣ ਲਗਦਾ ਹੈ,

ਕਾਂ ਲਗੜ ਨੂੰ ਮਾਰਨ ਲੱਗੇ  
ਚਿੜੀਆਂ ਜੱਰੇ ਢਾਏ।  
ਉਲਟੇ ਹੋਰ ਜ਼ਮਾਨੇ ਆਏ।  
ਘੋੜੇ ਚੁਗਣ ਅਰੂੜਿਆਂ ਉਤੇ  
ਗੱਦੂ ਖੁਦ ਪਵਾਏ।  
ਉਲਟੇ ਹੋਰ ਜ਼ਮਾਨੇ ਆਏ।  
ਭੂਰੀਆਂ ਵਾਲੇ ਰਾਜੇ ਕੀਤੇ  
ਰਾਜਿਆਂ ਭੀਖ ਮੰਗਾਏ  
ਉਲਟੇ ਹੋਰ ਜ਼ਮਾਨੇ ਆਏ।

ਵਾਰਸ ਸ਼ਾਹ ਵੀ ਜ਼ਮਾਨੇ ਤੋਂ ਦੁਖੀ ਹੈ,



ਸਾਢੇ ਤਿੰਨ ਮਣ ਦਿਹ ਮੈਂ ਫਿਦਾ ਕੀਤੀ  
ਅੰਤ ਹੋਈ ਹੈ ਤੋਲਿਆਂ ਮਾਸਿਆਂ 'ਤੇ।  
ਸ਼ਸ਼ ਪੰਜ ਬਾਰਾਂ ਦਸਾਂ ਤਿੰਨ ਕਾਣੇ  
ਲਿਖੇ ਏਸ ਜ਼ਮਾਨੇ ਦੇ ਪਾਸਿਆਂ 'ਤੇ।  
ਵਾਰਸ ਸ਼ਾਹ ਵਸਾਹ ਕੀ ਜ਼ਿੰਦਗੀ ਦਾ  
ਸਾਡੀ ਉਮਰ ਹੈ ਨਕਸ਼ ਪਤਾਸਿਆਂ 'ਤੇ।

ਪਰ 'ਸੱਸੀ' 'ਚ ਹਾਸ਼ਮ ਜ਼ਮਾਨੇ ਤੋਂ ਖੁਸ਼ ਹੈ:

ਸੱਸੀ ਜੁਮਲ ਜਹਾਨ ਹੋਈ ਖੁਸ਼ਹਾਲੀ  
ਫਿਰਿਆ ਨੇਕ ਜ਼ਮਾਨਾ।  
ਨੌਬਤ ਨਾਚ ਸ਼ੁਮਾਰ ਨਾ ਕੋਈ  
ਧਰੁਪਦ ਤਾਲ ਤਰਾਨਾ।  
ਹਾਸ਼ਮ ਖੈਰ ਕੀਤਾ ਫੁਕਰਾਵਾਂ  
ਮਿਲਕ ਮੁਆਸ਼ ਖਜ਼ਾਨਾ।  
ਕਰ ਸਿਰ ਵਾਰ ਸੁੱਟਣ ਜ਼ਰ ਮੋਤੀ  
ਲਾਲ ਜਵਾਹਰ ਖਾਨਾ।

ਜ਼ਮਾਨਾ ਸ਼ਬਦ ਪੰਜਾਬੀ ਵਿਚ ਫਾਰਸੀ ਰਾਹੀਂ ਹੀ ਆਇਆ ਹੈ ਅਤੇ ਇਸ ਜ਼ਬਾਨ ਵਿਚ ਇਸ ਦਾ ਰੂਪ ਜ਼ਮਾਨ ਵੀ ਹੈ ਤੇ ਜ਼ਮਾਨਾ ਵੀ। ਫਾਰਸੀ ਵਿਚ ਇਸ ਸ਼ਬਦ ਦੇ ਮੋਟੇ ਮੋਟੇ ਅਰਥ ਦੇਖੀਏ: ਸਮਾਂ, ਵੇਲਾ, ਯੁੱਗ; ਅਰਸਾ ਰੁੱਤ, ਮੌਸਮ; ਦੁਨੀਆਂ; ਜਹਾਨ; ਕਿਸਮਤ, ਚਾਂਸ, ਮੌਕਾ। ਫਾਰਸੀ ਵਿਆਕਰਣ ਵਿਚ ਜ਼ਮਾਨ ਸ਼ਬਦ ਕਾਲ ਨੂੰ ਵੀ ਆਖਦੇ ਹਨ। ਸਪੱਸ਼ਟ ਹੈ ਕਿ ਰੁੱਤ ਵੀ ਸਮੇਂ ਦਾ ਹੀ ਇੱਕ ਨਿਸ਼ਚਿਤ ਸਮਾਂ ਜਾਂ ਅਰਸਾ ਹੈ। ਅਸੀਂ ਪੰਜਾਬੀ ਵਿਚ ਵੀ ਆਖ ਦਿੰਦੇ ਹਾਂ, 'ਫਸਲ ਵੱਢਣ ਦਾ ਵੇਲਾ ਹੋ ਗਿਆ ਹੈ।' ਇਸੇ ਤਰ੍ਹਾਂ ਕਿਸਮਤ ਦੇ ਅਰਥਾਂ ਵਿਚ ਸਮੇਂ ਦਾ ਦਖਲ ਹੈ, ਕਿਸਮਤ ਸਮੇਂ ਦਾ ਗੇੜ ਹੀ ਤਾਂ ਹੈ। ਚੰਗੇ ਸਮੇਂ, ਮਾੜੇ ਸਮੇਂ ਆਦਿ ਕਿਸਮਤ ਦੇ ਦੌਰ ਹੀ ਹਨ। ਪਿਛੇ ਕਥਿਤ ਵਾਰਸ ਸ਼ਾਹ ਦੇ ਬੰਦ ਵਿਚ 'ਜ਼ਮਾਨੇ' ਸ਼ਬਦ ਕਿਸਮਤ ਦੇ ਅਰਥਾਂ ਵਿਚ ਪ੍ਰਤੀਤ ਹੁੰਦਾ ਹੈ।

ਗੌਰਤਲਬ ਹੈ ਕਿ ਜ਼ਮਾਨਾ ਆਮ ਤੌਰ 'ਤੇ ਇੱਕ ਲੰਬੇ ਸਮੇਂ ਦਾ ਵਕਫਾ ਹੈ, ਸਮੇਂ ਦਾ ਇੱਕ ਬਿੰਦੂ ਨਹੀਂ ਅਰਥਾਤ ਅਸੀਂ ਇਹ ਨਹੀਂ ਕਹਿ ਸਕਦੇ, 'ਬਾਰਾਂ ਵਜੇ ਦਾ ਜ਼ਮਾਨਾ ਹੋ ਗਿਆ।' ਫਾਰਸੀ ਵਿਚ ਇਸ ਲਈ 'ਸਾਇਤ' ਸ਼ਬਦ ਚਲਦਾ ਹੈ। ਫਾਰਸੀ ਵਿਚ ਇਸ ਸ਼ਬਦ ਤੋਂ ਬਣੇ ਕੁਝ ਹੋਰ ਸ਼ਬਦ ਹਨ, ਜ਼ਮਾਨਾਸਾਜ਼= ਮੌਕਾਪ੍ਰਸਤ; ਜ਼ਮਾਨ ਸੈਰ= ਤਿੱਖੀ ਚਾਲ; ਪਾਦਸ਼ਾਹੀ ਜ਼ਮਾਨ= ਦੁਨੀਆਂ ਦਾ ਬਾਦਸ਼ਾਹ (ਗੁਰੂ ਗੋਬਿੰਦ ਸਿੰਘ ਨੂੰ 'ਬਾਦਸ਼ਾਹ ਜਹਾਨ ਦਾਂ' ਕਿਹਾ ਗਿਆ ਹੈ); ਜ਼ਮਾਨਾ ਮੁਆਫਿਕ= ਐਨ ਸਮੇਂ ਸਿਰ ਦਾ। ਜ਼ਮਾਨੀ ਦਾ ਮਾਅਨਾ ਹੈ: ਦੁਨਿਆਵੀ, ਥੋੜ੍ਹਚਿਰਾ, ਕੱਚਾ ਆਦਿ। ਜ਼ਮਾਨਤ (ਕਚਹਿਰੀ ਵਾਲੀ ਨਹੀਂ) ਦਾ ਅਰਥ ਹੈ ਹੰਢੇਵਾਂ। ਜ਼ਮਾਨੇਸਾਜ਼ ਤਾਂ ਪੰਜਾਬ ਵਿਚ ਵੀ ਹੁੰਦੇ ਹਨ।

ਬਹੁਤੇ ਕੋਸ਼ਾਂ ਵਿਚ ਇਹੀ ਦਰਜ ਹੈ ਕਿ ਜ਼ਮਾਨਾ ਸ਼ਬਦ ਫਾਰਸੀ ਵਿਚ ਅਰਬੀ ਵਲੋਂ ਆਇਆ ਹੈ। ਇਹ ਗੱਲ ਸਮਝਣ ਲਈ ਸਾਨੂੰ ਇਸ ਸ਼ਬਦ ਦੇ ਅਰਬੀ ਪਸਾਰੇ ਵੱਲ ਵੀ ਝਾਤ ਮਾਰਨੀ ਚਾਹੀਦੀ ਹੈ। ਅਰਬੀ ਵਿਚ ਇਸ ਸ਼ਬਦ ਦਾ ਢੇਰ ਸਾਰਾ ਕੋੜਮਾ ਹੈ। ਫਾਰਸੀ ਵਾਲੇ ਸਾਰੇ ਅਰਥਾਂ ਤੋਂ ਬਿਨਾ ਅਰਬੀ ਵਿਚ ਕੁਝ ਹੋਰ ਵੱਖਰੇ ਮਾਅਨੇ ਵੀ ਹਨ। ਅਰਬੀ ਜ਼ਮਾਨ ਵਿਚ ਮੁੱਦਤ (ਬੀਤੇ ਸਮੇਂ) ਦਾ ਭਾਵ ਹੈ, 'ਹਿਕਾਯਤ ਜ਼ਮਾਨ' ਮਤਲਬ ਬੀਤੇ ਦੀਆਂ ਕਹਾਣੀਆਂ; ਜ਼ਮਾਨਾਹ ਕਹਿੰਦੇ ਹਨ ਲੰਬੀ ਜਾਂ ਹੰਗੋ ਪਈ ਬੀਮਾਰੀ ਨੂੰ; ਮਿਜ਼ਮਾਨ ਹੈ ਸਮਾਂ-ਮਾਪਕ ਜੰਤਰ; ਤਜ਼ਾਮੁਨ ਦਾ ਮਤਲਬ ਹੈ-ਸਮਕਾਲ, ਸਹਿਹੋਂਦ; ਮੁਜ਼ਮਿਨ ਦਾ ਮਤਲਬ ਹੈ-ਚਿਰਕਾਲੀ, ਤਗਣ ਵਾਲਾ, ਢੇਰ ਪੁਰਾਣਾ, ਹੰਢਿਆ-ਵਰਤਿਆ ਅਤੇ ਮੁਤਜ਼ਾਮਿਨ ਦਾ ਮਤਲਬ ਹੈ-ਸਮਕਾਲੀ, ਨਾਲ ਚੱਲਣ ਵਾਲਾ। ਹੋਰ ਸਾਮੀ ਭਾਸ਼ਾਵਾਂ ਵਿਚ ਵੀ ਇਹ ਸ਼ਬਦ ਤੇ ਇਸ ਤੋਂ ਹੋਰ ਵਿਉਤਪਤ ਸ਼ਬਦਾਂ ਦੀ ਢੇਰ ਸਾਰੀ ਵਰਤੋਂ ਮਿਲਦੀ ਹੈ। ਮਿਸਾਲ ਵਜੋਂ ਹਿਬਰੂ ਵਿਚ ਵੀ ਜ਼ਮਨ ਦਾ ਅਰਥ ਸਮਾਂ ਹੀ ਹੈ। ਮਿਜ਼ਮਨ ਦਾ ਅਰਥ ਹੈ-ਬਹੁਤ ਪਹਿਲਾਂ; ਲੇਜ਼ਾਮਨ ਦਾ ਅਰਥ ਹੈ-ਸੱਦਣਾ, ਬੁਲਾਉਣਾ; ਮਜ਼ੂਮਨ ਹੈ ਰਕਮ ਜਾਂ ਰੋਕੜਾ ਤਾਰਨਾ, ਨਕਦ ਲੈਣਾ; ਲੇਹਜ਼ਦੇਮਨ ਹੈ-ਅਚਾਨਕ ਪਹੁੰਚ ਜਾਣਾ (ਏਥੇ ਅਚਾਨਕ ਆਉਣ ਤੋਂ ਭਾਵ ਹੈ, ਆਉਣ ਦਾ ਸਬੱਬ ਬਣਨਾ) ਲੇਹਜ਼ਮਨ ਦਾ ਮਤਲਬ ਹੈ (ਕਿਸੇ ਨਿਯਤ ਸਮੇਂ 'ਤੇ) ਸੱਦਣਾ, ਬੁੱਕ ਕਰਾਉਣਾ।

ਹਿਬਰੂ ਵਿਚ ਜ਼ਮਨ ਸ਼ਬਦ ਨਿਯਤ ਸਮਾਂ ਜਾਂ ਉਚਿਤ ਸਮੇਂ ਦਾ ਭਾਵ ਦਿੰਦਾ ਹੈ। ਯਹੂਦੀ ਧਰਮ-ਸ਼ਾਸਤਰ ਅਨੁਸਾਰ ਹਰ ਕੰਮ ਲਈ ਨਿਯਤ ਸਮਾਂ ਹੈ ਜਿਸ ਨੂੰ ਠੀਕ ਜਾਂ ਉਚਿਤ ਮੰਨਿਆ ਗਿਆ ਹੈ। ਕਿਸੇ ਨੂੰ ਬੁਲਾਉਣ ਜਾਂ ਸੱਦਾ ਦੇਣ ਦੇ ਅਰਥਾਂ ਵਾਲੇ ਲੇਹਜ਼ਮਨ ਤੋਂ ਭਾਵ ਹੈ-ਕਿਸੇ ਨਿਯਤ ਸਮੇਂ 'ਤੇ ਪਹੁੰਚਣਾ। ਕੁਝ ਇਸ ਤਰ੍ਹਾਂ ਜਿਵੇਂ ਅੰਗਰੇਜ਼ੀ ਡੇਟ ਵਿਚ ਮੁੰਡੇ-ਕੁੜੀ ਦਾ ਮਿਲਣਾ। ਰੋਕੜਾ ਜਾਂ ਨਕਦ ਰਾਸ਼ੀ ਦੇ ਭੁਗਤਾਨ ਵਿਚ ਸਮੇਂ ਸਿਰ ਤਿਆਰ ਹੋਣ ਦਾ ਭਾਵ ਹੈ। ਅਰਥ ਵਿਕਾਸ ਕੁਝ ਇਸ ਤਰ੍ਹਾਂ ਹੋਇਆ ਹੋਵੇਗਾ-ਨਿਯਤ ਕੀਤਾ> ਤਿਆਰ ਕੀਤਾ> ਤਿਆਰ> ਨਕਦ, ਰੋਕੜਾ ਆਦਿ। ਜ਼ਮਾਨ ਦਾ ਬਹੁਵਚਨ ਹੈ, ਅਜ਼ਮਾਨ।

ਇਸ ਤਰ੍ਹਾਂ ਜ਼ਮਾਨਾ ਸ਼ਬਦ ਸਾਮੀ ਭਾਸ਼ਾਵਾਂ ਵਿਚ ਖੂਬ ਧੱਸਿਆ ਹੋਇਆ ਮਲੂਮ ਹੁੰਦਾ ਹੈ। ਪਰ ਕੁਝ ਵਿਦਵਾਨਾਂ ਨੇ ਇਸ ਨੂੰ ਮੁਢਲੇ ਤੌਰ 'ਤੇ ਫਾਰਸੀ ਦਾ ਸ਼ਬਦ ਹੀ ਦਰਸਾਇਆ ਹੈ ਜੋ ਸ਼ਾਇਦ ਅਰਬੀ ਤੇ ਹੋਰ ਸਾਮੀ ਭਾਸ਼ਾਵਾਂ ਵਿਚ ਜਾ ਕੇ ਖੂਬ ਪ੍ਰਫੁਲਤ ਹੋਇਆ। ਸਾਮੀ ਲੋਕਾਂ ਨੇ ਇਸ ਤੋਂ 'ਜ਼ ਮ ਨ' ਜਿਹਾ ਧਾਤੂ ਵੀ ਖਿੱਚ ਲਿਆ ਤੇ ਹੋਰ ਵਧੇਤਰ ਲਾ ਕੇ ਕਈ ਸ਼ਬਦ ਬਣਾ ਲਏ ਗਏ। ਅਰਬੀ ਭਾਸ਼ਾ ਵਿਚ ਹੋਰ ਭਾਸ਼ਾਵਾਂ ਤੋਂ ਆਏ ਸ਼ਬਦਾਂ ਤੋਂ ਕਦੇ ਕਦਾਈਂ ਇਸ ਤਰ੍ਹਾਂ ਧਾਤੂ ਬਣਾ ਲਏ ਜਾਂਦੇ ਹਨ ਜਿਵੇਂ ਗਰੀਕ ਫਿਲੋਸੋਫੋਸ ਤੋਂ ਅਰਬੀ ਫੈਲਸੂਫ, ਫਲਾਸਿਫਾਂ, ਫਲਸਫਾ ਅਤੇ ਤਫਲਸਫਾ। ਫਾਰਸੀ ਅੰਦਾਜ਼ਹ ਤੋਂ ਅਰਬੀ ਵਿਚ ਹਿੰਦਸਹ ਤੇ ਹੋਰ ਅੱਗੇ ਮੋਹੰਦਸ ਸ਼ਬਦ ਬਣੇ ਹਨ। ਕਰੀਬ ਢਾਈ ਹਜ਼ਾਰ ਸਾਲ ਪੁਰਾਣੀ ਫਾਰਸੀ ਵਿਚ ਜ਼ਰਵਨ, ਜ਼ਰਵਾਨਾ ਜਿਹੇ ਸ਼ਬਦ ਮਿਲਦੇ ਹਨ, ਜਿਨ੍ਹਾਂ ਵਿਚ ਸਮਾਂ, ਯੁੱਗ, ਅਰਸਾ ਆਦਿ ਦੇ ਭਾਵ ਮਿਲਦੇ ਹਨ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਇਹ ਫਾਰਸੀ ਸ਼ਬਦ 'ਦਮ' ਨਾਲ ਸਬੰਧਤ ਹੈ, ਜਿਸ ਵਿਚ ਸਾਹ ਦੇ ਨਾਲ ਨਾਲ ਪਲ, ਛਿਣ ਦੇ ਭਾਵ ਹਨ ਤੇ ਇਸ ਦਾ ਸਾਕ ਸੰਸਕ੍ਰਿਤ ਨਾਲ ਵੀ ਹੈ। ਵਿਚਾਰ ਹੈ ਕਿ ਇਹ ਪੁਰਾਣਾ ਫਾਰਸੀ ਦਾ ਸ਼ਬਦ ਸਾਮੀ ਭਾਸ਼ਾ ਅਰਮਾਇਕ ਵਿਚ ਗਿਆ, ਉਥੋਂ ਹਿਬਰੂ ਵਿਚ ਤੇ ਫਿਰ ਅਰਬੀ ਤੇ ਇਥੋਪਿਕ ਜਿਹੀਆਂ ਭਾਸ਼ਾਵਾਂ ਵਿਚ ਗਿਆ।

ਪਾਰਸੀਆਂ ਦੇ ਧਰਮ ਗ੍ਰੰਥ ਅਵੇਸਤਾ ਵਿਚ ਵੀ ਇਹ ਸ਼ਬਦ ਮਿਲਦਾ ਹੈ। ਇਰਾਨ ਦੇ ਭਾਸ਼ਾ-ਵਿਗਿਆਨੀਆਂ ਦਾ ਵਿਚਾਰ ਹੈ ਕਿ ਜ਼ਮਾਨ ਸ਼ਬਦ ਅਰਬੀ ਤੋਂ ਫਾਰਸੀ ਵਿਚ ਆਇਆ ਪਰ ਅਰਬੀ ਵਿਚ ਇਹ ਫਾਰਸੀ ਦੇ 'ਦਮਨ' ਵਜੋਂ ਦਾਖਲ ਹੋਇਆ। ਅਵੇਸਤਾ ਜ਼ਰੂਅਨ ਤੋਂ ਇਸ ਦਾ ਵਿਕਾਸ ਕੁਝ ਇਸ ਤਰ੍ਹਾਂ ਕਿਆਸਿਆ ਗਿਆ ਹੈ: ਜ਼ਰੂਅਨ> ਜ਼ਵਨ> ਜ਼ਬਨ> ਜ਼ਮਨ। ਵਿਦਵਾਨਾਂ ਨੇ ਬਹੁਤ ਸਾਰੇ ਤੱਥ ਸਾਹਮਣੇ ਲਿਆਂਦੇ ਹਨ ਜਿਨ੍ਹਾਂ ਤੋਂ ਇਹ ਭੰਬਲਭੂਸਾ ਪੈਦਾ ਹੈ ਕਿ ਜ਼ਮਾਨਾ ਸ਼ਬਦ ਦਾ ਪਿਛੋਕੜ ਪੁਰਾਣੀ ਫਾਰਸੀ ਜਾਂ ਅਵੇਸਤਾ ਹੈ। ਸ਼ਬਦਾਂ ਦੀ ਥਾਹ ਪਾਉਣ ਲਈ ਕਈ ਵਾਰੀ ਬਹੁਤ ਦੂਰ ਤੱਕ ਜਾਣਾ ਮੁਮਕਿਨ ਨਹੀਂ ਹੁੰਦਾ ਕਿਉਂਕਿ ਪੁਰਾਣੇ ਲਿਖਤੀ ਰਿਕਾਰਡ ਨਹੀਂ ਮਿਲਦੇ।

---

# ਦੋ ਚੀਜ਼ਾਂ ਦੀ ਲੋੜ

(ਪਿਛਲੇ ਸਫੇ ਦੀ ਬਾਕੀ)

ਪਨ੍ਹਿਆਂ ਵਿਚ ਰਚ ਗਿਆ ਹੈ। ਸੁਪਨੇ ਵਿਚ ਭੀ ਸਿਪਾਹੀ ਅਤੇ ਜੱਜ ਤੋਂ ਡਰਦੇ ਹਨ। ਡਰ ਦੇ ਮਾਰੇ ਖੁਸ਼ਾਮਦ, ਝੂਠ, ਬਗਲੇ ਭਗਤੀ, ਮੱਕਾਰੀ, ਸਭ ਸਿੱਖ ਜਾਂਦੇ ਹਨ। ਸਰਕਾਰਾਂ ਦੇ ਗੁਣ ਗਾਉਂਦੇ ਹਨ ਅਤੇ ਘਰ ਬੈਠ ਕੇ ਗਾਲੀਆਂ ਦਿੰਦੇ ਹਨ। ਅਖਬਾਰ ਵਿਚ ਬੈਠ ਸਿੱਟਣ ਵਾਲੇ ਸੂਰਬੀਰਾਂ ਨੂੰ ਬੁਰਾ ਕਹਿੰਦੇ ਹਨ ਅਤੇ ਦਿਲ ਤੋਂ ਉਨ੍ਹਾਂ ਦੀ ਇੱਜ਼ਤ ਕਰਦੇ ਹਨ। ਬੁੱਧੀ ਜਿਨ੍ਹਾਂ ਖਿਆਲਾਂ ਨੂੰ ਔਛਾ ਬਣਾਉਂਦੀ ਹੈ, ਉਨ੍ਹਾਂ ਨੂੰ ਦਿਮਾਗ ਦੇ ਸਭ ਤੋਂ ਹੇਠਲੇ ਤਹਿਖਾਨੇ ਵਿਚ ਬੰਦ ਰੱਖਦੇ ਹਨ। ਇਹ ਆਤਮਾ ਦੀ ਮੌਤ ਦੀ ਨਿਸ਼ਾਨੀ ਹੈ।

ਗੌਰਮਿੰਟ ਦੇ ਬਿਨਾ ਹੋਰ ਕਿਸੇ ਦਾ ਡਰ ਹੈ ਜੋ ਆਤਮਾ ਨੂੰ ਮਾਰ ਦਿੰਦਾ ਹੈ? ਸਮਾਜ ਦਾ, ਕੌਮ ਦਾ, ਨਜ਼ਦੀਕੀਆਂ ਦਾ, ਰਿਸ਼ਤੇਦਾਰਾਂ ਦਾ, ਦੋਸਤਾਂ ਦਾ, ਜੋ ਆਦਮੀ ਦੂਜੇ ਲੋਕਾਂ ਦੇ ਡਰ ਨਾਲ ਸੱਚ ਨੂੰ ਛੁਪਾਉਂਦਾ ਹੈ ਅਤੇ ਆਪਣੇ ਅਸੂਲਾਂ 'ਤੇ ਅਮਲ ਨਹੀਂ ਕਰਦਾ, ਉਹ ਬਹੁਤ ਮਹਿੰਗਾ ਸੌਦਾ ਕਰਦਾ ਹੈ। ਅਖੀਰ ਨੂੰ ਭਾਈਬੰਦ, ਅੜੋਸੀ ਪੜੋਸੀ, ਰਾਜੇ ਨੂੰ ਕੀ ਦੇ ਦੇਣਗੇ। ਜੇ ਉਹ ਹੱਸ ਕੇ ਬੋਲੇ ਤਾਂ ਕੀ ਹੋਇਆ? ਜੇ ਨਾ ਬੋਲੇ ਤਾਂ ਕੀ ਹੋਇਆ? ਪਰ ਆਤਮਕ ਆਜ਼ਾਦੀ ਅਨਮੋਲ ਮੋਤੀ ਹੈ ਜਿਸ ਨੂੰ ਬੇਵਕੂਫਾਂ ਦੀ ਮੰਡੀ ਵਿਚ ਵੇਚ ਕੇ ਆਦਮੀ ਖਾਲੀ ਹੱਥ ਮਲਦਾ ਰਹਿ ਜਾਂਦਾ ਹੈ। ਹਿੰਦੁਸਤਾਨ ਵਿਚ ਲੀਡਰ ਹੁਣ ਤਕ ਇਹ ਸਮਝ ਕੇ, ਕਿ ਆਜ਼ਾਦੀ ਨਾਲ ਹੀ ਕੌਮ ਦੀ ਆਤਮਾ ਦੀ ਸਫਾਈ ਹੋ ਸਕਦੀ ਹੈ। ਪਰ ਉਹ ਕੁਝ ਹੋਰ ਪੁਕਾਰ ਰਹੇ ਹਨ। ਨਿਸ਼ਾਨਾ ਕੁਝ ਹੋਰ ਪਾਸੇ ਹੈ ਤੇ ਤੀਰ ਕਿਸੇ ਹੋਰ ਪਾਸੇ ਹੀ ਲਗਾਉਂਦੇ ਹਨ। ਸਭ ਦੇਸ਼ ਭਗਤ ਬਣੇ ਫਿਰਦੇ ਹਨ, ਪਰ ਆਦਮੀ ਬਹੁਤ ਘੱਟ ਬਣਦੇ ਹਨ। ਝੂਠ ਨਾਲ ਧਰਮ ਸਿੱਧ ਕਰਨਾ। ਇਹ ਤਰਕੀਬ ਇਨ੍ਹਾਂ ਅਕਲਮੰਦ ਹਿੰਦੂਆਂ ਨੂੰ ਹੀ ਸੁੱਝੀ ਹੈ। ਸਿੱਧਾ ਰਸਤਾ ਇਨ੍ਹਾਂ ਨੂੰ ਬਹੁਤ ਟੇਢਾ ਦਿਖਾਈ ਦਿੰਦਾ ਹੈ ਅਤੇ ਚਾਲਬਾਜ਼ੀ ਇਨ੍ਹਾਂ ਨੂੰ ਕੌਮ ਦੀ ਮੁਕਤੀ ਦੇ ਵਾਸਤੇ ਬਹੁਤ ਜ਼ਰੂਰੀ ਮਾਲੂਮ ਹੁੰਦੀ ਹੈ। ਮਸਾਣੀ ਵਿਚ ਰਾਤ ਨੂੰ ਰੋਸ਼ਨੀ ਭੀ ਭਿਆਨਕ ਲੱਗਦੀ ਹੈ। ਇਸ ਤਰ੍ਹਾਂ ਇਸ ਦੇਸ਼ ਵਿਚ ਜੋ ਥੋੜ੍ਹਾ ਬਹੁਤ ਧਰਮ ਅਤੇ ਸੱਚ ਹੈ, ਉਹ ਵੀ ਅਜਬ ਖਰਾਬ ਰੂਪ ਭਰਦਾ ਹੈ। ਇਸੀ ਕਾਰਨ ਮਹਾਂਪੁਰਸ਼ ਬਹੁਤ ਘੱਟ ਪੈਦਾ ਹੁੰਦੇ ਹਨ ਅਤੇ ਕੌਮ ਦੇ ਨੌਜਵਾਨ ਨੀਵੇਂ ਆਦਰਸ਼ਾਂ ਦੀ ਸੇਵਾ ਵਿਚ ਲੱਗੇ ਰਹਿੰਦੇ ਹਨ। ਅਸੂਲਾਂ ਦੇ ਪਵਿੱਤਰ ਮੰਦਿਰ ਵਿਚ ਜੋ ਆਦਮੀ ਝੂਠ ਦਾ ਕੂੜਾ ਕਰਕਟ ਲਿਆਉਂਦਾ ਹੈ, ਉਹ ਪਹਿਲਾਂ ਆਪਣਾ ਨਾਸ਼ ਕਰਦਾ ਹੈ ਤੇ ਫਿਰ ਜਗਤ ਨੂੰ ਧੋਖੇ ਵਿਚ ਸੁੱਟਦਾ ਹੈ। ਜਿਸ ਦੇਸ਼ ਵਿਚ ਅਜਿਹੇ ਆਦਮੀ ਬਹੁਤ ਹਨ, ਉਥੇ ਗੁਲਾਮੀ ਦਾ ਅਸਰ ਹਰ ਤਹਿਰੀਕ ਅਤੇ ਕਾਰਵਾਈ ਵਿਚ ਜ਼ਾਹਰ ਹੋਵੇਗਾ। ਉਥੇ ਸਭ ਕੰਮ ਉਲਟਾ ਹੋਵੇਗਾ।

ਵਚਨ ਤੇ ਵਿਚਾਰ ਤੋਂ ਜੁਦਾ ਹੋਵੇਗਾ ਅਤੇ ਚਲਣ ਤੇ ਬਚਨ ਵਿਚ ਜ਼ਮੀਨ ਆਸਮਾਨ ਦਾ ਫਰਕ ਹੋਵੇਗਾ। ਅਜਿਹੀ ਪੇਚਦਾਰ ਅਕਲ ਤੋਂ ਦੂਰ ਹੀ ਰਹਿਣਾ ਠੀਕ ਹੈ। ਗੁਲਾਮ ਵਿਚ ਆਤਮਾ, ਡਰ ਅਤੇ ਝੂਠ ਦੇ ਹੇਠ ਦਬੀ ਰਹਿੰਦੀ ਹੈ। ਗੁਲਾਮ ਵਾਸਤੇ ਆਤਮਕ ਆਜ਼ਾਦੀ ਬਹੁਤ ਮੁਸ਼ਕਿਲ ਹੈ। ਗੁਲਾਮੀ ਨਾਲ ਆਤਮਾ ਘੁਲ ਘੁਲ ਕੇ ਮਰ ਜਾਂਦੀ ਹੈ। ਜੇ ਹਿੰਦੁਸਤਾਨ ਵਿਚ ਆਦਮੀ ਪੈਦਾ ਕਰਨੇ ਹਨ ਤਾਂ ਗੁਲਾਮੀ ਨੂੰ ਦੂਰ ਕਰੋ ਅਤੇ ਗੁਲਾਮੀ ਨੂੰ ਦੂਰ ਕਰਨਾ ਹੈ ਤਾਂ ਆਦਮੀ ਪੈਦਾ ਕਰੋ।

---

### ਥੱਕ ਜਾਣਗੇ

ਸਿਰ ਵਰਤਣ ਵਾਲੇ ਨੇ ਰਾਜ ਕਰਦੇ  
ਧੱਕੇ ਖਾਂਦੇ ਨੇ ਸਿਰ ਕਟਵਾਣ ਵਾਲੇ।  
ਨਹੀਂ ਕਿਸੇ ਤੋਂ ਅਜੇ ਪਛਾਣ ਹੋਏ  
ਮੁਸ਼ਕਾਂ ਬੰਨ ਕੇ ਨਾਲ ਲਿਜਾਣ ਵਾਲੇ।  
ਜੰਦਰੇ ਲਾ ਕੇ ਗੁਰੂ ਦੀਆਂ ਗੋਲਕਾਂ ਨੂੰ  
ਆਪੇ ਕੱਢ ਕੇ ਰਾਤ ਨੂੰ ਖਾਣ ਵਾਲੇ।  
ਜੰਗਲ ਵਿਚ ਅੱਜ 'ਹਰਾ' ਸ਼ਿਕਾਰ ਚੱਲੇ  
ਸੌਂ ਗਏ ਨੇ ਰਾਖੇ ਜਗਾਣ ਵਾਲੇ।  
ਬਹੁਤੇ ਫੂਕ ਦੇ ਭਾਰ ਨਾਲ ਦੱਬ ਜਾਂਦੇ  
ਉਤੇ ਪਹੁੰਚਦੇ ਫੂਕ ਛਕਾਣ ਵਾਲੇ।  
ਗਾਥਾ ਲਿਖਦੇ ਨੇ ਅੱਜ ਗੱਦਾਰੀਆਂ ਦੀ  
ਦੇਸ਼ ਭਗਤਾਂ ਨੂੰ ਫਾਹੇ ਲਵਾਣ ਵਾਲੇ।  
ਰਲ ਕੇ ਭੁੱਖਾਂ ਦੀ ਜਮਾਂ ਤਕਸੀਮ ਕਰਦੇ  
ਰੋਟੀ ਰੱਜ ਕੇ ਰਾਤ ਨੂੰ ਖਾਣ ਵਾਲੇ।  
ਵਿਸ਼ ਘੋਲਦੇ ਨਾਗ ਨੂੰ ਫੜਨ ਖਾਤਿਰ  
ਥੱਕ ਜਾਣਗੇ ਬੀਨ ਵਜਾਣ ਵਾਲੇ।

*-ਹਰਜਿੰਦਰ ਗੁਲਪੁਰ*  
*ਫੋਨ: 91-98722-38981*

### ਦੋ ਰੁਬਾਈਆਂ

*(ਬਿਸਮਿਲ ਫਰੀਦਕੋਟੀ ਦੀ ਸ਼ਾਹਕਾਰ ਰਚਨਾ 'ਖੌਲਦੇ ਸਾਗਰ' ਵਿਚੋਂ)*

ਹੈ ਦੌਰ ਨਵਾਂ, ਹੀਰ ਪੁਰਾਣੀ ਨਾ ਸੁਣੋ।  
ਦੁੱਖ ਚਾਕ ਦਾ, ਸੈਦੇ ਦੀ ਜ਼ੁਬਾਨੀ ਨਾ ਸੁਣੋ।  
ਛੇੜੀ ਏ ਜ਼ਮਾਨੇ ਨੇ, ਆਵਾਮ ਦੀ ਕਥਾ,  
ਰਾਜੇ ਜਾਂ ਨਵਾਬਾਂ ਦੀ ਕਹਾਣੀ ਨਾ ਸੁਣੋ।

ਰਹਿ ਜਾਂਦਾ ਏ, ਚੱਕੀ ਦਾ ਪਰੋਲਾ ਬਣ ਕੇ।  
ਠੱਗਦਾ ਏ ਦੁਨੀਆਂ ਨੂੰ, ਜੋ ਵਿਚੋਲਾ ਬਣ ਕੇ।  
ਦੁੱਧ ਮਾਂ ਦਾ ਸਫਲ ਕਰਦਾ ਏ, ਓਹੋ 'ਬਿਸਮਿਲ',  
ਛਾ ਜਾਏ ਜੱਗ 'ਤੇ ਜੋ, ਵਰੋਲਾ ਬਣ ਕੇ।

*-ਬਿਸਮਿਲ ਫਰੀਦਕੋਟੀ*

---

# ਤੁਰਕੀ ਦਾ ਅਰਬ ਪਿਛੋਕੜ ਅਤੇ ਯੂਰਪ ਨਾਲ ਵਰ ਮੇਚਣਾ

(ਸਫਾ 25 ਦੀ ਬਾਕੀ)

ਦੁਕਾਨਾਂ ਦਿੱਲੀ ਦੇ ਪਾਲਿਕਾ ਬਾਜ਼ਾਰ ਵਾਂਗ ਉਘੜ-ਦੁਘੜੀਆਂ ਹਨ। ਸ਼ਹਿਰ ਵਿਚ ਟਰੈਮਾਂ ਵੀ ਚੱਲਦੀਆਂ ਹਨ। ਤਕਸੀਮ ਸਕੁਏਅਰ ਬਹੁਤ ਵੱਡਾ ਚੌਰਾਹਾ ਹੈ ਜਿਥੇ ਕਈ ਵਾਰੀ ਵੱਡੇ ਸਿਆਸੀ ਮਾਰਚ ਹੁੰਦੇ ਹਨ। ਸੜਕਾਂ ਬਾਜ਼ਾਰਾਂ ਦਾ ਢੰਗ ਯੂਰਪ ਨਾਲ ਮਿਲਦਾ-ਜੁਲਦਾ ਹੈ, ਬੇਸ਼ੱਕ ਪੂਰਾ ਨੇਮਬੱਧ ਨਹੀਂ।

ਬੌਸਫੋਰਸ ਦੀ ਖਾੜੀ ਦੇ ਪੱਛਮੀ ਕੰਢੇ 'ਤੇ ਬਹੁਤ ਆਲੀਸ਼ਾਨ ਹਵੇਲੀਆਂ ਹਨ। ਸੁਲਤਾਨਾਂ ਨੇ ਵੀ ਆਪਣਾ ਨਵਾਂ 'ਡੋਲਮਾਬਾਸ਼ ਸਰਾਇ' ਮਤਲਬ ਮਹਿਲ ਬਣਾਇਆ। ਕਰੋੜਾਂ, ਅਰਬਾਂ ਦੇ ਸਰਮਾਏ ਨਾਲ ਬਣਾਇਆ ਇਹ ਮਹਿਲ ਸੋਨੇ, ਚਾਂਦੀ, ਹੀਰਿਆਂ ਨਾਲ ਲੱਦਿਆ ਹੋਇਆ ਹੈ। ਅੱਤਾਤੁਰਕ ਸੁਲਤਾਨਾਂ ਦੇ ਵੱਡੇ ਤੋਪਕਾਪੀ ਮਹਿਲ ਵਿਚ ਰਹਿਣ ਲਈ ਤਿਆਰ ਨਹੀਂ ਸੀ। ਉਹ ਇਸ 'ਡੋਲਮਾਬਾਸ਼' ਮਹਿਲ ਵਿਚ ਰਿਹਾ ਜਿਥੇ ਉਹ 10 ਨਵੰਬਰ 1938 ਨੂੰ 57 ਸਾਲ ਦੀ ਉਮਰ ਵਿਚ ਪੂਰਾ ਹੋ ਗਿਆ।

ਏਸ਼ੀਆ ਅਤੇ ਯੂਰਪੀ ਮਹਾਂਦੀਪਾਂ ਵਿਚਾਲੇ ਸਥਿਤ ਖਾੜੀ ਬਹੁਤ ਸੁੰਦਰ ਨਜ਼ਾਰਾ ਹੈ। ਦੋਹੀਂ ਪਾਸੀਂ ਉਚੇ ਹਰੇ ਪਹਾੜ। ਖਾੜੀ ਦਾ ਪਾਣੀ ਨੀਲਾ ਅਤੇ ਉਤੇ ਤਾਰਾਂ ਵਾਲਾ ਪੁਲ ਦਿਸਦਾ ਹੈ। ਇਸ ਖਾੜੀ ਨੂੰ ਕੰਟਰੋਲ ਕਰਨ ਲਈ ਕੌਮਾਂਤਰੀ ਤਾਕਤਾਂ ਕਈ ਸਦੀਆਂ ਤੋਂ ਦਾਅ-ਪੇਚ ਲੜਾਉਂਦੀਆਂ ਰਹੀਆਂ ਹਨ। ਰੂਸ, ਬਰਤਾਨੀਆ ਅਤੇ ਫਰਾਂਸ ਇਸ ਖੇਡ ਵਿਚ ਸਭ ਤੋਂ ਮੂਹਰੇ ਰਹੇ ਹਨ।

ਅਸਲ ਵਿਚ ਕਾਲੇ ਸਾਗਰ ਦੇ ਆਸੇ-ਪਾਸੇ ਸਾਰੇ ਦੇਸ਼ ਭਾਵ ਰੂਸ, ਯੂਕਰੇਨ, ਬੁਲਗਾਰੀਆ, ਰੁਮਾਨੀਆ ਆਦਿ ਇਸ ਖਾੜੀ 'ਤੇ ਬਹੁਤ ਨਿਰਭਰ ਕਰਦੇ ਹਨ ਕਿਉਂਕਿ ਸਮੁੰਦਰ ਰਾਹੀਂ ਇਹੋ ਖਾੜੀ ਇਕੋ-ਇਕ ਰਾਹ ਹੈ ਜਿਸ ਰਾਹੀਂ ਉਹ ਦੂਰ ਦੇਸ਼ਾਂ ਵਿਚ ਕਿਤੇ ਵੀ ਆ-ਜਾ ਅਤੇ ਤਿਜਾਰਤ ਕਰ ਸਕਦੇ ਹਨ। ਤੁਰਕੀ ਦੇ ਸੁਲਤਾਨ ਇਹਨੂੰ ਕੰਟਰੋਲ ਕਰਕੇ ਇਨ੍ਹਾਂ ਦੇਸ਼ਾਂ ਤੋਂ ਲਾਭ ਉਠਾਉਣਾ ਚਾਹੁੰਦੇ ਸਨ ਪਰ ਤੁਰਕੀ ਦੀ ਕਮਜ਼ੋਰ ਹਾਲਤ ਕਰਕੇ ਇੰਜ ਨਾ ਹੋ ਸਕਿਆ। ਪਹਿਲੀ ਵੱਡੀ ਜੰਗ ਦੇ ਖਾਤਮੇ ਬਾਅਦ ਕੌਮਾਂਤਰੀ ਤਾਕਤਾਂ ਨੇ ਇਹ ਸੰਧੀ ਕਰ ਦਿੱਤੀ ਕਿ ਇਹ ਖਾੜੀ ਕੌਮਾਂਤਰੀ ਕੰਟਰੋਲ ਹੇਠ ਰਹੇਗੀ। ਤੁਰਕੀ ਸਿਵਾਇ ਆਪਣੇ ਦੇਸ਼ ਦੇ ਜਹਾਜ਼ਾਂ ਦੇ ਹੋਰ ਕਿਸੇ ਦੇਸ਼ ਦੇ ਜਹਾਜ਼ਾਂ ਨੂੰ ਰੋਕ ਨਹੀਂ ਸਕਦਾ।

ਅਸੀਂ ਜਹਾਜ਼ ਵਿਚ ਬੈਠ ਕੇ ਖਾੜੀ ਦੀ ਸੈਰ ਕੀਤੀ। ਤੁਰਕੀ ਦੀ ਕੌਮੀ ਮਠਿਆਈ ਦਾ ਨਾਂ 'ਤੁਰਕਿਸ਼ ਲਕੂਮ' ਹੈ। ਇਹੋ ਮਠਿਆਈ ਯੂਨਾਨ ਅਤੇ ਸਾਈਪ੍ਰਸ ਦੇਸ਼ਾਂ ਵਿਚ ਵੀ ਇਸੇ ਤਰ੍ਹਾਂ ਬਣਦੀ-ਵਿਕਦੀ ਹੈ। ਖੰਡ ਅਤੇ ਜੈਲੀ ਦੀ ਬਣੀ ਇਸ ਮਠਿਆਈ ਨੂੰ ਹਰ ਸੈਲਾਨੀ ਖਰੀਦ ਕੇ ਨਿਸ਼ਾਨੀ ਦੇ ਤੌਰ 'ਤੇ ਲਿਆਉਂਦਾ ਹੈ।

ਐਨਾ ਖੂਬਸੂਰਤ, ਐਨਾ ਪੁਰਾਤਨ ਦੇਸ਼! ਉਚੇ ਪਹਾੜਾਂ ਵਿਚਾਲੇ ਖੂਬਸੂਰਤ ਨਜ਼ਾਰਿਆਂ ਅਤੇ ਮਹਿਲਾਂ, ਮਸਜਿਦਾਂ ਦਾ ਦੇਸ਼। ਦਰਵੇਸ਼ਾਂ ਦੇ ਡੇਰੇ, ਬੈਲੀ ਡਾਂਸਿੰਗ, ਕੀ ਕੀ ਦੇਖ ਸਕਦਾ ਸੈਲਾਨੀ ਬੰਦਾ ਥਾਰ੍ਹਾਂ ਦਿਨਾਂ ਵਿਚ? ਸਾਰਾ ਦੇਸ਼ ਦੇਖਣ-ਸਮਝਣ ਲਈ ਤਾਂ ਕਈ ਸਾਲਾਂ ਦੀ ਲੋੜ ਹੈ ਪਰ ਅਸੀਂ ਥਾਰ੍ਹਾਂ ਦਿਨਾਂ ਵਿਚ ਜਿੰਨਾ ਕੁਝ ਦੇਖ ਸਕਦੇ, ਉਹਦੇ ਨਾਲ ਦਿਲ ਬਾਗੋ-ਬਾਗ ਸੀ।

*(ਸਮਾਪਤ)*

ਕਹਾਣੀ

# ਕਹਾਣੀ ਪੂਰੀ ਹੋ ਗਈ

**ਭਾਰਤ ਨੂੰ ਆਜ਼ਾਦ ਹੋਇਆਂ ਸੱਤ ਦਹਾਕੇ ਬੀਤ ਗਏ ਹਨ ਪਰ ਉਸ ਵਕਤ ਮੁਲਕ ਦੀ ਵੰਡ ਕਾਰਨ ਜਿਹੜਾ ਦਰਦ ਲੋਕਾਂ ਦੇ ਰਿਝਦੇ ਦਿਲਾਂ ਅੰਦਰ ਪੁੜਿਆ ਗਿਆ ਸੀ, ਉਸ ਦੀਆਂ ਕਨਸੋਆਂ ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿਚ ਪੈ ਰਹੀਆਂ ਹਨ। ਬੀਬੀ ਕਿਰਪਾਲ ਕੌਰ ਨੇ ਆਪਣੀ ਰਚਨਾ 'ਕਹਾਣੀ ਪੂਰੀ ਹੋ ਗਈ' ਵਿਚ ਅਜਿਹੀ ਹੀ ਇਕ ਬਜ਼ੁਰਗ ਦਾ ਦਰਦ ਬਿਆਨਿਆ ਹੈ। -ਸੰਪਾਦਕ**

ਕਿਰਪਾਲ ਕੌਰ
ਫੋਨ: 815-356-9535

ਮੁਜ਼ੱਫ਼ਰਾਬਾਦ ਦੇ ਹਜ਼ੂਰੀ ਮਹੱਲੇ ਦੀ ਛੋਟੀ ਜਿਹੀ 'ਹੀਰੇ ਦੀ ਗਲੀ' ਵਿਚ ਇਕ ਨਕਸ਼ੇ ਦੇ ਦਸ-ਬਾਰ੍ਹਾਂ ਘਰ ਆਹਮੋ-ਸਾਹਮਣੇ ਬਣੇ ਹੋਏ ਹਨ। ਦੋ-ਦੋ ਘਰ ਬਿਲਕੁਲ ਜੁੜੇ ਹੋਏ, ਦਰਵਾਜ਼ਾ ਖੋਲ੍ਹੋ ਤਾਂ ਸਾਹਮਣੇ ਪੌੜੀਆਂ ਨਜ਼ਰ ਆਉਂਦੀਆਂ ਅਤੇ ਖੱਬੇ ਹੱਥ ਕਮਰਾ। ਸੱਜੇ ਹੱਥ ਦੀ ਕੰਧ ਦੇ ਦੂਜੇ ਪਾਸੇ ਦੂਜਾ ਘਰ। ਪੌੜੀਆਂ ਦੇ ਨਾਲ ਦੂਜੇ ਘਰ ਦੀਆਂ ਪੌੜੀਆਂ। ਨਾਲੋ ਨਾਲ ਦੋਹਾਂ ਘਰ ਦੇ ਚੁਬਾਰਿਆਂ ਨੂੰ ਜਾਂਦੀਆਂ ਪੌੜੀਆਂ ਨਾਲ ਛੋਟਾ ਜਿਹਾ ਵਿਹੜਾ। ਅੱਗੇ ਦੋ ਕਮਰੇ। ਵਿਹੜੇ ਵਿਚ ਹੀ ਰਸੋਈ ਤੇ ਗੁਸਲਖਾਨੇ।

ਘਰ ਦੇ ਪੰਜ ਮੈਂਬਰ ਹਨ-ਖੁਸ਼ੀ ਮੁਹੰਮਦ ਤੇ ਉਸ ਦੀ ਪਤਨੀ ਨਜ਼ਮਾ, ਦੋ ਬੱਚੇ ਤੇ ਬੜੀ ਅੰਮਾ। ਬੜੀ ਅੰਮਾ ਤਾਂ ਗਲੀ ਦੀ ਸਾਂਝਾ ਜੀ ਹੋਈ। ਕਿਸੇ ਦੇ ਘਰ ਕੋਈ ਕੰਮ ਹੋਵੇ, ਅੰਮਾ ਨੇ ਸੰਭਾਲ ਲੈਣਾ ਤੇ ਸਾਰੀ ਗਲੀ ਦੇ ਬੱਚੇ ਵੀ ਸੰਭਾਲ ਲੈਂਦੀ। ਹੁਣ ਉਮਰ ਬਹੁਤ ਹੋ ਗਈ, ਤੁਰਿਆ ਫਿਰਿਆ ਨਹੀਂ ਜਾਂਦਾ। ਸਾਰੇ ਆ ਕੇ ਅੰਮਾ ਦਾ ਹਾਲ ਚਾਲ ਪੁੱਛਦੇ ਰਹਿੰਦੇ।

ਦੂਜੀਆਂ ਪੌੜੀਆਂ ਸੁਲਤਾਨਾ ਤੇ ਰਫੀ ਮੁਹੰਮਦ ਦੇ ਘਰ ਦੀਆਂ ਹਨ। ਸੁਲਤਾਨਾ ਤੇ ਨਜ਼ਮਾ ਦਾ ਆਪਸ ਵਿਚ ਬੜਾ ਪਿਆਰ ਹੈ। ਉਨ੍ਹਾਂ ਦੇ ਵੀ ਦੋ ਬੱਚੇ ਹਨ। ਨਜ਼ਮਾ ਤੇ ਸੁਲਤਾਨਾ ਪੌੜੀਆਂ 'ਤੇ ਬੈਠ ਕੇ ਸਵੈਟਰ ਬੁਣਦੀਆਂ, ਸਬਜ਼ੀ ਕੱਟਦੀਆਂ ਤੇ ਗੱਲਾਂ ਕਰਦੀਆਂ। ਕੌਲੀਆਂ ਵੀ ਪੌੜੀ ਉਪਰ ਦੀ ਇਕ ਦੂਜੇ ਨੂੰ ਦਿੰਦੀਆਂ।

ਅੱਜ ਨਜ਼ਮਾ ਪਹਿਲਾਂ ਵਿਹਲੀ ਹੋ ਗਈ। ਉਸ ਨੇ ਪੌੜੀ 'ਤੇ ਖਲੋ ਕੇ ਆਵਾਜ਼ ਦਿੱਤੀ, "ਸੁਲਤਾਨਾ, ਵਿਹਲੀ ਨਹੀਂ ਹੋਈ?" ਸੁਲਤਾਨਾ ਬੋਲੀ, "ਮੈਂ ਤੇ ਦੇਰ ਦੀ ਵਿਹਲੀ ਸੀ, ਤੁਹਾਡੇ ਪਾਸਿਉਂ ਮੈਨੂੰ ਕੋਈ ਬੋਲਦਾ ਨਹੀਂ ਸੁਣਿਆ। ਮੈਂ ਤੇ ਅੰਮਾ ਦਾ ਫਿਕਰ ਕਰਦੀ ਸੀ। ਠੀਕ ਹੋਵੇ। ਕੱਲ੍ਹ ਮੇਰਾ ਮੁੰਡਾ ਕਹਿੰਦਾ ਸੀ, ਅੰਮਾ ਨੂੰ ਮਦਰੱਸੇ ਦੀ ਕੰਧ ਕੋਲ ਬੈਠੇ ਦੇਖਿਆ ਸੀ।"

"ਕੀ ਦੱਸਾਂ ਤੈਨੂੰ ਮੈਂ...|" ਨਜ਼ਮਾ ਬੋਲੀ, "ਜਿਸ ਦਿਨ ਤੋਂ ਖਬਰ ਸੁਣੀ ਹੈ ਕਿ ਪਾਕਿਸਤਾਨ ਤੇ ਹਿੰਦੁਸਤਾਨ ਵਿਚਾਲੇ ਸਮਝੌਤਾ ਹੋਇਆ, ਸਾਂਝੀ ਬੱਸ ਚਲੇਗੀ, ਦੋਹਾਂ ਮੁਲਕਾਂ ਦੇ ਲੋਕ ਆਪੋ-ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆ ਜਾ ਸਕਦੇ ਹਨ, ਉਸੇ ਦਿਨ ਤੋਂ ਅੰਮਾ ਨੂੰ ਹੋਰ ਕੋਈ ਗੱਲ ਨਹੀਂ ਆਉਂਦੀ। ਬੱਸ ਅੱਜ ਵੀ ਆਪਣੇ ਸ਼ਹਿਰ ਆ ਰਹੀ ਹੈ।

"ਅੱਛਾ ਤੁਹਾਡੇ ਰਿਸ਼ਤੇਦਾਰ ਹੋਣਗੇ ਉਧਰ?" ਸੁਲਤਾਨਾ ਨੇ ਪੁਛਿਆ।

ਨਜ਼ਮਾ ਬੋਲੀ, "ਨਾ, ਸਾਡਾ ਤਾਂ ਕੋਈ ਰਿਸ਼ਤੇਦਾਰ ਨਹੀਂ ਉਧਰ।" ਅੰਮੀ ਹੀ ਉਧਰੋਂ ਆਈ ਸੀ। ਇਸ ਦੇ ਅੱਬਾ ਤੇ ਅੰਮੀ ਵੀ ਆ ਗਏ ਸੀ।"

"ਫਿਰ ਵੀ ਜਨਮ ਦੇਣ ਵਾਲੀ ਧਰਤੀ ਦੀ ਖਿੱਚ ਤੇ ਹੈ ਹੀ।" ਸੁਲਤਾਨਾ ਨੇ ਕਿਹਾ।

"ਹਾਂ, ਉਹ ਤਾਂ ਬਹੁਤ ਐ। ਆਪਣੇ ਪਿੰਡ ਦਾ ਨਾਂ ਲੈਂਦਿਆਂ ਹੀ ਅੰਮਾ ਦੇ ਮੂੰਹ 'ਤੇ ਰੌਣਕ ਆ ਜਾਂਦੀ ਤੇ ਰੰਗ ਕੇਸਰੀ ਹੋ ਜਾਂਦਾ।" ਨਜ਼ਮਾ ਨੇ ਦੱਸਿਆ।

ਸੁਲਤਾਨਾ ਭਾਵੁਕ ਹੋ ਗਈ, "ਮੈਂ ਆਪ ਪੇਕੇ ਜਾਣ ਲਈ ਮੌਕਾ ਭਾਲਦੀ ਰਹਿੰਦੀ ਹਾਂ।"

ਨਜ਼ਮਾ ਬੋਲੀ, "ਤੇਰੀ ਗੱਲ ਹੋਰ ਹੈ। ਤੇਰੇ ਭੈਣ-ਭਰਾ, ਅੰਮੀ-ਅੱਬਾ ਸਾਰੇ ਹਨ। ਸਾਡੀ ਅੰਮਾ ਨੂੰ ਆਏ ਤਾਂ ਮੁੱਦਤ ਹੋ ਗਈ। ਇਧਰ ਆ ਕੇ ਅੰਮਾ ਦਾ ਵਿਆਹ ਹੋਇਆ ਸੀ। ਹੁਣ ਉਸ ਦੇ ਪੋਤੇ ਦੇ ਬੱਚੇ ਮਿਡਲ ਸਕੂਲ ਵਿਚ ਪੜ੍ਹਦੇ ਹਨ।"

"ਸੁਣ ਨਜ਼ਮਾ! ਆਪਾਂ ਜਦੋਂ ਕਿਸੇ ਬਜ਼ੁਰਗ ਕੋਲੋਂ ਕੋਈ ਭਾਵੁਕ ਹੋਣ ਦੀ ਜਾਂ ਮਨ ਵਿਚ ਕਿਸੇ ਪਿਆਰ ਦੀ ਗੱਲ ਸੁਣਦੇ ਹਾਂ, ਸਾਨੂੰ ਲਗਦਾ ਹੈ ਕਿ ਬੁੱਢੇ ਸਰੀਰ ਦੇ ਅੰਦਰ ਭਾਵੁਕਤਾ ਜਾਂ ਕੋਮਲਤਾ ਕਿਵੇਂ ਹੋ ਸਕਦੀ ਹੈ। ਪਰ ਦਿਲ ਤਾਂ ਅੰਦਰ ਧੜਕਦਾ ਹੈ ਅਜੇ।" ਸੁਲਤਾਨਾ ਬੋਲੀ।

"ਕੀ ਪਤਾ ਕਿੰਨੀ ਪਿਆਰੀ, ਕਿੰਨੀ ਮਿੱਠੀ ਯਾਦ ਅੰਮਾ ਦੇ ਮਨ ਅੰਦਰ ਅਜੇ ਵੀ ਤਾਜ਼ਾ ਹੋਵੇ।"

ਅੰਦਰੋਂ ਅੰਮਾ ਨੇ ਆਵਾਜ਼ ਦਿੱਤੀ, "ਨਜ਼ਮਾ ਬੇਟੀ ਕਿਥੇ ਹੈਂ ਤੂੰ?" ਨਜ਼ਮਾ ਉਠ ਕੇ ਅੰਮਾ ਕੋਲ ਚਲੀ ਗਈ। ਨਜ਼ਮਾ ਬੜੀ ਅੰਮੀ ਦੀ ਸੇਵਾ ਜੀਅ-ਜਾਨ ਨਾਲ ਕਰਦੀ ਸੀ। ਅੰਦਰ ਅੰਮਾ ਦੇ ਕੋਲ ਬੈਠ ਕੇ ਬੋਲੀ, "ਕੁਝ ਚਾਹੀਦਾ ਹੈ ਤਾਂ ਦੱਸੋ?"

ਅੰਮਾ ਨੇ ਉਠਣ ਲਈ ਕਿਹਾ ਤੇ ਨਜ਼ਮਾ ਨੇ ਅੰਮਾ ਨੂੰ ਬਿਠਾ ਕੇ ਪਾਣੀ ਪਿਲਾਇਆ। ਅੰਮਾ ਹੱਸ ਕੇ ਬੋਲੀ, "ਧੀਏ, ਮੈਂ ਕਹਿੰਦੀ ਹਾਂ ਚਲ ਆਪਾਂ ਹੌਲੀ-ਹੌਲੀ ਸਟੇਡੀਅਮ ਚੱਲੀਏ। ਉਥੇ ਬੱਸ ਨੇ ਖੜ੍ਹਨਾ, ਦੇਖਾਂਗੇ ਕੌਣ-ਕੌਣ ਆਇਆ।"

"ਹਾਂ ਜ਼ਰੂਰ ਅੰਮਾ ਸਟੇਡੀਅਮ ਆਪਣੇ ਘਰ ਤੋਂ ਅੱਠ ਮੀਲ ਦੂਰ ਹੈ। ਮੇਰੀ ਅੰਮਾ ਲਈ ਦੋ-ਚਾਰ ਮਿੰਟ ਦਾ ਸਾਰਾ ਪੈਂਡਾ। ਜਿੰਨੀ ਦੇਰ ਨਜ਼ਮਾ ਦੀ ਅੰਮੀ ਨੇ ਸਟੇਡੀਅਮ ਨਹੀਂ ਪਹੁੰਚਣਾ, ਬੱਸ ਦਾ ਦਰਵਾਜ਼ਾ ਖੁੱਲ੍ਹਣਾ ਨਹੀਂ। ਅੰਮਾ ਖੁਸ਼ਆਮਦ ਕਹੇਗੀ, ਫਿਰ ਮੁਸਾਫਰ ਨਿਕਲਣਗੇ।" ਅੰਮਾ ਵੀ ਹੱਸ ਪਈ। ਮੇਰੀ ਧੀ ਅੰਮਾ ਦੀਆਂ ਇੰਜ ਦੀਆਂ ਗੱਲਾਂ ਸੁਣ ਕੇ ਵੀ ਖੁਸ਼ ਰਹਿੰਦੀ ਹੈ। "ਕੀ ਕਰਾਂ ਧੀਏ, ਮੇਰੇ ਅੰਦਰ ਜਿਵੇਂ ਧੂ ਪੈਂਦੀ ਪਈ ਹੈ।"

ਦੋਹਾਂ ਨੂੰ ਪਤਾ ਨਾ ਲੱਗਾ, ਕਦੋਂ ਖੁਸ਼ੀ ਮੁਹੰਮਦ ਆ ਗਿਆ। ਉਸ ਨੇ ਆ ਕੇ ਟੀ.ਵੀ. ਚਾਲੂ ਕਰ ਦਿੱਤਾ। ਉਸ 'ਤੇ ਸਟੇਡੀਅਮ ਦਾ ਪ੍ਰੋਗਰਾਮ ਹੀ ਚੱਲ ਰਿਹਾ ਸੀ। ਅੰਮਾ ਤੇ ਨਜ਼ਮਾ ਦੀਆਂ ਨਜ਼ਰਾਂ ਉਸ ਦੀ ਸਕਰੀਨ 'ਤੇ ਟਿਕੀਆਂ ਰਹਿ ਗਈਆਂ।

ਪਾਕਿਸਤਾਨ ਦਾ ਵਜ਼ੀਰ ਬੋਲ ਰਿਹਾ ਸੀ। ਉਸ ਨੇ ਕਿਹਾ ਕਿ ਪਾਕਿਸਤਾਨ ਕਾ ਆਵਾਮ ਔਰ ਸਰਕਾਰ ਆਪ ਸਭ ਕੋ ਅਪਨੇ ਪਿਆਰ ਸੇ ਭਰੇ ਦਿਲੋਂ ਸੇ ਖੁਸ਼ਆਮਦੀਦ ਕਹਿਤੇ ਹੈਂ। ਜੋ ਲੋਗ ਆਜ ਅਰਸੇ ਕੇ ਬਾਅਦ ਅਪਨੇ ਰਿਸ਼ਤੇਦਾਰੋਂ ਸੇ ਮਿਲ ਰਹੇ ਹੈਂ, ਉਨ ਕੀ ਖੁਸ਼ੀ ਕਾ ਅੰਦਾਜ਼ਾ ਨਹੀਂ ਹੈ। ਖੁਦਾ ਕਰੇ, ਹਮ ਆਪਸ ਮੇਂ ਐਸੇ ਹੀ ਮਿਲਤੇ ਰਹੇਂ। ਅਬ ਮੈਂ ਹਿੰਦੁਸਤਾਨ ਕੇ ਸੈਰ ਸਪਾਟਾ ਮੰਤਰੀ ਜਨਾਬ ਗੁਰਬਿੰਦਰ ਸਿੰਘ ਕੁਲਥਮ ਕੋ ਆਪ ਕੇ ਰੂ-ਬ-ਰੂ ਕਰਤਾ ਹੂੰ। ਵੋਹ ਆਪਨੀ ਸਰਕਾਰ ਕਾ ਜੋ ਪੈਗਾਮ ਲਾਏ ਹੈਂ, ਵੋਹ ਦੇਂਗੇ।"

ਅੰਮਾ ਨਾਂ ਸੁਣ ਕੇ ਮੰਜੇ ਤੋਂ ਐਨਾ ਉਛਲੀ ਕਿ ਡਿੱਗਣ ਲੱਗੀ ਸੀ। ਉਚੀ ਆਵਾਜ਼ ਵਿਚ ਬੋਲੀ, "ਖੁਸ਼ੀਆ! ਉਠ ਚਲ ਚੱਲੀਏ, ਇਹ ਤੇ ਬੀਬੀ ਜੀ ਦਾ ਬਿੰਦਰ ਹੈ। ਪੂਰੇ ਘਰ ਦਾ ਲਾਡਲਾ ਬਿੰਦਰ।"

ਫਿਰ ਅੰਮਾ ਨੇ ਆਪਣੇ ਮੰਜੇ 'ਤੇ ਬੈਠ ਲੱਤਾਂ ਲਟਕਾ ਪੈਰਾਂ ਨਾਲ ਜੁੱਤੀ ਭਾਲਦੀ ਬੋਲੀ, "ਨਜ਼ਮਾ ਤੂੰ ਭੀ ਉਠ, ਦੋਵੇਂ ਚੱਲੋ ਆਪਾਂ ਸਟੇਡੀਅਮ ਚਲੀਏ। ਆਪਣਾ ਬਿੰਦੀ ਆਇਆ ਹੈ। ਐਵੇਂ ਤਾਂ ਨਹੀਂ ਅੰਦਰ ਧੂ ਪੈਂਦੀ ਸੀ।"

ਖੁਸ਼ੀ ਮੁਹੰਮਦ ਨੇ ਬੜੀ ਅੰਮਾ ਦੇ ਮੋਢੇ 'ਤੇ ਹੱਥ ਰੱਖ ਕੇ ਉਸ ਨੂੰ ਮੰਜੇ ਤੋਂ ਉਠਣ ਤੋਂ ਰੋਕਦਿਆਂ ਕਿਹਾ, "ਅੰਮਾ ਪਹਿਲਾਂ ਦੱਸ ਬਿੰਦਰ ਹੈ ਕੌਣ?"

"ਲੈ ਵੇਖ ਨਜ਼ਮਾ, ਇਸ ਨੂੰ ਇਹ ਵੀ ਨਹੀਂ ਪਤਾ ਬਿੰਦਰ ਕੌਣ ਹੈ?"

"ਪੁੱਤਰਾ, ਜਦ ਪਾਕਿਸਤਾਨ ਬਣਿਆ, ਜਿਨ੍ਹਾਂ ਸਾਨੂੰ ਆਪਣੇ ਘਰ ਰੱਖਿਆ ਸੀ। ਨਜ਼ਮਾ ਨੂੰ ਸਾਰਾ ਪਤਾ ਹੈ।" ਅੰਮਾ ਪੈਰੀਂ ਜੁੱਤੀ ਅੜਾਉਂਦੀ ਬੋਲੀ।

ਅੰਮਾ ਨੂੰ ਸਾਹ ਚੜ੍ਹਿਆ ਹੋਇਆ ਸੀ। ਖੁਸ਼ੀਏ ਨੇ ਨਜ਼ਮਾ ਨੂੰ ਕਿਹਾ, ਅੰਮਾ ਨੂੰ ਪਾਣੀ ਪਿਲਾਵੇ। ਆਪ ਅੰਮਾ ਨੂੰ ਮੰਜੇ 'ਤੇ ਮੁੜ ਲਿਟਾ ਦਿੱਤਾ। ਨਜ਼ਮਾ ਨੇ ਪਾਣੀ ਮੂੰਹ ਨੂੰ ਲਾਇਆ, ਅੰਮਾ ਨੇ ਦੋ ਘੁੱਟ ਭਰੇ। ਅੱਖਾਂ ਬੰਦ ਕਰ ਲਈਆਂ। ਟੀ.ਵੀ. ਖੁਸ਼ੀਏ ਨੇ ਬੰਦ ਕਰ ਦਿੱਤਾ। ਪੰਜ ਮਿੰਟ ਲਈ ਕਮਰੇ ਵਿਚ ਚੁੱਪ ਛਾ ਗਈ।

ਅੰਮਾ ਨੇ ਮੁੜ ਅੱਖਾਂ ਖੋਲ੍ਹੀਆਂ ਤੇ ਫਿਰ ਉਠ ਕੇ ਬਹਿਣ ਲੱਗੀ। ਨਜ਼ਮਾ ਨੇ ਕਿਹਾ, "ਅੰਮਾ ਥੋੜ੍ਹਾ ਪੈ ਲੈਂਦੀ।" ਅੰਮਾ ਨੇ ਉਸ ਦੀ ਗੱਲ ਦਾ ਜਵਾਬ ਨਾ ਦਿੱਤਾ। ਆਪਣੀ ਗੱਲ ਸ਼ੁਰੂ ਕਰ ਲਈ।

"ਨਜ਼ਮਾ ਮੈਂ ਤੈਨੂੰ ਦੱਸਣੀ ਹੁੰਦੀ ਹਾਂ, ਜਦ ਪਾਕਿਸਤਾਨ ਬਣਿਆ, ਆਜ਼ਾਦੀ ਦੀ ਖੁਸ਼ੀ ਤਾਂ ਕਿਸੇ ਮਨਾਈ ਹੀ ਨਹੀਂ, ਨਾਲ ਹੀ ਕਤਲੋਆਮ ਸ਼ੁਰੂ ਹੋ ਗਿਆ। ਪਾਕਿਸਤਾਨ ਵੱਲ ਜੋ ਹਿੰਦੂ ਸਨ, ਉਨ੍ਹਾਂ ਨੂੰ ਉਧਰ ਦੇ ਮੁਸਲਮਾਨਾਂ ਨੇ ਮਾਰਨਾ ਸ਼ੁਰੂ ਕਰ ਦਿੱਤਾ। ਓਧਰ ਹਿੰਦੂਆਂ ਨੇ ਮੁਸਲਮਾਨਾਂ ਨੂੰ। ਘਰ-ਬਾਰ ਲੁੱਟ ਲਏ। ਲਾਸ਼ਾਂ ਦੀਆਂ ਭਰੀਆਂ ਗੱਡੀਆਂ ਦੋਵੇਂ ਪਾਸੇ ਜਾਂਦੀਆਂ। ਲਾਸ਼ਾਂ ਨੇ ਦਰਿਆ ਭਰ ਦਿੱਤੇ। ਦਰਿਆਵਾਂ ਦਾ ਪਾਣੀ ਲਾਲ ਹੋ ਗਿਆ।" ਫਿਰ ਅੰਮਾ ਚੁੱਪ ਹੋ ਗਈ। ਖੁਸ਼ੀਆ ਚੁੱਪ ਬੈਠਾ ਅੰਮਾ ਵੱਲ ਵੇਖ ਰਿਹਾ ਸੀ। ਅੰਮਾ ਦੀਆਂ ਅੱਖਾਂ 'ਚੋਂ ਹੰਝੂ ਕਿਰ ਰਹੇ ਸਨ। ਸੁਲਤਾਨਾ ਵੀ ਇਧਰ ਆ ਗਈ ਸੀ। ਸੁਲਤਾਨਾ ਤੇ ਰਜ਼ੀਆ ਵੀ ਰੋ ਰਹੀਆਂ ਸਨ। ਖੁਸ਼ੀਏ ਨੇ ਪਾਣੀ ਵਾਲਾ ਗਲਾਸ ਅੰਮਾ ਅੱਗੇ ਕੀਤਾ। ਉਸ ਦੋ ਘੁੱਟ ਭਰ ਕੇ ਗਲਾਸ ਰੱਖ ਦਿੱਤਾ।

ਥੋੜ੍ਹਾ ਸਾਹ ਲੈ ਕੇ ਅੰਮਾ ਨੇ ਫਿਰ ਕਹਾਣੀ ਸ਼ੁਰੂ ਕੀਤੀ, "ਸਾਡੇ ਪਿੰਡ 'ਚ ਢੰਡੋਰਾ ਹੋ ਗਿਆ ਕਿ ਸਾਰੇ ਮੁਸਲਮਾਨ ਸ਼ਾਮ ਤਕ ਘਰ ਖਾਲੀ ਕਰ ਕੇ ਬਹਿਰਾਮ ਕੈਂਪ ਵਿਚ ਚਲੇ ਜਾਉ। ਘਰ ਛੱਡਣੇ ਕਿਤੇ ਸੌਖੇ। ਮੈਂ ਤੇ ਪੰਜਾਂ ਛੇਆਂ ਸਾਲਾਂ ਦੀ ਸੀ। ਯਾਦ ਮੈਨੂੰ ਸਭ ਹੈ। ਮੇਰੀ ਮਾਂ ਨੇ ਕਿਹਾ, ਮੈਂ ਤੇ ਕਿਤੇ ਨਹੀਂ ਜਾਣਾ, ਜਿਸ ਮਾਰਨਾ ਮੈਨੂੰ ਮੇਰੇ ਘਰ ਦੇ ਅੰਦਰ ਮਾਰ ਦੇਵੇ। ਛੋਟਾ ਜਿਹਾ ਸਾਡਾ ਘਰ ਸੀ। ਮੇਰਾ ਅੱਬਾ ਖੱਡੀ 'ਤੇ ਕਪੜੇ ਬੁਣਦਾ ਸੀ। ਭਰਾ ਮੇਰਾ ਨਾਨਕਿਆਂ ਨਾਲ ਦਿੱਲੀ ਰਹਿੰਦਾ ਸੀ।

ਦੁਪਹਿਰ ਵੇਲੇ ਸਾਡੇ ਘਰ ਗੁਰਭਾਗ ਸਿੰਘ ਆਇਆ। ਉਸ ਅੱਬਾ ਨੂੰ ਕਿਹਾ, ਤੂੰ ਮੇਰੇ ਭਰਾ ਵਰਗਾ ਹੈਂ। ਜੇ ਮੇਰੇ 'ਤੇ ਭਰੋਸਾ ਹੋਵੇ, ਮੈਂ ਤੁਹਾਨੂੰ ਆਪਣੇ ਘਰ ਛੁਪਾ ਲੈਨਾਂ। ਜਦੋਂ ਅਮਨ-ਅਮਾਨ ਹੋਵੇਗਾ, ਫਿਰ ਸੋਚ ਲਵਾਂਗੇ, ਕੀ ਕਰਨਾ। ਅੱਬਾ-ਅੰਮੀ ਮੰਨ ਗਏ ਤੇ ਸਮਾਨ 'ਕੱਠਾ ਕਰਨਾ, ਬੰਨ੍ਹਣਾ ਸ਼ੁਰੂ ਕਰ ਦਿੱਤਾ। ਰਾਤ ਨੂੰ ਆਪ ਅਤੇ ਆਪਣੇ ਦੋ ਕਾਮਿਆਂ ਨਾਲ ਆਪਣੀ ਹਵੇਲੀ ਲੈ ਗਏ। ਹਵੇਲੀ ਦੇ ਇਕ ਪਾਸੇ ਦੋ ਕਮਰਿਆਂ ਦਾ ਘਰ ਸੀ। ਇਸ ਵਿਚ ਇਨ੍ਹਾਂ ਦੀ ਇਕ ਰਿਸ਼ਤੇਦਾਰ ਬਜ਼ੁਰਗ ਜਿਹਤੀ ਬਾਲ ਵਿਧਵਾ ਸੀ, ਇਕੱਲੀ ਰਹਿੰਦੀ ਸੀ।

ਸਾਡਾ ਸਮਾਨ ਬੀਬੀ ਨੇ ਟਿਕਾ ਕੇ ਰੱਖ ਦਿੱਤਾ। ਬਾਵਰਚੀਖਾਨਾ (ਰਸੋਈ), ਗੁਸਲ ਵੀ ਸੀ। ਉਨ੍ਹਾਂ ਜੋ ਸਾਡੇ ਕੋਲ ਨਹੀਂ ਸੀ, ਉਹ ਸਮਾਨ ਵੀ ਲਿਆ ਕੇ ਰੱਖ ਦਿੱਤਾ। ਬੀਬੀ ਨੇ ਕਿਹਾ, 'ਤੁਸੀਂ ਖਾਣਾ ਨਾ ਬਣਾਇਓ, ਮੈਂ ਭੇਜਾਂਗੀ ਤੇ ਅੰਦਰੇ ਰਹਿਣਾ।' ਸਾਡੇ ਨਾਂ ਵੀ ਉਨ੍ਹਾਂ ਬਦਲ ਦਿੱਤੇ। ਮਾਂ ਜ਼ੁਬੈਦਾ ਤੋਂ ਜੀਤੋ ਬਣ ਗਈ। ਮੈਂ ਰੁਖਸਾਨਾ ਤੋਂ ਰੂਬੀ ਤੇ ਅੱਬਾ ਰਹਿਮਾਨ ਤੋਂ ਭਗਵਾਨ। ਤਿੰਨ ਮਹੀਨੇ ਅਸੀਂ ਕਮਰਿਆਂ ਤੋਂ ਬਾਹਰ ਨਾ ਨਿਕਲੇ।

ਸਾਡੇ ਨਾਲ ਦੇ ਕੈਂਪ ਵਿਚ ਬਹਿਰਾਮ ਤਿੰਨ ਦਿਨ ਰਹੇ। ਫਿਰ ਉਨ੍ਹਾਂ ਨੂੰ ਤੋਰਿਆ ਦੁਰਾਹੇ ਵੱਲ। ਕੁਝ ਟਰੱਕਾਂ ਵਿਚ ਭਰੇ। ਦੁਰਾਹੇ ਦੇ ਨੇੜੇ ਬਹੁਤ ਬੜਾ ਕੈਂਪ ਸੀ। ਉਥੇ ਦੋ ਮਹੀਨੇ ਤੋਂ ਵੀ ਵੱਧ ਸਮਾਂ ਲੱਗਾ। ਇਸ ਸਰਦਾਰ ਨੇ ਕਮੇਟੀ ਬਣਾ ਲਈ, ਰੋਜ਼ ਲੰਗਰ ਤਿਆਰ ਕਰ ਕੈਂਪ 'ਚ ਦੇ ਕੇ ਆਉਂਦੇ। ਕੈਂਪ ਡਾਕਟਰ ਨੂੰ ਨਾਲ ਲੈ ਕੇ ਜਾਂਦੇ, ਦਵਾਈਆਂ ਦਿੰਦੇ। ਕਈ ਤਾਂ ਉਥੇ ਹੀ ਪੂਰੇ ਹੋ ਗਏ। ਉਨ੍ਹਾਂ ਨੂੰ ਦਫਨਾਉਣ ਦਾ ਕੰਮ ਵੀ ਕੀਤਾ। ਤੁਸੀਂ ਸੋਚ ਲਵੋ, ਸਾਡਾ ਕਿੰਨਾ ਖਿਆਲ ਰੱਖਦੇ ਹੋਣਗੇ।

ਮੈਨੂੰ ਤਾਂ ਬੀਬੀ ਜੀ ਨੇ ਮਦਰੱਸੇ ਦਾਖਲ ਕਰਾ ਦਿੱਤਾ। ਅੰਮੀ ਘਰ ਦਾ ਕੰਮ ਕਰਵਾਉਂਦੀ। ਅੱਬੂ ਖੇਤਾਂ ਵਿਚ ਕੰਮ ਕਰਨ ਲੱਗ ਪਿਆ। ਅਸੀਂ ਸਾਰੇ ਖੁਸ਼, ਪਰਿਵਾਰ ਵਾਂਗ ਰਹਿ ਰਹੇ ਸੀ। ਸਾਲ ਬੀਤਦੇ ਦਾ ਪਤਾ ਨਾ ਲੱਗਾ। ਮੈਂ ਪੰਜਵੀਂ ਪਾਸ ਕਰ ਲਈ। ਘਰ ਦੇ ਛੋਟੇ ਕੰਮ ਕਰਦੀ। ਬੀਬੀ ਜੀ ਨੇ ਸੂਈ ਦਾ ਕੰਮ, ਕਢਾਈ ਕਰਨੀ, ਕਪੜੇ ਪ੍ਰੈੱਸ ਕਰਨੇ ਸਿਖਾਏ। ਬੜਾ ਵੀਰ ਕਿਤੇ ਬਾਹਰ ਪੜ੍ਹਦਾ ਸੀ। ਉਹ ਤਾਂ ਛੇਤੀ ਬੜਾ ਅਫਸਰ ਬਣ ਗਿਆ, ਉਸ ਤੋਂ ਛੋਟਾ ਫਗਵਾੜੇ। ਰੋਜ਼ ਘਰ ਆਉਂਦਾ ਸੀ, ਇਹ ਛੋਟਾ ਨਾਲ ਦੇ ਪਿੰਡ ਪੜ੍ਹਦਾ ਸੀ।

ਮੇਰੀ ਅੰਮੀ ਨੂੰ ਮੇਰੇ ਵਿਆਹ ਦਾ ਫਿਕਰ ਪੈ ਗਿਆ। ਜਦ ਮੇਰਾ ਭਰਾ ਦਿੱਲੀ ਤੋਂ ਘਰ ਆਉਂਦਾ ਤਾਂ ਅੰਮਾ ਉਸ ਨੂੰ ਤਾਕੀਦ ਕਰਦੀ, ਕੋਈ ਮੁੰਡਾ ਭਾਲ ਲਵੇ। ਭਰਾ ਮੇਰਾ ਹੱਸ ਪੈਂਦਾ। ਰੰਗ ਮੇਰਾ ਸਾਫ ਸੀ। ਖਾਣ-ਪੀਣ ਨੂੰ ਦੁੱਧ ਘਿਉ ਖੁੱਲ੍ਹਾ। ਮੈਂ 11-12 ਸਾਲਾਂ ਦੀ 16-17 ਦੀ ਲੱਗਦੀ। ਚੜ੍ਹਦੀ ਉਮਰ ਦਾ ਮੇਰਾ ਕੇਸਰੀ ਰੰਗ ਮੇਰੀ ਅੰਮੀ ਨੂੰ ਚੰਗਾ ਨਾ ਲਗਦਾ। ਉਸ ਅੰਦਰ ਕੋਈ ਭੈਅ ਸੀ। ਬੀਬੀ ਜੀ ਸਮਝਦੇ ਸੀ। ਉਨ੍ਹਾਂ ਇਕ ਦਿਨ ਅੰਮੀ ਨੂੰ ਕਿਹਾ, 'ਦੇਖ ਭੈਣੇ ਜੀਤੋ! ਰੂਬੀ ਹੁਣ ਤੇਰੀ ਨਹੀਂ, ਸਾਡੇ ਘਰ ਦੀ ਇੱਜ਼ਤ ਹੈ। ਕੋਈ ਇਸ ਵੱਲ ਅੱਖ ਚੁੱਕ ਕੇ ਨਹੀਂ ਦੇਖ ਸਕਦਾ। ਜੇ ਤੂੰ ਮੇਰੇ ਕਿਸੇ ਮੁੰਡੇ ਦੀ ਅੱਖ 'ਚ ਮੈਲ ਦੇਖੀ, ਮੈਨੂੰ ਦੱਸ।'

ਮੇਰੀ ਅੰਮੀ ਨੇ ਹੱਥ ਜੋੜ ਕੇ ਕਿਹਾ, 'ਬੀਬੀ ਜੀ, ਜੇ ਮੈਂ ਇਨ੍ਹਾਂ ਪੁੱਤਾਂ 'ਤੇ ਸ਼ੱਕ ਕਰਾਂ, ਮੈਨੂੰ ਦੋਜ਼ਖ ਨਸੀਬ ਹੋਵੇ।'

'ਬਸ ਤੂੰ ਖੁਸ਼ ਰਿਹਾ ਕਰ। ਇਹ ਫਿਕਰ ਸਾਨੂੰ ਹੈ।' ਬੀਬੀ ਜੀ ਨੇ ਮੇਰੀ ਅੰਮੀ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ।

ਬਹੁਤ ਹੀ ਖੁਸ਼ੀਆਂ ਦੇ ਦਿਨ ਸੀ। ਬੜਾ ਵੀਰ ਵੱਡਾ ਅਫਸਰ ਸੀ। ਉਸ ਲਈ ਰਿਸ਼ਤੇ ਆਉਂਦੇ। ਦੂਜਾ ਵੀ ਦਿੱਲੀ ਸੀ। ਬਿੰਦੀ ਵੀ ਹੁਣ ਜਲੰਧਰ ਪੜ੍ਹਨ ਲੱਗ ਪਿਆ ਸੀ। ਉਸ ਦਿਨ ਐਤਵਾਰ ਸੀ। ਦਿੱਲੀ ਵਾਲਾ ਵੀਰ ਵੀ ਤਿੰਨ ਦਿਨਾਂ ਲਈ ਆਇਆ ਹੋਇਆ ਸੀ। ਕੋਈ 3-4 ਵਜੇ ਗੇਟ ਮੂਹਰੇ ਜੀਪ ਅਤੇ ਮਿਲਟਰੀ ਦੇ ਦੋ ਟਰੱਕ ਆ ਖੜ੍ਹੇ।

ਉਨ੍ਹਾਂ ਸਰਦਾਰ ਜੀ ਨੂੰ ਬੁਲਾਇਆ ਤੇ ਕਿਹਾ ਕਿ ਤੁਸੀਂ ਮੁਸਲਮਾਨ ਛੁਪਾ ਕੇ ਰੱਖੇ ਹੋਏ ਹਨ। ਜੀਪ ਵਿਚ ਅਫਸਰ ਸਨ। ਟਰੱਕ ਦੇਖ ਕੇ ਪਿੰਡ ਦੇ ਲੋਕ ਵੀ ਆ ਗਏ। ਜਿਸ ਸਰਦਾਰ ਦੇ ਇਸ਼ਾਰੇ 'ਤੇ ਪਿੰਡ ਬੈਠਦਾ ਖੜ੍ਹਦਾ ਸੀ, ਉਸ ਸਰਦਾਰ ਨੇ ਸਭ ਦੇ ਸਾਹਮਣੇ ਫੌਜੀਆਂ ਅੱਗੇ ਹੱਥ ਜੋੜੇ, ਉਨ੍ਹਾਂ ਇਕ ਨਾ ਮੰਨੀ। ਅੰਤ ਸਾਨੂੰ ਲੈ ਗਏ। ਸਾਰਾ ਟੱਬਰ ਰੋ ਰਿਹਾ ਸੀ, ਅਸੀਂ 'ਤੇ ਰੋਣਾ ਹੀ ਸੀ। ਅੰਮੀ ਤਾਂ ਟਰੱਕ ਵਿਚ ਬੈਠਦੀ ਬੇਹੋਸ਼ ਹੋ ਗਈ। ਰਾਹ ਵਿਚ ਫੌਜੀਆਂ ਨੇ ਅੰਮਾ ਨੂੰ ਦਵਾਈ ਲੈ ਕੇ ਦਿੱਤੀ।

ਪਤਾ ਨਹੀਂ ਕਿਥੇ ਕਿਥੇ ਅਸੀਂ ਪਾਕਿਸਤਾਨ ਵਿਚ ਆ ਰੁਲੇ। ਕਿਤੇ ਕੋਈ ਘਰ ਅਲਾਟ ਹੁੰਦਾ, ਕੁਝ ਦਿਨਾਂ ਪਿਛੋਂ ਪਤਾ ਲੱਗਦਾ ਕਿ ਇਹ ਕਿਸੇ ਹੋਰ ਨੂੰ ਅਲਾਟ ਹੋ ਚੁਕਾ ਹੈ।

ਵੱਡੇ ਵੀਰ ਦਾ ਇਕ ਦੋਸਤ ਮੁਸਲਮਾਨ ਵੀ ਪਾਕਿਸਤਾਨ ਵਿਚ ਵੱਡਾ ਅਫਸਰ ਸੀ। ਉਸ ਨੂੰ ਵੀਰ ਨੇ ਕਿਹਾ ਕਿ ਉਹ ਭਾਲ ਕਰੇ, ਅਸੀਂ ਕਿਥੇ ਹਾਂ ਤੇ ਸਾਡਾ ਚੰਗਾ ਵਸੇਬਾ ਕਰਾਵੇ। ਇਥੇ ਵੀ ਅਸੀਂ ਉਨ੍ਹਾਂ ਦੀ ਮਦਦ ਨਾਲ ਪੈਰਾਂ 'ਤੇ ਖੜ੍ਹੇ ਹੋਏ।"

ਅੰਮਾ ਦੀ ਆਵਾਜ਼ ਹੁਣ ਬਹੁਤ ਹੌਲੀ ਹੋ ਗਈ। ਨਜ਼ਮਾ ਕੋਲ ਬੈਠ ਕੇ ਬੋਲੀ, "ਮੈਨੂੰ ਸਾਰੀ ਕਹਾਣੀ ਯਾਦ ਹੈ।" ਉਹ ਅੰਮਾ ਨੂੰ ਇਸ ਤਰ੍ਹਾਂ ਥਪਥਪਾਉਣ ਲੱਗੀ, ਜਿਵੇਂ ਬੱਚੇ ਨੂੰ ਮਾਂ ਸੁਲਾ ਰਹੀ ਹੋਵੇ। ਅੰਮਾ ਹੁਣ ਬੁੜ-ਬੁੜਾ ਰਹੀ ਸੀ। ਨਜ਼ਮਾ ਲੋਰੀ ਵਾਂਗ ਬੋਲ ਰਹੀ ਸੀ, "ਫਿਰ ਅੰਮਾ ਦਾ ਵਿਆਹ ਹੋ ਗਿਆ। ਅੰਮਾ ਦੇ ਘਰ ਨਜ਼ਮਾ ਬਹੂ ਆ ਗਈ। ਪੋਤੇ ਦੇ ਬੱਚੇ ਹੋਏ। ਬੜੀ ਅੰਮਾ ਬਹੁਤ ਪਿਆਰ ਕਰਦੀ ਹੈ। ਬੱਚੇ ਬੜੀ ਅੰਮਾ ਨੂੰ ਪਿਆਰ ਕਰਦੇ ਹਨ। ਸਾਡੀ ਬੜੀ ਅੰਮਾ ਥੱਕ ਗਈ ਹੈ। ਸੌਂ ਜਾਵੇ।" ਖੁਸ਼ੀਏ ਨੇ ਨਜ਼ਮਾ ਨੂੰ ਇਸ਼ਾਰਾ ਕੀਤਾ ਕਿ ਉਹ ਚੁੱਪ ਕਰ ਜਾਵੇ, ਅੰਮਾ ਸੌਂ ਗਈ।

ਉਹ ਦੋਵੇਂ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਬਾਹਰ ਆ ਗਏ। ਅੱਧੇ ਘੰਟੇ ਬਾਅਦ ਖੁਸ਼ੀਏ ਨੇ ਹੌਲੀ ਜਿਹੇ ਦਰਵਾਜ਼ਾ ਖੋਲ੍ਹਿਆ, ਦੇਖਿਆ ਕਿ ਅੰਮਾ ਦੀ ਖੱਬੀ ਬਾਂਹ ਥੱਲੇ ਲਟਕਦੀ ਹੈ ਤੇ ਉਸ ਦਾ ਮੂੰਹ ਖੁੱਲ੍ਹਾ ਹੈ। ਉਹ ਨੇੜੇ ਹੋ ਕੇ ਬਾਂਹ ਚੁੱਕ ਕੇ ਰੱਖਣ ਲੱਗਾ, ਉਸ ਨੇ ਦੇਖਿਆ, ਅੰਮਾ ਸਾਹ ਨਹੀਂ ਲੈ ਰਹੀ। ਮੂੰਹ ਅੱਗੇ ਹੱਥ ਕੀਤਾ। ਨਹੀਂ, ਅੰਮਾ ਸਾਹ ਨਹੀਂ ਲੈ ਰਹੀ। ਉਸ ਨੇ ਨਜ਼ਮਾ ਨੂੰ ਉਚੀ ਆਵਾਜ਼ ਮਾਰੀ, "ਅੰਮੀ ਨੂੰ ਕੁਝ ਹੋ ਗਿਆ।" ਸੁਲਤਾਨਾ ਨੂੰ ਵੀ ਸੁਣ ਪਈ। ਦੋਵੇਂ ਆ ਗਈਆਂ।

ਨਜ਼ਮਾ ਨੇ ਅੰਮੀ ਨੂੰ ਹਿਲਾ ਕੇ ਉਚੀ-ਉਚੀ ਆਵਾਜ਼ਾਂ ਮਾਰੀਆਂ ਪਰ ਅੰਮਾ ਨਾ ਬੋਲੀ। ਸੁਲਤਾਨਾ ਨੇ ਅੰਮਾ ਦੀਆਂ ਅੱਖਾਂ ਅਤੇ ਮੂੰਹ ਬੰਦ ਕੀਤਾ। ਆਪਣੇ ਹੱਥ ਅੱਲ੍ਹਾ ਅੱਗੇ ਦੁਆ ਕਰਨ ਲਈ ਚੁੱਕੇ। ਦੋ ਮਿੰਟ ਮਗਰੋਂ ਨਜ਼ਮਾ ਨੂੰ ਆਪਣੇ ਗਲ ਲਾ ਕੇ ਬੋਲੀ, "ਨਜ਼ਮਾ ਭੈਣੇ, ਅੰਮਾ ਦੀ ਕਹਾਣੀ ਪੂਰੀ ਹੋ ਗਈ। ਭੌਰ ਉਡ ਗਿਆ।"

# 15 ਅਗਸਤ 1947 ਨੂੰ ਯਾਦ ਕਰਦਿਆਂ

ਦਿਲਜੋਧ ਸਿੰਘ ਵਿਸਕਾਨਸਿਨ
diljodh@yahoo.com

ਸਮਾਂ ਕੋਈ 15 ਅਗਸਤ 1947 ਦੇ ਨੇੜੇ ਤੇੜੇ ਦਾ ਸੀ। ਰੇਲ ਗੱਡੀ ਉਜੜੇ ਰਫਿਊਜੀਆਂ ਨਾਲ ਭਰੀ, ਡਰਾਉਣੀ ਰਾਤ ਨੂੰ ਸਿਆਲਕੋਟ ਰੇਲਵੇ ਸਟੇਸ਼ਨ ਤੋਂ ਡੇਰਾ ਬਾਬਾ ਨਾਨਕ ਬਾਰਡਰ ਵਲ ਹੌਲੀ ਹੌਲੀ ਚੱਲ ਪਈ। ਗੱਡੀ ਅੰਦਰ ਡਰ ਦਾ ਮਾਹੌਲ-ਲੋਕ ਸਿਮਟ ਕੇ ਬੈਠੇ ਖਾਲੀ ਖਾਲੀ ਅੱਖਾਂ ਨਾਲ ਖਿੜਕੀਆਂ ਤੋਂ ਬਾਹਰ ਝਾਕ ਰਹੇ ਸਨ। ਗੱਡੀ ਨਾਰੋਵਾਲ ਸਟੇਸ਼ਨ 'ਤੇ ਪਹੁੰਚ ਗਈ। ਗੱਡੀ ਦਾ ਖੜ੍ਹੇ ਹੋਣਾ ਮੌਤ ਨੂੰ ਦਾਵਤ ਸੀ। ਗੱਡੀ 'ਤੇ ਕਿਸੇ ਵੇਲੇ ਵੀ ਹਮਲਾ ਹੋ ਸਕਦਾ ਸੀ, ਨਤੀਜਾ ਲੁੱਟ-ਮਾਰ, ਸਭ ਦਾ ਕਤਲ ਅਤੇ ਇੱਜਤ ਦੀ ਰੱਜ ਕੇ ਬੇ-ਪਤੀ। ਗੱਡੀ ਤੋਂ ਬਾਹਰ ਕੁਝ ਫੌਜੀ ਹਥਿਆਰ ਚੁੱਕੀ ਘੁੰਮ ਰਹੇ ਸਨ। ਗੱਡੀ ਉਥੋਂ ਚੱਲਣ ਦਾ ਨਾਂ ਹੀ ਨਹੀਂ ਲੈ ਰਹੀ ਸੀ ਅਤੇ ਗੱਡੀ ਅੰਦਰ ਭੈਅ ਸਿਖਰ 'ਤੇ ਸੀ। ਕੁਝ ਲੋਕਾਂ ਨੇ ਹਿੰਮਤ ਕਰਕੇ ਡਰਾਈਵਰ ਨੂੰ ਉਥੋਂ ਚੱਲਣ ਦੀ ਬੇਨਤੀ ਕੀਤੀ, ਪਰ ਉਸ ਨੇ ਉਨ੍ਹਾਂ ਦੀ ਅਰਜ ਅਣਸੁਣੀ ਕਰ ਛੱਡੀ। ਡਰਾਈਵਰ ਮੁਸਲਮਾਨ ਸੀ। ਲੋਕਾਂ ਨੂੰ ਉਸ ਦੀ ਨਿਯਤ 'ਤੇ ਸ਼ੱਕ ਹੋਣ ਲੱਗਾ। ਅਜਿਹੇ ਮਾਹੌਲ ਵਿਚ ਉਸ ਦੀ ਨੀਅਤ 'ਤੇ ਸ਼ੱਕ ਕੁਦਰਤੀ ਸੀ।

ਅਖੀਰ ਗੱਡੀ ਉਥੋਂ ਹੌਲੀ ਹੌਲੀ ਬਾਰਡਰ ਵੱਲ ਚੱਲ ਪਈ। ਗੱਡੀ ਦੀ ਸਪੀਡ ਇੰਨੀ ਹੌਲੀ ਸੀ ਕਿ ਧਾੜਵੀ ਉਸ 'ਤੇ ਬੜੀ ਆਸਾਨੀ ਨਾਲ ਹਮਲਾ ਕਰ ਸਕਦੇ ਸਨ। ਗੱਡੀ ਵਿਚ ਬੈਠੇ ਸਭ ਦੀਆਂ ਨਜ਼ਰਾਂ ਖਿੜਕੀਆਂ ਰਾਹੀਂ ਬਾਹਰ ਹਨੇਰੇ 'ਤੇ ਪਹਿਰਾ ਦੇ ਰਹੀਆਂ ਸਨ। ਗੱਡੀ ਰਾਵੀ ਦੇ ਪੁਲ ਕੋਲ ਪਹੁੰਚ ਕੇ ਪਾਕਿਸਤਾਨ ਵਾਲੀ ਸਾਈਡ 'ਤੇ ਰੁਕ ਗਈ ਅਤੇ ਡਰਾਈਵਰ ਨੇ ਸਭ ਨੂੰ ਸੁਨੇਹਾ ਪਹੁੰਚਾ ਦਿੱਤਾ ਕਿ ਗੱਡੀ ਪੁਲ ਤੋਂ ਪਾਰ ਨਹੀਂ ਜਾਏਗੀ, ਸਭ ਇਥੇ ਉਤਰ ਜਾਓ। ਰਾਤ ਦਾ ਵੇਲਾ, ਬਾਰਸ਼ ਦੇ ਮੌਸਮ ਕਰਕੇ ਦਰਿਆ ਵਿਚ ਹੜ੍ਹ। ਬੁੱਢੇ, ਬੱਚੇ, ਔਰਤਾਂ-ਥੋੜ੍ਹਾ ਬਹੁਤ ਸਮਾਨ, ਪੁਲ ਦੀ ਬਣਤਰ ਵਿਚ ਚੌੜੀਆਂ ਚੌੜੀਆਂ ਵਿਥਾਂ, ਪੁਲ ਇਸ ਵੇਲੇ ਪਾਰ ਕਰਨਾ ਮੁਮਕਿਨ ਹੀ ਨਹੀਂ ਸੀ। ਕਾਫਲੇ 'ਤੇ ਕਿਸੇ ਵੇਲੇ ਹਮਲਾ ਹੋ ਸਕਦਾ ਸੀ। ਪੁਲ ਛੇਤੀ ਛੇਤੀ ਪਾਰ ਕਰਨਾ ਲਾਜ਼ਮੀ ਸੀ।

ਕੁਝ ਕੁ ਹਿੰਮਤੀ ਲੋਕ ਡਰਾਈਵਰ ਕੋਲ ਗਏ ਅਤੇ ਉਸ ਨੂੰ ਗੱਡੀ ਪੁਲ ਪਾਰ ਕਰਕੇ ਖੜ੍ਹੀ ਕਰਨ ਬਦਲੇ ਪੈਸੇ ਦੇਣ ਦਾ ਲਾਲਚ ਦਿੱਤਾ। ਅਖੀਰ ਡਰਾਈਵਰ ਮੰਨ ਗਿਆ। ਸਾਰੀ ਗੱਡੀ ਵਿਚੋਂ ਪੈਸੇ ਇਕੱਠੇ ਕੀਤੇ ਗਏ। ਕਿਸੇ ਨੇ ਚਵਾਨੀ ਦਿੱਤੀ, ਕਿਸੇ ਨੇ ਅਠਿਆਨੀ, ਕਿਸੇ ਨੇ ਰੁਪਿਆ-ਇੰਜ ਪੰਦਰਾਂ ਸੌ ਰੁਪਿਆ ਇਕੱਠਾ ਹੋ ਗਿਆ, ਜੋ ਡਰਾਈਵਰ ਨੂੰ ਦੇ ਦਿੱਤਾ ਅਤੇ ਉਹ ਗੱਡੀ ਪੁਲ ਤੋਂ ਪਾਰ ਲਿਜਾਣੀ ਮੰਨ ਗਿਆ। ਸਭ ਨੇ ਸੁਖ ਦਾ ਸਾਹ ਲਿਆ। ਗੱਡੀ ਪੁਲ ਤੋਂ ਪਾਰ ਆ ਕੇ ਖੜ੍ਹੀ ਹੋ ਗਈ, ਸਭ ਗੱਡੀ 'ਤੋਂ' ਉਤਰ ਗਏ ਅਤੇ ਡਰਾਈਵਰ ਗੱਡੀ ਨੂੰ ਵਾਪਿਸ ਲੈ ਗਿਆ। ਚੰਗੇ ਖਾਂਦੇ ਪੀਂਦੇ ਲੋਕ ਮੰਗਤੇ ਬਣ ਕੇ ਰਾਤ ਹਨੇਰੇ ਵਿਚ ਰੇਲਵੇ ਲਾਈਨ 'ਤੇ ਭਟਕਦੇ, ਮਾਨਸਿਕ, ਸਰੀਰਕ ਪੱਖੋਂ ਥੱਕੇ-ਟੁੱਟੇ, ਲੱਤਾਂ ਧਰੂੰਦੇ ਸ਼ਹਿਰ ਵੱਲ ਤੁਰੀ ਜਾਂਦੇ ਸਨ। ਹੜ੍ਹ ਕਾਰਨ ਲਾਈਨ ਦੇ ਦੋਵੇਂ ਪਾਸੇ ਪਾਣੀ ਹੀ ਪਾਣੀ ਹੀ ਸੀ ਅਤੇ ਗਲੀਆਂ-ਸੜੀਆਂ ਲਾਸ਼ਾਂ ਦੇ ਢੇਰ ਤੇ ਉਨ੍ਹਾਂ ਦੀ ਬਦਬੋ ਨੇ ਸਾਹ ਲੈਣਾ ਔਖਾ ਕੀਤਾ ਹੋਇਆ ਸੀ।

ਭਟਕਦੇ ਭਟਕਦੇ ਅਖੀਰ ਨਗਰ ਦੀ ਇਕ ਗਲੀ ਵਿਚ ਕਿਸੇ ਮੁਸਲਮਾਨ ਦੇ ਲੁਟੇ ਮਕਾਨ ਵਿਚ ਜਾ ਡੇਰਾ ਲਾਇਆ। ਕੱਚਾ ਮਕਾਨ, ਪਿਛਲੀ ਕੋਠੜੀ ਢੱਠੀ ਹੋਈ ਅਤੇ ਟੁੱਟੀ ਹੋਈ ਮੰਜੀ ਤੋਂ ਸਿਵਾ ਹੋਰ ਕੁਝ ਵੀ ਨਹੀਂ ਸੀ। ਵਿਹੜੇ ਦੇ ਇਕ ਪਾਸੇ ਕੱਚਾ ਚੌਂਕਾ-ਚੁੱਲ੍ਹਾ ਸੀ ਅਤੇ ਥੋੜ੍ਹੀ ਜਿਹੀ ਉਸ ਵਿਚ ਸਵਾਹ। ਪਿਤਾ ਜੀ ਗੁਰਦੁਆਰਾ ਸਾਹਿਬ ਵੱਲ ਗਏ, ਉਥੋਂ ਡੇਰਾ ਬਾਬਾ ਨਾਨਕ ਦੇ ਕਿਸੇ ਵਸਨੀਕ ਰਾਹੀਂ ਕੁਝ ਬਰਤਨਾਂ ਦਾ ਪ੍ਰਬੰਧ ਕੀਤਾ। ਰਾਸ਼ਨ ਵਿਚ ਵੰਡਿਆ ਜਾ ਰਿਹਾ ਗੁੜ, ਭੁੱਜੇ ਛੋਲੇ, ਆਟਾ, ਦਾਲ, ਲੂਣ-ਮਿਰਚ, ਚਾਹ, ਪਾਊਡਰ-ਦੁੱਧ ਇਕੱਠੇ ਕੀਤੇ ਅਤੇ ਡੇਰੇ ਆ ਕੇ ਸਭ ਤੋਂ ਪਹਿਲਾਂ ਗੁੜ ਵਾਲੀ ਚਾਹ ਬਣਾ ਕੇ ਸਭ ਨੇ ਦੋ ਤਿੰਨ ਬਰਤਨਾਂ ਵਿਚ ਵਾਰੋ ਵਾਰੀ ਪੀਤੀ। ਸਰੀਰਾਂ ਵਿਚ ਕੁਝ ਜਾਨ ਆਈ।

ਪਿਛਲਾ ਕਮਰਾ ਢੱਠਾ ਹੋਇਆ ਸੀ, ਬਾਲੇ ਅੱਗ ਬਾਲਣ ਦੇ ਕੰਮ ਆ ਗਏ। ਤਿੰਨ ਚਾਰ ਦਿਨ ਉਥੇ ਰੁਕੇ, ਫਿਰ ਉਥੋਂ ਨਿਕਲਣ ਦੀ ਸੋਚੀ ਅਤੇ ਬਸ ਰਾਹੀਂ ਅੱਗੇ ਚੱਲ ਪਏ। ਮੈਨੂੰ ਚੰਗੀ ਤਰ੍ਹਾਂ ਯਾਦ ਏ, ਬਸ ਵਿਚ ਬਿਨਾ ਕਿਰਾਇਆ ਦਿੱਤੇ ਹੀ ਸਫਰ ਕੀਤਾ ਸੀ। ਬਟਾਲੇ ਦੀ ਇਕ ਬਾਹਰੀ ਬਸਤੀ ਵਿਚ ਆ ਕੇ ਇੱਕ ਮੁਸਲਮਾਨ ਦੇ ਸਾਧਾਰਨ ਜਿਹੇ ਮਕਾਨ ਵਿਚ ਹਮੇਸ਼ਾ ਲਈ ਵਸ ਗਏ ਅਤੇ ਜ਼ਿੰਦਗੀ ਨਵੇਂ ਸਿਰਿਉਂ ਸ਼ੁਰੂ ਕੀਤੀ।

# ਫੈਸਲੇ ਦੀ ਘੜੀ

***ਕੈਂਸਰ ਅਜਿਹਾ ਭਿਆਨਕ ਰੋਗ ਹੈ ਕਿ ਇਸ ਦਾ ਨਾਂ ਸੁਣਦਿਆਂ ਹੀ ਬੰਦੇ ਦਾ ਤ੍ਰਾਹ ਨਿੱਕਲ ਜਾਂਦਾ ਹੈ। ਪ੍ਰੋ. ਲਖਬੀਰ ਸਿੰਘ ਨੇ ਜਿੰਨੇ ਦਿਲ ਜਿਗਰੇ ਨਾਲ ਇਸ ਦਾ ਮੁਕਾਬਲਾ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਅਸੀਂ ਉਨ੍ਹਾਂ ਦੀ ਇਹ ਲਿਖਤ ਕਿਸ਼ਤਾਂ ਵਿਚ ਇਸ ਆਸ ਨਾਲ ਛਾਪ ਰਹੇ ਹਾਂ ਕਿ ਸ਼ਾਇਦ ਕਿਸੇ ਨੂੰ ਅਜਿਹੀ ਮੁਸੀਬਤ ਦਾ ਸਾਹਮਣਾ ਕਰਨ ਲਈ ਹਿੰਮਤ ਬੱਝੇ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

5 ਦਸੰਬਰ 2006 ਸਵੇਰੇ 10 ਵਜੇ ਡਾ. ਏ. ਕੇ. ਵੈਦ ਦੀ ਅਗਵਾਈ ਵਿਚ ਡਾਕਟਰਾਂ ਦੀ ਟੀਮ ਮੇਰੇ ਕਮਰੇ 'ਚ ਦਾਖਲ ਹੋਈ। ਰੁਟੀਨ ਫਾਈਲ ਦੀ ਨਬਜ਼ ਟਟੋਲੀ ਤੇ ਬੋਲੇ, "ਸਾਡੇ ਵਲੋਂ ਰੋਗ ਨਿਦਾਨ ਰਿਪੋਰਟ (ਪ੍ਰੋਗਨੋਸਿਸ) ਤਿਆਰ ਹੈ।" ਮੇਰੇ ਸਹਾਇਕਾਂ ਨੇ ਕਿਹਾ, "ਦੱਸੋ ਕੀ ਰਿਪੋਰਟ ਹੈ।" ਕਹਿੰਦੇ, "ਮਰੀਜ਼ ਤੋਂ ਦੂਰ ਬਾਹਰ ਆ ਜਾਓ।" ਕਹਿੰਦੇ, "ਸਾਡੇ ਤਾਂ ਹੌਂਸਲੇ ਪਸਤ ਨੇ, ਕੁਝ ਸੁਝਦਾ ਨਹੀਂ। ਇਥੇ ਹੀ ਦੱਸ ਦਿਓ।" ਡਾਕਟਰ ਨੇ ਦੱਸਿਆ, "ਰਿਪੋਰਟ ਕੋਈ ਅੱਛੀ ਨਹੀਂ ਹੈ। ਕੈਂਸਰ ਬੋਨਮੈਰੋ ਨੂੰ ਬਹੁਤ ਨੁਕਸਾਨ ਪੁਚਾ ਚੁਕਾ ਹੈ, ਬੋਨਮੈਰੋ ਜੋ ਸਾਡੇ ਜੀਵਨ ਦਾ ਆਧਾਰ ਹੁੰਦਾ ਹੈ, ਕੈਂਸਰ ਨਾਲ ਵਿਗੜ ਚੁਕਾ ਹੈ। ਅਣਲੋੜੀਂਦੇ ਪਲਾਜ਼ਮਾ ਸੈੱਲ 42% ਹੱਦ ਤੱਕ ਬੋਨਮੈਰੋ ਵਿਚ ਜਮ੍ਹਾਂ ਹੋ ਚੁਕੇ ਹਨ। ਰੀੜ੍ਹ




**ਪ੍ਰੋ. ਲਖਬੀਰ ਸਿੰਘ**
**ਫੋਨ: 91-98148-66230**

ਦੀ ਹੱਡੀ ਨੂੰ ਪਹਿਲਾਂ ਹੀ ਲਾਗ ਲਾ ਕੇ ਦੋ ਮਣਕੇ ਤੋੜ ਚੁਕਾ ਹੈ। ਕੋਈ ਛੇ ਮਹੀਨੇ, ਸਾਲ ਦਾ ਸਮਾਂ ਹੈ। ਮਲਟੀਪਲ ਮਾਈਲੋਮਾ ਜਿਸ ਨੂੰ ਬੋਨਮੈਰੋ ਕੈਂਸਰ ਵੀ ਕਹਿੰਦੇ ਹਨ, ਤੀਜੀ ਸਟੇਜ ਤੱਕ ਪਹੁੰਚ ਚੁਕਾ ਹੈ। ਇਸ ਕੈਂਸਰ ਨੂੰ ਪਹਿਲੀ, ਦੂਜੀ ਸਟੇਜ 'ਤੇ ਕੰਟਰੋਲ ਆਸਾਨ ਹੁੰਦਾ ਹੈ ਪਰ ਤੀਜੀ ਸਟੇਜ 'ਤੇ ਇਲਾਜ ਮੁਸ਼ਕਿਲ, ਮਹਿੰਗਾ ਅਤੇ ਦਰਦਨਾਕ ਹੋਣ ਦੇ ਬਾਵਜੂਦ ਘੱਟ ਫਲਦਾਇਕ ਹੁੰਦਾ ਹੈ।"

ਡਾ. ਅਸ਼ੋਕ ਵੈਦ ਨੇ ਸਾਰੀ ਕਹਾਣੀ ਨਾਕਾਰਾਤਮਕ ਅੰਦਾਜ਼ ਵਿਚ ਦੱਸਦਿਆਂ ਜ਼ਿੰਦਗੀ ਦੇ ਹੁੰਦੇ ਬੰਦ ਦਰਵਾਜ਼ਿਆਂ ਵੱਲ ਇਸ਼ਾਰਾ ਕੀਤਾ। ਸੁਣ ਕੇ ਮੈਂ ਬੋਲੇ ਬਿਨਾ ਨਾ ਰਹਿ ਸਕਿਆ ਤੇ ਦ੍ਰਿੜਤਾ ਨਾਲ ਕਿਹਾ, "ਡਾ. ਸਾਹਿਬ ਜ਼ਰਾ ਸੰਭਲ ਕੇ ਬੋਲੋ, ਮੈਂ ਰੀੜ੍ਹ ਦੀ ਹੱਡੀ ਟੁੱਟਣ ਕਾਰਨ ਸਥਿਰ ਹੋਇਆ ਪਿਆ ਹਾਂ, ਇਕ ਵਾਰ ਉਠਣ ਦਿਓ ਪਹਿਲਾਂ ਤੁਹਾਨੂੰ ਸੰਬੋਧਨ ਕਰਾਂਗਾ, ਫਿਰ 60 ਸਾਲ ਹੋਰ ਜੀਅ ਕੇ ਦਿਖਾਵਾਂਗਾ।"

ਇੰਨੇ ਨੂੰ ਡਾ. ਤੇਜਿੰਦਰ ਕੌਰ ਕਟਾਰੀਆ ਅੱਗੇ ਵਧੇ ਅਤੇ ਕਿਹਾ ਕਿ ਮੈਂ ਇਸ ਮਰੀਜ਼ ਨੂੰ ਦੇਖਦੀ ਹਾਂ, ਰੇਡਿਓਥੈਰਪੀ ਦੇ ਮਾਧਿਅਮ ਰਾਹੀਂ। ਡਾਕਟਰ ਕਿਰਨਮ-ਕਿਰਨੀ ਕਮਰੇ 'ਚੋਂ ਬਾਹਰ ਨਿਕਲ ਗਏ ਤੇ ਡਾ. ਕਟਾਰੀਆ ਬੜੇ ਇਤਮੀਨਾਨ ਨਾਲ ਮੇਰੇ ਕੋਲ ਰੁਕ ਗਏ। ਕਹਿੰਦੇ, ਹੁਣ ਇਲਾਜ ਵਿਚ ਹੋਰ ਦੇਰੀ ਨਹੀਂ ਕਰਨੀ। ਹੁਣੇ ਵਿਕਿਰਨ2 ਰੇਡਿਓਥੈਰਪੀ ਕਰਨੀ ਪੈਣੀ ਹੈ। ਉਨ੍ਹਾਂ ਉਸ ਵੇਲੇ ਜੰਗੀ ਪੱਧਰ 'ਤੇ ਤਿਆਰੀ ਕਰਕੇ, ਸਭ ਕਾਰਵਾਈਆਂ ਪੂਰੀਆਂ ਕੀਤੀਆਂ ਤੇ ਉਸੇ ਸ਼ਾਮ ਰੇਡਿਓਥੈਰਪੀ ਦੀ ਪਹਿਲੀ ਬੰਬਾਰਮੈਂਟ ਮੇਰੇ ਮਧੋਲੇ ਸਰੀਰ 'ਤੇ ਕਰ ਦਿੱਤੀ ਅਤੇ ਇੱਕਫਰਿਕਸ਼ਨ ਦੇ ਕੇ ਇਲਾਜ ਸ਼ੁਰੂ ਹੋ ਗਿਆ। ਪਹਿਲਾਂ ਇਕ ਮਸਨੂਈ ਮਸ਼ੀਨ ਨਾਲ ਮੇਰੇ ਸਰੀਰ 'ਤੇ ਇਕ ਰੰਗਦਾਰ ਡੱਬੀ ਬਣਾ ਕੇ, ਜਿੰਨੇ ਹਿੱਸੇ ਵਿਚੋਂ ਕੈਂਸਰ ਨੂੰ ਰੇਡਿਓਥੈਰਪੀ ਨਾਲ ਸਾੜਨਾ ਸੀ, ਨਿਸ਼ਾਨ ਲਾਏ ਅਤੇ ਫਿਰ ਤਹਿਖਾਨੇ 'ਚ ਬਣੇ ਕਮਰੇ 'ਚ ਮੇਰੇ ਸਟਰੈਚਰ ਨੂੰ ਰੇਡਿਓਥੈਰਪੀ ਕੇਂਦਰ ਵਿਚ ਪਹੁੰਚਾਇਆ ਗਿਆ। ਬੜੇ ਵੱਡੇ ਹਾਲ ਦੀ ਛੱਤ ਤੱਕ ਦੈਂਤ ਵਾਂਗ ਮੂੰਹ ਅੱਡੀ ਖੜ੍ਹੀ ਮਸ਼ੀਨ ਦੇ ਪਲੇਟਫਾਰਮ ਉਤੇ ਮੈਨੂੰ ਲਿਟਾਇਆ, ਬੜੀ ਬਾਰੀਕੀ ਨਾਲ ਮੇਰੇ ਸਰੀਰ ਨੂੰ ਅੱਗੇ-ਪਿਛੇ ਖੱਬੇ-ਸੱਜੇ ਹਿਲਾ ਕੇ ਰੇਡਿਓਥੈਰਪੀ ਕੇਂਦਰ ਦੀ ਸੇਧ ਵਿਚ ਕੀਤਾ ਗਿਆ ਤੇ ਅੰਤ ਨੂੰ ਕੁਝ ਸ਼ਿਕੰਜੇ ਕੱਸ ਕੇ ਕਿ ਮੈਂ ਉਠ ਕੇ ਨਾ ਭੱਜਾਂ, ਸਾਰੇ ਵਾਰਡ ਬੁਆਇਜ਼ ਝੱਟ ਦੇਣੀ ਬਾਹਰ ਆਏ, ਜਿਵੇਂ ਕੋਈ ਬੰਬਾਂ ਦੀ ਮਾਰ 'ਚੋਂ ਬਚ ਨਿਕਲਣਾ ਚਾਹੁੰਦਾ ਹੈ। ਦਰਵਾਜੇ ਸੀਲ ਕਰ ਦਿੱਤੇ।

ਬਸ ਚੰਦ ਮਿੰਟਾਂ ਬਾਅਦ ਕਾੜ੍ਹ ਕਾੜ੍ਹ ਦਰਵਾਜੇ ਖੁੱਲ੍ਹਣ ਦੀਆਂ ਆਵਾਜਾਂ ਆਈਆਂ ਤੇ ਛੇ ਵਾਰਡ ਬੁਆਏ ਮੈਨੂੰ ਚੁੱਕਣ ਲਈ ਇੰਜ ਹਾਜ਼ਰ ਹੋਏ ਜਿਵੇਂ ਬੰਬਾਰਮੈਂਟ ਨਾਲ ਨਿਸ਼ਾਨਾ ਫੁੰਡਣ ਪਿਛੋਂ ਰਹਿੰਦ-ਖੂੰਹਦ ਚੁੱਕੀ ਜਾਂਦੀ ਹੈ। ਮੈਨੂੰ ਮੇਰੇ ਕਮਰੇ ਵਿਚ ਪਹੁੰਚਾ ਦਿੱਤਾ ਗਿਆ। ਕਿਸੇ ਨੂੰ ਬਿਜਲੀਆਂ ਲੱਗਣ ਦੀ ਗੱਲ ਅਕਸਰ ਸੁਣੀ ਸੀ ਪਰ ਅੱਜ ਤਾਂ ਮੈਨੂੰ ਹੀ ਬਿਜਲੀਆਂ ਲਾਈਆਂ ਜਾ ਰਹੀਆਂ ਹਨ, ਨਿਵੇਕਲਾ ਤਜ਼ਰਬਾ ਸੀ। ਅਕਸਰ ਰੇਡੀਏਸ਼ਨ ਤੋਂ ਬਚਣ ਬਾਰੇ ਲੈਕਚਰ ਦਿੰਦਾ ਸਾਂ ਤੇ ਅੱਜ ਲੱਖਾਂ ਰੁਪਏ ਖਰਚ ਕੇ ਆਪਣੀ ਰੇਡਿਓਥੈਰਪੀ ਕਰਾ ਰਿਹਾ ਸਾਂ। ਪਿੰਡਾਂ ਵਿਚ ਬਿਜਲੀਆਂ ਲੱਗਣ ਬਾਰੇ ਕਈ ਮਿਥਾਂ ਕਹਾਣੀਆਂ ਸੁਣਦੇ ਸਾਂ। ਇਥੇ ਰੇਡੀਓਥੈਰਪੀ ਕੇਂਦਰ ਬਾਹਰ ਇਕ ਸਹਾਇਕ ਲੜਕੀ, ਕੋਈ 25 ਕੁ ਸਾਲ ਦੀ ਹੋਏਗੀ, ਘਰੋਂ ਗਰੀਬ, ਸਿਹਤ ਦਾ ਖਿਆਲ ਨਾ ਰੱਖਣ ਕਰਕੇ ਮਸਾਂ 18 ਕੁ ਸਾਲ ਦੀ ਲੱਗਦੀ ਸੀ, ਬਾਅਦ 'ਚ ਪਤਾ ਲੱਗਾ ਕਿ ਪੰਜਾਬ ਤੋਂ ਅਤਿਵਾਦ ਪ੍ਰਭਾਵਿਤ ਪਰਿਵਾਰ ਦੀ ਬੇਸਹਾਰਾ ਹੋਈ ਲੜਕੀ ਸੀ। ਮੇਰੇ ਸਟਰੈਚਰ ਦੀ ਉਸ ਨੂੰ ਅਕਸਰ ਉਡੀਕ ਰਹਿੰਦੀ ਤੇ ਕਦੀ ਹੱਥ, ਬਾਂਹ ਸਟਰੈਚਰ ਤੋਂ ਬਾਹਰ ਹੁੰਦਾ ਤਾਂ ਫੜ੍ਹ ਕੇ ਠੀਕ ਕਰ ਦਿੰਦੀ। ਉਹ ਲੜਕੀ ਬੜੀ ਅਪਣੱਤ ਭਰੀਆਂ ਨਜ਼ਰਾਂ ਨਾਲ ਮੈਨੂੰ ਨਿਹਾਰਦੀ ਤੇ ਅਕਸਰ ਕਹਿੰਦੀ, "ਮੈਂ ਐਸਾ ਮਰੀਜ਼ ਕਦੀ ਨਹੀਂ ਦੇਖਿਆ ਜੋ ਇਲਾਜ ਵਿਚ ਇੰਨਾ ਸਹਿਯੋਗੀ ਹੋਵੇ। ਸਮਝ ਨਹੀਂ ਆਉਂਦੀ ਇੰਨੇ ਸਿਹਤਮੰਦ ਬੰਦੇ ਨੂੰ ਇੰਨਾ ਭੈੜਾ ਕੈਂਸਰ ਕਿਵੇਂ ਹੋ ਗਿਆ। ਮੈਂ



ਤੁਹਾਡੀ ਤੰਦਰੁਸਤੀ ਦੀ ਅਕਸਰ ਦੁਆ ਕਰਦੀ ਹਾਂ।"

ਇਲਾਜ ਪੂਰਾ ਹੋਣ ਉਤੇ ਮੈਂ ਉਸ ਦੀ ਕੁਝ ਇਮਦਾਦ ਕਰਨੀ ਚਾਹੀ ਲੇਕਿਨ ਉਸ ਦੀ ਅਣਖ ਨੇ ਇਸ ਨੂੰ ਗਵਾਰਾ ਨਾ ਕੀਤਾ। ਉਸ ਮਾੜਕੂ ਜਿਹੀ ਕੁੜੀ ਅੰਦਰ ਵੱਡੇ ਇਨਸਾਨ ਦਾ ਦਿਲ ਮੈਨੂੰ ਅੱਜ ਵੀ ਯਾਦ ਹੈ। ਰੱਬ ਉਸ ਦਾ ਭਲਾ ਕਰੇ। ਅਗਲੇ ਦਿਨ ਫਿਰ ਡਾਕਟਰਾਂ ਦੀ ਟੀਮ ਆਪਣੇ ਜਾਹੋ-ਜਲਾਲ ਸਮੇਤ ਮੇਰੇ ਕਮਰੇ ਵਿਚ ਦਾਖਲ ਹੋਈ। ਕਹਿੰਦੇ, ਅਮੂਮਨ ਅਸੀਂ ਇਕੋਂ ਵਕਤ ਇਕ ਹੀ ਕਿਸਮ ਦਾ ਇਲਾਜ ਕਰਦੇ ਹਾਂ ਲੇਕਿਨ ਤੁਹਾਡੀ ਹਾਲਤ ਜ਼ਿਆਦਾ ਗੰਭੀਰ ਹੁੰਦਿਆਂ ਦੇਖ ਅਸੀਂ ਰੇਡਿਓਥੈਰਪੀ ਦੇ ਨਾਲ ਨਾਲ ਕੀਮੋਥੈਰਪੀ ਵੀ ਸ਼ੁਰੂ ਕਰਨਾ ਚਾਹੁੰਦੇ ਹਾਂ, ਇਹ ਜ਼ਿਆਦਾ ਜੋਖਮ ਭਰਿਆ ਕੰਮ ਏ ਤੇ ਸਾਨੂੰ ਤੁਹਾਡੀ ਦੂਹਰੀ ਸਵੀਕ੍ਰਿਤੀ ਲੋੜੀਂਦੀ ਹੈ। ਮੈਂ ਹਾਂ ਵਿਚ ਸਿਰ ਹਿਲਾਉਂਦਿਆਂ ਕਿਹਾ ਕਿ ਤੁਸੀਂ ਹਰ ਸੰਭਵ ਇਲਾਜ ਕਰੋ। ਮੈਂ ਚੜ੍ਹਦੀ ਕਲਾ ਵਿਚ ਹੀ ਰਹਾਂਗਾ ਅਤੇ ਹਰ ਕੀਮਤ ਉਤੇ ਠੀਕ ਹੋਵਾਂਗਾ। ਲਿਹਾਜ਼ਾ ਕੁਝ ਹੋਰ ਦਵਾਈਆਂ ਮੰਗਵਾਈਆਂ ਗਈਆਂ। ਅਗਲੇ ਦਿਨ ਤੋਂ ਮੇਰੀ ਕੀਮੋਥੈਰਪੀ ਵੀ ਸ਼ੁਰੂ ਹੋ ਗਈ। ਫਿਰ ਕੀ ਸੀ, ਚੱਲ ਸੋ ਚੱਲ, ਸਰੀਰ ਅੰਦਰ ਕੈਂਸਰ ਦਾ ਫੈਲਾਓ ਤੇ ਉਸ ਨੂੰ ਰੋਕਣ ਲਈ ਜੰਗੀ ਪੱਧਰ 'ਤੇ ਉਪਚਾਰ ਅਤੇ ਉਹ ਵੀ ਇਕੋ ਵੇਲੇ ਇਕ ਤੋਂ ਵੱਧ ਇਲਾਜ਼। ਕਦੀ ਕੀਮੋਥੈਰਪੀ ਚਾਂਦਮਾਰੀ ਕਰਦੀ ਅਤੇ ਕਦੀ ਰੇਡੀਓਥੈਰਪੀ ਦਾ ਤੋਪਖਾਨਾ ਆਪਣੀ ਬੰਬਾਰੀ ਕਰਦਾ। ਇਸ ਵਾਰ ਵਿਚ ਦੁਸ਼ਮਣ ਅਤੇ ਦੋਸਤ ਦੋਹਾਂ ਦਾ ਹੀ ਨਿਸ਼ਾਨਾ ਹੁੰਦਾ।

ਕਹਿੰਦੇ ਨੇ 'ਜਬੈ ਬਾਣ ਲਾਗੈ ਤਬੈ ਰੋਸ ਜਾਗੈ।' ਮੇਰੀ ਤਬੀਅਤ ਕੁਝ ਇਸ ਤਰ੍ਹਾਂ ਹੈ ਕਿ ਵਿਰੋਧੀ ਪ੍ਰਸਥਿਤੀਆਂ ਨਾਲ ਮੇਰਾ ਬਚਪਨ ਤੋਂ ਹੀ ਚੋਲੀ-ਦਾਮਨ ਦਾ ਸਬੰਧ ਰਿਹਾ ਤੇ ਮੇਰੇ ਲਈ ਇਹੀ ਤਕੜੇ ਹੋਣ ਦਾ ਮਾਧਿਅਮ ਵੀ ਬਣਦਾ ਰਿਹਾ। ਜਦ ਕੋਈ ਵਿਰੋਧੀ ਹਾਲਾਤ ਪੈਦਾ ਹੁੰਦੇ ਤਾਂ ਨਾਕਾਰਾਤਮਕਤਾ ਦੀ ਥਾਂ ਮੈਂ ਸੁਭਾਵਕ ਹੀ ਉਸਾਰੂਪਣ ਦਾ ਪੱਲਾ ਘੁੱਟ ਕੇ ਫੜ੍ਹਿਆ ਅਤੇ ਹਰ ਸਥਿਤੀ 'ਚ ਖੁਦ ਨੂੰ ਉਸ ਵਕਤ ਇੰਨਾ ਮਜ਼ਬੂਤ ਕੀਤਾ, ਜਿੰਨਾ ਉਸ ਵਿਰੋਧੀ ਹਾਲਾਤ ਵਿਚੋਂ ਨਿਕਲਣ ਲਈ ਚਾਹੀਦਾ ਹੁੰਦਾ ਸੀ। ਜਦ ਕੋਈ ਚੁਣੌਤੀ ਆਉਂਦੀ, ਮੇਰਾ ਚਿਹਰਾ ਮੁਸਕਰਾਉਂਦਾ ਲਾਲ ਹੋ ਜਾਂਦਾ, ਜੋਸ਼ੋ-ਖਰੋਸ਼ ਦੀ ਕੋਈ ਹੱਦ ਨਾ ਰਹਿੰਦੀ, ਜਿੱਤਣ ਅਤੇ ਪਾਰ ਹੋਣ ਦੀ ਇਕੋ ਲਲਕ ਲੱਗ ਜਾਂਦੀ ਕਿ ਬਿਨਾ ਨਿਰਾਸ਼, ਉਦਾਸ ਹੋਇਆਂ, ਇਨ੍ਹਾਂ ਹਾਲਾਤ ਵਿਚੋਂ ਬਾਹਰ ਨਿਕਲਣਾ ਹੈ ਅਤੇ ਹਮੇਸ਼ਾ ਇਸ ਤਰ੍ਹਾਂ ਹੋਇਆ ਵੀ। ਅੱਜ ਤੱਕ ਐਸੀ ਕੋਈ ਵੀ ਚੁਣੌਤੀ ਨਹੀਂ, ਜਿਸ ਨੂੰ ਮੈਂ ਠੁੱਠ ਨਾ ਦਿਖਾਈ ਹੋਵੇ ਜਾਂ ਜਿਸ 'ਤੇ ਪੈਰ ਰੱਖ ਅੱਗੇ ਨਾ ਵਧਿਆ ਹੋਵਾਂ।

ਲੇਕਿਨ ਇਹ ਚੁਣੌਤੀ ਤਾਂ ਬੇਹੱਦ ਖੌਫਨਾਕ ਤੇ ਡਰਾਉਣੀ ਸੀ। ਤੇ ਖੁਦ ਨੂੰ ਮੁਖਾਤਿਬ ਹੁੰਦਿਆਂ ਮੈਂ ਕਿਹਾ ਕਿ ਮੇਰੀ ਹੋਂਦ, ਮੇਰੀ ਸਿਆਣਪ, ਮੇਰੀ ਸਿਖਿਆ, ਮੇਰੇ ਸੰਪੂਰਨ ਵਿਕਾਸ ਦਾ ਸਰਟੀਫਿਕੇਟ ਇਹ ਸਥਿਤੀ ਤਦ ਬਣੇਗੀ ਜੇ ਮੈਂ ਇਸ ਵਿਚੋਂ ਭਲੀਭਾਂਤ ਬਾਹਰ ਨਿਕਲ ਕੇ, ਸਮਾਜ ਸਾਹਮਣੇ ਆਉਂਦਾ ਹਾਂ। ਅਗਰ ਹਾਰ ਗਿਆ ਤਾਂ ਗਲਤ ਹੋਵੇਗਾ। ਮੈਂ ਅਕਸਰ ਕਹਿੰਦਾ ਸਾਂ ਕਿ ਸਾਨੂੰ ਸਵੈ ਦੇ ਸੰਪੂਰਨ ਵਿਕਾਸ ਦੀ ਲੋੜ ਹੈ। ਐਸਾ ਵਿਅਕਤੀਤਵ ਕਿ ਕੁਝ ਵੀ ਹੋ ਜਾਵੇ, ਬੰਦੇ ਦੇ ਚਿਹਰੇ ਦਾ ਜਲੌਅ ਵਧਦਾ ਹੀ ਜਾਵੇ ਤੇ ਕੋਈ ਵੀ ਹਾਲਤ ਚਿਹਰੇ ਦੀ ਮੁਸਕਰਾਹਟ ਨੂੰ ਮੱਠਾ ਨਾ ਪਾ ਸਕੇ। ਤੀਜੇ ਦਰਜੇ ਦੇ ਕੈਂਸਰ ਅਤੇ ਰੀੜ੍ਹ ਦੀ ਹੱਡੀ ਦੇ ਟੁੱਟੇ ਮਣਕਿਆਂ ਵਾਲੀ ਅਵਸਥਾ ਵਿਚੋਂ ਚੜ੍ਹਦੀ ਕਲਾ ਵਿਚ, ਹੱਸਦਿਆਂ ਬਾਹਰ ਨਿਕਲਣਾ ਅਤੇ ਆਪਣੀਆਂ ਕਹੀਆਂ ਗੱਲਾਂ 'ਤੇ ਪੂਰਾ ਉਤਰਨਾ ਵਾਕਿਆ ਹੀ ਇਕ ਬਹੁਤ ਵੱਡੀ ਚੁਣੌਤੀ ਸੀ, ਜੇ ਮੈਂ ਡੋਲ ਗਿਆ ਤਾਂ ਮੇਰਾ ਪ੍ਰਚਾਰਿਆ ਸਾਰਾ ਦਰਸ਼ਨ ਨਿਕੰਮਾ ਸਾਬਿਤ ਹੋ ਜਾਵੇਗਾ।

ਇਹ ਗੱਲ ਮੇਰੀ ਇਸ ਵਕਤ ਦੀ ਸੋਚ ਦੀ ਨਹੀਂ ਸਗੋਂ ਯੁਵਾ ਕਰਮੀ ਸੰਸਥਾ 'ਪਹਿਲ' ਦੀ ਸੀ। ਜਿਸ ਦੀ ਅੰਸ਼ਕ ਮਾਤਰ ਸੋਚ 1986 ਵਿਚ ਪਨਪਣ ਲੱਗੀ ਸੀ ਅਤੇ 1996 ਤੱਕ ਇਹ ਜੀਵਨ ਫਲਸਫਾ ਬਣ ਕੇ ਵਜੂਦ ਵਿਚ ਆ ਚੁਕੀ ਸੀ, ਜਿਸ ਦਾ ਮੂਲ ਮਨੋਰਥ ਮਾਨਵ ਦੀਆਂ ਸਾਰੀਆਂ ਸ਼ਕਤੀਆਂ ਜਿਸ ਵਿਚ ਸਿਹਤ, ਸਿੱਖਿਆ, ਵਾਤਾਵਰਣ ਅਤੇ ਵਾਣੀ ਦਾ ਸੰਯੋਗ ਆ ਜਾਂਦਾ ਹੈ, ਦੇ ਵਿਕਾਸ ਦੀ ਗੱਲ ਹੈ। ਇਸ ਘਟਨਾ ਨਾਲ ਸਹੀ ਸਾਬਿਤ ਹੋਇਆ ਕਿ ਜੇ ਬੰਦੇ ਦੀਆਂ ਚਾਰੇ ਸ਼ਕਤੀਆਂ ਸੰਗਠਿਤ ਰੂਪ 'ਚ ਵਿਕਸਿਤ ਹੋ ਜਾਣ ਤਾਂ ਉਸ ਨੂੰ ਵੱਡੀ ਤੋਂ ਵੱਡੀ ਚੁਣੌਤੀ ਡੇਗ ਨਹੀਂ ਸਕਦੀ। ਮੇਰੇ ਨਾਲ ਵਾਪਰੀ ਘਟਨਾ ਨੇ ਮੈਨੂੰ ਇਸ ਗੱਲ ਦਾ ਦਾਅਵੇਦਾਰ ਬਣਾ ਦਿੱਤਾ ਕਿ ਅਸੰਭਵ ਲਗਦੇ ਕੰਮਾਂ ਨੂੰ ਵੀ ਸੰਭਵ ਕੀਤਾ ਜਾ ਸਕਦਾ ਹੈ। ਇਹ ਗੱਲ ਵੀ ਸੋਲ੍ਹਾਂ ਆਨੇ ਸੱਚ ਹੈ ਜੇ ਵਿਅਕਤੀ ਦਾ, ਪਰਿਵਾਰ ਦਾ, ਸਮਾਜ ਦਾ, ਮੁਲਕ ਦਾ ਜਾਂ ਦੁਨੀਆਂ ਦਾ ਸਹੀ ਵਿਕਾਸ ਕਰਨਾ ਹੈ ਤਾਂ ਇਸ ਦਾ ਸਿੱਧਾ ਤੇ ਸਫਲ ਰਸਤਾ ਹੋਰ ਕੋਈ ਨਹੀਂ। ਖੈਰ ਐਸਾ ਤਾਂ ਕੋਈ ਸਵਾਲ ਹੀ ਨਹੀਂ ਸੀ ਕਿ ਮੈਂ ਇਕ ਛਿੱਕ ਆਉਣ ਨਾਲ ਰੀੜ੍ਹ ਦੀ ਹੱਡੀ ਦੇ ਚਾਣਚੱਕ ਟੁੱਟੇ ਮਣਕਿਆਂ ਨੂੰ ਦੇਖ ਖੌਫਜ਼ਦਾ ਨਾ ਹੋਇਆ ਹੁੰਦਾ, ਲੇਕਿਨ ਜਲਦੀ ਸੰਭਲ ਗਿਆ ਤੇ ਹਾਲਾਤ ਨੂੰ ਸਮਝ ਗਿਆ: ਜ਼ਿੰਦਗੀ ਦਾ ਫਲਸਫਾ ਰਗ ਰਗ 'ਚ ਹੈ, ਕਿਉਂ ਨਾ ਗਾਵਾਂ ਜ਼ਿੰਦਗੀ ਹੀ ਜ਼ਿੰਦਗੀ। ਸਵੇਰੇ ਅੱਖਾਂ ਖੋਲ੍ਹਣ ਤੋਂ ਸੌਣ ਲਈ ਅੱਖਾਂ ਭੀੜਨ ਤੱਕ ਕਹਾਂ, ਕਿਉਂਕਿ ਰੀੜ੍ਹ ਦੇ ਮਣਕੇ ਟੁੱਟੇ ਹੋਣ ਕਾਰਨ ਮੈਂ ਤਾਂ 24 ਘੰਟੇ ਇਕ ਲੱਕੜ ਦੀ ਗੇਲੀ ਵਾਂਗ ਬਿਨਾ ਹਿਲਜੁਲ ਸਿਧਾ ਰੱਖਿਆ ਹੋਇਆ ਸੀ। ਮੈਂ ਸਭ ਕਾਸੇ ਨੂੰ ਖਿੜੇ ਮੱਥੇ ਸਵੀਕਾਰ ਕੀਤਾ। ਬਾਣੀ ਕਹਿੰਦੀ ਹੈ: "ਕੇਤੀਆ ਦੁਖ ਭੁਖ ਸਦਮਾਰਿ॥ ਏਹਿ ਭਿ ਦਾਤਿ ਤੇਰੀ ਦਾਤਾਰ॥"

ਅਜਿਹੀ ਸੋਚ ਮੋਹਰੇ ਨਤਮਸਤਕ ਹੁੰਦਿਆਂ ਆਪਣੇ ਆਪ ਨੂੰ ਇਸ ਅਵਸਥਾ ਦੇ ਹਾਣ ਦਾ ਬਣਾਉਣ ਦੀ ਕੋਸ਼ਿਸ਼ ਕੀਤੀ। ਸਵੈ ਬਲ, ਮਨੋਬਲ, ਸਵੈਆਦੇਸ਼ ਨੂੰ ਇੰਨਾ ਪ੍ਰਬਲ ਕੀਤਾ ਕਿ ਜੜ੍ਹ ਵਸਤਾਂ ਨੂੰ ਵੀ ਆਦੇਸ਼ ਦੇਣ ਲੱਗਾ। ਮਸਲਨ ਇਲਾਜ ਵਧਾਉਂਦਿਆਂ ਡਾਕਟਰਾਂ ਕੁਝ ਵਾਧੂ ਦਵਾਈਆਂ ਜਿਨ੍ਹਾਂ ਦੀ ਐਮਰਜੈਂਸੀ ਲੋੜ ਪੈ ਸਕਦੀ ਸੀ, ਮੇਰੇ ਕਮਰੇ ਦੀ ਇਕ ਨੁੱਕਰੇ ਰੱਖੀਆਂ, ਮੈਂ ਉਸ ਗੱਤੇ ਦੇ ਡੱਬੇ ਨੂੰ ਆਦੇਸ਼ ਦੇਣ ਲੱਗ ਪਿਆ ਕਿ ਮੈਨੂੰ ਕਿਸੇ ਵਾਧੂ ਦਵਾਈ ਦੀ ਲੋੜ ਨਹੀਂ ਅਤੇ ਡੱਬਿਆ ਤੈਨੂੰ ਖੁੱਲ੍ਹਣ ਨਹੀਂ ਦੇਵਾਂਗਾ ਤੇ ਉਹ ਡੱਬਾ ਖੁੱਲ੍ਹਿਆ ਵੀ ਨਹੀਂ। ਦੂਸਰਾ ਜਦ ਡਾਕਟਰ ਆਉਂਦਾ ਤਾਂ ਅਕਸਰ ਕਹਿੰਦਾ ਕਿ ਇਸ ਦੇ ਸਪੰਜਿਗ ਕਰਦੇ ਰਿਹਾ ਕਰੋ, ਬੈਡ-ਸੋਰ ਨਾ ਹੋ ਜਾਣ, ਮੈਂ ਆਪਣੇ ਸਰੀਰ ਨੂੰ ਸੰਬੋਧਨ ਕਰਨ ਲੱਗਾ ਕਿ ਦੇਖੀਂ ਮੇਰੀ ਕੰਡ ਨਾ ਲਗਵਾਂ ਦੇਵੀਂ। ਸਬੱਬੀਂ ਮੇਰੇ ਸਰੀਰ ਉਤੇ ਕੋਈ ਬੈਡ-ਸੋਰ ਨਹੀਂ ਪਿਆ। ਇੰਜ ਪੂਰੇ ਦਿਨ ਦੀ ਰੁਟੀਨ ਬਣ ਗਈ, ਵੱਖ ਵੱਖ ਥਾਂਵਾਂ 'ਤੇ ਇਲਾਜ਼ ਖਾਤਿਰ ਜਾਣ ਦੀ ਵਾਰੀ ਬੱਝ ਗਈ। ਸਿਸਟਰਾਂ, ਵਾਰਡ ਬੁਆਏ, ਨਰਸਾਂ, ਡਾਕਟਰ, ਹਸਪਤਾਲ, ਦਵਾਈਆਂ ਅਤੇ ਟੀਕੇ-ਗੱਲ ਕੀ ਚੌਤਰਫੀ ਐਸਾ ਮਾਹੌਲ। ਮੇਰੇ ਪ੍ਰੋਟੀਨ ਅਸੰਤੁਲਤ ਸਨ, ਐਮ ਸਪਾਈਕ ਬੇਹੱਦ ਵਧਿਆ ਹੋਇਆ, ਹੱਡੀਆਂ ਵਿਚ ਕੈਲਸ਼ੀਅਮ ਦੀ ਕਮੀ ਅਤੇ ਖੂਨ ਵਿਚ ਕੈਲਸ਼ੀਅਮ ਜ਼ਿਆਦਾ, ਬੜੀ ਵਚਿਤਰ ਹਾਲਤ। ਕਮਰੇ ਵਿਚ ਅਸੀਂ ਦੋਵੇਂ ਜੀਅ, ਇਕ ਬਣ ਕੇ ਰਹਿੰਦੇ ਸਾਂ। ਹਰਵਿੰਦਰ ਹੀ ਮੇਰੇ ਹੱਥ-ਪੈਰ ਸੀ। ਹਰ ਦਵਾਈ, ਖਾਣੇ ਦਾ ਹਰ ਨਿਵਾਲਾ, ਲੀੜੇ-ਕਪੜੇ ਦੀ ਜ਼ਰੂਰਤ, ਸਭ ਹਰਵਿੰਦਰ ਦੇ ਕਰ ਕਮਲਾਂ ਨਾਲ ਹੀ ਨੇਪਰੇ ਚੜ੍ਹਦੀ। ਉਹ 24 ਘੰਟੇ ਆਹਰੇ ਲੱਗੀ ਰਹਿੰਦੀ। ਉਸ ਦਾ ਮਨ ਦੋ ਤਨਾਂ ਦੇ ਮਾਧਿਅਮ ਵਿਚ ਵਿਚਰ ਰਿਹਾ ਸੀ। ਮੈਂ ਤਾਂ ਪੂਰਾ ਅਟੰਕ ਸਾਂ, ਬਿਲਕੁੱਲ ਬੇਫਿਕਰ ਮਸਤ-ਮੌਲਾ। ਇਕੋ ਲਗਨ ਤੇ ਤੋਰ ਅਨੰਤ। ਮੰਜ਼ਿਲ ਇਹ ਕਿ ਕੈਂਸਰ ਨੂੰ ਇਕ ਪਾਸੇ ਕਰ, ਸੰਪੂਰਨ ਜ਼ਿੰਦਗੀ ਜੀਣੀ ਤੇ ਵੱਡੇ ਕੰਮਾਂ ਨੂੰ ਸਰਅੰਜ਼ਾਮ ਦੇਣਾ। ਮੈਂ ਕਿਤੇ ਇਕ ਦਾਰਸ਼ਨਿਕ ਕਿਸਮ ਦਾ ਲੇਖ ਪੜ੍ਹਿਆ ਸੀ, ਜਨਮ ਬਾਰੇ। ਚੁਪਾਇਆ ਦੇ ਸਾਰੇ ਬੱਚੇ ਜੰਮਦੇ ਸਾਰ ਚੰਦ ਮਿੰਟਾਂ ਵਿਚ ਸੁਤੰਤਰ ਹੋ ਕੇ ਆਪਣੀ ਮਾਂ ਦਾ ਦੁੱਧ ਆਪੇ ਪੀ ਕੇ ਵੱਡੇ ਹੋ ਸਕਦੇ ਹਨ ਲੇਕਿਨ ਇਨਸਾਨ ਐਸਾ ਚੁਪਾਇਆ ਹੈ ਜੋ ਆਪਣੇ ਬੱਚੇ ਨੂੰ ਇੰਨਾ ਸਮਾਂ ਆਪਣੀ ਕੁੱਖ ਵਿਚ ਨਹੀਂ ਰੱਖ ਸਕਦਾ। ਜੇ ਕੁਦਰਤ ਐਸਾ ਵਿਧਾਨ ਕਰੇ ਤਾਂ ਮਾਂ ਨੂੰ ਨਹੀਂ ਬਚਾਇਆ ਜਾ ਸਕਦਾ। ਇਸ ਕਾਰਜ ਲਈ ਕਰੀਬ 21 ਮਹੀਨੇ ਚਾਹੀਦੇ ਹਨ। ਇਸ ਖਾਤਿਰ ਇਕ ਕੁਦਰਤੀ ਸ਼ਰਤ ਬਣ ਗਈ ਕਿ ਨੌਂ ਮਹੀਨੇ ਦੇ ਬੱਚੇ ਨੂੰ ਜਨਮ ਦੇ ਕੇ 12 ਮਹੀਨੇ ਸੀਨੇ ਲਾ ਕੇ ਦੁੱਧ ਪਿਲਾਉਣਾ ਅਤੇ ਨਿੱਘ ਦੇਣਾ, ਫਿਰ ਕਿਤੇ ਜਾ ਕੇ ਬੱਚਾ ਕੁਝ ਇਕ ਸੁਤੰਤਰ ਕ੍ਰਿਆਵਾਂ ਦੇ ਕਾਬਿਲ ਹੁੰਦਾ ਹੈ। ਮੇਰੇ ਕੇਸ ਵਿਚ ਤਾਂ 44 ਸਾਲਾਂ ਦੇ ਬਾਲ ਨੂੰ ਜਨਮ ਦੇਣਾ ਸੀ ਤੇ ਜਨਮ ਦੇਣ ਲਈ ਅਸੀਂ ਦੋਵੇਂ ਜ਼ਿੰਮੇਦਾਰ ਸਾਂ। ਬੜੀ ਵੱਡੀ ਚੁਣੌਤੀ ਸੀ। ਅਗਰ ਸਮਾਂ ਵੰਡ ਵੀ ਲਿਆ ਜਾਵੇ ਤਾਂ 22-22 ਸਾਲ ਦੋ ਹਿੱਸਿਆਂ ਵਿਚ ਬਣਦਾ ਸੀ। ਇਹ ਇਕ ਅਣਕਿਆਸਿਆ ਕੰਮ ਸੀ। ਲੇਕਿਨ ਅਸੀਂ ਦੋਵੇਂ ਕਾਮਯਾਬ ਹੋਏ। ਇੰਨੇ ਵੱਡੇ ਬਾਲ ਦਾ ਜਨਮ ਹੋਇਆ। ਜਨਮ ਪੀੜਾ ਤਾਂ ਅਜੇ ਵੀ ਮੁਕੀਆਂ ਨਹੀਂ ਨਿਰੰਤਰ ਹੱਡ-ਕੜਕਾਊ ਢੰਗ ਨਾਲ ਚੱਲ ਹੀ ਰਹੀਆਂ ਹਨ। ਜਦੋਂ ਜਲੰਧਰੋਂ ਦਿੱਲੀ ਗਏ ਸਾਂ ਤਾਂ ਰਸਤੇ ਵਿਚ ਐਂਬੂਲੈਂਸ ਦਾ ਸਾਇਰਨ ਵੱਜਦਾ ਰਿਹਾ। ਕੰਨ ਸਾਇਰਨ ਸੁਣਨ ਦੇ ਆਦੀ ਹੋ ਗਏ। ਜਦ ਵੀ ਕੋਈ ਹੂਟਰ ਵੱਜਦਾ ਤਾਂ ਮੈਨੂੰ ਐਂਬੂਲੈਂਸ ਹੀ ਲੱਗੇ। ਮੇਰੇ ਕਮਰੇ ਵਾਲੇ ਪਾਸੇ ਮਿੰਟ ਮਿੰਟ 'ਤੇ ਸਾਇਰਨ ਵਜਦਾ, ਮੈਂ ਮਨ ਹੀ ਮਨ ਸੋਚਦਾ ਕਿ ਸਮਾਜ ਦੀ ਇੰਨੀ ਭਿਆਨਕ ਹਾਲਤ ਬਣ ਚੁਕੀ ਹੈ ਕਿ ਕੈਂਸਰ ਹਸਪਤਾਲ ਵਿਚ ਮਿੰਟ ਮਿੰਟ ਬਾਅਦ ਐਂਬੂਲੈਂਸ ਆਉਂਦੀ ਹੈ। ਬਾਅਦ 'ਚ ਪਤਾ ਲੱਗਾ ਕਿ ਇਹ ਸਾਇਰਨ ਤਾਂ ਨਾਲ ਲੱਗਦੇ ਮੈਟਰੋ ਸਟੇਸ਼ਨ ਤੋਂ ਮੈਟਰੋ ਦਾ ਸੁਣਾਈ ਦਿੰਦਾ ਹੈ ਜੋ ਪਤਾ ਨਾ ਹੋਣ ਕਰਕੇ ਮੈਨੂੰ ਐਂਬੂਲੈਂਸ ਦਾ ਸਾਇਰਨ ਲੱਗ ਰਿਹਾ ਸੀ। ਪਿਛਲੇ ਸਾਲਾਂ ਵਿਚ ਕਿਸੇ ਨਾ ਕਿਸੇ ਕੈਂਸਰ ਮਰੀਜ਼ ਦੇ ਬਹਾਨੇ ਮੈਂ ਕੈਂਸਰ ਬਾਰੇ ਕਾਫੀ ਪੜ੍ਹ ਚੁਕਾ ਸਾਂ। ਮੈਂ ਇਹ ਜਾਣ ਚੁਕਾ ਸਾਂ ਕਿ ਜ਼ਿਆਦਾਤਰ ਕੈਂਸਰ ਲਾਇਲਾਜ, ਘਾਤਕ ਅਤੇ ਮਾਰੂ ਹਨ, ਪਰ ਕੈਂਸਰ ਦਾ ਇਲਾਜ ਵੀ ਕੈਂਸਰ ਤੋਂ ਘੱਟ ਮਾਰੂ ਨਹੀਂ।

ਮੈਂ ਅਕਸਰ ਕਹਿੰਦਾ ਹਾਂ ਕਿ ਜਦ ਤੱਕ ਕਿਸੇ ਅੰਦਰ ਕੈਂਸਰ ਹੈ ਤਾਂ ਸਰੀਰ ਅੰਦਰ ਮਾਰਨ ਵਾਲਾ ਇਕ ਹੈ ਤੇ ਉਹ ਹੈ ਕੈਂਸਰ ਜੋ ਹੌਲੀ ਹੌਲੀ ਮਾਰਦਾ ਹੈ ਪ੍ਰੰਤੂ ਜਦੋਂ ਇਲਾਜ ਸ਼ੁਰੂ ਹੁੰਦਾ ਹੈ ਤਾਂ ਮਾਰਨ ਵਾਲਿਆਂ ਦੀ ਗਿਣਤੀ ਦੋ ਹੋ ਜਾਂਦੀ ਹੈ। ਇਨ੍ਹਾਂ ਦੋਹਾਂ ਵਿਚ ਫਸੀ ਨਿਮਾਣੀ ਜਿੰਦ, ਕੈਂਸਰ ਸਾਹਮਣੇ ਕੁਝ ਵੀ ਨਹੀਂ। ਮੇਰੇ ਅੰਦਰ ਇਕ ਮਾਰੂ ਕੈਂਸਰ, ਦੂਜੀ ਰੇਡਿਓਥੈਰਪੀ, ਤੀਜੀ ਕੀਮੋਥੈਰਪੀ ਅਤੇ ਇਸ ਤਿੱਕੜੀ ਵਿਚ ਫਸੀ ਮੇਰੀ ਨਿਮਾਣੀ ਜਿੰਦ। ਹਰ ਕਿਸੇ ਨੂੰ ਕਹਿਣਾ ਕਿ ਮੈਂ ਚੜ੍ਹਦੀ ਕਲਾ 'ਚ ਹਾਂ।

ਜਿਸ ਦਿਨ ਇਲਾਜ ਦਾ ਅੰਤਿਮ ਫੈਸਲਾ ਹੋ ਗਿਆ ਤਾਂ ਪਿਛਲੇ 6 ਦਿਨਾਂ ਤੋਂ ਮੇਰੇ ਨਾਲ ਰਾਤਾਂ ਜਾਗਦਿਆਂ ਆਪਣੇ ਦੋਸਤ ਡਾ. ਅਸ਼ਵਨੀ ਸ਼ਰਮਾ ਨੂੰ ਕਿਹਾ ਕਿ ਤੁਹਾਡੀ ਬਦੋਲਤ ਇਲਾਜ਼ ਸ਼ੁਰੂ ਹੋ ਗਿਆ ਹੈ, ਹੁਣ ਤੁਸੀਂ ਵਾਪਿਸ ਜਲੰਧਰ ਜਾ ਸਕਦੇ ਹੋ। ਡਾ. ਅਸ਼ਵਨੀ ਸ਼ਰਮਾ 6 ਦਿਨ ਦਿੱਲੀ ਮੇਰੇ ਆਸ-ਪਾਸ, ਇਧਰ-ਉਧਰ ਡਾਕਟਰਾਂ ਨਾਲ ਗੱਲਬਾਤ ਕਰਦਿਆਂ ਕੱਟ ਕੇ ਵਾਪਸ ਜਲੰਧਰ ਪਹੁੰਚੇ। ਜਦ ਅਗਲੇ ਦਿਨ ਸਵੇਰੇ ਡੀ. ਏ. ਵੀ. ਕਾਲਜ ਪਹੁੰਚੇ ਤਾਂ ਹਰ ਕਿਸੇ ਨੇ ਉਨ੍ਹਾਂ ਕੋਲੋਂ ਮੇਰਾ ਹਾਲ-ਚਾਲ ਪੁੱਛਣਾ। ਮੇਰੇ ਕੁਲੀਗ ਪ੍ਰੋਫੈਸਰਾਂ ਨੇ ਇਕੱਲੇ-ਦੁਕੱਲੇ ਹਾਲ ਚਾਲ ਪੁੱਛਿਆ ਤੇ ਹੇਠਲੇ ਕਰਮਚਾਰੀ ਅਫਸੋਸਜ਼ਦਾ ਹਾਲਤ 'ਚ ਉਨ੍ਹਾਂ ਕੋਲ ਇਕੱਠੇ ਹੋ ਕੇ ਪੁੱਛਣ ਲੱਗੇ ਤਾਂ ਡਾਕਟਰ ਸਾਹਿਬ ਨੇ ਕਿਹਾ ਕਿ ਹਾਲ ਕੀ ਦੱਸਾਂ! ਬੱਸ ਵਾਹਿਗੁਰੂ ਕੋਲ ਅਰਦਾਸ ਕਰੋ।

ਅੱਗੋਂ ਸਾਰੇ ਇਕੋ ਸੁਰ ਵਿਚ ਕਹਿਣ ਲੱਗੇ, "ਅਸੀਂ ਕਿਹੜੇ ਰੱਬ ਕੋਲ ਫਰਿਆਦ ਕਰੀਏ। ਅਸੀਂ ਔਖੇ-ਸੌਖੇ ਵੇਲੇ ਆਪਣਾ ਹਰ ਕੰਮ, ਆਪਣੀ ਹਰ ਸਮੱਸਿਆ ਲੈ ਕੇ ਤਾਂ ਉਸ ਕੋਲ ਹੀ ਜਾਂਦੇ ਸਾਂ, ਜੋ ਹੁਣ ਖੁਦ ਜ਼ਿੰਦਗੀ-ਮੌਤ ਦੀ ਲੜਾਈ ਲੜ ਰਿਹਾ ਹੈ।"

ਮੇਰਾ ਇਲਾਜ਼ ਇਕ ਕਵਾਇਦ ਵਿਚ ਬੱਝ ਗਿਆ। ਸਵੇਰ ਤੋਂ ਸ਼ਾਮ ਤੱਕ ਸਿਸਟਰਾਂ, ਡਾਕਟਰ, ਵਾਰਡ ਬੁਆਏਜ਼। ਚੁੱਕਣਾ, ਸਟਰੈਚਰ ਉਤੇ ਪਾਉਣਾ, ਰੇਡੀਓਥੈਰਪੀ ਦੀ ਦੈਂਤਨੁਮਾ ਮਸ਼ੀਨ 'ਤੇ ਲਿਟਾਉਣਾ ਤੇ ਫਿਰ ਵਾਪਿਸ ਕਮਰੇ ਵਿਚ। ਥੈਲਿਕਸ ਮੁਖ ਕੀਮੋਥੈਰਪੀ ਦੇ ਕੈਪਸੂਲ, ਡੈਕਮੈਕ ਸਟੀਰਾਇਡ ਗੋਲੀਆਂ ਤੇ ਹੋਰ ਕਈ ਕਿਸਮ ਦੇ ਟੀਕੇ ਤੇ ਦਵਾਈਆਂ। ਇੰਨੀਆਂ ਦਵਾਈਆਂ ਤੇ ਹੋਰ ਸਭ ਕਾਸੇ ਦੇ ਨਾਲ 3 ਤੋਂ 5 ਲੀਟਰ ਪਾਣੀ-ਪੀਣਾ, ਤਿੰਨ ਵਕਤ ਦੀ ਰੋਟੀ, ਦੋ ਵਕਤ ਫਲ, ਜੂਸ, ਨਾਰੀਅਲ ਪਾਣੀ। ਬਸ ਸਭ ਕੁਝ 180 ਡਿਗਰੀ ਤੇ ਲੇਟਿਆਂ, ਖਾਣਾ ਪੀਣਾ ਅਤੇ ਪਚਾਉਣਾ। ਸੁਆਦ, ਭੁੱਖ, ਮਨ, ਦਿਲ ਕਿਸੇ ਗੱਲ ਦਾ ਕੋਈ ਸਵਾਲ ਨਹੀਂ, ਕੋਈ ਪੁੱਛ ਨਹੀਂ। ਮੇਰਾ ਕਮਰਾ ਤੀਸਰੀ ਮੰਜ਼ਿਲ 'ਤੇ ਸੀ ਅਤੇ ਬਿਸਤਰ ਦਾ ਚੜ੍ਹਦੇ ਵੱਲ ਮੂੰਹ ਸੀ, ਸਾਹਮਣੇ ਇਕ ਖਿੜਕੀ ਤੇ ਖਿੜਕੀ ਦੇ ਥੱਲੇ ਕੱਪ-ਬੋਰਡ ਬਣੀ ਹੋਈ, ਜੋ ਸਾਡੀ ਰਸੋਈ-ਕਮ-ਸਟੋਰ-ਕਮ-ਤਹਿਖਾਨਾ ਸੀ। ਖਿੜਕੀ ਵਿਚੋਂ ਸਵੇਰੇ ਸਵੇਰੇ ਹਰ ਰੋਜ਼ ਹਸਪਤਾਲ ਵਿਚ ਮੇਰੇ ਕਮਰੇ ਨੂੰ ਸੂਰਜ ਆਣ ਮੈਨੂੰ ਤਰੋਤਾਜ਼ਾ ਕਰ ਦਿੰਦਾ ਸੀ। ਸੂਰਜ ਨਾਲ ਜਿਵੇਂ ਮੇਰਾ ਜਮਾਂਦਰੂ ਯਰਾਨਾ ਸੀ। ਮੈਂ ਸੋਚਦਾ ਜੇ ਕੈਂਸਰ ਦੀਆਂ ਫੌਜਾਂ ਭਾਰੀਆਂ ਨੇ ਤਾਂ ਮੇਰੇ ਕੋਲ ਵੀ ਸੂਰਜੀ ਸ਼ਕਤੀ ਦਾ ਬ੍ਰਹਮ ਅਸਤਰ ਹੈ। ਅੰਤ ਨੂੰ ਜਿੱਤ ਤਾਂ ਮੇਰੀ ਹੀ ਹੋਣੀ ਹੈ।

***(ਚਲਦਾ)***

***ਬਸ ਚੰਦ ਮਿੰਟਾਂ ਬਾਅਦ ਕਾੜ੍ਹ ਕਾੜ੍ਹ ਦਰਵਾਜੇ ਖੁੱਲ੍ਹਣ ਦੀਆਂ ਆਵਾਜਾਂ ਆਈਆਂ ਤੇ ਛੇ ਵਾਰਡ ਬੁਆਏ ਮੈਨੂੰ ਚੁੱਕਣ ਲਈ ਇੰਜ ਹਾਜ਼ਰ ਹੋਏ ਜਿਵੇਂ ਬੰਬਾਰਮੈਂਟ ਨਾਲ ਨਿਸ਼ਾਨਾ ਫੁੰਡਣ ਪਿਛੋਂ ਰਹਿੰਦ-ਖੂੰਹਦ ਚੁੱਕੀ ਜਾਂਦੀ ਹੈ। ਮੈਨੂੰ ਮੇਰੇ ਕਮਰੇ ਵਿਚ ਪਹੁੰਚਾ ਦਿੱਤਾ ਗਿਆ। ਕਿਸੇ ਨੂੰ ਬਿਜਲੀਆਂ ਲੱਗਣ ਦੀ ਗੱਲ ਅਕਸਰ ਸੁਣੀ ਸੀ ਪਰ ਅੱਜ ਤਾਂ ਮੈਨੂੰ ਹੀ ਬਿਜਲੀਆਂ ਲਾਈਆਂ ਜਾ ਰਹੀਆਂ ਹਨ, ਨਿਵੇਕਲਾ ਤਜ਼ਰਬਾ ਸੀ। ਅਕਸਰ ਰੇਡੀਏਸ਼ਨ ਤੋਂ ਬਚਣ ਬਾਰੇ ਲੈਕਚਰ ਦਿੰਦਾ ਸਾਂ ਤੇ ਅੱਜ ਲੱਖਾਂ ਰੁਪਏ ਖਰਚ ਕੇ ਆਪਣੀ ਰੇਡਿਓਥੈਰਪੀ ਕਰਾ ਰਿਹਾ ਸਾਂ। ਪਿੰਡਾਂ ਵਿਚ ਬਿਜਲੀਆਂ ਲੱਗਣ ਬਾਰੇ ਕਈ ਮਿਥਾਂ ਕਹਾਣੀਆਂ ਸੁਣਦੇ ਸਾਂ।***

# ਨਿੱਘ ਦਾ ਨੂਰ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਅੱਥਰੂਆਂ ਯਾਨਿ ਹੰਝੂਆਂ ਦੀ ਤਾਸੀਰ ਬਿਆਨੀ ਸੀ, "ਅੱਥਰੂ, ਖਾਰਾ ਪਾਣੀ, ਅੱਖਾਂ ਨੂੰ ਧੋਂਦਾ, ਨੈਣ-ਜੂਹ ਵਿਚ ਤਰਲਤਾ ਧਰਦਾ ਅਤੇ ਇਸ ਵਿਚੋਂ ਮੂਕ ਨਕਸ਼ਾਂ ਦੀ ਨਿਸ਼ਾਨਦੇਹੀ ਕਰਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਨਿੱਘ ਦੀ ਗੱਲ ਕਰਦਿਆਂ ਜਿੱਥੇ ਕੁਦਰਤ ਦੇ ਨਿੱਘ ਦੀ ਗੱਲ ਕੀਤੀ ਹੈ, ਉਥੇ ਮਾਨਵੀ ਨਿੱਘ ਦਾ ਖੁਲਾਸਾ ਵੀ ਕੀਤਾ ਹੈ। ਉਹ ਕਹਿੰਦੇ ਹਨ, "ਨਿੱਘ ਦੀ ਅਣਹੋਂਦ ਕਾਰਨ, ਝੀਲਾਂ ਬਰਫ ਹੋ ਜਾਂਦੀਆਂ ਅਤੇ ਦਰਿਆਵਾਂ ਦੇ ਪਾਣੀ ਜੰਮ ਕੇ, ਇਕ ਖੜੋਤ ਵਗਦੇ ਪਾਣੀਆਂ ਦੇ ਨਾਮ ਕਰਦੇ। ਮੌਸਮ ਬਦਲਦੇ, ਬਰਫ ਪਿਘਲ ਕੇ ਪਾਣੀਆਂ ਦੀ ਤਰਲਤਾ ਪਰਤਾਉਂਦੀ।...ਮਾਂ ਦੀ ਗੋਦ ਦੇ ਨਿੱਘ ਨਾਲ ਪਸੀਜੀ ਮਮਤਾ ਅਤੇ ਬਚਪਨ, ਇਕ ਨੂਰਾਨੀ ਦ੍ਰਿਸ਼, ਜੋ ਅੰਤਰੀਵ ਨੂੰ ਸ਼ਰਸ਼ਾਰ ਕਰਦਾ। ਬਾਪ ਦੇ ਨਿੱਘ ਵਿਚ ਪੋਹ-ਮਾਘ ਦੀਆਂ ਠਰੀਆਂ ਰਾਤਾਂ ਤੇ ਰਾਹਾਂ, ਨਿੱਕੇ ਨਿੱਕੇ ਪੈਰਾਂ ਲਈ ਰਾਹ-ਰਮਤਾ ਬਣਦੀਆਂ ਅਤੇ ਉਗਦੇ ਸੂਰਜ, ਬੱਚਿਆਂ ਦੇ ਮਸਤਕ ਵਿਚ ਅੰਗੜਾਈਆਂ ਲੈਂਦੇ।" -ਸੰਪਾਦਕ***

# ਨਿਆਮਤਾਂ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਨਿੱਘ, ਤਪਸ਼-ਤਮੰਨਾ, ਕੋਸੇਪਣ ਦਾ ਅਹਿਸਾਸ, ਗਰਮੀ ਦੀ ਉਗਮਦੀ ਸਰਘੀ, ਸੂਰਜ ਦਾ ਉਦੈ ਹੋਣਾ ਅਤੇ ਧਰਤ ਵਿਹੜੇ ਕਿਰਨਾਂ ਦੀ ਸੂਹੀ ਬਾਰਸ਼। ਨਿੱਘ ਦੀਆਂ ਕਣੀਆਂ, ਕੋਸੇ ਪਲਾਂ ਦਾ ਰੁਮਕਣਾ ਅਤੇ ਇਸ ਨਾਲ ਯੱਖ ਪਲਾਂ ਦੀ ਤਲੀ 'ਤੇ ਕੋਸੀਆਂ-ਕੋਸੀਆਂ ਕੁਤਕੁਤਾਰੀਆਂ।

ਨਿੱਘ, ਨਵੀਆਂ ਧਰਾਤਲਾਂ ਦਾ ਧੁਰਾ, ਨਵੀ ਸਿਰਜਣਾ ਦਾ ਸੁਹਜ ਅਤੇ ਨਵੀਆਂ ਕਿਰਤ-ਕਾਮਨਾਵਾਂ ਵਿਚ ਉਗਦੀ ਕੀਰਤੀ।

ਨਿੱਘ ਦੀ ਨਰਮੀ, ਕੋਮਲ ਹਿਰਦਿਆਂ ਦੀ ਰੂਹ, ਮਾਸੂਮ ਚਿਹਰਿਆਂ ਦੀ ਚੰਗੇਰ, ਸੱਚੀਆਂ ਸੋਚਾਂ ਦੀ ਸੰਵੇਦਨਾ ਅਤੇ ਸੁੱਚੇ ਸੁਪਨਿਆਂ ਪ੍ਰਤੀ ਸਮਰਪਣ। ਨਿੱਘ ਦਾ ਨਿਉਂਦਾ, ਸੂੰਨ ਹੋਏ ਬੋੜੇ ਦਰਾਂ ਲਈ ਦਸਤਕ, ਘਰ ਦੀ ਖਾਮੋਸ਼ ਫਿਜ਼ਾ 'ਚ ਗੱਲਬਾਤ ਦੀ ਗੂੰਜ, ਜਿਸ ਦਾ ਨਿੱਘ ਘਰ ਦੀਆਂ ਕੰਧਾਂ ਲਈ ਧੜਕਣ।

ਨਿੱਘ ਦਾ ਨਗਮਾ ਜਦ ਤਾਲੇ ਲੱਗੇ ਹੋਠਾਂ ਦੀ ਜੂਹ 'ਚ ਪੈਰ ਪਾਉਂਦਾ ਤਾਂ ਬੋਲਾਂ ਦੀ ਤਾਜ਼ਗੀ ਅਤੇ ਤਾਸੀਰ, ਜਿਉਣ ਦਾ ਵੱਲ ਬਣਦੀ ਅਤੇ ਕੁੰਗੜੇ ਚਾਵਾਂ ਦੇ ਨਾਮ ਹੁੰਦੀ ਮੌਲਣ ਦੀ ਵੱਤਰ।

ਨਿੱਘ ਦੀ ਨਗਰੀ 'ਚ ਰੀਝਾਂ ਦਾ ਰੁਮਕਣਾ, ਮੋਹਵੰਤੇ ਪਲਾਂ ਦਾ ਪਲੋਸਣਾ ਅਤੇ ਸੁੰਨੀਆਂ ਸੱਧਰਾਂ ਦੀ ਕੁੱਖ ਵਿਚ ਆਸ-ਬੀਜ ਦਾ ਪੁੰਗਰਨਾ, ਇਕ ਸੁੱਚਾ ਕਰਮ। ਨਿੱਘ ਦੇ ਪਲਾਂ ਵਿਚ ਨੀਂਦ ਨੂੰ ਮਿਲਦਾ ਬਹਿਸ਼ਤੀ ਰੁਤਬਾ, ਸੁਪਨਿਆਂ ਦੀ ਸੈਰ ਅਤੇ ਸੰਦਲੀ ਸਾਥ ਦੀ ਸਰਬ-ਅੰਗਤਾ।

ਨਿੱਘ ਦੀ ਨਦੀ ਵਿਚ ਪਿਆਰ ਦੀਆਂ ਲਹਿਰਾਂ, ਅਪਣੱਤ ਦੀਆਂ ਅਰਦਾਸਾਂ, ਸਬੰਧਾਂ ਦੀ ਸੁਗੰਧ ਅਤੇ ਚਿਰ-ਸਦੀਵੀ ਸਬੰਧ ਸਾਜ਼ਗਾਰਤਾ ਦੀ ਰਹਿਤਲ ਬਣਦੇ।

ਨਿੱਘ ਦੇ ਨੈਣਾਂ 'ਚ ਸੂਹੇ ਪਲਾਂ ਦੀ ਲਿਸ਼ਕ, ਤਰੋ-ਤਾਜਗੀ ਦੀ ਤਮੰਨਾ ਅਤੇ ਮਨ-ਰੂਹ ਵਿਚ ਪੈਦਾ ਹੋਈਆਂ ਤਰੰਗਾਂ ਜੋ ਦਿਲ-ਬੀਹੀ ਵਿਚ ਸੰਗੀਤਕ-ਸੁਰ ਬਿਖੇਰਦੀਆਂ।

ਨਿੱਘ ਦੀ ਨਹਿਰ ਵਿਚ ਮਨ ਦੀਆਂ ਮੱਛੀਆਂ ਤਾਰੀਆਂ ਲਾਉਂਦੀਆਂ, ਪਾਣੀ ਦੀ ਪਾਕੀਜ਼ਗੀ ਕਰਮ-ਧਰਾਤਲ 'ਚ ਰਿਸਦੀ ਅਤੇ ਪਾਣੀ ਦੀ ਤਰਲਤਾ, ਕਰਮ-ਸ਼ੀਲਤਾ ਦੀ ਕਰਮ-ਸਾਧਨਾ ਬਣਦੀ।

ਨਿੱਘ, ਬਹੁ-ਪਰਤੀ, ਬਹੁ-ਅਰਥੀ ਅਤੇ ਬਹੁ-ਭਾਂਤੀ ਸਰੋਕਾਰਾਂ, ਸੰਵੇਦਨਾ, ਸੰਭਾਵਨਾ ਅਤੇ ਸਮਰਥਾ ਨਾਲ ਸਮੇਂ ਦੀ ਬੀਹੀ ਦਸਤਕ ਦਿੰਦਾ। ਇਸ ਨੂੰ ਕਿਹੜੇ ਰੰਗ, ਰੂਪ ਅਤੇ ਰਮਤਾ ਵਿਚ ਸਮਾਉਣਾ, ਮਨਾਉਣਾ ਅਤੇ ਅੰਤਰੀਵ ਵਿਚ ਉਤਾਰਨਾ, ਇਹ ਨਿੱਜ 'ਤੇ ਨਿਰਭਰ।

ਨਿੱਘ-ਨੀਤੀ ਇਕਸਾਰ, ਹਰੇਕ ਲਈ ਸਾਵਾਂ ਵਰਤਾਅ। ਹਰੇਕ ਲਈ ਖੁਲ੍ਹਦੇ ਦਰਵਾਜੇ ਅਤੇ ਆਉਣ ਦਾ ਚਾਅ। ਵਿਤਕਰੇ ਤੋਂ ਨਿਰਲੇਪ ਅਤੇ ਬੁੱਕਾਂ ਭਰ ਭਰ ਵੰਡਣ ਦਾ ਕਾਰਜ। ਤੁਸੀਂ ਕਿੰਨਾ ਕੁ ਨਿੱਘ ਲੈਂਦੇ ਅਤੇ ਇਸ 'ਚੋਂ ਖੁਦ ਨੂੰ ਕਿਵੇਂ ਪਰਿਭਾਸ਼ਤ ਕਰਦੇ ਹੋ, ਇਹ ਸਵੈ ਦਾ ਮਸਲਾ।

ਨਿੱਘ ਦਾ ਨੂਰ ਜਦ ਕਿਸੇ ਮੁਖੜੇ ਦੀ ਆਭਾ ਬਣਦਾ ਤਾਂ ਇਕ ਸੰਧੂਰੀ ਪਰਤ ਚੌਗਿਰਦੇ ਨੂੰ ਲਰਜਾਉਂਦੀ ਅਤੇ 'ਵਾ ਦੇ ਨਾਮ ਰੰਗ ਰੱਤੜਾ ਨਗਮਾ ਗਾਉਂਦੀ। ਇਹ ਨੂਰ ਹੀ ਹੁੰਦਾ ਜੋ ਬਣਦਾ ਜ਼ਿੰਦਗੀ ਲਈ ਜਿਉਣ ਦਾ ਸ਼ਗਨ ਅਤੇ ਸਾਹਾਂ ਦਾ ਜਸ਼ਨ। ਇਨ੍ਹਾਂ ਜਸ਼ਨਾਂ ਵਿਚ ਸਮੁੱਚਤਾ ਅਤੇ ਸ਼ਮੂਲੀਅਤ, ਵਿਰਲਿਆਂ ਦਾ ਨਸੀਬ ਅਤੇ ਸਾਹ-ਸੰਦੜਾ ਅਦੀਬ।

ਨਿੱਘ ਦੀ ਨਿਰਮਾਣਤਾ ਵਿਚ ਨੂਰਾਨੀ ਰਮਜ਼ਾਂ, ਯੁੱਗ ਜਿਉਣ-ਰਹੱਸ, ਸਮੇਂ-ਸਰਦਲ 'ਤੇ ਸਿਰ ਟਿਕਾਉਂਦਾ ਸੱਚ ਅਤੇ ਇਸ ਸੱਚ ਵਿਚੋਂ ਉਗਮਦਾ ਹਰੇਕ ਦਾ ਜਿਉਂਦਾ ਸੱਚ।

ਨਿੱਘ ਦੀ ਨਜ਼ਰੇ-ਇਨਾਇਤ ਵਿਚ ਪ੍ਰਵਾਨ ਚੜ੍ਹੀ ਸੋਚ, ਸਮਿਆਂ ਦਾ ਸੁਹੰਢਣਾ ਵਰਕਾ ਜਿਸ ਦੀ ਸਾਰਥਕਤਾ ਸਮਾਂ-ਸੀਮਾ ਤੋਂ ਪਾਰ। ਨਿੱਘ ਦੀਆਂ ਬਰਕਤਾਂ ਹੀ ਜੀਵਨ-ਮੁੱਲਾਂ ਲਈ ਨਵੀਆਂ ਤਰਜ਼ੀਹਾਂ ਤੇ ਤਸ਼ਬੀਹਾਂ।

ਨਿੱਘ ਦੀ ਨਿਆਮਤ ਨਾਲ ਵਰੋਸਾਈ ਸਮੁੱਚੀ ਕਾਇਨਾਤ। ਇਸ ਦੀਆਂ ਦੇਣਦਾਰੀਆਂ 'ਚ ਵਿਕਸਦੀ ਅਤੇ ਵਿਉਂਤਦੀ। ਇਸ ਵਿਚੋਂ ਹੀ ਵਾਤਾਵਰਣੀ ਵੰਨਗੀਆਂ ਅਤੇ ਵਿਵਹਾਰਾਂ ਦੀ ਵਿਸ਼ਾਲਤਾ ਅਤੇ ਵਿਲੱਖਣਤਾ।

ਨਿੱਘ ਦੇ ਨਿਹੋਰੇ, ਆਪਣਿਆਂ ਦਾ ਆਪਣਿਆਂ 'ਤੇ ਰੋਸਾ, ਆਪਣਿਆਂ ਦਾ ਆਪਣਿਆਂ ਤੋਂ ਖੁਸਿਆ ਦਾਈਆ ਅਤੇ ਆਪਣਿਆਂ ਵਿਚਲੀ ਅਪਣੱਤ ਨੂੰ ਨਿਹਾਰਨਾ ਦਾ ਵਿਰਵਾਪਣ।

ਨਿੱਘ ਅਤੇ ਗਰਮੀ ਵਿਚ ਬਹੁਤ ਸੂਖਮ ਤੇ ਸੁਚੇਤ ਅੰਤਰ। ਇਨ੍ਹਾਂ ਵਿਚਲੇ ਫਰਕ ਨੂੰ ਸਮਝ ਕੇ ਹੀ ਇਨ੍ਹਾਂ ਦਾ ਨਿਖੇੜਾ ਅਤੇ ਪੈਦਾ ਹੋਏ ਬਿਖੇੜੇ ਨੂੰ ਸਮਝ ਅਤੇ ਸੁਲਝਾ ਸਕਦੇ। ਗਰਮੀ ਕਈ ਵਾਰ ਝੁਲਸਦੀ, ਸਾੜਦੀ ਅਤੇ ਕਈ ਵਾਰ ਸਵਾਹ ਕਰਦੀ। ਪਿਆਸ ਨਾਲ ਬੇਹਾਲ ਅਤੇ ਸਾਹਾਂ ਵਿਚ ਉਗਦਾ ਭੁਚਾਲ। ਪਰ ਨਿੱਘ, ਪਲੋਸਦਾ, ਸਹਿਲਾਉਂਦਾ, ਕੋਮਲਤਾ ਦੀਆਂ ਕਰੂੰਬਲਾ ਉਗਾਉਂਦਾ, ਸੁਹਜ ਦੀ ਟਾਹਣੀ 'ਤੇ ਲਾਉਂਦਾ, ਸੁੱਚੇ ਭਾਵਾਂ ਦੀਆਂ ਫੁੱਲ ਪੱਤੀਆਂ ਬਣਾਉਂਦਾ, ਹੁਲਾਸ ਦੀ ਰੰਗਲੀ



ਮਹਿਕ ਦੀ ਜਾਗ ਲਾਉਂਦਾ ਅਤੇ ਜੀਵਨ-ਖੇੜੇ ਦੀ ਰੰਗ-ਭਾਗ, ਜਿੰਦ-ਬਗੀਚੀ ਦੇ ਨਾਮ ਲਾਉਂਦਾ। ਨਿੱਘ ਜੀਵਾਂਦਾ, ਹਸਾਂਦਾ ਅਤੇ ਫੁੱਲਝੜੀਆਂ ਜਿਹੀ ਰੁੱਤ, ਚਮਨ ਦੀ ਸੁੰਨਤਾ ਅਤੇ ਬੈਗਾਨਗੀ ਦੇ ਨਾਮ ਲਾਉਂਦਾ।

ਨਿੱਘ ਦੇ ਅੰਬਰ ਵਿਚ ਉਚੀ ਪਰਵਾਜ਼। ਦੂਰ-ਦਿਸਹੱਦਿਆਂ ਤੀਕ ਪਹੁੰਚਣ ਦਾ ਵਿਸ਼ਵਾਸ ਅਤੇ ਸਭ ਕੁਝ ਹਾਸਲ ਕਰਨ ਦੀ ਅਰਾਧਨਾ ਤੇ ਅਰਦਾਸ।

ਨਿੱਘ ਦੀ ਹੋਂਦ, ਰਿਸ਼ਤਿਆਂ ਨੂੰ ਸਥਿਰਤਾ ਤੇ ਪਕਿਆਈ, ਕੱਚਘੜਤਾ ਨੂੰ ਠੋਸਤਾ ਅਤੇ ਯੱਖ ਸਬੰਧਾਂ ਵਿਚ ਕੋਸੇ-ਕੋਸੇ ਸਾਹਾਂ ਦਾ ਆਵਾਗੌਣ ਅਤੇ ਪੁਰ-ਖਲੂਸ 'ਚੋਂ ਉਪਜਿਆ ਜੱਗਭੌਣ।

ਨਿੱਘ, ਜ਼ੁਬਾਨ ਦੀ ਤਰਜ਼ੀਹ ਬਣਦਾ ਤਾਂ ਬੋਲਾਂ ਵਿਚ ਨਿੱਘ ਦਾ ਤਰੌਂਕਾ ਬਣ, ਪਾਣੀ ਦੀ ਭੱਜੀ ਹੋਈ ਠਰਨ ਵਰਗਾ ਅਹਿਸਾਸ ਪੈਦਾ ਕਰਦਾ। ਇਹ ਅਹਿਸਾਸ ਹੀ ਕੁਦਰਤ ਨੂੰ ਜਿਉਂਦਾ ਰੱਖਣ ਦਾ ਸਾਧਨ ਤੇ ਸਬੱਬ।

ਨਿੱਘ ਦੀ ਅਣਹੋਂਦ ਕਾਰਨ, ਝੀਲਾਂ ਬਰਫ ਹੋ ਜਾਂਦੀਆਂ ਅਤੇ ਦਰਿਆਵਾਂ ਦੇ ਪਾਣੀ ਜੰਮ ਕੇ, ਇਕ ਖੜੋਤ ਵਗਦੇ ਪਾਣੀਆਂ ਦੇ ਨਾਮ ਕਰਦੇ। ਮੌਸਮ ਬਦਲਦੇ, ਬਰਫ ਪਿਘਲ ਕੇ ਪਾਣੀਆਂ ਦੀ ਤਰਲਤਾ ਪਰਤਾਉਂਦੀ। ਪਰਤ ਆਉਂਦੀ ਪਾਣੀਆਂ ਦੀ ਰਵਾਨਗੀ, ਤੋਰ ਵਿਚਲੀ ਮੜਕ ਅਤੇ ਕਲ-ਕਲ ਕਰਦੀ ਨਿੱਘ ਦੀ ਸ਼ੁਕਗੁਜਾਰੀ।

ਨਿੱਘ ਦੇ ਜ਼ਜਬੇ ਵਿਚ ਪਿਘਲ ਜਾਂਦਾ ਮਨੁੱਖ ਦਾ ਹਰ ਸਰੂਪ। ਭਾਵੇਂ ਉਹ ਮਾਂ-ਬਾਪ, ਭਰਾ-ਭੈਣ, ਬੱਚੇ ਜਾਂ ਜੀਵਨ ਸਾਥੀ ਹੋਵੇ। ਬਸ਼ਰਤੇ ਨਿੱਘ ਦਾ ਸੁੱਚਮ, ਰੂਹ-ਬੀਹੀ ਦੀ ਪਰਿਕਰਮਾ ਵਿਚੋਂ ਉਗਿਆ ਹੋਵੇ। ਮਾਂ ਦੀ ਗੋਦ ਦੇ ਨਿੱਘ ਨਾਲ ਪਸੀਜੀ ਮਮਤਾ ਅਤੇ ਬਚਪਨ, ਇਕ ਨੂਰਾਨੀ ਦ੍ਰਿਸ਼, ਜੋ ਅੰਤਰੀਵ ਨੂੰ ਸ਼ਰਸ਼ਾਰ ਕਰਦਾ। ਬਾਪ ਦੇ ਨਿੱਘ ਵਿਚ ਪੋਹ-ਮਾਘ ਦੀਆਂ ਠਰੀਆਂ ਰਾਤਾਂ ਤੇ ਰਾਹਾਂ, ਨਿੱਕੇ ਨਿੱਕੇ ਪੈਰਾਂ ਲਈ ਰਾਹ-ਰਮਤਾ ਬਣਦੀਆਂ ਅਤੇ ਉਗਦੇ ਸੂਰਜ, ਬੱਚਿਆਂ ਦੇ ਮਸਤਕ ਵਿਚ ਅੰਗੜਾਈਆਂ ਲੈਂਦੇ।

ਜੀਵਨ ਸਾਥੀ ਦੇ ਨਿੱਘ ਵਿਚ ਪਿਘਲ ਜਾਂਦਾ ਬੰਦਾ ਸਾਰੇ ਦਾ ਸਾਰਾ। ਉਸ ਦੇ ਉਚੜੇ ਚਾਵਾਂ ਨੂੰ ਮਿਲਦਾ ਸਹਿਲ-ਹੁਲਾਰਾ। ਮਧੋਲੀਆਂ ਰੀਝਾਂ ਨੂੰ ਸਾਹ-ਸਹਾਰਾ ਅਤੇ ਸੁਪਨ-ਉਡਾਰੀ ਦੇ ਨਾਮ ਹੁੰਦਾ ਅੰਬਰ ਸਾਰੇ ਦਾ ਸਾਰਾ। ਉਸ ਦੀ ਮੱਸਿਆ-ਰਾਤ ਵਿਚ ਕਿਰਮਚੀ ਕਿਰਨਾਂ ਦੀ ਲੋਅ ਅਤੇ ਬੁੱਸੇ ਸਾਹਾਂ ਵਿਚ ਭਿੰਨੀ ਭਿੰਨੀ ਖੁਸ਼ਬੋ। ਰਿਸ਼ਮਾਂ ਵਿਚ ਸਮੋਈ ਸਹਿੰਦੀ ਸਹਿੰਦੀ ਤਪਸ਼, ਸੀਨੇ 'ਚ ਧੜਕਦੀ। ਇਸ ਨਾਲ ਸਦੀਵਤਾ ਦਾ ਖਿਣ, ਸਾਹ-ਸਰਘੀ ਬਣਦਾ। ਦੁਸ਼ਵਾਰੀਆਂ ਦੇ ਮਾਰਿਆਂ ਲਈ ਵੀਰ ਦੀ ਨਿੱਘੀ ਗਲਵੱਕੜੀ, ਅਲੋਕਾਰੀ ਜਲੌਅ।

ਨਿੱਘ, ਬਦਲਦੇ ਮੌਸਮਾਂ ਦਾ ਮਿਜ਼ਾਜ। ਵਾਤਾਵਰਣੀ ਤਬਦੀਲੀਆਂ ਦਾ ਰਾਜ਼ ਅਤੇ ਕੁਦਰਤ ਦੇ ਹਰ ਰੰਗ ਦਾ ਅੰਦਾਜ਼। ਨਿੱਘ ਦੀ ਗੈਰ-ਹਾਜਰੀ ਕਾਰਨ ਪੱਤਝੜ, ਵੈਰਾਨਗੀ ਅਤੇ ਉਦਾਸੀਨਤਾ ਦਾ ਪੈਗਾਮ ਬਣ, ਕੁਦਰਤ ਨੂੰ ਬੇਅਰਾਮ ਕਰਦੀ, ਜੀਵ-ਜੰਤੂਆਂ 'ਤੇ ਕਿਆਮਤ ਆਉਂਦੀ। ਬਰਫੀਲੇ ਤੇ ਸਰਦ ਮੌਸਮਾਂ ਦੀ ਮਾਰ ਹੇਠ ਆਏ ਬਿਰਖਾਂ ਦੇ ਪਿੰਡਿਆਂ ਨੂੰ ਬਿਖਮਤਾ ਦੀ ਬਿਪਤਾ ਅਤੇ ਆਲ੍ਹਣਿਆਂ ਲਈ ਆਫਤ ਦਾ ਆਗਮਨ। ਮੌਸਮ ਬਦਲਦਾ ਤਾਂ ਨਿੱਘ, ਪੁੰਗਾਰੇ ਲੈ ਕੇ ਕੁਦਰਤ ਦੇ ਆਂਗਣ ਵਿਚ ਆਵਾਜ਼ ਲਾਉਂਦਾ। ਬਿਰਖਾਂ ਨੂੰ ਹਰਿਆਵਲਾ ਕੱਜਣ, ਫੁੱਲਾਂ ਅਤੇ ਫਲਾਂ ਦੀ ਪਿਉਂਦ, ਪੰਛੀਆਂ ਅਤੇ ਪਰਿੰਦਿਆਂ ਨੂੰ ਵਿਗਸਣ ਦੀ ਵਿਹਲ। ਚਾਰ-ਚੁਫੇਰੇ ਮੌਲਦੀ ਕੁਦਰਤ ਅਤੇ ਇਸ ਦੀ ਅਸੀਮਤਾ ਵਿਚੋਂ ਕਰਾਮਤੀ ਵਰਤਾਰੇ ਦਾ ਕਿਆਸ, ਨਿੱਘ ਦੀ ਕਰਤਾਰੀ ਕ੍ਰਿਆ।

ਨਿੱਘ ਦੀ ਤਾਸੀਰ ਅਤੇ ਤਰਬੀਅਤ, ਅਲੋਕਾਰੀ, ਅਜੀਬ ਅਤੇ ਅਗੰਮੀ। ਇਸ ਨੂੰ ਸਮਝਣ, ਸਮਾਉਣ ਅਤੇ ਸੰਤੋਖਣ ਵਿਚੋਂ ਜਦ ਅਸੀਂ ਮਾਨਵੀ ਮੁੱਲਾਂ ਅਤੇ ਮਨੁੱਖੀ ਕ੍ਰਿਆਤਮਕਤਾ ਨੂੰ ਕਰਮਸ਼ੀਲ ਕਰਦੇ ਤਾਂ ਨਿੱਘ ਦੇ ਸੁੱਚੇ ਸਰੋਕਾਰ, ਸਮਾਜ ਦੇ ਨਾਵੇਂ ਨਵੀਂ ਸਾਰਥਕਤਾ ਕਰਦੇ।

ਨਿੱਘ ਨਿਮਾਣਾ, ਨਿੱਘ ਰਿਝਾਣਾ। ਨਿੱਘ ਦੀ ਜੂਹੇ ਸਭ ਨੇ ਜਾਣਾ। ਨਿੱਘ ਦਾ ਚੋਲਾ ਪਿੰਡੇ ਪਾਣਾ। ਨਿੱਘ ਦੀ ਕਾਤਰ ਮੱਥੇ ਟਿਕਾਣਾ ਅਤੇ ਨਿੱਘ ਵਿਚੋਂ ਖੁਦ ਦਾ ਭੇਤ ਪਾਣਾ। ਨਿੱਘ ਦੀ ਰੂਹ ਵਿਚ ਨਿੱਘ ਦਾ ਹਾਸਾ, ਨਿੱਘ ਦੀ ਜੂਹੇ ਨਿੱਘ ਦਾ ਵਾਸਾ, ਨਿੱਘ-ਸਰੋਤੀਂ ਨਾ ਹੋਏ ਚੌਮਾਸਾ ਅਤੇ ਇਸ ਦੀ ਸੰਗਤਾ ਖੁਸ਼ੀ ਦਾ ਖਾਸਾ।

ਨਿੱਘ-ਸਰੋਤ, ਸਮਿਆਂ ਦੇ ਹਰ ਪਲ ਵਿਚ ਸੰਘਰਸ਼ਸ਼ੀਲ। ਇਸ ਸੰਘਰਸ਼ ਵਿਚੋਂ ਹੀ ਜੀਵਨ ਦੀਆਂ ਅਣਦੱਸੀਆਂ ਅਣਦੇਖੀਆਂ ਅਤੇ ਅਣਮੱਲੀਆਂ ਥਾਂਵਾਂ ਦਾ ਨਾਮਕਰਨ ਹੁੰਦਾ।

ਨਿੱਘ ਲੋਚਦੇ ਸੱਜਣਾਂ, ਸਬੰਧੀਆਂ, ਸਹਿਯੋਗੀਆਂ ਅਤੇ ਸਹਿਕਰਮੀਆਂ ਦੀ ਝੋਲੀ 'ਚ ਕੋਸੇ ਜਿਹੇ ਪਲ ਧਰਨਾ, ਤਿੜਕਣ ਦੇ ਨਾਮ ਜੁੜਨ ਦਾ ਕਰਮ ਹੋਵੇਗਾ।

ਨਿੱਘ ਹਰਫਾਂ ਵਿਚ ਸਿੰਮਦਾ ਤਾਂ ਵਰਕਿਆਂ ਤੇ ਸੁਚੀਆਂ ਤਰਜ਼ੀਹਾਂ ਦੀ ਕਲਾ-ਨਿਕਾਸ਼ੀ, ਅਰਥਾਂ ਵਿਚ ਸੁਲਘਦੀ ਵਰਣਮਾਲਾ। ਸੁਲਘਦੇ ਅਰਥਾਂ ਦੇ ਮੱਥਿਆਂ ਵਿਚ ਚਿਰਾਗ ਜਗਦੇ ਜੋ ਨੇਤਰਹੀਣ ਲਈ ਰੌਸ਼ਨੀ, ਬੇਸਮਝਾਂ ਲਈ ਸੂਝ-ਸਮਝ ਅਤੇ ਸੁਪਨਹੀਣਾਂ ਲਈ ਸੁਪਨਸਾਜ਼ੀ ਦਾ ਸਾਧਨ ਬਣ, ਸਮਿਆਂ ਦੀ ਸਾਖੀ ਵਿਚ ਅਜਿਹੇ ਅਧਿਆਏ ਜੋੜਦੇ ਜੋ ਭਵਿੱਖ ਤੇ ਵਰਤਮਾਨ ਲਈ ਇਲਹਾਮ ਬਣਦੇ।

ਨਿੱਘ ਜਦ ਕਿਸੇ ਕਲਮ ਜਾਂ ਬੁਰਸ਼ ਵਿਚੋਂ ਕਿਰਦਾ ਤਾਂ ਅਜ਼ੀਮ ਕਿਰਤਾਂ ਕਾਗਜ਼ ਦੇ ਪਿੰਡੇ 'ਤੇ ਉਲੀਕੀਆਂ ਜਾਂਦੀਆਂ। ਹਰਫਾਂ ਦੀ ਇਬਾਦਤ ਅਵਚੇਤ ਸੁਨੇਹਾ ਦੇ ਜਾਂਦੀ ਜੋ ਸੋਚਾਂ ਵਿਚ ਸੰਘਰਸ਼ ਅਤੇ ਕਰਮਹੀਣਾਂ ਲਈ ਕਰਮਾਂ ਸੰਦੜਾਂ ਸੰਗੀਤ ਬਣਦੀ।

ਨਿੱਘ ਤੇ ਚਾਨਣ ਦਾ ਕਰੀਬੀ ਰਿਸ਼ਤਾ। ਦੋਵੇਂ ਸੰਗ-ਸਾਥ। ਇਕ ਦੂਜੇ ਦੀ ਰਾਹਤ ਅਤੇ ਚਾਹਤ। ਨਿੱਘ ਤੋਂ ਬਗੈਰ ਚਾਨਣ ਬੇਅਰਥਾ ਅਤੇ ਚਾਨਣ ਤੋਂ ਬਗੈਰ ਨਿੱਘ ਦੀ ਨਹੀਂ ਹੋਂਦ। ਨਿੱਘ ਵਿਚੋਂ ਚਾਨਣ ਲੈ ਕੇ, ਚਾਨਣ ਚਾਨਣ ਹੋਣ ਵਾਲੇ, ਸਮਿਆਂ ਲਈ ਚਾਨਣ ਦਾ ਸੰਧਾਰਾ ਜਿਸ ਦੀ ਗੰਢ ਵਿਚ ਹੁੰਦਾ ਬਿਮਾਰ ਸਮਿਆਂ ਨੂੰ ਅਰੋਗ ਕਰਨ ਦਾ ਵਰਤਾਰਾ। ਚਾਨਣ ਹੀ ਰਾਤ ਨੂੰ ਦਿਨ 'ਚ ਬਦਲਦਾ। ਨਿੱਘ, ਬਰਫ ਦੀ ਅੱਗ ਬਣ, ਸੀਤ ਅਤੇ ਸ਼ਾਂਤ ਸਮੁੰਦਰਾਂ ਨੂੰ ਸੰਗੀਤ-ਬੱਧ ਕਰਦੇ। ਚਾਨਣ ਵਿਚ ਪਰਛਾਵੇਂ ਬਣਦੇ ਜਦ ਕਿ ਨਿੱਘ ਵਿਚ ਨੇੜਤਾ ਨੂੰ ਨਿਮੰਤਰਣ।

ਨਿੱਘ ਲਈ ਨੇੜਤਾ ਦਾ ਅਹਿਸਾਸ, ਸਿਰਫ ਨਿੱਘ ਤੱਕ ਹੀ ਸੀਮਤ ਨਹੀਂ। ਇਸ ਦੇ ਵਸੀਹ ਵਰਤਾਰਿਆਂ ਅਤੇ ਵਿਹਾਰਾਂ ਵਿਚ ਵਿਕਸਤ ਹੁੰਦੇ ਵਗਦੀ ਪੌਣ ਦੀ ਪਵਿੱਤਰਤਾ ਵਰਗੇ ਪਲ ਜੋ ਬਣਦੇ ਬੀਤ ਰਿਹਾ ਅੱਜ, ਲੰਘ ਗਿਆ ਕੱਲ ਅਤੇ ਆਉਣ ਵਾਲਾ ਕੱਲ। ਸਦੀਵਤਾ ਅਤੇ ਸਥਿਰਤਾ ਦੀ ਸੁਯੋਗਤਾ ਵਿਚੋਂ ਪੈਦਾ ਹੋਏ ਸਬੰਧ ਸਮਰਪਣ ਹੁੰਦੇ।

ਨਿੱਘ, ਨਵਿਆਂ ਅਤੇ ਨੇੜਲਿਆਂ ਲਈ ਕੋਲ-ਕੋਲ ਬਹਿਣ ਦਾ ਸਬੱਬ। ਲੋਹੜੀ ਸੇਕਦੇ ਪਲਾਂ ਨੂੰ ਮਨ-ਚਿੱਤਰਪਟ 'ਤੇ ਚਿਤਰਨਾ, ਨਿੱਘ, ਨਿੱਘ-ਸੰਗਤਾ ਅਤੇ ਉਸ 'ਚੋਂ ਪ੍ਰਵਾਨ ਚੜ੍ਹੀ ਨਿੱਘ-ਨੇੜਤਾ ਦਾ ਅਹਿਸਾਸ ਸਦਾ ਚਿਰੰਜੀਵ। ਧੂਣੀ ਸੇਕਦਿਆਂ, ਨਿੱਘੀਆਂ ਨਿੱਘੀਆਂ ਗੱਲਾਂ ਨਿੱਘ ਨੂੰ ਦੂਣ ਸਵਾਇਆ ਕਰਦੀਆਂ। ਨਿੱਘ-ਵਰਤਾਰਾ, ਧੂਣੀ ਦੀ ਅਹਿਮ ਕੜੀ, ਨਿੱਘ-ਰੂਹਾਨੀਅਤ ਦੀ ਝੜੀ ਅਤੇ ਜ਼ਿੰਦਗੀ ਅਜਿਹੇ ਮੋੜ 'ਤੇ ਰਹਿ ਜਾਂਦੀ ਖੜ੍ਹੀ ਦੀ ਖੜ੍ਹੀ।

ਨਿੱਘ ਦੇ ਉਨ੍ਹਾਂ ਪਲਾਂ ਨੂੰ ਯਾਦ-ਧਾਗੇ 'ਚ ਪਰੋਣਾ ਜਦ ਸਿਆਲ ਦੀ ਰੁੱਤੇ ਰਜਾਈਆਂ ਦੇ ਨਿੱਘ 'ਚ ਪੜ੍ਹਦਿਆਂ-ਪੜ੍ਹਦਿਆਂ, ਕਿਤਾਬਾਂ-ਕਾਪੀਆਂ ਵੀ ਨਾਲ ਹੀ ਸੌਂ ਜਾਂਦੀਆਂ ਸਨ ਅਤੇ ਪੂਰਨੇ ਵੀ ਅੱਖਾਂ ਮੁੰਦ ਲੈਂਦੇ। ਫਿਰ ਅੱਧੀ ਰਾਤ ਨੂੰ ਮਾਂ ਆ ਕੇ ਸਾਨੂੰ ਲਿਟਾ ਕੇ, ਨਿੱਘ ਦਾ ਆਗੋਸ਼-ਅਨੰਦ ਬਖਸ਼ਦੀ। ਮਾਂ ਦਾ ਉਹ ਨਿੱਘ ਕਿਆਸ ਕੇ, ਬਚਪਨੇ 'ਚ ਜਿਉਣ ਦੀ ਲਰਜ਼ਨਾ ਪੈਦਾ ਹੁੰਦੀ।

ਨਿੱਘ ਨੂੰ ਕਦੇ ਨਾ ਔਂਤਰਾ ਕਰਿਓ, ਮਾਰ ਸਮੇਂ ਦੀ ਪੈਣੀ। ਨਿੱਘ ਤੋਂ ਬਿਨਾ ਨਾ ਖਲਕਤ ਵਧਣੀ, ਨਾ ਸੱਥੀਂ ਰੌਣਕ ਰਹਿਣੀ। ਨਾ ਸਾਹਾਂ ਵਿਚ ਸਰਗਮ ਹੋਣੀ, ਨਾ ਪਿੰਡੇ ਪਸੀਨਾ। ਨਾ ਅੱਖਾਂ ਵਿਚ ਸੁਪਨਾ ਉਗਣਾ, ਨਾ ਗੱਭਣ ਹੋਣਾ ਜ਼ਮੀਨਾਂ। ਨਾ ਪਾਣੀ ਦੀ ਤੋਰ ਰਵਾਨੀ, ਨਾ ਰੁਮਕਣੀਆਂ ਵਾਵਾਂ। ਬਿਨ ਬਿਰਖਾਂ ਤੇ ਪੱਤਿਆਂ ਤੋਂ, ਲੂਆਂ ਬਣਨੀਆਂ ਰਾਹਵਾਂ। ਨਾ ਕੋਈ ਮਾਂ ਤੇ ਬਾਪ ਹੀ ਹੋਣਾ, ਨਾ ਕੋਈ ਭੈਣ-ਭਰਾ। ਸਭ ਨੇ ਕਬਰਾਂ ਬਣ ਕੇ ਮਲਣਾ, ਆਪੋ ਆਪਣਾ ਰਾਹ। ਸੁੰਨੇ ਹਰਫਾਂ ਆਪ ਵਿਹਾਜਣੀ, ਖੁਦ ਆਪਣੀ ਮੌਤ। ਅਰਥਾਂ ਨੇ ਮਸਾਣੀਂ ਜਾ ਕੇ, ਹੋਣਾ ਆਖਰ ਫੌਤ। ਫੁੱਲਾਂ ਦੀ ਜੂਹ ਵਿਚ ਮਹਿਕਾਂ, ਪੱਲੂ ਅੱਡ ਖੜੋਣਾ। ਪਰ ਫਿਜ਼ਾ ਨੇ ਪਾਉਣਾ ਤਸਬੀ, ਹੰਝੂ, ਹੂਕ ਤੇ ਰੋਣਾ। ਨਿੱਘ ਦੀ ਨਜ਼ਾਕਤ 'ਚੋਂ ਖੁਦ ਨੂੰ ਖੁਦ ਪਛਾਣੋ। ਇਸ ਦੀ ਬਰਕਤ-ਬੰਦਗੀ ਰਾਹੀਂ, ਨਿਆਮਤ-ਨੇਕੀ ਮਾਣੋ।

***ਨਿੱਘ ਨੂੰ ਕਦੇ ਨਾ ਔਂਤਰਾ ਕਰਿਓ, ਮਾਰ ਸਮੇਂ ਦੀ ਪੈਣੀ। ਨਿੱਘ ਤੋਂ ਬਿਨਾ ਨਾ ਖਲਕਤ ਵਧਣੀ, ਨਾ ਸੱਥੀਂ ਰੌਣਕ ਰਹਿਣੀ। ਨਾ ਸਾਹਾਂ ਵਿਚ ਸਰਗਮ ਹੋਣੀ, ਨਾ ਪਿੰਡੇ ਪਸੀਨਾ। ਨਾ ਅੱਖਾਂ ਵਿਚ ਸੁਪਨਾ ਉਗਣਾ, ਨਾ ਗੱਭਣ ਹੋਣਾ ਜ਼ਮੀਨਾਂ। ਨਾ ਪਾਣੀ ਦੀ ਤੋਰ ਰਵਾਨੀ, ਨਾ ਰੁਮਕਣੀਆਂ ਵਾਵਾਂ। ਬਿਨ ਬਿਰਖਾਂ ਤੇ ਪੱਤਿਆਂ ਤੋਂ, ਲੂਆਂ ਬਣਨੀਆਂ ਰਾਹਵਾਂ। ਨਾ ਕੋਈ ਮਾਂ ਤੇ ਬਾਪ ਹੀ ਹੋਣਾ, ਨਾ ਕੋਈ ਭੈਣ-ਭਰਾ। ਸਭ ਨੇ ਕਬਰਾਂ ਬਣ ਕੇ ਮਲਣਾ, ਆਪੋ ਆਪਣਾ ਰਾਹ। ਸੁੰਨੇ ਹਰਫਾਂ ਆਪ ਵਿਹਾਜਣੀ, ਖੁਦ ਆਪਣੀ ਮੌਤ। ਅਰਥਾਂ ਨੇ ਮਸਾਣੀਂ ਜਾ ਕੇ, ਹੋਣਾ ਆਖਰ ਫੌਤ। ਫੁੱਲਾਂ ਦੀ ਜੂਹ ਵਿਚ ਮਹਿਕਾਂ, ਪੱਲੂ ਅੱਡ ਖੜੋਣਾ। ਪਰ ਫਿਜ਼ਾ ਨੇ ਪਾਉਣਾ ਤਸਬੀ, ਹੰਝੂ, ਹੂਕ ਤੇ ਰੋਣਾ। ਨਿੱਘ ਦੀ ਨਜ਼ਾਕਤ ਵਿਚੋਂ ਖੁਦ ਨੂੰ ਖੁਦ ਪਛਾਣੋ। ਇਸ ਦੀ ਬਰਕਤ-ਬੰਦਗੀ ਰਾਹੀਂ, ਨਿਆਮਤ-ਨੇਕੀ ਮਾਣੋ।***

ਨਿੱਘ ਨਿਰਮੋਹਾ, ਮਨ 'ਚ ਵੱਸਦਾ, ਕਦੇ ਨਾ ਮਾਣ ਕਰੇਂਦਾ। ਹਰ ਝੋਲੀ ਵਿਚ ਖੁਸ਼ੀਆਂ ਤੇ ਖੇੜੇ, ਮੁੱਠਾਂ ਭਰ ਟਕੇਂਦਾ। ਨਿੱਘ-ਵਰਸੋਈ, ਨਿੱਘ-ਨਿਹਾਰੀ, ਰੂਹ ਨੂੰ ਸਦਾ ਰਿਝਾਓ ਅਤੇ ਨਿੱਘ ਦੀ ਗਲੀਏ ਭਉਂਦੇ ਫਿਰਦੇ, ਨਿੱਘ-ਲੋਚਾ ਨੂੰ ਗਾਓ।

ਨਿੱਘ ਨੂੰ ਨਿੱਘ ਦੀ ਰੂਹ-ਰਮਤਾ ਵਿਚ ਜਿਉਣਾ ਅਤੇ ਰੂਹ-ਰੰਗਰੇਜ਼ਤਾ ਨੂੰ ਜੀਵਨ-ਸੰਦਲਤਾ ਦੇ ਨਾਮ ਲਾਉਣਾ, ਸੱਚੀ ਸੁੱਚੀ ਅਕੀਦਤ ਅਤੇ ਇਬਾਦਤ। ਇਸ ਨੂੰ ਆਪਣੀ ਕਰਮਯੋਗਤਾ ਦੇ ਨਾਮ ਲਾਉਣਾ, ਸਮਿਆਂ ਦੀ ਬੀਹੀ 'ਚ ਸੁਗੰਧਤ ਬੋਲਾਂ ਦਾ ਬੁੱਲਾ ਰੁਮਕੇਗਾ। ਕਲਮ, ਅਜਿਹੀ ਆਸ ਤਾਂ ਰੱਖ ਹੀ ਸਕਦੀ ਆ।

## ਮਾਏ ਨੀ

ਮਾਏ ਨੀ ਅੱਜ ਦਿਨ ਮਾਂਵਾਂ ਦਾ ਆਇਆ ਏ
ਯਾਦ ਤੇਰੀ ਨੇ ਆ ਕੇ ਘੇਰਾ ਪਾਇਆ ਏ।
ਮਾਏ ਨੀ ਮੈਂ ਕਰਮ ਵਿਹੂਣੀ ਧੀ ਤੇਰੀ
ਜਿਸ ਤੇਰਾ ਪਿਆਰ ਨਾ ਰੱਜ ਹੰਢਾਇਆ ਏ।

ਮਾਏ ਨੀ ਇਹ ਜਿਉਣਾ ਡਾਢਾ ਔਖਾ ਏ
ਇਸ ਜ਼ਿੰਦਗੀ ਨੇ ਰੱਜ ਰੱਜ ਤੜਪਾਇਆ ਏ।
ਮਾਏ ਨੀ ਨਾ ਮੈਂ ਦੱਸੀਆਂ ਨਾ ਤੂੰ ਸੁਣੀਆਂ
ਪੀੜਾਂ ਨੂੰ ਮੈਂ ਤੈਥੋਂ ਬੜਾ ਲੁਕਾਇਆ ਏ।

ਮਾਏ ਨੀ ਇਹ ਹਾਸੇ ਬੜੇ ਫਰੇਬੀ ਨੇ
ਹਾਸਿਆਂ 'ਚ ਦਿਲ ਦਾ ਦਰਦ ਛੁਪਾਇਆ ਏ।
ਮਾਏ ਨੀ ਇਹ ਜ਼ਖਮ ਅਜੇ ਵੀ ਅੱਲੇ ਨੇ
ਰਿਸਦੇ ਜ਼ਖਮਾਂ ਮੇਰਾ ਸਾਥ ਨਿਭਾਇਆ ਏ।

ਮਾਏ ਨੀ ਤੂੰ ਔਰਤ ਮੈਂ ਵੀ ਔਰਤ ਹਾਂ
ਔਰਤ ਦਾ ਕੀ ਰੱਬ ਨੇ ਜਿਉਣ ਬਣਾਇਆ ਏ।
ਮਾਏ ਨੀ ਕਦੀ ਔਰਤ ਦਾ ਘਰ ਬਣਿਆ ਨਾ
ਔਰਤ ਨੂੰ ਛੱਡ ਜਾਂਦਾ ਉਸ ਦਾ ਸਾਇਆ ਏ।

ਬਾਰ ਪਰਾਏ ਸਦ ਹੀ ਔਰਤ ਰਹਿੰਦੀ ਹੈ
ਬਾਰ ਪਰਾਇਆ ਸਾਡੇ ਹਿੱਸੇ ਆਇਆ ਏ।
ਮਾਏ ਨੀ ਤੂੰ ਜਦ ਦੀ ਰੁਖਸਤ ਹੋ ਗਈ ਏਂ
ਤੇਰੀਆਂ ਯਾਦਾਂ ਦਿਲ ਮੇਰਾ ਬਹਿਲਾਇਆ ਏ।

ਐਸਾ ਚਾਨਣ ਰੱਬ ਨੇ ਅੰਦਰ ਕੀਤਾ ਏ
ਮਨ ਪਰਦੇਸੀ ਸਾਰਾ ਦੇਸ ਪਰਾਇਆ ਏ।
ਮਾਏ ਮੈਂ 'ਸੁਰਜੀਤ' ਉਦੋਂ ਦੀ ਹੋ ਗਈ ਹਾਂ
ਜਦ ਦਾ ਸਾਹਿਬ ਨੇ ਚਰਨੀਂ ਲਾਇਆ ਏ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਓਹਾਇਓ

Punjab Sports & Cultural Club Cincinnati

# ਖੇਡ ਮੇਲਾ 2018

GE Park: 12110 Princeton Pike, Cincinnati OH 45246

## 15 ਸਤੰਬਰ 2018

ਸਨਿਚਰਵਾਰ, ਸਵੇਰੇ 10 ਤੋਂ ਸ਼ਾਮ 9 ਵਜੇ ਤੱਕ

ਬਾਸਕਿਟਬਾਲ, ਵਾਲੀਬਾਲ, ਕਬੱਡੀ, ਕ੍ਰਿਕਟ ਅਤੇ ਸੌਕਰ ਦੇ ਦਿਲਚਸਪ ਮੈਚ ਹੋਣਗੇ

## Kabaddi Prize

1st $4100
*(Sant Baba Prem Singh Cultural Society of Cincinnati, Ohio)*
2nd $3100 and 3rd $2100
*(Ghuman Brothers)*

**Soccer Price**
1st $1500; 2nd $1100

**Volleyball**
1st 1500; 2nd $1100

**Basket Ball**
1st $1100; 2nd $700

**Cricket** $500; 2nd $300

## Contact:

***For Volleyball***
Nirmal Benipal 513-886-4873
Manmohan Singh 513-808-1654
Aman Singh 678-641-1405

***For Kabbadi***
Gurinder Dhillon 513-373-0145
Neema Grewal 513-372-4127
Jasdev Gill 416-738-5224

**For More Info. Contact:**
Jagroop Toor 513-225-7239
Harbans Gill 513-550-5917

**Basketball:**
Lavi Gill (513-602-1291)

**Soccer:**
Happy Dayton 937-608-8386

### ਪਹੁੰਚ ਰਹੇ ਗਾਇਕ


ਸੋਨਾ ਵਾਲੀਆ (ਪ੍ਰਿਥਪਾਲ ਸਿੰਘ ਘੋਤੜਾ, ਵਰਿੰਦਰ ਸਾਹੀ ਤੇ ਦਰਸ਼ਨ ਸਿੰਘ ਦਰੜਵਲੋਂ ਸਪਾਂਸਰ)


ਏਲੀ ਮਾਂਗਟ (ਪੁਸ਼ਪਿੰਦਰ ਭੱਟੀ ਵਲੋਂ ਸਪਾਂਸਰ)


ਅਕਾਲ ਇੰਦਰ (ਡੀ. ਜੇ. ਮਾਵੀ ਵਲੋਂ ਸਪਾਂਸਰ)


ਕੇ ਵੀ ਸਿੰਘ

### ਮੁੱਖ ਮਹਿਮਾਨ


ਕੁਲਵੰਤ ਸਿੰਘ ਨਿਊ ਯਾਰਕ





**ਹੋਰ ਖੇਡਾਂ:** ਗੋਲਾ ਸੁੱਟਣਾ, ਰੱਸਾਕਸ਼ੀ, ਮਿਊਜ਼ੀਕਲ ਚੇਅਰ ਅਤੇ ਬੱਚਿਆਂ ਲਈ ਹੋਰ ਅਥਲੈਟਿਕ ਖੇਡਾਂ (ਵੱਖ ਵੱਖ ਰੇਸਾਂ, ਭੁਕਾਨਾ ਦੌੜ, ਚਮਚਾ ਦੌੜ ਆਦਿ)

ਹਰ ਉਮਰ ਦੇ ਬੱਚਿਆਂ ਲਈ ਮਨੋਰੰਜਨ ਦੀਆਂ ਖੇਡਾਂ

**Raffle will be drawn for Smart I-Pad and Boss Headphone**

**Free Entry, Free Food and Free Parking**


ਸੁਰਜੀਤ ਕਕਰਾਲੀ (ਕਬੱਡੀ ਕੁਮੈਂਟੇਟਰ)



ਸ਼ੈਰੀ ਦੱਤਾ (ਐਂਕਰ)

### ਗਰੈਂਡ ਸਪਾਂਸਰ


ਜਗਰੂਪ ਸਿੰਘ ਤੂਰ



ਦੇਸ਼ਬੀਰ ਸਿੰਘ


ਹਰਵਿੰਦਰ ਵਾਲੀਆ


ਬਲਦੇਵ ਸਿੰਘ ਗਰੇਵਾਲ



ਜਸਦੇਵ ਗਿੱਲ

### ਪਲਾਟੀਨਮ ਸਪਾਂਸਰ


ਲਖਬੀਰ ਸਿੰਘ ਅਟਵਾਲ


ਪੁਸ਼ਪਿੰਦਰ ਭੱਟੀ


ਓਂਕਾਰ ਸਿੰਘ


ਬਲਵੰਤ ਸਿੰਘ (ਨਿਊ ਯਾਰਕ ਲਾਈਫ)

**Club Members:** Devinder Happy, Jagpal Nagra, Aman Preet Singh, Balkar Batth, Palwinder Singh Wariach, Sukhi Kharoud, Narain Thind, Kuldeep Singh, Harbans Gill and Nirmal Benipal, Harninder Kandola, Ruby Dhariwal and Yadwinder Singh.
**Board Members:** Gurinder Dhilon, Sukhchain Gill, Jagpal Grewal

punjabsportsclubcincinnatiohio@gmail.com www.punjabsportsclubohio.com


UNITED SPORTS CLUB CALIFORNIA, AMERICA
14TH WORLD KABADDI CUP
16 SEPTEMBER 2018, SUNDAY
(09:00am - 06pm)
(James Logan High School 1800 H Street, Union City, California 94587)
Chief Guest
Sant Sewa Singh Ji Khadoor Sahib Wale
Amolak Singh Gakhal
Chief Patron, United Sports Club
Makhan Singh Bains Chairman
Iqbal Singh Gakhal Vice Chairman
Balvir Singh Bhatia President
Palwinder Singh Gakhal Director
Jugraj Singh Sahota Vice President
S. Ashok Bhaura Gen. Sec & Media Incharge
Pinki Atwal Director
Sadhu Singh Khlaur Advisor
Narinder Singh Sahota Treasurer
Makhan Singh Dhaliwal Director
ਤੀਰਥ ਗਾਖਲ
ਰੰਗ ਕਬੱਡੀ ਦੇ
Dalwinder Padda Director
Natha Singh Gakhal Advisor
Debi Sohal Sidhwan Dona Director
Inderjit Thind
Bakhtawar Singh Gakhal Director
Gurpreet Singh Gakhal Director
UNITED SPORTS CLUB, CALIFORNIA
AMERICA
USC
ਯੂਨਾਈਟਡ ਸਪੋਰਟਸ ਕਲੱਬ, ਕੈਲੇਫੋਰਨੀਆਂ ਅਮਰੀਕਾ
Opening
Surjit Singh Tutt
Mike Boparai
Jaspreet Singh Attorney
Major Singh Bains
Sponsor of 1st Prize
DIAMOND TRANSPORTATION
Gulwinder Gakhal, Neki Atwal & Pinki Atwal of Diamond Trucking
Sponsor of 2nd Prize
Jugraj Singh Sahota & Narinder Singh Sahota of Sahota Family
(Dedicated to Sweet Memory of Late. Kashmir Singh Sahota)
Sponsor of Under-25 First Prize
Sponsored byTakhar faimly in memory of late santokh s Takhar Apna punjab& Northern California club
Guest Of Honor
Jagir Singh Sabzi Mandi
Mani Grewal
Tarlochan S Lasher (Team Owner)
Shaba Thiara (Team Owner)
Baljit S sandhu (Team Owner)
Vicky Sammipuria (Team Owner)
Tari (Team Owner)
Pamna Deol (Team Owner)
Honor With Gold Medals
Major Gakhal
Kindu Ramidi
Lakha Gazipuria
Sewa Singh Randhawa (Team Owner)
Kulwant Singh Nijjar
Kulwant Singh Khaira
Randhir Singh Nijjar
Balwinder S Virk
Rana Dhillon
Sewa S Sidhu
Amarjit Samra
Sarabjit Deol
Dr. Baljinder Singh Grewal
All Kabaddi Lovers openly Inivited
StarKabaddi Players who will participate in World Kabaddi Cup
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Pehlwan Kahlwan
Kamal Nawan Pind
Yaad Kotli
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Johny Gill
Tournament is going to be organize with support of sponsors and supporters
With Support of United Sports Club, Raja Sweets, Gurdwara Fremont, San Jose, Stockton and Singh Sabha Milpitas will served tea Pakoura and Guru Ke Langar
Kabaddi Clubs will participate
1. Sher-E-Punjab Sports Club, Loss Bennis (Lachhar Bro)
2. Royal Kings U.S.A (Shabba Thiara)
3. Mid West Kabaddi team (Viky Samipuria & Tari)
4. Bay Area Sports Club (Baljit Sandhu)
5. Canada Kabaddi Team (Pamma Deol & Sewa Singh Randhawa)
Under-25 Teams
1. United Sports Club
2. Yuba Brothers
3 Khalsa Sports Club, Yuba City
4. Shaheed Baba Deep Singh Sports Club, SA
Media In charge World Kabaddi Cup
S. Ashok Bhaura
Phone: 510 415 3315, Email: ashokbhaura@gmail.com
COMENTATORS
* Asha Sharma *Iqbal Galib
* Makhan Ali *Surjit Kakrari
Spectators have to reach at James Logan High School, International Law of Kabaddi will apply., United Sports Club has reserve the right for last decisions